Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
120-20 101 Ave. S. Richmond Hill, New York
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
(ਸੈਲ): 718-757-7809
ਫੋਨ (ਦਫਤਰ): 718-262-9700

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
Landmark Realty
Powered by eXp REALTY
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj S.Shergill
*Associate Broker*

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

ਪੰਜਾਬ ਟਾਈਮਜ਼

Punjab Times, Vol 23, Issue 10, March 5, 2022
20451 N. Plum Grove Rd., Palatine, IL 60074
Ph:847-359-0746, Fax:847-705-9388

# ਰੂਸ-ਯੂਕਰੇਨ ਜੰਗ ਨਾਲ ਮੱਚੀ ਤਬਾਹੀ

## ਭਾਰੀ ਜਾਨੀ-ਮਾਲੀ ਨੁਕਸਾਨ ਦੀਆਂ ਖਬਰਾਂ; ਸਮੁੱਚੇ ਸੰਸਾਰ ’ਤੇ ਪਵੇਗਾ ਅਸਰ

**ਕੀਵ:** ਰੂਸ ਅਤੇ ਯੂਕਰੇਨ ਵਿਚਾਲੇ ਟਕਰਾਅ ਆਖਰ ਯੁੱਧ ਵਿਚ ਬਦਲ ਗਿਆ ਹੈ। ਇਸ ਸਮੇਂ ਹਵਾਈ ਅਤੇ ਜ਼ਮੀਨੀ ਪੱਧਰ ‘ਤੇ ਤਿੱਖੀ ਲੜਾਈ ਜਾਰੀ ਹੈ। ਦੋਵੇਂ ਪਾਸਿਆਂ ਤੋਂ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਦੀਆਂ ਖਬਰਾਂ ਆ ਰਹੀਆਂ ਹਨ। ਯੂਕਰੇਨ ਵੱਲੋਂ 5000 ਤੋਂ ਵੱਧ ਰੂਸੀ ਫੌਜੀ ਮਾਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ, ਜਦ ਕਿ ਰੂਸੀ ਕਾਰਵਾਈ ਦੌਰਾਨ ਵੱਡੀ ਗਿਣਤੀ ਆਮ ਲੋਕਾਂ ਦੇ ਮਾਰੇ ਜਾਣ ਦੀਆਂ ਖਬਰਾਂ ਹਨ। ਲੱਖਾਂ ਦੀ ਗਿਣਤੀ ਵਿਚ ਲੋਕ ਗੁਆਂਢੀ ਮੁਲਕਾਂ ਵਿਚ ਸ਼ਰਨ ਲੈ ਰਹੇ ਹਨ।

ਇਸ ਸਮੇਂ ਸਭ ਤੋਂ ਔਖੇ ਹਾਲਾਤ ਉਥੇ ਪੜ੍ਹਨ ਗਏ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀਆਂ ਦੇ ਹਨ। ਇਨ੍ਹਾਂ ਵਿਚ ਭਾਰਤ, ਖਾਸ ਕਰਕੇ ਪੰਜਾਬ ਤੋਂ ਵੱਡੀ ਗਿਣਤੀ ਵਿਦਿਆਰਥੀ ਉਥੇ ਫਸੇ ਹੋਏ ਹਨ ਜੋ ਆਪਣੇ ਮੋਬਾਇਲਾਂ ਨਾਲ ਵੀਡੀਓ ਬਣਾ ਕੇ ਮਦਦ ਲਈ ਸੁਨੇਹੇ ਭੇਜ ਰਹੇ ਹਨ। ਕੁਝ ਪੰਜਾਬੀ ਵਿਦਿਆਰਥੀਆਂ ਨੇ ਉਥੇ ਨਸਲੀ ਹਮਲੇ ਦਾ ਵੀ ਦੋਸ਼ ਲਾਇਆ ਹੈ। ਭਾਰਤ ਸਰਕਾਰ ਭਾਵੇਂ ਵਿਦਿਆਰਥੀਆਂ ਨੂੰ ਉਥੋਂ ਕੱਢਣ ਲਈ ਮਿਸ਼ਨ ਗੰਗਾ ਚਲਾ ਕੇ ਵੱਡੀਆਂ ਫੜ੍ਹਾਂ ਮਾਰ ਰਹੀ ਹੈ ਪਰ ਯੂਕਰੇਨ ਦੇ ਸ਼ਹਿਰ ਖਾਰਕੀਵ ਵਿਚ ਫਸੇ ਵਿਦਿਆਰਥੀਆਂ ਦਾ ਦੋਸ਼ ਹੈ ਕਿ ਉਨ੍ਹਾਂ ਦੀ ਸਾਰ ਲੈਣ ਲਈ ਭਾਰਤੀ ਸਫਾਰਤਖਾਨੇ ਦਾ ਕੋਈ ਅਧਿਕਾਰੀ ਨਹੀਂ ਪਹੁੰਚਿਆ। ਮਦਦ ਉਡੀਕ ਰਹੇ ਇਕ ਭਾਰਤੀ ਵਿਦਿਆਰਥੀ ਨਵੀਨ ਸ਼ੇਖਰੱਪਾ ਦੀ ਗੋਲੀਬਾਰੀ ਵਿਚ ਮੌਤ ਵੀ ਹੋ ਗਈ ਹੈ। ਨਵੀਨ ਸ਼ੇਖਰੱਪਾ ਮੈਡੀਸਨ ਦੀ ਪੜ੍ਹਾਈ ਕਰ ਰਿਹਾ ਸੀ ਅਤੇ ਖਾਰਕੀਵ ਮੈਡੀਕਲ ਕਾਲਜ ਵਿਚ ਚੌਥੇ ਸਾਲ ਦਾ ਵਿਦਿਆਰਥੀ ਸੀ। ਉਹ ਖਾਣਾ ਲੈਣ ਲਈ ਆਪਣੇ ਬੰਕਰ ਤੋਂ ਬਾਹਰ ਨਿਕਲਿਆ ਸੀ ਕਿ ਗੋਲੀਬਾਰੀ ਵਿਚ ਮਾਰਿਆ ਗਿਆ। ਇਸ ਨੌਜਵਾਨ ਦੇ ਮਾਪਿਆਂ ਦਾ ਦੋਸ਼ ਹੈ ਕਿ ਭਾਰਤ ਸਰਕਾਰ ਵੱਲੋਂ ਕੋਈ ਮਦਦ ਨਾਲ ਮਿਲਣ ਕਾਰਨ ਉਨ੍ਹਾਂ ਦਾ ਪੁੱਤ ਮਾਰਿਆ ਗਿਆ।

ਇਸ ਸਮੇਂ ਹਾਲਾਤ ਇਹ ਹਨ ਕਿ ਰੂਸੀ



ਫੌਜਾਂ ਨੇ ਯੂਕਰੇਨ ਨੂੰ ਪੂਰਬ, ਪੱਛਮ ਅਤੇ ਉਤਰ ਤੋਂ ਘੇਰਿਆ ਹੋਇਆ ਹੈ। ਅਮਰੀਕਾ ਅਤੇ ਯੂਰਪੀ ਦੇਸ਼ ਇਸ ਸੰਕਟ ਵਿਚ ਯੂਕਰੇਨ ਨਾਲ ਖੜ੍ਹੇ ਹੋਣ ਦੀ ਗੱਲ ਕਰ ਰਹੇ ਹਨ। ਫੌਜੀ ਸੰਗਠਨ ‘ਨਾਟੋ’ ਜਿਸ ਵਿਚ 30 ਦੇਸ਼ ਸ਼ਾਮਲ ਹਨ, ਵੱਲੋਂ ਵੀ ਆਪਣੀ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ। ਹਾਲਾਂਕਿ ਜੰਗ ਛਿੜਨ ਤੋਂ ਪਹਿਲਾਂ ਅਮਰੀਕਾ ਸਣੇ ਆਲਮੀ ਸ਼ਕਤੀਆਂ ਰੂਸ ਨੂੰ ਫੌਜੀ ਤਾਕਤ ਨਾਲ ਮੂੰਹ ਤੋੜ ਜਵਾਬ ਦੇਣ ਦੇ ਆਪਣੇ ਵਾਅਦੇ ਤੋਂ ਟਲਦੀਆਂ ਨਜ਼ਰ ਆ ਰਹੀਆਂ ਹਨ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੀਆਂ ਜੰਗ ਤੋਂ ਪਹਿਲਾਂ ਦੀਆਂ ਚਿਤਾਵਨੀਆਂ ਹੁਣ ਸਿਰਫ ਰੂਸ ਦੀ ਆਰਥਿਕ ਘੇਰਾਬੰਦੀ ਤੱਕ ਸੀਮਤ ਰਹਿ ਗਈਆਂ ਹਨ। ਹਾਲਾਤ ਮੁਤਾਬਕ ਭਾਵੇਂ ਯੂਕਰੇਨ, ਰੂਸੀ ਫੌਜਾਂ ਦਾ ਡਟ ਕੇ ਮੁਕਾਬਲਾ ਕਰ ਰਿਹਾ ਹੈ ਪਰ ਉਸ ਨੂੰ ਅਮਰੀਕਾ ਸਣੇ ਪੱਛਮੀ ਦੇਸ਼ਾਂ ਨਾਲ ਗਿਲਾ ਵੀ ਜਿਨ੍ਹਾਂ ਨੇ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ ਸੀ।

ਦੋਵਾਂ ਦੇਸ਼ਾਂ ਦੀ ਕੂਟਨੀਤਕ ਪਹੁੰਚ ਉਤੇ ਨੇੜਿਉਂ ਨਜ਼ਰ ਰੱਖਣ ਵਾਲੇ ਮਾਹਿਰਾਂ ਦਾ ਦਾਅਵਾ ਹੈ ਕਿ ਇਹ ਮਸਲਾ ਗੱਲਬਾਤ ਨਾਲ ਨਿਬੇੜਿਆ ਜਾ ਸਕਦਾ ਸੀ ਪਰ ਰੂਸ ਦੁਆਲੇ ਹੋਈਆਂ ਆਲਮੀ ਸ਼ਕਤੀਆਂ ਦੀ ਚੁੱਕ ਵਿਚ ਆ ਕੇ ਯੂਕਰੇਨ ਨੇ ਤਬਾਹੀ ਨੂੰ ਸੱਦਾ ਦੇ ਦਿੱਤਾ। ਯਾਦ ਰਹੇ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਹਮਲਾ ਕਰਨ ਤੋਂ ਪਹਿਲਾਂ ਯੂਕਰੇਨ ਦੇ ਦੋਨੇਤਸਕ ਅਤੇ ਲੁਹਾਂਸਕ ਰਾਜਾਂ ਨੂੰ ਸੁਤੰਤਰ ਦੇਸ਼ ਵਜੋਂ ਮਾਨਤਾ ਦੇ ਦਿੱਤੀ ਸੀ। ਇਸ ਤੋਂ ਬਾਅਦ ਉਸ ਦੀਆਂ ਫੌਜਾਂ ਇਨ੍ਹਾਂ ਪ੍ਰਾਂਤਾਂ ਵਿਚ ਆ ਗਈਆਂ ਹਨ ਅਤੇ ਉਥੋਂ ਉਨ੍ਹਾਂ ਨੇ ਜ਼ਮੀਨੀ ਪੱਧਰ ‘ਤੇ ਤੇਜ਼ੀ ਨਾਲ ਯੂਕਰੇਨ ਦੇ ਅੰਦਰ ਵੱਲ ਵਧਣਾ ਸ਼ੁਰੂ ਕਰ ਦਿੱਤਾ।

ਅਸਲ ਵਿਚ, ਜਿਵੇਂ-ਜਿਵੇਂ 30 ਸਾਲ ਪਹਿਲਾਂ ਸੋਵੀਅਤ ਸੰਘ ਤੋਂ ਵੱਖ ਹੋਏ ਮੁਲਕਾਂ ਵੱਲ ‘ਨਾਟੋ’ ਪੈਰ ਪਸਾਰਦਾ ਰਿਹਾ, ਉਵੇਂ-ਉਵੇਂ ਹੀ ਰੂਸ ਦੀਆਂ ਚਿੰਤਾਵਾਂ ਵਿਚ ਵਾਧਾ ਹੁੰਦਾ ਰਿਹਾ। ਸਾਲ 2014 ਵਿਚ ਯੂਕਰੇਨ ਵਿਚ ਸਰਕਾਰ ਵਿਰੋਧੀ ਲੜਾਕੂਆਂ ਦੀ ਲੜਾਈ ਤੇਜ਼ ਹੋਣ ਦੇ ਨਾਲ ਹੀ ਕਦੇ ਸੋਵੀਅਤ ਯੂਨੀਅਨ ਦਾ ਹਿੱਸਾ ਰਹੇ ਕਰੀਮੀਆ ਉਤੇ ਰੂਸ ਨੇ ਕਬਜ਼ਾ ਕਰ ਲਿਆ ਸੀ। ਰੂਸ ਹਮੇਸ਼ਾ ਹੀ ਆਪਣੇ ਨਾਲ ਲੱਗਦੇ ਪੂਰਬੀ ਯੂਰਪ ਦੇ ਦੇਸ਼ਾਂ ਉਤੇ ‘ਨਾਟੋ’ ਤੇ ਯੂਰਪੀ ਯੂਨੀਅਨ ‘ਤੇ ਵਧਦੇ ਪ੍ਰਭਾਵ ਤੋਂ ਫਿਕਰਮੰਦ ਰਿਹਾ ਹੈ। ਹੁਣ ਜਦੋਂ ਯੂਕਰੇਨ ਨਾਲ ਆਪਸ ਵਿਚ ਵਿਗੜੇ ਸਬੰਧਾਂ ਕਰਕੇ ਉਸ (ਯੂਕਰੇਨ) ਨੇ ‘ਨਾਟੋ’ ਦਾ ਹਿੱਸਾ ਬਣਨ ਲਈ ਅਗਾਂਹ ਕਦਮ ਵਧਾਏ ਤਾਂ ਰਾਸ਼ਟਰਪਤੀ ਪੂਤਿਨ ਇਸ ਗੱਲ ਨੂੰ ਸਹਿਣ ਨਾ ਕਰ ਸਕੇ। ਉਸ ਦੀ ਇਸ ਧਮਕੀ ਤੋਂ ਬਾਅਦ ਵੀ ਨਾ ਤਾਂ ਯੂਕਰੇਨ ਹੀ ਪਿੱਛੇ ਹਟਿਆ ਅਤੇ ਨਾ ਹੀ ਅਮਰੀਕਾ ਦੀ ਅਗਵਾਈ ਵਾਲੇ ਫੌਜੀ ਸੰਗਠਨ ‘ਨਾਟੋ’ ਨੇ ਹੀ ਆਪਣਾ ਰੁਖ ਬਦਲਿਆ ਸਗੋਂ ਇਹ ਸੰਗਠਨ ਇਸ ਗੱਲ ‘ਤੇ ਅੜਿਆ ਰਿਹਾ ਕਿ ਆਜ਼ਾਦ ਦੇਸ਼ ਵਜੋਂ ਕਿਸੇ ਵੀ ਫੌਜੀ ਸੰਧੀ ਵਿਚ ਸ਼ਾਮਲ ਹੋਣਾ ਉਸ ਦਾ ਆਪਣਾ ਹੱਕ ਹੈ।

ਰੂਸ ਅਤੇ ਯੂਕਰੇਨ ਦਰਮਿਆਨ 2014 ਤੋਂ ਹੀ ਟਕਰਾਅ ਲਗਾਤਾਰ ਜਾਰੀ ਹੈ ਜਦ ਰੂਸ ਨੇ ਯੂਕਰੇਨ ਤੋਂ ਕਰੀਮੀਆਂ ਦਾ ਇਲਾਕਾ ਖੋਹ ਲਿਆ ਸੀ। ਰੂਸ ਤੋਂ ਵੱਖ ਹੋ ਕੇ ਸੋਵੀਅਤ ਯੂਨੀਅਨ ਵਿਚ ਸ਼ਾਮਲ ਰਹੇ ਦੇਸ਼ ਆਪਣੀ ਵੱਖਰੀ ਪਛਾਣ ਬਣਾਉਣ ਲਈ ਕੋਸ਼ਿਸ਼ ਕਰਦੇ ਰਹੇ ਹਨ ਪਰ ਰੂਸ

*(ਬਾਕੀ ਸਫਾ 6 ‘ਤੇ)*

### ਆਰਥਿਕ ਸੰਕਟ ਦੇ ਬੱਦਲ

ਰੂਸ ਤੇ ਯੂਕਰੇਨ ਦਰਮਿਆਨ ਯੁੱਧ ਦਾ ਅਸਰ ਵਪਾਰ ਅਤੇ ਆਰਥਿਕਤਾ ਉਤੇ ਵੀ ਪ੍ਰਭਾਵਿਤ ਹੋਵੇਗੀ। ਤੇਲ ਕੀਮਤਾਂ ਅਸਮਾਨੀਂ ਚੜ੍ਹ ਜਾਣਗੀਆਂ। ਭਾਰਤ ਵੀ ਇਸ ਸਥਿਤੀ ਨਾਲ ਪ੍ਰਭਾਵਿਤ ਹੋ ਸਕਦਾ ਹੈ। ਜਿਸ ਤਰ੍ਹਾਂ ਅਮਰੀਕਾ, ਕੈਨੇਡਾ ਸਮੇਤ ਸਮੁੱਚੇ ਯੂਰਪੀ ਅਤੇ ਏਸ਼ੀਆ ਦੇ ਪ੍ਰਭਾਵਸ਼ਾਲੀ ਮੁਲਕਾਂ ਨੇ ਰੂਸ ‘ਤੇ ਪਾਬੰਦੀਆਂ ਲਾਈਆਂ ਹਨ, ਉਸ ਨਾਲ ਯੂਰਪ ਸਮੇਤ ਹੋਰਨਾਂ ਮੁਲਕਾਂ ਵਿਚ ਕਣਕ, ਜੌਂ ਅਤੇ ਖਾਣ ਵਾਲੇ ਤੇਲਾਂ ਦੀ ਭਾਰੀ ਕਮੀ ਆ ਸਕਦੀ ਹੈ। ਭਾਰਤ ਸਮੇਤ ਸਮੁੱਚੀ ਦੁਨੀਆਂ ਲਈ ਸੂਰਜਮੁਖੀ ਦਾ 76 ਫੀਸਦੀ ਹਿੱਸਾ ਯੂਕਰੇਨ ਅਤੇ ਰੂਸ ਸਪਲਾਈ ਕਰਦੇ ਹਨ। ਇਹ ਦੋਵੇਂ ਮੁਲਕ ਪੂਰੀ ਦੁਨੀਆ ਨੂੰ 14 ਫੀਸਦੀ ਕਣਕ ਅਤੇ 29 ਫੀਸਦੀ ਹਰ ਕਿਸਮ ਦਾ ਅਨਾਜ ਸਪਲਾਈ ਕਰਦੇ ਹਨ। ਇਸੇ ਤਰ੍ਹਾਂ ਰੂਸ ਖਾਦਾਂ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ। ਇਸ ਨਾਲ ਖਾਦਾਂ ਦੀਆਂ ਕੀਮਤਾਂ ਵੀ ਵਧਣਗੀਆਂ। ਖਾਦਾਂ ਦੇ ਭਾਅ ਵਧਣ ਨਾਲ ਪੰਜਾਬ ਦੇ ਕਿਸਾਨਾਂ ਦੀ ਖੇਤੀ ਲਾਗਤ ਵੀ ਵਧੇਗੀ।

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People

Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com

University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
*ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:*
Jaspal S. Ghotra: 765-337-5151

BIG BAZAAR
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਸੰਯੁਕਤ ਕਿਸਾਨ ਮੋਰਚੇ ਨੇ ਅੰਦੋਲਨ ਤੇਜ਼ ਕਰਨ ਦਾ ਫੈਸਲਾ ਕੀਤਾ

**ਮਾਨਸਾ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਲਖੀਮਪੁਰ ਖੀਰੀ ਘਟਨਾ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਟੈਨੀ ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਅੰਦੋਲਨ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੋਰਚੇ ਦੇ ਆਗੂਆਂ ਦਾ ਕਹਿਣਾ ਹੈ ਕਿ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਵੱਲੋਂ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ ਲਈ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾ ਮੀਤ ਪ੍ਰਧਾਨ ਨਿਰਮਲ ਸਿੰਘ ਝੰਡੂਕੇ ਨੇ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਇਕ ਸਾਜ਼ਿਸ਼ ਤਹਿਤ ਹੋਈ ਸੀ ਤੇ ਇਸ ਕਤਲ ਕੇਸ ਵਿਚ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣਾ ਬਿਲਕੁਲ ਗਲਤ ਹੈ ਅਤੇ ਹੁਣ ਸੁਪਰੀਮ ਕੋਰਟ ਨੂੰ ਹਾਈ ਕੋਰਟ ਦੇ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕਸੂਰਵਾਰ ਦਾ ਪਿਤਾ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਕਰਕੇ ਇਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਇਸ ਕਤਲ ਕੇਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।


**Singh Tax & Accounting Services LLC.**

**Individual & Business Taxes, Accounting, Payroll & Financial Consulting Services.**

**Services:** Individual & Small Businesses Tax Filing, Tax Planning, Set up of new Businesses, IRS Audit representation & Amended Tax Returns

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

**Ph: 248-982-2036**



**Mohan Singh**
Master in Taxation. IRS Enrolled agent, Notary Public

**Office Locations**
**Michigan:** 36167 Ford Rd.Westland, MI 48185
**Minnesota:** 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com



**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available



**Desi Bazar**

**Under new management.**

*916 E. Main Street #118, Greenwood, IN, 46143*
*Tel: 317-888-2040, Fax: 317-887-6116*

**Lakhvir S. Johal, Ph: 317-709-7800**

**Help Wanted in the Kitchen**

*We specialize in all kind of Indian Groceries and Sweets*

• FRESH VEGETABLES EVERY THURSDAY
• FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


# ਆਤਮਜੀਤ ਵੱਲੋਂ 'ਕਿਸ਼ਤੀਆਂ ਵਿਚ ਜਹਾਜ਼' ਦਾ ਨਾਟਕੀ ਪਾਠ

ਉਘੇ ਸ਼ਾਇਰ ਅਤੇ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ 'ਤੇ ਆਧਾਰਿਤ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਨਾਟਕੀ ਪਾਠ ਨਾਟਕਕਾਰ ਆਤਮਜੀਤ ਨੇ ਡਾ. ਦੀਵਾਨ ਸਿੰਘ ਦੀ ਯਾਦ ਵਿਚ ਪਿੰਡ ਸਿਸਵਾਂ ਦੇ ਨੇੜੇ ਬਣੇ ਅਜਾਇਬ ਘਰ ਵਿਚ ਕੀਤਾ। ਡਾ. ਆਤਮਜੀਤ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਸੀ ਕਿ ਇਸ ਨਾਟਕ ਦਾ ਪਹਿਲਾ ਪਾਠ ਇਸ ਮਿਊਜ਼ੀਅਮ ਵਿਚ ਕਰਕੇ ਉਸ ਅਮਰ ਸ਼ਹੀਦ ਨੂੰ ਸ਼ਰਧਾਂਜਲੀ ਦਿੱਤੀ ਜਾਵੇ। ਨਾਟਕ ਵਿਚ ਡਾ. ਦੀਵਾਨ ਸਿੰਘ ਦੇ ਲਗਪਗ ਸਾਰੇ ਜੀਵਨ ਨੂੰ ਬਹੁਤ ਨਾਟਕੀ ਅੰਦਾਜ਼ ਵਿਚ ਪੇਸ਼ ਕੀਤਾ ਗਿਆ। ਨਾਟਕ ਵਿਚ ਹਿੰਦੁਸਤਾਨ ਵਿਚ ਡਾਕਟਰ ਦੇ ਰੂਪ ਵਿਚ ਅੰਗ੍ਰੇਜ਼ੀ ਫੌਜ ਦੀ ਨੌਕਰੀ ਤੋਂ ਲੈ ਕੇ ਅੰਡੇਮਾਨ ਟਾਪੂ ਦੀ ਸੈਲੂਲਰ ਜੇਲ੍ਹ ਵਿਚ ਸੇਵਾ ਤੱਕ ਦੀਆਂ ਮਹੱਤਵਪੂਰਨ ਨਾਟਕੀ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਅੰਦਾਜ਼ ਵਿਚ ਬੰਨ੍ਹਿਆ ਗਿਆ ਹੈ। ਜਦੋਂ 1942 ਵਿਚ ਟਾਪੂਆਂ ਉਤੇ ਜਾਪਾਨੀਆਂ ਦਾ ਰਾਜ ਹੋ ਗਿਆ ਤਾਂ ਉਸ ਵੇਲੇ ਦੇ ਜ਼ੁਲਮ ਨੂੰ ਵਿਸ਼ੇਸ਼ ਤੌਰ 'ਤੇ ਬਿਆਨ ਕੀਤਾ ਗਿਆ ਹੈ। ਡਾ. ਦੀਵਾਨ ਸਿੰਘ ਸਿਰਫ਼ ਡਾਕਟਰ ਹੀ ਨਹੀਂ, ਉਹ ਟਾਪੂ ਵਿਚ ਵੱਸਦੇ ਆਮ ਲੋਕਾਂ ਦਾ ਮਸੀਹਾ ਬਣ ਚੁੱਕਾ ਸੀ। ਉਸ ਵੱਲੋਂ ਸਥਾਪਿਤ ਕੀਤੇ ਗੁਰਦਵਾਰੇ ਦਾ ਇਸ ਟਾਪੂ ਦੀ ਸਭਿਆਚਾਰਕ ਅਤੇ ਸਮਾਜਿਕ ਜ਼ਿੰਦਗੀ ਵਿਚ ਅਹਿਮ ਰੋਲ ਸੀ। ਉਨ੍ਹਾਂ ਦਾ ਬਣਾਇਆ ਇਹ ਗੁਰਦੁਆਰਾ ਇਨਸਾਨੀ ਕਦਰਾਂ ਕੀਮਤਾਂ ਦੀ ਉਚਤਮ ਮਿਸਾਲ ਕਾਇਮ ਕਰਦਾ ਹੈ। ਡਾ. ਦੀਵਾਨ ਸਿੰਘ ਨੇ ਇਸ ਗੁਰਦੁਆਰੇ ਨੂੰ ਸਭਿਆਚਾਰਕ, ਧਾਰਮਿਕ ਅਤੇ ਆਰਥਿਕ ਕੇਂਦਰ ਵਜੋਂ ਵਿਕਸਿਤ ਕੀਤਾ ਅਤੇ ਲੋਕਾਂ ਨੂੰ ਇਕ ਨਵੀਂ ਦਸ਼ਾ ਦਿੱਤੀ। ਪਰ ਕੁਝ ਸਵਾਰਥੀ ਅਤੇ ਨਾਅਹਿਲ ਲੋਕਾਂ ਨੇ ਦੀਵਾਨ ਸਿੰਘ ਨੂੰ ਬਿਨਾਂ ਕਿਸੇ ਆਧਾਰ ਦੇ ਜਾਸੂਸ ਸਾਬਤ ਕਰ ਕੇ ਅਸਹਿ ਤਸੀਹੇ ਦਿੱਤੇ ਅਤੇ ਇਸ ਮਹਾਨ ਮਨੁੱਖ ਦੀ ਜਾਨ ਲੈ ਲਈ। ਨਾਟਕ ਅਨੁਸਾਰ ਸਮੁੰਦਰਾਂ ਵਿਚ ਘਿਰੇ ਇਸ ਇਲਾਕੇ ਦੇ ਬਹੁਤ ਸਾਰੇ ਲੋਕ 'ਕਿਸ਼ਤੀਆਂ' ਵਰਗੇ ਸਨ ਜਦੋਂ ਕਿ ਦੀਵਾਨ ਸਿੰਘ ਦੀ ਸ਼ਖ਼ਸੀਅਤ ਅਤੇ ਕੰਮ-ਕਾਜ ਦਾ ਕੱਦ-ਕਾਠ 'ਜਹਾਜ਼' ਵਰਗਾ ਸੀ।

ਉਪਰੰਤ ਪ੍ਰਸਿੱਧ ਰਾਜਸੀ ਇਤਿਹਾਸਕਾਰ ਪ੍ਰੋ. ਹਰੀਸ਼ ਪੁਰੀ ਨੇ ਨਾਟਕ ਵਿਚ ਪੇਸ਼ ਕੀਤੇ ਪਾਤਰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਭੂਮਿਕਾ ਬਾਰੇ ਕੁਝ ਅਹਿਮ ਨੁਕਤੇ ਉਠਾਏ। ਉਘੇ ਚਿੰਤਕ ਪ੍ਰੋ. ਹਰਕ੍ਰਿਸ਼ਨ ਮਹਿਤਾ ਅਨੁਸਾਰ ਇਹ ਨਾਟਕ ਡਾ. ਦੀਵਾਨ ਸਿੰਘ ਦੀ ਬਹੁਪੱਖੀ ਸ਼ਖ਼ਸੀਅਤ ਦੀ ਭਰਪੂਰ ਉਸਾਰੀ ਕਰਨ ਦੇ ਨਾਲ ਨਾਲ ਉਸ ਸਮੇਂ ਦੀ ਰਾਜਸੀ ਅਤੇ ਸਮਾਜਿਕ ਪ੍ਰਸਥਿਤੀ ਦੀ ਵੀ ਸੁਹਣੀ ਨੱਕਾਸ਼ੀ ਕਰਦਾ ਹੈ। ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੇ ਦੱਸਿਆ ਕਿ ਉਹ ਡਾ. ਦੀਵਾਨ ਸਿੰਘ ਦੇ ਸਾਰੇ ਪਰਿਵਾਰ ਨਾਲ ਲੰਮੇਂ ਸਮੇਂ ਤੋਂ ਜੁੜੇ ਹੋਏ ਹਨ ਪਰ ਆਤਮਜੀਤ ਨੇ ਜਿਸ ਅੰਦਾਜ਼ ਵਿਚ ਘਟਨਾਵਾਂ ਨੂੰ ਗੁੰਦਿਆ ਹੈ, ਉਹ ਨਵੀਂ ਜਾਣਕਾਰੀ ਵੀ ਦੇਂਦਾ ਹੈ ਅਤੇ ਦਰਸ਼ਕਾਂ ਨੂੰ ਪ੍ਰਭਾਵਿਤ ਵੀ ਕਰਦਾ ਹੈ। ਇਵੇਂ ਹੀ ਕਹਾਣੀਕਾਰ ਜਸਬੀਰ ਭੁੱਲਰ ਦੀ ਰਾਏ ਸੀ ਕਿ ਆਤਮਜੀਤ ਨੇ ਨਾਵਲ ਦੇ ਵੱਡੇ ਆਕਾਰ ਵਾਲੀ ਸਮੱਗਰੀ ਨੂੰ ਬਹੁਤ ਕਲਾਤਮਕਤਾ ਨਾਲ ਨਾਟਕ ਦੀ ਸੰਜਮੀਂ ਵਿਧਾ ਵਿਚ ਬੰਨ੍ਹਿਆ ਹੈ। ਨਾਟਕ-ਆਲੋਚਕ ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ ਇਹ ਨਾਟਕ ਬਰੈਖ਼ਤੀਅਨ ਸ਼ੈਲੀ ਦਾ ਪ੍ਰਮਾਣਿਕ ਨਮੂਨਾ ਹੈ ਪਰ ਇਸ ਦੇ ਦੂਜੇ ਭਾਗ ਵਿਚ ਨਾਟਕੀਅਤਾ ਨੂੰ ਵਧਾਉਣ ਦੀ ਲੋੜ ਹੈ। ਪੱਤਰਕਾਰ ਦਲਜੀਤ ਸਿੰਘ ਅਨੁਸਾਰ ਆਤਮਜੀਤ ਨੇ ਇਹ ਨਾਟਕ ਬਹੁਤ ਜਜ਼ਬਾਤੀ ਹੋ ਕੇ ਲਿਖਿਆ ਪ੍ਰਤੀਤ ਹੁੰਦਾ ਹੈ। ਉਸਨੇ ਇਸ ਨੂੰ ਪੜ੍ਹਿਆ ਹੀ ਨਹੀਂ, ਖੇਡਿਆ ਵੀ ਹੈ ਕਿਉਂਕਿ ਉਸਦਾ ਪਾਠ ਪੇਸ਼ਕਾਰੀ ਵਰਗਾ ਸੀ। ਡਾ. ਦੀਵਾਨ ਸਿੰਘ ਦੀ ਨੂੰਹ ਪ੍ਰੋਫ਼ੈਸਰ ਗੁਰਦਰਸ਼ਨ ਕੌਰ ਢਿੱਲੋਂ ਦੇ ਸ਼ਬਦਾਂ ਵਿਚ ਆਤਮਜੀਤ ਨੇ ਡਾ.ਦੀਵਾਨ ਸਿੰਘ ਦੇ ਪਾਤਰ ਨੂੰ ਬਹੁਤ ਸਟੀਕ ਅਤੇ ਪ੍ਰਭਾਵਸ਼ਾਲੀ ਬੋਲੀ ਵਿਚ ਚਿਤਰਿਆ ਹੈ। ਅਮਰੀਕਾ ਵਿਚ ਰਹਿੰਦੀ ਦੀਵਾਨ ਸਿੰਘ ਦੀ ਪੋਤਰੀ ਸੋਨੀਆਂ ਨੇ ਕਿਹਾ, ਉਸ ਦਾ ਖ਼ਿਆਲ ਸੀ ਕਿ ਨਾਟਕ ਵਰਗੀ ਰਚਨਾ ਵਿਚ ਦੀਵਾਨ ਸਿੰਘ ਵਰਗੇ ਮਹਾਂਕਾਵਿਕ ਜੀਵਨ ਨੂੰ ਨਹੀਂ ਸਮੇਟਿਆ ਜਾ ਸਕਦਾ, ਪਰ ਨਾਟਕ ਨੂੰ ਸੁਣਨ ਤੋਂ ਬਾਅਦ ਪਛਤਾਵਾ ਹੈ ਕਿ ਇਸ ਕਮਾਲ ਦੇ ਨਾਟਕੀ ਪਾਠ ਦੀ ਉਸਨੇ ਵੀਡੀਓ ਕਿਉਂ ਨਹੀਂ ਬਣਾਈ। ਪ੍ਰੋ. ਸਵਰਨਜੀਤ ਮਹਿਤਾ ਨੇ ਨਾਟਕਕਾਰ ਨੂੰ ਇਸ ਗੱਲ ਦੀ ਵਧਾਈ ਦਿੱਤੀ ਕਿ ਉਸਨੇ ਦੀਵਾਨ ਸਿੰਘ ਦੀ ਪਤਨੀ ਦੇ ਪਾਤਰ ਰਾਹੀਂ ਔਰਤ ਦੇ



ਦ੍ਰਿਸ਼ਟੀਕੋਣ ਨੂੰ ਢੁਕਵੇਂ ਤਰੀਕੇ ਨਾਲ ਉਸਾਰਿਆ ਹੈ। ਨਾਟਕਕਾਰ ਨੇ ਪ੍ਰਬੰਧਕਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਉਹ 1998 ਤੋਂ ਇਸ ਨਾਟਕ ਨੂੰ ਲਿਖਣ ਬਾਰੇ ਸੋਚ ਰਿਹਾ ਸੀ, ਪਰ ਉਸਦੀ ਪ੍ਰੇਰਨਾ ਨੂੰ ਸਭ ਤੋਂ ਵੱਡਾ ਹੁਲਾਰਾ ਉਦੋਂ ਮਿਲਿਆ ਜਦੋਂ ਸੈਲੂਲਰ ਜੇਲ੍ਹ ਵਿਚ ਕੁਝ ਸਮਾਂ ਰਹੇ ਵੀਰ ਸਾਵਰਕਰ ਨੂੰ ਭਾਰਤ ਰਤਨ ਦੇਣ ਦੀ ਚਰਚਾ ਸਾਹਮਣੇ ਆਈ। ਉਸਨੇ ਉਮੀਦ ਕੀਤੀ ਕਿ ਇਹ ਨਾਟਕ ਜਲਦੀ ਹੀ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਵੇਗਾ ਅਤੇ ਮੰਚ ਉੱਤੇ ਵੀ ਖੇਡਿਆ ਜਾਵੇਗਾ।


**ਚੰਡੀਗੜ੍ਹ ਦੇ ਨਜ਼ਦੀਕ ਜ਼ੀਰਕਪੁਰ ਵਿਖੇ ਕੋਠੀ ਵਿਕਾਊ ਹੈ**


*ਜ਼ੀਰਕਪੁਰ ਪਟਿਆਲਾ ਰੋਡ ਦੇ ਬਿਲਕੁਲ ਨਜ਼ਦੀਕ ਬਣੀ 400 ਗਜ ਦੀ ਕੋਠੀ (ਈਸਟ ਫੇਸਿੰਗ) ਰਿਹਾਇਸ਼ੀ/ਕਮੱਰਸ਼ੀਅਲ, ਜਿਸਦੇ ਦੋਨੋ ਪਾਸੇ ਸੜਕ ਲਗਦੀ ਹੈ, ਵਿਕਾਊ ਹੈ।*

ਸੰਪਰਕ ਕਰੋ: 001+847-359-0746, 224-422-4773 (*Whatsapp*)



**Sistar Mortgage**

Minimizing Cost, Maximizing Investment
www.SistarMortgage.com



**Balbir (Bill) Grewal, Loan Officer (NMLS 353442)**
*Residential & Commercial Loans*

**(734) 330-8859 Mobile**
**(586) 802-7385 Fax**
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਫੈਮਿਲੀ ਡੇਅ ਅਤੇ ਕੌਮਾਂਤਰੀ ਮਾਂ-ਬੋਲੀ ਦਿਵਸ ’ਤੇ ਚਰਚਾ

**ਕੈਲਗਰੀ:** ਕੈਲਗਰੀ ਵਿਮੈਂਨ ਕਲਚਰਲ ਐਸੋਸੀਏਸ਼ਨ ਦੀ ਫਰਵਰੀ ਮਹੀਨੇ ਦੀ ਮੀਟਿੰਗ ਲੰਘੀ 19 ਫਰਵਰੀ ਨੂੰ ਇੰਡੋ-ਕੈਨੇਡੀਅਨ ਐਸੋਸੀਏਸ਼ਨ ਹਾਲ ਵਿਚ ਹੋਈ। ਮੀਟਿੰਗ ਦੇ ਪਹਿਲੇ ਹਿੱਸੇ ਵਿਚ ਸਭਾ ਦੇ ਕਾਰਜਕਾਰੀ ਮੈਂਬਰਾਂ ਵਲੋਂ ਸਭਾ ਦੀ ਕਾਰਗੁਜ਼ਾਰੀ ਲਈ ਕੁਝ ਨਵੇਂ ਮੈਂਬਰਾਂ ਦੀ ਨਿਯੁਕਤੀ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਉਪਰੰਤ ਸਭਾ ਦੀ ਵਿਧੀਵਤ ਮੀਟਿੰਗ ਸ਼ੁਰੂ ਕਰਦਿਆਂ ਗੁਰਚਰਨ ਥਿੰਦ ਨੇ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਵੈਲੇਨਟਾਈਨ ਡੇਅ, ਫੈਮਿਲੀ ਡੇਅ ਅਤੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਬਾਰੇ ਵਿਸਥਾਰ ਵਿਚ ਜਾਣਕਾਰੀ ਸਾਂਝੀ ਕੀਤੀ। ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਹਾਜ਼ਰ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਆਪਣੀ ਭਾਰਤ ਫੇਰੀ ਦੌਰਾਨ ਡਾ. ਸਵੈਮਾਣ ਸਿੰਘ ਹੁਰਾਂ ਨਾਲ ਹੋਈ ਮੁਲਾਕਾਤ ਦੀਆਂ ਕੁਝ ਦਿਲਚਸਪ ਗੱਲਾਂ ਸਾਂਝੀਆਂ ਕੀਤੀਆਂ।

ਜਗਦੀਸ਼ ਬਰੀਆ, ਕੁਲਦੀਪ ਜੀ ਅਤੇ ਕਿਰਨ ਕਲਸੀ ਦੁਆਰਾ ਸਭ ਨਾਲ ਪਿਆਰ ਵੰਡਣ ਦਾ ਸੰਦੇਸ਼ ਦਿੱਤਾ ਗਿਆ। ਹਰਮਿੰਦਰ ਚੁੱਘ ਨੇ ਬਹੁਤ ਸੁਰੀਲੀ ਆਵਾਜ਼ ਵਿਚ ‘ਰਾਵੀ ਦੀਆਂ ਛੱਲਾਂ’ ਗੀਤ ਸੁਣਾਇਆ। ਸੁਰਜੀਤ ਧੁੰਨਾ, ਆਸ਼ਾ ਪਾਲ, ਜਸਮਿੰਦਰ ਬਰਾੜ, ਹਰਦੇਵ ਕੌਰ ਮਾਟਾ, ਅਮਰਜੀਤ ਅਤੇ ਭਗਵੰਤ ਕੌਰ ਹੇਰ ਹੁਰਾਂ ਲੋਕ-ਬੋਲੀਆਂ ਅਤੇ ਟੱਪੇ ਗਾ ਰੌਣਕ ਲਾਈ। ਅਮਰਜੀਤ ਸੱਗੂ ਨੇ ‘ਮਾਂਜੀ-ਮਾਂਜੀ ਆਖਾਂ’ ਗੀਤ ਗਾ ਮਾਂ-ਧੀ ਵਰਗੇ ਸੱਸ-ਨੂੰਹ ਵਿਚਲੇ ਪਿਆਰ ਨੂੰ ਪੇਸ਼ ਕੀਤਾ। ਜੁਗਿੰਦਰ ਪੁਰਬਾ ਨੇ ਵੀਰ ਪਿਆਰ ਦਾ ਗੀਤ ਸਾਂਝਾ ਕੀਤਾ। ਬਲਜਿੰਦਰ ਗਿੱਲ ਨੇ ਜੀਵਨ ਦੇ ਕੁਝ ਤਜਰਬੇ ਸਾਂਝੇ ਕਰਦਿਆਂ ਵੈਲੇਨਟਾਈਨ ਡੇਅ ਬਾਰੇ ਗੱਲ ਕੀਤੀ ਅਤੇ ਸਿਹਤਯਾਬੀ ਲਈ ਯੋਗਾ ਕਰਨ ਬਾਰੇ ਪ੍ਰੇਰਿਤ ਕੀਤਾ। ਸਰਬਜੀਤ ਉੱਪਲ ਨੇ ਸਾਰਿਆਂ ਨਾਲ ਪਿਆਰ-ਸਾਂਝ ਨਾਲ ਜਿਉਣ ਦੇ ਪ੍ਰੇਰਨਾ ਭਰੇ ਸ਼ਬਦ ਸਾਂਝੇ ਕੀਤੇ ਅਤੇ ਲੋਕ-ਗੀਤ ਦੀ ਸਾਂਝ ਪਾਈ। ਮੁਖਤਿਆਰ ਧਾਲੀਵਾਲ ਅਤੇ ਸਤਵਿੰਦਰ ਕੌਰ ਨੇ ਲੰਬੀ ਹੇਕ ਵਾਲੇ ਗੀਤ ਗਾਏ। ਸੁਖਜੀਤ ਸੈਣੀ ਨੇ ਪਿਆਰ ਦੀਆਂ ਡੂੰਘਾਣਾਂ ਬਿਆਨਦੀ ‘ਮਿੱਟੀ ਗਰਦੇ ਦਾ ਕਿਣਕਾ’ ਆਪਣੀ ਮੌਲਿਕ ਰਚਨਾ ਸੁਣਾਈ। ਗੁਰਚਰਨ ਥਿੰਦ ਨੇ ਪਿਆਰ ਦੇ ਅਹਿਸਾਸ ਨੂੰ ਬਿਆਨਦਾ ਲੋਕ-ਗੀਤ ਸ਼ੁਰੂ ਕਰ ਸਭ ਭੈਣਾਂ ਨੂੰ ਗੀਤ ਗਾਉਣ ਵਿਚ ਸ਼ਾਮਲ ਕਰ ਲਿਆ। ਅੰਤ ਵਿਚ ਪ੍ਰਧਾਨ ਬਲਵਿੰਦਰ ਬਰਾੜ ਨੇ ਮੀਟਿੰਗ ਵਿਚ ਹਾਜ਼ਰ ਸਭ ਮੈਂਬਰਾਂ ਦਾ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕੀਤੀ। ਉਪਰੰਤ ਚਾਹ ਪਾਣੀ ਦਾ ਆਨੰਦ ਮਾਣ ਸਭ ਨੇ ਰੁਖਸਤੀ ਲਈ।

***ਰਿਪੋਰਟ: ਸੁਖਜੀਤ ਕੌਰ ਸੈਣੀ***

## ਨਸ਼ਾ ਤਸਕਰੀ: ਬਿਕਰਮ ਮਜੀਠੀਆ ਨੂੰ ਜੇਲ੍ਹ ਭੇਜਿਆ

**ਪਟਿਆਲਾ:** ਨਸ਼ਾ ਤਸਕਰੀ ਦੇ ਦੋਸ਼ਾਂ ਅਧੀਨ ਦਰਜ ਕੀਤੇ ਗਏ ਕੇਸ ਦਾ ਸਾਹਮਣਾ ਕਰ ਰਹੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਕੇਂਦਰੀ ਜੇਲ੍ਹ ਪਟਿਆਲਾ ‘ਚ ਬੰਦ ਕਰ ਦਿੱਤਾ ਗਿਆ ਹੈ। ਉਸ ਨੂੰ ਪੁਲਿਸ ਦੇ ਸਖਤ ਸੁਰੱਖਿਆ ਪਹਿਰੇ ਹੇਠ ਇਥੇ ਲਿਆਂਦਾ ਗਿਆ ਤੇ ਮੁੱਢਲੀ ਦਸਤਾਵੇਜ਼ੀ ਕਾਰਵਾਈ ਤੋਂ ਮੁਕੰਮਲ ਕਰਨ ‘ਤੇ ਮਜੀਠੀਆ ਨੂੰ ਜੇਲ੍ਹ ਅੰਦਰ ਭੇਜ ਦਿੱਤਾ ਗਿਆ ਸੀ।

ਜ਼ਿਕਰਯੋਗ ਕਿ ਪੰਜਾਬ ਦੀ ਚੰਨੀ ਸਰਕਾਰ ਨੇ ਆਪਣੇ ਅੰਤਲੇ ਦਿਨਾਂ ਦੌਰਾਨ ਹੀ 21 ਦਸੰਬਰ 2021 ਨੂੰ ਮਜੀਠੀਆ ਖਿਲਾਫ਼ ਡੀ.ਜੀ.ਪੀ. ਦੇ ਹੁਕਮਾਂ ਅਨੁਸਾਰ ਸਟੇਟ ਕ੍ਰਾਈਮ ਥਾਣਾ ਮੁਹਾਲੀ ਵਿਚ ਨਸ਼ਾ ਤਸਕਰੀ ਦੇ ਦੋਸ਼ਾਂ ਅਧੀਨ ਇਹ ਕੇਸ ਦਰਜ ਕੀਤਾ ਸੀ, ਜਿਸ ਦੌਰਾਨ ਐਸ.ਟੀ.ਐਫ਼ ਵੱਲੋਂ ਨਸ਼ਾ ਤਸਕਰੀ ਮਾਮਲੇ ‘ਚ ਸਾਲ 2018 ਨੂੰ ਹਾਈ ਕੋਰਟ ‘ਚ ਦਾਖਲ ਕੀਤੀ ਗਈ ਸਟੇਟਸ ਰਿਪੋਰਟ ਦਾ ਹਵਾਲਾ ਵੀ ਦਿੱਤਾ ਗਿਆ। ਪਹਿਲੀ ਦਸੰਬਰ 2021 ਨੂੰ ਇਹ ਸਟੇਟਸ ਰਿਪੋਰਟ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ ਦਪਿੰਦਰ ਸਿੰਘ ਪਟਵਾਲੀਆ ਕੋਲ ਵੀ ਭੇਜੀ ਗਈ ਸੀ ਅਤੇ ਕਾਨੂੰਨੀ ਰਾਇ ਲੈਣ ਮਗਰੋਂ ਮਜੀਠੀਆ ਖਿਲਾਫ਼ ਕੇਸ ਦਰਜ ਕੀਤਾ ਗਿਆ। ਅਦਾਲਤ ਵੱਲੋਂ ਮਜੀਠੀਆ ਦੀ ਜ਼ਮਾਨਤ ਅਰਜ਼ੀ ਰੱਦ ਕਰਨ ਮਗਰੋਂ ਮਜੀਠੀਆ ਨੇ ਜਦੋਂ ਹਾਈ ਕੋਰਟ ਦਾ ਦਰਵਾਜਾ ਖੜਕਾਇਆ ਤਾਂ ਹਾਈ ਕੋਰਟ ਨੇ ਸ਼ਰਤਾਂ ਦੇ ਆਧਾਰ ‘ਤੇ ਮਜੀਠੀਆ ਨੂੰ ਅੰਤ੍ਰਿਮ ਜ਼ਮਾਨਤ ਦੇ ਦਿੱਤੀ। ਮਜੀਠੀਆ ਦੇ ਵਕੀਲਾਂ ਵੱਲੋਂ ਸੁਪਰੀਮ ਕੋਰਟ ‘ਚ ਪਹੁੰਚ ਕਰਨ ‘ਤੇ ਮਜੀਠੀਆ ਦੀ ਗ੍ਰਿਫਤਾਰੀ ‘ਤੇ 23 ਫਰਵਰੀ ਤੱਕ ਰੋਕ ਲਾ ਦਿੱਤੀ ਗਈ ਸੀ, ਜਿਸ ਦੇ ਚੱਲਦਿਆਂ ਹੀ ਮਜੀਠੀਆ 24 ਫਰਵਰੀ ਨੂੰ ਅਦਾਲਤ ‘ਚ ਪੇਸ਼ ਹੋਏ ਤੇ ਅਦਾਲਤ ਨੇ ਉਨ੍ਹਾਂ ਨੂੰ ਨਿਆਇਕ ਹਿਰਾਸਤ ਅਧੀਨ ਜੇਲ੍ਹ ਭੇਜ ਦਿੱਤਾ।

## ਆਮ ਆਦਮੀ ਪਾਰਟੀ ਨੇ ਸਟਰਾਂਗ ਰੂਮਾਂ ਅੱਗੇ ਲਾਏ ਪਹਿਰੇ

**ਲੁਧਿਆਣਾ:** ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਈ.ਵੀ.ਐਮ. ਮਸ਼ੀਨਾਂ ਦੀ ਸੁਰੱਖਿਆ ਚੋਣ ਕਮਿਸ਼ਨ ਦੇ ਪ੍ਰਬੰਧਾਂ ‘ਤੇ ਭਰੋਸਾ



ਨਹੀਂ ਹੈ। ਇਸੇ ਕਰਕੇ ਤਿੰਨ ਪੜਾਅ ਦੀ ਸੁਰੱਖਿਆ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਸਟਰਾਂਗ ਰੂਮਾਂ ਦੇ ਬਾਹਰ ਆਪਣੇ ਪਹਿਰੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਹਲਕਾ ਲੁਧਿਆਣਾ ਪੱਛਮੀ ਅਤੇ ਗਿੱਲ ਤੋਂ ਉਮੀਦਵਾਰਾਂ ਨੇ, ਜਿਥੇ ਈ.ਵੀ.ਐਮ. ਮਸ਼ੀਨਾਂ ਪਈਆਂ ਹਨ, ਉਸ ਦੇ ਬਾਹਰ ਪੱਕੇ ਤੌਰ ‘ਤੇ ਡੇਰੇ ਲਾ ਲਏ ਹਨ। ਟੈਂਟ ਲਾ ਕੇ 24 ਘੰਟੇ ਨਜ਼ਰ ਰੱਖਣ ਲਈ ਸਮਰਥਕਾਂ ਦੀ ਡਿਊਟੀ ਲਾਈ ਗਈ ਹੈ। ਇਨ੍ਹਾਂ ਟੈਂਟਾਂ ਦੇ ਬਾਹਰ ਸੀ.ਸੀ.ਟੀ.ਵੀ. ਕੈਮਰੇ ਵੀ ਲਾਏ ਗਏ ਹਨ।

ਜ਼ਿਲ੍ਹੇ ਵਿਚ 14 ਥਾਵਾਂ ‘ਤੇ ਈ.ਵੀ.ਐਮ. ਮਸ਼ੀਨਾਂ ਰੱਖੀਆਂ ਹੋਈਆਂ ਹਨ, ਇਨ੍ਹਾਂ ਦੀ ਸੁਰੱਖਿਆ ਕੇਂਦਰੀ ਸੁਰੱਖਿਆ ਬਲਾਂ ਦੇ ਹਵਾਲੇ ਹੈ। ਹਰ ਕੰਪਲੈਕਸ ਦੇ ਮੁੱਖ ਗੇਟ ‘ਤੇ ਪੰਜਾਬ ਪੁਲਿਸ ਦੀਆਂ ਟੀਮਾਂ ਤਾਇਨਾਤ ਹਨ। ਇਸ ਦੇ ਬਾਵਜੂਦ ਹਲਕਾ ਲੁਧਿਆਣਾ ਪੱਛਮੀ ਤੋਂ ‘ਆਪ‘ ਉਮੀਦਵਾਰ ਗੁਰਪ੍ਰੀਤ ਗੋਗੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਸਟਰਾਂਗ ਰੂਮ ਬਾਹਰ ਟੈਂਟ ਲਾਇਆ ਹੈ। ਹਲਕਾ ਗਿੱਲ ਵਿਚ ਵੀ ‘ਆਪ‘ ਦੇ ਉਮੀਦਵਾਰ ਜੀਵਨ ਸਿੰਘ ਸੰਗੋਵਾਲ ਨੇ ਸਰਕਾਰੀ ਪੌਲੀਟੈਕਨਿਕ ਕਾਲਜ ਰਿਸ਼ੀ ਨਗਰ ‘ਚ ਬਣੇ ਸਟਰਾਂਗ ਰੂਮ ਦੇ ਬਾਹਰ ਪੱਕਾ ਟੈਂਟ ਲਾ ਦਿੱਤਾ ਹੈ। ਇੱਥੇ ਚਾਰ ਸ਼ਿਫਟਾਂ ‘ਚ ਸਮਰਥਕ ਡਿਊਟੀ ਦੇ ਰਹੇ ਹਨ। ਪਿਛਲੀ ਵਾਰ ਵੀ ‘ਆਪ‘ ਉਮੀਦਵਾਰਾਂ ਨੇ ਈ.ਵੀ.ਐਮ. ਮਸ਼ੀਨਾਂ ਦੇ ਕੰਪਲੈਕਸਾਂ ਬਾਹਰ ਪਹਿਰੇ ਦਿੱਤੇ ਸਨ।

ਪੰਜਾਬ ਵਿਧਾਨ ਚੋਣਾਂ ਲਈ 20 ਫਰਵਰੀ ਨੂੰ ਵੋਟਾਂ ਪਈਆਂ ਸਨ ਤੇ ਆਮ ਆਦਮੀ ਪਾਰਟੀ ਨੇ ਮੰਗ ਕੀਤੀ ਹੈ ਕਿ ਪੰਜਾਬ ਦੀਆਂ ਵੱਖ ਵੱਖ ਥਾਵਾਂ ‘ਤੇ ਬਣਾਏ ਗਏ ਸਟਰੋਂਗ ਰੂਮਾਂ ਦੀ ਸੁਰੱਖਿਆ ਲਈ ਪੁਖਤਾ ਇੰਤਜ਼ਾਮ ਕੀਤੇ ਜਾਣ। ਇਨ੍ਹਾਂ ਸਟਰੋਂਗ ਰੂਮਾਂ ਵਿਚ ਵੋਟਿੰਗ ਮਸ਼ੀਨਾਂ ਰੱਖੀਆਂ ਗਈਆਂ ਹਨ। ‘ਆਪ‘ ਦੇ ਪੰਜਾਬ ਮਾਮਲਿਆਂ ਦੇ ਕੋ-ਇੰਚਾਰਜ ਰਾਘਵ ਚੱਢਾ ਨੇ ਸੂਬਾਈ ਮੁੱਖ ਚੋਣ ਅਧਿਕਾਰੀ ਨੂੰ ਪੱਤਰ ਲਿਖਿਆ ਤੇ ਦੱਸਿਆ ਕਿ ਸਟਰੋਂਗ ਰੂਮਾਂ ਦੀ ਸੁਰੱਖਿਆ ਬਾਰੇ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਕਥਿਤ ਤੌਰ ‘ਤੇ ਉਲੰਘਣਾ ਕੀਤੀ ਜਾ ਰਹੀ ਹੈ।


# ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

**ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ**

**ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ**



**ਚਾਹਵਾਨ ਸੰਪਰਕ ਕਰਨ:**

**316-305-1818 ਜਾਂ 316-518-5382**

E-Mail: Bayleafaustin@gmail.com

10-17


## ਭਾਰਤ ’ਚ ਨਿੱਜੀ ਵੀਜ਼ਾ ਇੰਟਰਵਿਊ ਤੋਂ ਛੋਟ ਦੇਵੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਵਿਚ ਕਈ ਵੀਜ਼ਾ ਅਰਜ਼ੀਆਂ ਲਈ ਨਿੱਜੀ ਤੌਰ ‘ਤੇ ਇੰਟਰਵਿਊ ਦੀ ਲੋੜ ਇਸ ਸਾਲ 31 ਦਸੰਬਰ ਖਤਮ ਕਰ ਦਿੱਤੀ ਹੈ। ਭਾਰਤ ਵਿਚਲੇ ਅਮਰੀਕੀ ਦੂਤਾਵਾਸਾਂ ਵਿਚ ਇਸ ਸਾਲ ਦੇ ਅੰਤ ਤੱਕ ਇੰਟਰਵਿਊ ਤੋਂ ਛੋਟ ਦਿੱਤੀ ਗਈ ਹੈ।

ਇਨ੍ਹਾਂ ਵਿਚ ਵਿਦਿਆਰਥੀ (ਐਫ, ਐਮ ਤੇ ਅਕਾਦਮਿਕ ਜੇ ਵੀਜ਼ਾ), ਵਰਕਰ (ਐਚ-1, ਐਚ-2, ਐਚ-3 ਤੇ ਐਲ ਵੀਜ਼ਾ) ਸ਼ਾਮਲ ਹਨ। ਇਕ ਸੀਨੀਅਰ ਅਮਰੀਕੀ ਕੂਟਨੀਤਕ ਨੇ ਭਾਰਤੀ ਭਾਈਚਾਰੇ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਹੈ। ਦੱਖਣੀ-ਕੇਂਦਰੀ ਏਸ਼ੀਆ ਲਈ ਸਹਾਇਕ ਵਿਦੇਸ਼ ਸਕੱਤਰ ਡੋਨਲ ਲੂ ਕੋਲ ਇਹ ਮਸਲਾ ਏਸ਼ਿਆਈ-ਅਮਰੀਕੀਆਂ ਬਾਰੇ ਰਾਸ਼ਟਰਪਤੀ ਬਾਇਡਨ ਦੇ ਸਲਾਹਕਾਰ ਅਜੈ ਜੈਨ ਭੂਟੋਰੀਆ ਨੇ ਸਿਲੀਕੋਨ ਵੈਲੀ ਵਿਚ ਉਠਾਇਆ ਸੀ।


# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5’4”, ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 ’ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4” msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5’2” working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5’-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

Jatt Sikh family Looking for a jatt sikh, well settled match for their U.S born and raised jatt sikh 30, 6’3” son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

33 ਸਾਲਾ ਜੱਟ ਸਿੱਖ ਆਪਣਾ ਬਿਜ਼ਨਸ ਕਰਦੇ, USA citizen 6’1" ਲੜਕੇ ਲਈ ਯੂ.ਐਸ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਘੱਟੋ-ਘੱਟ 5’6”, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਨੇ ਬੈਚਲਰ ਡਿਗਰੀ ਕੀਤੀ ਹੋਈ ਹੈ। ਚਾਹਵਾਨ 317-767-1636 ਜਾਂ Email at: singh2026@hotmail.com ’ਤੇ ਸੰਪਰਕ ਕਰ ਸਕਦੇ ਹਨ। 6-10

Jatt Sikh Sangha family looking for suitable match for their American citizen son, 28, 6’-2”, Masters in Computer Science. Vegetarian preferred. Please Contact us at 636- 577-5615 or Email at: vijaypalsangha@gmail.com.

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ ’ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ’ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com’ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5’10”. Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6’1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com ’ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5’8” 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

***To Advertise with Punjab Times Call: 847-359-0746***

***Fax:847-705-9388, e-mail: punjabtimes1@gmail.com***

*Visit us on the web:* ***wwwpunjabtimesusa.com***

# ਯੂਕਰੇਨ ’ਚ ਫਸੇ ਵਿਦਿਆਰਥੀਆਂ ਦੇ ਮਾਪਿਆਂ ਦੀ ਨੀਂਦ ਉੱਡੀ

**ਨਵੀਂ ਦਿੱਲੀ:** ਭਾਰਤ ਤੋਂ ਪੜ੍ਹਾਈ ਕਰਨ ਲਈ ਯੂਕਰੇਨ ਗਏ ਹਜ਼ਾਰਾਂ ਵਿਦਿਆਰਥੀ ਪਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਯੁੱਧ ਕਾਰਨ ਕਈ ਭਾਰਤੀ ਵਿਦਿਆਰਥੀ ਉਥੇ ਫਸ ਗਏ ਹਨ। ਭਾਵੇਂ ਯੂਕਰੇਨ ਵਿਚੋਂ ਵਿਦਿਆਰਥੀਆਂ ਨੂੰ ਕੱਢਣ ਲਈ ਭਾਰਤ ਸਰਕਾਰ ਨੇ ‘ਅਪਰੇਸ਼ਨ ਗੰਗਾ’ ਚਲਾਇਆ ਹੋਇਆ ਹੈ ਪਰ ਦੇਰ ਨਾਲ ਸ਼ੁਰੂ ਕੀਤੇ ਇਸ ਮਿਸ਼ਨ ਕਾਰਨ ਹਾਲਾਤ ਔਖੇ ਹੋ ਗਏ ਹਨ। ਯੂਕਰੇਨ ਵਿਚ ਰੂਸ ਦੀ ਸਰਹੱਦ ਨਾਲ ਲੱਗਦੇ ਸੂਮੀ ਸ਼ਹਿਰ ’ਤੇ ਰੂਸੀ ਫੌਜਾਂ ਵੱਲੋਂ ਕਬਜ਼ਾ ਕਰਨ ਮਗਰੋਂ ਘੱਟੋ-ਘੱਟ ਸੈਂਕੜੇ ਭਾਰਤੀ ਵਿਦਿਆਰਥੀਆਂ ਨੇ ਤਹਿਖਾਨੇ ਵਿਚ ਸ਼ਰਨ ਲਈ ਹੋਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਸੂਮੀ ਸਟੇਟ ਮੈਡੀਕਲ ਕਾਲਜ ਦੇ ਵਿਦਿਆਰਥੀ ਸਨ।

ਡਾਕਟਰ ਬਣਨ ਲਈ ਯੂਕਰੇਨ ਗਏ ਵਿਦਿਆਰਥੀ ਅਤੇ ਇਧਰ ਰਹਿ ਰਹੇ ਉਨ੍ਹਾਂ ਦੇ ਮਾਪਿਆਂ ਦੀ ਪਰੇਸ਼ਾਨੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਯੂਕਰੇਨ ਵਿਚ ਸਿਰਫ ਮਸ਼ੀਨੀ ਫਿਲਟਰ ਪਾਣੀ ਹੀ ਪੀਤਾ ਜਾ ਸਕਦਾ ਹੈ ਤੇ ਉਸ ਦਾ ਵੀ ਸੰਕਟ ਖੜ੍ਹਾ ਹੋ ਰਿਹਾ ਹੈ। ਉਥੇ ਫਸੇ ਵਿਦਿਆਰਥੀਆਂ ਨੇ ਦੱਸਿਆ ਕਿ ਮਾਰਕੀਟ ‘ਚ ਦੁੱਧ ਤੇ ਬਰੈੱਡ ਖਤਮ ਹੋ ਗਏ ਹਨ। ਉਨ੍ਹਾਂ ਨੂੰ 1-1 ਪੈਕਟ ਬਿਸਕੁਟ ਦੇ ਮਿਲੇ ਹਨ। ਕੋਈ ਅਧਿਕਾਰੀ ਉਨ੍ਹਾਂ ਦੇ ਸੰਪਰਕ ਵਿਚ ਨਹੀਂ ਹੈ। ਕੁਝ ਬੱਚੇ ਕੀਵ ਜਾਣ ਵਾਲੀ ਰੇਲ ਗੱਡੀ ਵਿਚ ਚੜ੍ਹ ਗਏ ਪਰ ਉਨ੍ਹਾਂ ਨੂੰ ਰਾਹ ਵਿਚ ਹੀ ਉਤਾਰ ਦਿੱਤਾ ਗਿਆ। ਹੁਣ ਉਹ ਅਸੁਰੱਖਿਅਤ ਰੁਲ ਰਹੇ ਹਨ।

ਵਿਦਿਆਰਥੀਆਂ ਦੇ ਮਾਪਿਆਂ ਦਾ ਗਿਲਾ ਹੈ ਕਿ ਯੂਕਰੇਨ ਵਿਚ ਬੀਤੇ ਕਈ ਦਿਨਾਂ ਤੋਂ ਚੱਲ ਰਹੇ ਤਣਾਅ ਦੇ ਬਾਵਜੂਦ ਭਾਰਤ ਸਰਕਾਰ ਨੇ ਇਸ ਦਾ ਕੋਈ ਨੋਟਿਸ ਨਹੀਂ ਲਿਆ। ਉਨ੍ਹਾਂ ਦੱਸਿਆ ਕਿ ਅਸਲ ਸਮੱਸਿਆ ਖਾਰਕੋਵ ਅਤੇ ਕੀਵ ਵਰਗੇ ਸ਼ਹਿਰਾਂ ਦੀ ਹੈ। ਇਹ ਰੂਸ ਦੀ ਸਰਹੱਦ



ਨਾਲ ਲੱਗਦੇ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਰੂਸ ਵਿਚੋਂ ਸੁਰੱਖਿਅਤ ਲਾਂਘਾ ਮਿਲ ਸਕਦਾ ਹੈ ਪਰ ਭਾਰਤ ਸਰਕਾਰ ਰੂਸ ਨਾਲ ਕੋਈ ਗੱਲ ਨਹੀਂ ਕਰ ਰਹੀ। ਖਾਰਕੋਵ ਦੇ ਵਿਦਿਆਰਥੀਆਂ ਲਈ ਸੈਂਕੜੇ ਕਿਲੋਮੀਟਰ ਸਫਰ ਕਰ ਕੇ ਪੋਲੈਂਡ, ਹੰਗਰੀ, ਅਰਮਾਨੀਆ ਜਾਣਾ ਸੰਭਵ ਨਹੀਂ।

ਯੂਕਰੇਨ ਵਿਚ ਫਸੇ ਭਾਰਤੀਆਂ ਨੂੰ ਲੈਣ ਜਾ ਰਹੀ ਏਅਰ ਇੰਡੀਆ ਦੀ ਇਕ ਉਡਾਣ 1.10 ਕਰੋੜ ਰੁਪਏ ਵਿਚ ਪੈ ਰਹੀ ਹੈ। ਇਹ ਆਉਣ-ਜਾਣ ਦਾ ਖਰਚਾ ਦੱਸਿਆ ਜਾ ਰਿਹਾ ਹੈ ਤੇ ਖਰਚ ਉਡਾਣ ਦੇ ਸਮੇਂ ਉਤੇ ਨਿਰਭਰ ਹੈ। ਸੂਤਰਾਂ ਮੁਤਾਬਕ ਏਅਰ ਇੰਡੀਆ ਨੂੰ ਉਡਾਣ 7-8 ਲੱਖ ਰੁਪਏ ਪ੍ਰਤੀ ਘੰਟਾ ਪੈ ਰਹੀ ਹੈ। ਏਅਰਲਾਈਨ ਵੱਡੇ ਆਕਾਰ ਵਾਲੇ ਬੋਇੰਗ 787 ਜਹਾਜ਼ ਜਿਨ੍ਹਾਂ ਨੂੰ ਡਰੀਮਲਾਈਨਰ ਵੀ ਕਿਹਾ ਜਾਂਦਾ ਹੈ, ਯੂਕਰੇਨ ਦੇ ਗੁਆਂਢੀ ਮੁਲਕਾਂ ਨੂੰ ਭੇਜ ਰਹੀ ਹੈ ਜਿੱਥੋਂ ਭਾਰਤੀਆਂ ਨੂੰ ਚੁੱਕਿਆ ਜਾ ਰਿਹਾ ਹੈ।

ਇਹ ਰੋਮਾਨੀਆ ਤੇ ਹੰਗਰੀ ਜਾ ਰਹੇ ਹਨ। ਏਅਰ ਇੰਡੀਆ ਪਹਿਲਾਂ ਹੀ ਸੈਂਕੜੇ ਭਾਰਤੀਆਂ ਨੂੰ ਵਾਪਸ ਲਿਆ ਚੁੱਕੀ ਹੈ। ਇਹ ਉਡਾਣਾਂ ਭਾਰਤ ਸਰਕਾਰ ਨੇ ਚਾਰਟਰਡ ਆਧਾਰ ਉਤੇ (ਕਿਰਾਏ ਉਤੇ) ਏਅਰਲਾਈਨ ਤੋਂ ਲਈਆਂ ਹਨ। ਏਅਰਲਾਈਨ ਦੇ ਇਕ ਸੂਤਰ ਨੇ ਦੱਸਿਆ ਕਿ ਚਾਰਟਰਡ ਫਲਾਈਟ ਦਾ ਪ੍ਰਤੀ ਘੰਟਾ ਖਰਚ ਸੱਤ ਤੋਂ 8 ਲੱਖ ਰੁਪਏ ਪੈਂਦਾ ਹੈ ਤੇ ਕੁੱਲ ਖਰਚਾ ਇਸ ਗੱਲ ਉਤੇ ਨਿਰਭਰ ਹੈ ਕਿ ਅਸੀਂ ਕਿੱਥੇ ਜਾ ਰਹੇ ਹਾਂ ਤੇ ਕਿੰਨਾ ਸਮਾਂ ਲੱਗੇਗਾ। ਇਸ ਸਾਰੇ ਖਰਚੇ ਵਿਚ ਸਟਾਫ, ਈਂਧਨ, ਨੇਵੀਗੇਸ਼ਨ, ਲੈਂਡਿੰਗ ਤੇ ਪਾਰਕਿੰਗ ਦੇ ਖਰਚੇ ਸ਼ਾਮਲ ਹਨ।

ਏਅਰ ਇੰਡੀਆ ਦੀਆਂ ਉਡਾਣਾਂ ਇਸ ਵੇਲੇ ਬੁਖਾਰੈਸਟ (ਰੋਮਾਨੀਆ) ਤੇ ਬੁਡਾਪੈਸਟ (ਹੰਗਰੀ) ਤੋਂ ਉਡਾਣਾਂ ਚਲਾ ਰਹੀ ਹੈ। ਇਨ੍ਹਾਂ ਦੋਵਾਂ ਥਾਵਾਂ ਉਤੇ ਏਅਰਲਾਈਨ ਦੀਆਂ ਉਡਾਣਾਂ ਸ਼ਡਿਊਲ ਤਹਿਤ ਨਹੀਂ ਜਾਂਦੀਆਂ, ਇਹ ਆਫਲਾਈਨ ਸਟੇਸ਼ਨ ਹਨ। ਉਡਾਣ ਟਰੈਕ ਕਰਨ ਵਾਲੀ ਵੈੱਬਸਾਈਟ ‘ਫਲਾਈਟ ਅਵੇਅਰ’ ਮੁਤਾਬਕ ਬੁਖਾਰੈਸਟ ਤੋਂ ਮੁੰਬਈ ਉਡਾਣ ਨੇ ਛੇ ਘੰਟੇ, ਬੁਡਾਪੈਸਟ ਤੋਂ ਦਿੱਲੀ ਦੀ ਉਡਾਣ ਨੇ ਛੇ ਘੰਟੇ ਤੇ ਦਿੱਲੀ ਤੋਂ ਬੁਖਾਰੈਸਟ ਦੀ ਇਕ ਉਡਾਣ ਨੇ ਸੱਤ ਘੰਟੇ ਲਏ ਹਨ। ਇਸ ਤਰ੍ਹਾਂ ਆਉਣ-ਜਾਣ ਦਾ ਸਮਾਂ 14 ਘੰਟੇ ਬਣਦਾ ਹੈ ਤੇ ਖਰਚ ਕਰੀਬ 1.10 ਕਰੋੜ ਰੁਪਏ ਬਣਦਾ ਹੈ।

ਯੂਕਰੇਨ ਵਿਚ ਪੜ੍ਹਨ ਗਏ ਬੱਚਿਆਂ ਦੇ ਮਾਪਿਆਂ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੀ ਆਪਣੇ ਬੱਚਿਆਂ ਨਾਲ ਲਗਾਤਾਰ ਗੱਲਬਾਤ ਹੋ ਰਹੀ ਹੈ ਪਰ ਉਹ ਅਜੇ ਵੀ ਬਹੁਤ ਜਿਆਦਾ ਚਿੰਤਤ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਯੂਕਰੇਨ ਵਿਚ ਫਸੇ ਵਿਦਿਆਰਥੀਆਂ ਨੂੰ ਦੇਸ਼ ਲਿਆਂਦਾ ਜਾਵੇ।

ਯੂਕਰੇਨ ਵਿਚ ਫਸੇ ਪੰਜਾਬੀ ਵਿਦਿਆਰਥੀਆਂ ਦੀ ਵਾਪਸੀ ਲਈ ਫਿਕਰਮੰਦ ਮਾਪਿਆਂ ਨੇ ਸਰਕਾਰ ਨੂੰ ਮੁੜ ਅਪੀਲ ਕੀਤੀ ਹੈ। ਕਈ ਵਿਦਿਆਰਥੀ ਖਰਕੀਵ ਵਿਚ ਮੈਟਰੋ ਸਟੇਸ਼ਨਾਂ ਅਤੇ ਕਈ ਵਿਦਿਆਰਥੀ ਹੋਸਟਲਾਂ ਦੀਆਂ ਬੇਸਮੈਂਟਾਂ ਵਿਚ ਠਹਿਰੇ ਹੋਏ ਹਨ। ਕਈ ਵਿਦਿਆਰਥੀਆਂ ਨੇ 26 ਅਤੇ 27 ਫਰਵਰੀ ਨੂੰ ਵਾਪਸੀ ਦੀ ਤਿਆਰੀ ਕੀਤੀ ਹੋਈ ਸੀ ਪਰ ਅਚਾਨਕ ਬਦਲੇ ਹਾਲਾਤ ਕਾਰਨ ਵਾਪਸ ਨਹੀਂ ਆ ਸਕੇ। ਉਨ੍ਹਾਂ ਕੋਲ ਖਾਣ-ਪੀਣ ਦਾ ਰਾਸ਼ਨ ਵੀ ਨਹੀਂ ਹੈ, ਏ.ਟੀ.ਐਮ. ਬੰਦ ਹੋ ਚੁੱਕੇ ਹਨ, ਸੁਰੱਖਿਅਤ ਥਾਵਾਂ ਦੀ ਵੀ ਘਾਟ ਹੈ। ਮਾਪਿਆਂ ਨੇ ਕਿਹਾ ਕਿ ਭਾਵੇਂ ਉਹ ਆਪਣੇ ਬੱਚਿਆਂ ਦੇ ਸੰਪਰਕ ਵਿਚ ਹਨ ਪਰ ਉਨ੍ਹਾਂ ਦੇ ਫਿਕਰ ਵਧ ਰਹੇ ਹਨ।

## ਵਿਦਿਆਰਥੀਆਂ ਦੀ ਹਰ ਸੰਭਵ ਮਦਦ ਲਈ ਯਤਨ ਜਾਰੀ: ਹਰਸਿਮਰਤ

**ਬਠਿੰਡਾ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਫੇਸਬੁੱਕ ‘ਤੇ ਲਾਈਵ ਹੁੰਦਿਆਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਵੱਲੋਂ ਯੂਕਰੇਨ ‘ਚ ਫਸੇ ਵਿਦਿਆਰਥੀਆਂ ਦੀ ਮਦਦ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਵਿਦੇਸ਼ ਮੰਤਰਾਲੇ ਅਤੇ ਯੂਕਰੇਨ ਦੀ ਅੰਬੈਸੀ ਨਾਲ ਸੰਪਰਕ ਕੀਤਾ ਗਿਆ ਹੈ। ਉਹ ਉਮੀਦ ਕਰਦੇ ਹਨ ਕਿ ਮਾਲਵਾ ਖੇਤਰ ਦੇ ਬੱਚੇ ਜਲਦੀ ਹੀ ਆਪਣੇ ਮਾਪਿਆਂ ਕੋਲ ਪੁੱਜ ਜਾਣਗੇ।

## ਔਖੇ ਵੇਲੇ ਪਿੱਠ ਦਿਖਾਉਣੀ ਸਰਕਾਰ ਦੀ ਆਦਤ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਸਰਕਾਰ ਉਤੇ ਔਖੇ ਵੇਲੇ ਪਿੱਠ ਦਿਖਾਉਣ ਦਾ ਦੋਸ਼ ਲਾਉਂਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਕਿ ਉਹ ਸੁੱਖ ਦੀ ਨੀਂਦ ‘ਚੋਂ ਜਾਗਣ ਤੇ ਯੂਕਰੇਨ ਵਿਚ ਫਸੇ 20 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਉਥੋਂ ਕੱਢਣ। ਵਿਰੋਧੀ ਪਾਰਟੀ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਉਸ ਨੇ ਸਮਾਂ ਰਹਿੰਦਿਆਂ ਇਨ੍ਹਾਂ 20 ਹਜ਼ਾਰ ਭਾਰਤੀ ਨੌਜਵਾਨਾਂ ਨੂੰ ਉਥੋਂ ਸੁਰੱਖਿਅਤ ਕੱਢਣ ਲਈ ਪ੍ਰਬੰਧ ਕਿਉਂ ਨਹੀਂ ਕੀਤੇ। ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ, “ਯੂਕਰੇਨ ਵਿਚ ਫਸੇ 20,000 ਭਾਰਤੀਆਂ ਦੀ ਸੁਰੱਖਿਆ ਸਾਡੇ ਲਈ ਸਰਵੋਤਮ ਹੈ। ਸਰਕਾਰ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਲਈ ਯਤਨਾਂ ਨੂੰ ਤੇਜ ਕਰੇ।”

## ਵਿਦਿਆਰਥੀਆਂ ਨੂੰ ਸੁਰੱਖਿਅਤ ਲਿਆਵੇ ਕੇਂਦਰ: ਭਗਵੰਤ

**ਚੰਡੀਗੜ੍ਹ:** ‘ਆਪ’ ਆਗੂ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਯੂਕਰੇਨ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਮੁਫ਼ਤ ਅਤੇ ਸੁਰੱਖਿਅਤ ਘਰ ਵਾਪਸ ਲਿਆਉਣ ਦੇ ਪ੍ਰਬੰਧ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਏਅਰ ਲਾਈਨਜ਼ ਕੰਪਨੀਆਂ ਵੱਲੋਂ ਜਹਾਜ਼ਾਂ ਦੀਆਂ ਟਿੱਕਟਾਂ ਦੀ ਕੀਮਤ ’ਚ ਕੀਤੇ ਕਈ ਗੁਣਾ ਵਾਧੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਇਹ ਸੰਕਟ ’ਚ ਘਿਰੇ ਲੋਕਾਂ ਦੀ ਅੰਨ੍ਹੀ ਲੁੱਟ ਹੈ, ਜਿਸ ਲਈ ਸਰਕਾਰ ਜ਼ਿੰਮੇਵਾਰ ਹੈ।

# ਭਾਰਤੀ ਨਾਗਰਿਕਾਂ ਨੂੰ ਰੋਮਾਨੀਆ ਤੇ ਹੰਗਰੀ ਰਸਤੇ ਕੱਢਣ ਲਈ ਮੁਹਿੰਮ

**ਨਵੀਂ ਦਿੱਲੀ:** ਯੂਕਰੇਨ ਵਿਚੋਂ ਭਾਰਤੀ ਵਿਦਿਆਰਥੀਆਂ ਨੂੰ ਕੱਢਣ ਲਈ ਸਰਕਾਰ ਦਾ ਸਾਰਾ ਧਿਆਨ ਇਸ ਵੇਲੇ ਯੂਕਰੇਨ ਦੀ ਹੰਗਰੀ, ਪੋਲੈਂਡ, ਸਲੋਵਾਕੀਆ ਤੇ ਰੋਮਾਨੀਆ ਨਾਲ ਲੱਗਦੀਆਂ ਜ਼ਮੀਨੀ ਸਰਹੱਦਾਂ ‘ਤੇ ਹੈ। ਭਾਰਤੀਆਂ ਨੂੰ ਇਨ੍ਹਾਂ ਸਰਹੱਦਾਂ ਰਸਤੇ ਹੀ ਯੂਕਰੇਨ ‘ਚੋਂ ਕੱਢਿਆ ਜਾ ਰਿਹਾ ਹੈ। ਯੂਕਰੇਨ ਸਰਕਾਰ ਵੱਲੋਂ ਆਪਣਾ ਹਵਾਈ ਖੇਤਰ ਗੈਰ-ਫੌਜੀ ਜਹਾਜ਼ਾਂ ਲਈ ਬੰਦ ਕੀਤੇ ਜਾਣ ਕਰਕੇ ਭਾਰਤ ਨੂੰ ਇਨ੍ਹਾਂ ਬਦਲਵੇਂ ਪ੍ਰਬੰਧਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਯੂਕਰੇਨ ਵਿਚ 20 ਹਜ਼ਾਰ ਦੇ ਕਰੀਬ ਭਾਰਤੀ ਸਨ, ਜਿਨ੍ਹਾਂ ਵਿਚੋਂ ਚਾਰ ਹਜ਼ਾਰ ਪਹਿਲਾਂ ਹੀ ਉਥੋਂ ਨਿਕਲ ਗਏ ਹਨ। ਇਸ ਦੌਰਾਨ ਯੂਕਰੇਨ ਸਥਿਤ ਭਾਰਤੀ ਅੰਬੈਸੀ ਨੇ ਕਿਹਾ ਕਿ ਇਥੇ ਫਸੇ ਭਾਰਤੀ ਨਾਗਰਿਕਾਂ ਨੂੰ ਰੋਮਾਨੀਆ ਤੇ ਹੰਗਰੀ ਦੀਆਂ ਸਰਹੱਦਾਂ ਰਸਤੇ ਕੱਢਣ ਲਈ ਯਤਨ ਜਾਰੀ ਹਨ। ਅੰਬੈਸੀ ਨੇ ਇਕ ਐਡਵਾਈਜਰੀ ਵਿਚ ਕਿਹਾ ਕਿ ਭਾਰਤੀ ਟੀਮਾਂ ਹੰਗਰੀ ਤੇ ਰੋਮਾਨੀਆ ਦੀਆਂ ਸਰਹੱਦ ‘ਤੇ ਕ੍ਰਮਵਾਰ ਚੋਪ-ਜਾਹੋਨੀ ਚੈੱਕ ਪੋਸਟ ਅਤੇ ਪੋਰੁਬਨ-ਸਇਰੇਟ ‘ਤੇ ਤਾਇਨਾਤ ਹਨ।

ਭਾਰਤੀ ਨਾਗਰਿਕਾਂ ਨੂੰ ਆਪਣੇ ਪਾਸਪੋਰਟ, ਹੰਗਾਮੀ ਖਰਚਿਆਂ ਲਈ ਨਗਦੀ ਤਰਜੀਹੀ ਤੌਰ ‘ਤੇ ਅਮਰੀਕੀ ਡਾਲਰ, ਕੋਵਿਡ-19 ਟੀਕਾਕਰਨ ਸਰਟੀਫਿਕੇਟ ਆਦਿ ਰੱਖਣ ਦੀ ਵੀ ਸਲਾਹ ਦਿੱਤੀ ਹੈ। ਅੰਬੈਸੀ ਨੇ ਕਿਹਾ ਕਿ ਜੇਕਰ ਸੰਭਵ ਹੋਵੇ ਤਾਂ ਸਬੰਧਤ ਬੱਸਾਂ ਤੇ ਵਾਹਨਾਂ ਉੱਤੇ ਭਾਰਤੀ ਝੰਡੇ ਦੀ ਕਾਪੀ ਵੀ ਚਿਪਕਾ ਲਈ ਜਾਵੇ। ਦੱਸ ਦਈਏ ਕਿ ਯੂਕਰੇਨ ਦੀ ਰਾਜਧਾਨੀ ਕੀਵ ਤੇ ਰੋਮਾਨਿਆਈ ਸਰਹੱਦ ‘ਤੇ ਬਣੀ ਚੈੱਕਪੋਸਟ ਦਾ ਫਾਸਲਾ ਲਗਭਗ 600 ਕਿਲੋਮੀਟਰ ਹੈ, ਜਿਸ ਨੂੰ ਸੜਕ ਰਸਤੇ ਪੂਰਾ ਕਰਨ ਵਿਚ ਸਾਢੇ ਅੱਠ ਤੋਂ 11 ਘੰਟਿਆਂ ਦਾ ਸਮਾਂ ਲੱਗਦਾ ਹੈ। ਉਧਰ, ਕੀਵ ਤੇ ਹੰਗਰੀ ਸਰਹੱਦ ‘ਤੇ ਸਥਾਪਤ ਚੈੱਕਪੋਸਟ ਦਰਮਿਆਨ 820 ਕਿਲੋਮੀਟਰ ਦਾ ਫਾਸਲਾ ਹੈ, ਜੋ 12 ਤੋਂ 13 ਘੰਟਿਆਂ ‘ਚ ਤੈਅ ਹੁੰਦਾ ਹੈ। ਇਸੇ ਦੌਰਾਨ ਭਾਰਤੀ ਵਿਦੇਸ਼ ਮੰਤਰਾਲੇ ਨੇ ਹੰਗਰੀ, ਰੋਮਾਨੀਆ ਤੇ ਪੋਲੈਂਡ ਤੱਕ ਭਾਰਤੀਆਂ ਦੀ ਰਾਹਦਾਰੀ ਨੂੰ ਸੁਖਾਲਾ ਬਣਾਉਣ ਲਈ ਪੱਛਮੀ ਯੂਕਰੇਨ ਦੇ ਲਵੀਵ ਤੇ ਚੈਰਨੀਵਤਸੀ ਕਸਬਿਆਂ ਵਿਚ ਕੈਂਪ ਦਫਤਰ ਸਥਾਪਤ ਕੀਤੇ ਹਨ। ਇਨ੍ਹਾਂ ਕੈਂਪਾਂ ਵਿਚ ਰੂਸੀ ਬੋਲਦੇ ਅਧਿਕਾਰੀਆਂ ਨੂੰ ਭੇਜਿਆ ਗਿਆ ਹੈ, ਜੋ ਭਾਰਤੀ ਨਾਗਰਿਕਾਂ ਨੂੰ ਸਰਹੱਦੀ ਨਾਕਿਆਂ ਤੋਂ ਲੰਘਾਉਣ ਮੌਕੇ ਤਾਲਮੇਲ ਕਰਨਗੇ।

## ਆਪਣੇ ਲੋਕਾਂ ਨੂੰ ਮੁਸੀਬਤ ’ਚ ਨਹੀਂ ਛੱਡ ਸਕਦੇ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਯੂਕਰੇਨ ਵਿਚ ਫਸੇ ਭਾਰਤੀ ਨਾਗਰਿਕਾਂ ਦੇ ਹਵਾਲੇ ਨਾਲ ਕਿਹਾ ਕਿ ‘ਅਸੀਂ ਆਪਣੇ ਹੀ ਲੋਕਾਂ ਦਾ ਇੰਜ ਸਾਥ ਨਹੀਂ ਛੱਡ ਸਕਦੇ’। ਰਾਹੁਲ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਯੂਕਰੇਨ ਵਿਚ ਫਸੇ ਭਾਰਤੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਆਪਣੀ ਯੋਜਨਾ ਸਾਂਝੀ ਕਰੇ। ਕਾਂਗਰਸ ਆਗੂ ਨੇ ਟਵਿੱਟਰ ’ਤੇ ਇਕ ਵੀਡੀਓ ਵੀ ਸਾਂਝੀ ਕੀਤੀ ਹੈ, ਜਿਸ ਵਿਚ ਕੁਝ ਵਿਦਿਆਰਥੀਆਂ ਨੂੰ ਫੌਜ ਵੱਲੋਂ ਤੰਗ ਪਰੇਸ਼ਾਨ ਕੀਤਾ ਜਾ ਰਿਹੈ। ਰਾਹੁਲ ਨੇ ਕਿਹਾ, ‘‘ਭਾਰਤੀ ਵਿਦਿਆਰਥੀਆਂ ਨਾਲ ਅਜਿਹੀ ਹਿੰਸਾ ਹੁੰਦੀ ਵੇਖ ਕੇ ਮੇਰਾ ਦਿਲ ਬਾਹਰ ਆ ਰਿਹੈ। ਕਿਸੇ ਵੀ ਮਾਪੇ ਨੂੰ ਅਜਿਹੀ ਤਕਲੀਫ਼ ’ਚੋਂ ਨਾ ਲੰਘਣਾ ਪਏ।’

## ਪੰਜਾਬ ਸਰਕਾਰ ਵੱਲੋਂ ਕੰਟਰੋਲ ਰੂਮ ਸਥਾਪਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਯੂਕਰੇਨ ਵਿਚ ਫਸੇ ਪੰਜਾਬ ਦੇ ਲੋਕਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਲਈ ਕੰਟਰੋਲ ਰੂਮ ਸਥਾਪਤ ਕੀਤਾ ਹੈ, ਜੋ ਚੌਵੀ ਘੰਟੇ ਲਗਾਤਾਰ ਕੰਮ ਕਰੇਗਾ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਯੂਕਰੇਨ ਵਿਚ ਫਸੇ ਵਿਅਕਤੀ ਜਾਂ ਉਨ੍ਹਾਂ ਦੇ ਪੰਜਾਬ ‘ਚ ਰਹਿੰਦੇ ਰਿਸ਼ਤੇਦਾਰ ਹੈਲਪਲਾਈਨ ਨੰਬਰ 1100 ‘ਤੇ ਅਤੇ ਭਾਰਤ ਤੋਂ ਬਾਹਰ ਰਹਿੰਦੇ ਵਿਅਕਤੀ +91-172-4111905 ‘ਤੇ ਸੰਪਰਕ ਕਰਕੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਯੂਕਰੇਨ ਵਿਚ ਫਸੇ ਵਿਅਕਤੀਆਂ ਦੀ ਸੁਰੱਖਿਅਤ ਵਾਪਸੀ ਲਈ ਇਨ੍ਹਾਂ ਹੈਲਪਲਾਈਨ ਨੰਬਰਾਂ ‘ਤੇ ਪੁੱਛੇ ਜਾਣ ਵਾਲੇ ਸਵਾਲ ਤੁਰਤ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਭੇਜੇ ਜਾਣਗੇ।

# ਸੰਯੁਕਤ ਰਾਸ਼ਟਰ ’ਚ ਰੂਸ ਖਿਲਾਫ ਮਤੇ ਤੋਂ ਭਾਰਤ ਨੇ ਬਣਾਈ ਦੂਰੀ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਰੂਸ ਦੇ ਹਮਲੇ ਦੀ ਸਖਤ ਆਲੋਚਨਾ ਕਰਨ ਲਈ ਅਮਰੀਕਾ ਵੱਲੋਂ ਪੇਸ਼ ਕੀਤੇ ਗਏ ਮਤੇ ਸਬੰਧੀ ਵੋਟਿੰਗ ‘ਚ ਭਾਰਤ ਨੇ ਹਿੱਸਾ ਨਹੀਂ ਲਿਆ। ਭਾਰਤ ਨੇ ਜੰਗ ਤੁਰਤ ਪ੍ਰਭਾਵ ਤੋਂ ਖਤਮ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਮਤਭੇਦਾਂ ਅਤੇ ਵਿਵਾਦਾਂ ਦਾ ਹੱਲ ਸਿਰਫ ਗੱਲਬਾਤ ਰਾਹੀਂ ਹੋ ਸਕਦਾ ਹੈ। ਸੁਰੱਖਿਆ ਕੌਂਸਲ ਵਿਚ ਇਹ ਮਤਾ ਪਾਸ ਨਹੀਂ ਹੋ ਸਕਿਆ ਕਿਉਂਕਿ ਸਥਾਈ ਮੈਂਬਰ ਰੂਸ ਅਤੇ ਫਰਵਰੀ ਮਹੀਨੇ ਲਈ ਸੁਰੱਖਿਆ ਕੌਂਸਲ ਦੇ ਪ੍ਰਧਾਨ ਵੱਲੋਂ ਆਪਣੀ ਵੀਟੋ ਪਾਵਰ ਦਾ ਇਸਤੇਮਾਲ ਕੀਤਾ ਗਿਆ। ਮਤੇ ਦੇ ਹੱਕ ਵਿਚ 11 ਵੋਟਾਂ ਪਈਆਂ ਜਦਕਿ ਭਾਰਤ, ਚੀਨ ਤੇ ਸੰਯੁਕਤ ਅਰਬ ਅਮੀਰਾਤ ਨੇ ਵੋਟਿੰਗ ਵਿਚ ਹਿੱਸਾ ਨਹੀਂ ਲਿਆ।

ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਨੁਮਾਇੰਦੇ ਟੀ.ਐੱਸ. ਤ੍ਰਿਮੂਰਤੀ ਨੇ ਕੌਂਸਲ ਵਿਚ ਭਾਰਤ ਨੇ ਮਤੇ ਦੇ ਹੱਕ ‘ਚ ਵੋਟ ਨਾ ਪਾਉਣ ਬਾਰੇ ਬੋਲਦਿਆਂ ਕਿਹਾ, ”ਯੂਕਰੇਨ ਦੇ ਹਾਲ ਦੇ ਘਟਨਾਕ੍ਰਮ ਤੋਂ ਭਾਰਤ ਕਾਫੀ ਚਿੰਤਤ ਹੈ। ਅਸੀਂ ਹਿੰਸਾ ਤੇ ਦੁਸ਼ਮਣੀ ਨੂੰ ਤੁਰੰਤ ਪ੍ਰਭਾਵ ਤੋਂ ਖਤਮ ਕਰਨ ਲਈ ਹਰ ਸੰਭਵ ਕਦਮ ਉਠਾਉਣ ਦੀ ਅਪੀਲ ਕਰਦੇ ਹਾਂ।“ ਉਨ੍ਹਾਂ ਕਿਹਾ, ”ਮਤਭੇਦਾਂ ਅਤੇ ਵਿਵਾਦਾਂ ਦੇ ਹੱਲ ਦਾ ਇਕੋ-ਇਕ ਰਾਹ ਗੱਲਬਾਤ ਹੈ। ਸਾਨੂੰ ਕੂਟਨੀਤੀ ਦੇ ਰਾਹ ‘ਤੇ ਪਰਤਣਾ ਚਾਹੀਦਾ ਹੈ। ਇਨ੍ਹਾਂ ਸਾਰੇ ਕਾਰਨਾਂ ਕਰ ਕੇ ਭਾਰਤ ਨੇ ਮਤੇ ‘ਤੇ ਵੋਟਿੰਗ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਲਿਆ ਹੈ।“

ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਅਮਰੀਕਾ ਅਤੇ ਅਲਬਾਨੀਆ ਵੱਲੋਂ ਪੇਸ਼ ਕੀਤੇ ਗਏ ਮਤੇ ‘ਤੇ ਵੋਟਿੰਗ ਹੋਈ। ਇਸ ਨੂੰ ਆਸਟਰੇਲੀਆ, ਐਸਤੋਨੀਆ, ਫਿਨਲੈਂਡ, ਜੌਰਜੀਆ, ਜਰਮਨੀ, ਇਟਲੀ ਸਣੇ ਕਈ ਹੋਰ ਦੇਸ਼ਾਂ ਨੇ ਸਹਿ-ਪ੍ਰਸਤਾਵਿਤ ਕੀਤਾ ਸੀ।

15 ਮੈਂਬਰੀ ਸੁਰੱਖਿਆ ਕੌਂਸਲ ਵਿਚ ਇਕ ਸਥਾਈ ਮੈਂਬਰ ਰੂਸ ਨੇ ਆਸ ਮੁਤਾਬਕ ਆਪਣੀ ਵੀਟੋ ਪਾਵਰ ਦਾ ਇਸਤੇਮਾਲ ਕੀਤਾ ਅਤੇ ਮਤਾ ਅਸਫਲ ਰਿਹਾ ਪਰ ਪੱਛਮੀ ਦੇਸ਼ਾਂ ਨੇ ਕਿਹਾ ਕਿ ਇਹ ਮਤਾ ਯੂਕਰੇਨ ਖਿਲਾਫ ਕਾਰਵਾਈਆਂ ਤੇ ਹਮਲੇ ਲਈ ਰੂਸ ਨੂੰ ਵਿਸ਼ਵ ਤੋਂ ਵੱਖ ਕਰਨ ਦੀ ਮੰਗ ਕਰਦਾ ਹੈ।

ਇਸ ਦੌਰਾਨ ਸਾਰੀਆਂ ਅੱਖਾਂ ਭਾਰਤ ‘ਤੇ



ਸਨ ਕਿ ਉਹ ਇਸ ਮਤੇ ‘ਤੇ ਕਿਹੜੇ ਪਾਸੇ ਵੋਟ ਪਾਉਂਦਾ ਹੈ ਕਿਉਂਕਿ ਭਾਰਤ ਦੇ ਰੂਸ ਨਾਲ ਕਾਫੀ ਮਜ਼ਬੂਤ ਸਬੰਧ ਹਨ। ਕੌਂਸਲ ਦਾ ਇਹ ਮਤਾ ਯੂਕਰੇਨ ਦੀ ਪ੍ਰਭੂਸੱਤਾ, ਆਜ਼ਾਦੀ, ਏਕਤਾ ਅਤੇ ਉਸ ਦੀ ਖੇਤਰੀ ਅਖੰਡਤਾ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਾ ਸੀ।

## ਪ੍ਰਿੰਸ ਵਿਲੀਅਮ ਯੂਕਰੇਨ ਵਾਸੀਆਂ ਦੇ ਹੱਕ ’ਚ ਨਿੱਤਰੇ

**ਲੰਡਨ:** ਬ੍ਰਿਟੇਨ ਦੇ ਪ੍ਰਿੰਸ ਵਿਲੀਅਮ ਤੇ ਉਸ ਦੀ ਪਤਨੀ ਕੇਟ ਨੇ ਕਿਹਾ ਕਿ ਉਹ ਯੂਕਰੇਨ ਦੇ ਲੋਕਾਂ ਦੇ ਸਮਰਥਨ ਵਿਚ ਖੜ੍ਹੇ ਹਨ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਬ੍ਰਿਟੇਨ ਦੇ ਸ਼ਾਹੀ ਪਰਿਵਾਰ ਨੇ ਕਿਸੇ ਸਿਆਸੀ ਵਿਸ਼ੇ ‘ਤੇ ਅਜਿਹਾ ਵਿਲੱਖਣ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਤੂਬਰ 2020 ਵਿਚ ਉਨ੍ਹਾਂ ਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੰਸਕੀ ਤੇ ਉਨ੍ਹਾਂ ਦੀ ਪਤਨੀ ਨਾਲ ਮੁਲਾਕਾਤ ਕੀਤੀ ਸੀ ਤੇ ਦੋਹਾਂ ਨੇ ਯੂਕਰੇਨ ਦੇ ਚੰਗੇ ਭਵਿੱਖ ਦੀ ਆਸ ਜਤਾਈ ਸੀ। ਪ੍ਰਿੰਸ ਵਿਲੀਅਮ ਨੇ ਕਿਹਾ ਕਿ ਉਹ ਯੂਕਰੇਨ ਦੇ ਰਾਸ਼ਟਰਪਤੀ ਤੇ ਯੂਕਰੇਨੀ ਲੋਕਾਂ ਦਾ ਸਮਰਥਨ ਕਰਦੇ ਹਨ ਜੋ ਰੂਸ ਖਿਲਾਫ ਜੰਗ ਲੜ ਰਹੇ ਹਨ।

## ਰਿਪਬਲਿਕਨ ਸੈਨੇਟਰ ਭਾਰਤ ਤੋਂ ਨਿਰਾਸ਼

**ਵਾਸ਼ਿੰਗਟਨ:** ਰਿਪਬਲਿਕਨ ਪਾਰਟੀ ਦੇ ਸੈਨੇਟਰ ਜੌਹਨ ਕੋਰਨਿਨ ਨੇ ਸਲਾਮਤੀ ਪਰਿਸ਼ਦ ‘ਚ ਰੂਸ ਖਿਲਾਫ ਮਤੇ ‘ਚੋਂ ਭਾਰਤ ਦੇ ਗੈਰਹਾਜ਼ਰ ਰਹਿਣ ‘ਤੇ ਨਿਰਾਸ਼ਾ ਜਤਾਈ ਹੈ। ਉਨ੍ਹਾਂ ਟਵੀਟ ਕਰਕੇ ਦੋਸ਼ ਲਾਇਆ ਕਿ ਭਾਰਤ ਨੇ ਜਨਤਕ ਤੌਰ ‘ਤੇ ਮਾਸਕੋ ਦੀ ਨਿਖੇਧੀ ਕੀਤੀ ਹੈ ਪਰ ਉਹ ਰੂਸ ਨਾਲ ਰਣਨੀਤਕ ਸਬੰਧਾਂ ‘ਚ ਤਵਾਜ਼ਨ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਤੋਂ ਪਹਿਲਾਂ ਦੋ ਹੋਰ ਕਾਂਗਰਸਮੈਨ ਨੇ ਭਾਰਤ ਦੇ ਸੁਰੱਖਿਆ ਕੌਂਸਲ ‘ਚ ਵੋਟਿੰਗ ‘ਚੋਂ ਗੈਰਹਾਜ਼ਰ ਰਹਿਣ ਦੇ ਫੈਸਲੇ ਖਿਲਾਫ ਪ੍ਰਤੀਕਰਮ ਦਿੱਤਾ ਸੀ। ਭਾਰਤੀ ਅਮਰੀਕੀ ਕਾਂਗਰਸਮੈਨ ਰੋ ਖੰਨਾ ਨੇ ਟਵੀਟ ਕਰਕੇ ਕਿਹਾ ਸੀ ਕਿ 1962 ਦੀ ਜੰਗ ਸਮੇਂ ਭਾਰਤ ਨਾਲ ਰਾਸ਼ਟਰਪਤੀ ਕੈਨੇਡੀ ਖੜ੍ਹੇ ਹੋਏ ਸਨ। ਇਸੇ ਤਰ੍ਹਾਂ ਇਕ ਹੋਰ ਕਾਂਗਰਸਮੈਨ ਐਰਿਕ ਸਵਾਲਵੈੱਲ ਨੇ ਵੀ ਭਾਰਤ ਦੇ ਸਟੈਂਡ ‘ਤੇ ਨਿਰਾਸ਼ਾ ਜਤਾਈ ਸੀ।

# ਯੂਕਰੇਨ ਨਾਲ 'ਵਧੀਕੀ' ਪਿੱਛੋਂ ਰੂਸ ਦੀ ਆਰਥਿਕ ਪੱਖੋਂ ਘੇਰਾਬੰਦੀ



**ਵਾਸ਼ਿੰਗਟਨ:** ਯੂਕਰੇਨ ਉਤੇ ਹਮਲੇ ਪਿੱਛੋਂ ਅਮਰੀਕਾ, ਯੂਰਪੀ ਯੂਨੀਅਨ, ਇੰਗਲੈਂਡ ਸਣੇ ਵੱਡੀ ਗਿਣਤੀ ਮੁਲਕਾਂ ਨੇ ਰੂਸ ਦੀ ਆਰਥਿਕ ਪੱਖੋਂ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਯੂਰਪੀ ਯੂਨੀਅਨ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਦੇ ਅਸਾਸੇ ਜਾਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਲਾਤਵੀਆ ਦੇ ਵਿਦੇਸ਼ ਮੰਤਰੀ ਐਡਗਰਸ ਰਿਨਕੈਵਿਕਸ ਨੇ ਟਵੀਟ ਕਰਕੇ ਯੂਰਪੀ ਯੂਨੀਅਨ ਦੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ। ਪੂਤਿਨ ਤੇ ਲੈਵਰੋਵ ਤੇ ਖਾਤੇ ਜਾਮ ਕਰਨ ਦੇ ਫੈਸਲੇ ਤੋਂ ਸਾਫ ਹੈ ਕਿ ਰੂਸ ਵੱਲੋਂ ਯੂਕਰੇਨ 'ਤੇ ਕੀਤੇ ਹਮਲੇ ਨੂੰ ਰੋਕਣ ਲਈ ਪੱਛਮ ਵੱਲੋਂ ਆਉਂਦੇ ਦਿਨਾਂ 'ਚ ਰੂਸ ਖਿਲਾਫ ਹੋਰ ਸਖਤ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਜਾ ਸਕਦਾ ਹੈ।

ਅਮਰੀਕਾ ਅਤੇ ਜਾਪਾਨ ਸਣੇ ਹੋਰ ਕਈ ਮੁਲਕਾਂ ਨੇ ਰੂਸ ਖਿਲਾਫ ਪਹਿਲਾ ਹੀ ਸਖਤ ਪਾਬੰਦੀਆਂ ਦਾ ਐਲਾਨ ਕੀਤਾ ਹੋਇਆ ਹੈ। ਅਮਰੀਕਾ, ਯੂਰਪੀਅਨ ਯੂਨੀਅਨ ਤੇ ਇੰਗਲੈਂਡ ਨੇ ਰੂਸ ਦੇ ਕੇਂਦਰੀ ਬੈਂਕ 'ਤੇ ਪਾਬੰਦੀਆਂ ਲਗਾਉਣ 'ਤੇ ਸਹਿਮਤੀ ਜਤਾਈ ਹੈ। ਇਸ ਤੋਂ ਇਲਾਵਾ ਉਨ੍ਹਾਂ ਚੋਣਵੇਂ ਰੂਸੀ ਬੈਂਕਾਂ ਨੂੰ ਸਵਿਫਟ ਆਲਮੀ ਫਾਇਨਾਂਸ਼ੀਅਲ ਮੈਸੇਜਿੰਗ ਸਿਸਟਮ ਨੂੰ ਬਲਾਕ ਕਰਨ ਦਾ ਵੀ ਫੈਸਲਾ ਲਿਆ ਹੈ। ਰੂਸ ਵੱਲੋਂ ਯੂਕਰੇਨ 'ਤੇ ਕੀਤੇ ਗਏ ਹਮਲੇ ਕਾਰਨ ਸਾਂਝੇ ਤੌਰ 'ਤੇ ਨਵੀਆਂ ਵਿੱਤੀ ਪਾਬੰਦੀਆਂ ਲਗਾਈਆਂ ਗਈਆਂ ਹਨ।

ਵ੍ਹਾਈਟ ਹਾਊਸ ਦੇ ਇਕ ਚੋਟੀ ਦੇ ਅਧਿਕਾਰੀ ਨੇ ਕਿਹਾ ਹੈ ਕਿ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਰੂਸ 'ਤੇ ਬੇਮਿਸਾਲ ਪਾਬੰਦੀਆਂ ਲਗਾਈਆਂ ਗਈਆਂ ਹਨ, ਜੋ ਕਿ ਰੂਸ ਨੂੰ ਵਿਸ਼ਵ ਦੀ ਵਿੱਤੀ ਪ੍ਰਣਾਲੀ ਤੋਂ ਵੱਖ ਕਰ ਦੇਣਗੀਆਂ ਅਤੇ ਅਤਿ ਆਧੁਨਿਕ ਤਕਨੀਕ ਤੱਕ ਉਸ ਦੀ ਪਹੁੰਚ ਖਤਮ ਕਰ ਦੇਣਗੀਆਂ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਨੇੜਲੇ ਸਹਿਯੋਗੀ, ਭਾਰਤੀ-ਅਮਰੀਕੀ ਦਲੀਪ ਸਿੰਘ ਨੇ ਕਿਹਾ ਕਿ ਇਨ੍ਹਾਂ ਕਦਮਾਂ ਵਿਚ ਰੂਸੀ ਫੌਜੀ ਬਲਾਂ 'ਤੇ ਵਿਆਪਕ ਪਾਬੰਦੀ ਲਗਾਉਣਾ ਸ਼ਾਮਲ ਹੈ ਅਤੇ ਇਨ੍ਹਾਂ ਪਾਬੰਦੀਆਂ ਰਾਹੀਂ ਰੂਸ ਦੇ ਰੱਖਿਆ, ਹਵਾਈ ਅਤੇ ਸਮੁੰਦਰੀ ਖੇਤਰਾਂ 'ਤੇ ਵੀ ਨਿਸ਼ਾਨਾ ਸੇਧਿਆ ਜਾਵੇਗਾ। ਇਸ ਤੋਂ ਪਹਿਲਾਂ, ਬਾਇਡਨ ਨੇ ਰੂਸ ਖਿਲਾਫ ਕਈ ਸਖਤ ਆਰਥਿਕ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ। ਦਲੀਪ ਸਿੰਘ ਕੌਮਾਂਤਰੀ ਅਰਥਸ਼ਾਸਤਰ ਨਾਲ ਸਬੰਧਤ ਮਾਮਲਿਆਂ ਵਿਚ ਅਮਰੀਕਾ ਦੇ ਕੌਮੀ ਉਪ ਸੁਰੱਖਿਆ ਸਲਾਹਕਾਰ ਹਨ ਅਤੇ ਕੌਮੀ ਆਰਥਿਕ ਕੌਂਸਲ ਦੇ ਡਿਪਟੀ ਡਾਇਰੈਕਟਰ ਹਨ। ਉਨ੍ਹਾਂ ਕਿਹਾ, "ਅਸੀਂ ਰੂਸ ਦੀਆਂ ਦੋ ਸਭ ਤੋਂ ਵੱਡੀਆਂ ਵਿੱਤੀ ਸੰਸਥਾਵਾਂ ਸਾਈਬਰ ਬੈਂਕ ਅਤੇ ਵੀ.ਟੀ.ਬੀ. 'ਤੇ ਪਾਬੰਦੀ ਲਗਾਵਾਂਗੇ, ਜਿਨ੍ਹਾਂ ਕੋਲ 750 ਅਰਬ ਅਮਰੀਕੀ ਡਾਲਰ ਤੋਂ ਵੱਧ ਦੀ ਸੰਪਤੀ ਹੈ, ਜੋ ਰੂਸ ਦੀ ਬੈਂਕਿੰਗ ਪ੍ਰਣਾਲੀ ਦੀ ਕੁੱਲ ਸੰਪਤੀ ਦਾ ਅੱਧ ਨਾਲੋਂ ਵੱਧ ਹੈ।" ਉਨ੍ਹਾਂ ਕਿਹਾ, "ਵੀ.ਟੀ.ਬੀ. ਦੇ ਮਾਮਲੇ ਵਿਚ ਅਸੀਂ ਅਮਰੀਕੀ ਵਿੱਤੀ ਪ੍ਰਣਾਲੀ ਨਾਲ ਸਬੰਧਤ ਇਸ ਦੀਆਂ ਸਾਰੀਆਂ ਸੰਪਤੀਆਂ ਨੂੰ ਫਰੀਜ ਕਰ ਦੇਵਾਂਗੇ ਅਤੇ ਅਮਰੀਕੀ ਨਾਗਰਿਕਾਂ ਦੇ ਬੈਂਕ ਦੇ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ 'ਤੇ ਪਾਬੰਦੀ ਲਗਾ ਦੇਵਾਂਗੇ।" ਸਿੰਘ ਮੁਤਾਬਕ ਅਮਰੀਕੀ ਪ੍ਰਸ਼ਾਸਨ ਯੂਰਪੀ ਸੰਘ, ਆਸਟਰੇਲੀਆ, ਜਪਾਨ, ਕੈਨੇਡਾ, ਨਿਊਜ਼ੀਲੈਂਡ, ਬਰਤਾਨੀਆ ਅਤੇ ਤਾਇਵਾਨ ਦੇ ਨਾਲ 'ਇਤਿਹਾਸਕ ਤੌਰ 'ਤੇ ਨਜਦੀਕੀ ਤਾਲਮੇਲ' ਨਾਲ ਤਿਆਰ ਕਈ ਬੇਮਿਸਾਲ ਬਰਾਮਦਗੀ ਪਾਬੰਦੀਆਂ ਵੀ ਲਾਗੂ ਕਰਨ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨਵੀਆਂ ਪਾਬੰਦੀਆਂ ਵਿਚ ਰੂਸ ਦੇ ਫੌਜੀ ਬਲਾਂ 'ਤੇ ਵਿਆਪਕ ਪਾਬੰਦੀਆਂ ਲਗਾਉਣੀਆਂ ਅਤੇ ਰੱਖਿਆ, ਹਵਾਈ ਅਤੇ ਸਮੁੰਦਰੀ ਖੇਤਰ ਵਿਚ ਅਤਿ ਆਧੁਨਿਕ ਤਕਨੀਕ ਨੂੰ ਰੂਸ ਦੀ ਪਹੁੰਚ ਤੋਂ ਦੂਰ ਕਰਨਾ ਸ਼ਾਮਲ ਹੈ, ਜਿਸ ਨਾਲ ਪੂਤਿਨ ਦੀ ਫੌਜੀ ਤਾਕਤ ਵਿਚ ਘਾਟ ਆਵੇਗੀ।

ਯੂਕਰੇਨ 'ਤੇ ਹਮਲਾ ਕੀਤੇ ਜਾਣ ਦੇ ਜਵਾਬ ਵਿਚ ਜਪਾਨ ਨੇ ਰੂਸ 'ਤੇ ਹੋਰ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਫੁਮੀਓ ਕਿਸ਼ਿਦਾ ਨੇ ਕਿਹਾ ਕਿ ਰੂਸੀ ਸਮੂਹਾਂ, ਬੈਂਕਾਂ ਅਤੇ ਵਿਅਕਤੀਗਤ ਅਸਾਸੇ ਫਰੀਜ ਕਰਨ ਅਤੇ ਸੈਮੀਕੰਡਕਟਰਜ ਤੇ ਰੂਸ ਵਿਚ ਫੌਜ ਨਾਲ ਸਬੰਧਤ ਸੰਸਥਾਵਾਂ ਨੂੰ ਹੋਰ ਸੰਵੇਦਨਸ਼ੀਲ ਵਸਤਾਂ ਬਰਾਮਦ ਕਰਨ 'ਤੇ ਰੋਕ ਲਗਾਉਣ ਸਮੇਤ ਹੋਰ ਕਈ ਨਵੇਂ ਕਦਮ ਉਠਾਏ ਗਏ ਹਨ। ਕਿਸ਼ਿਦਾ ਨੇ ਕਿਹਾ ਕਿ ਜਪਾਨ ਆਪਣਾ ਪੱਖ ਬਿਲਕੁਲ ਸਪੱਸ਼ਟ ਕਰ ਦੇਣਾ ਚਾਹੁੰਦਾ ਹੈ ਕਿ ਉਹ ਕਦੇ ਵੀ ਤਾਕਤ ਦੇ ਜੋਰ 'ਤੇ ਕਿਸੇ ਦੀ ਮੌਜੂਦਾ ਸਥਿਤੀ ਬਦਲਣ ਦੀ ਕੋਸ਼ਿਸ਼ ਨੂੰ ਸਹਿਣ ਨਹੀਂ ਕਰਨਗੇ। ਇਸ ਤੋਂ ਪਹਿਲਾਂ ਵੀ ਜਪਾਨ ਨੇ ਰੂਸ 'ਤੇ ਕਈ ਪਾਬੰਦੀਆਂ ਲਗਾਈਆਂ ਸਨ।

## ਜੰਗ ਲਈ ਅਮਰੀਕਾ ਤੇ ਉਸ ਦੇ ਭਾਈਵਾਲ ਦੋਸ਼ੀ: ਚੀਨ

ਚੀਨ ਨੇ ਯੂਕਰੇਨ 'ਤੇ ਹਮਲੇ ਲਈ ਰੂਸ ਦਾ ਸਾਥ ਦਿੰਦਿਆਂ ਕਿਹਾ ਹੈ ਕਿ ਜੰਗ ਲਈ ਅਮਰੀਕਾ ਤੇ ਉਸ ਦੇ ਭਾਈਵਾਲ ਦੋਸ਼ੀ ਹਨ। ਉਸ ਨੇ ਰੂਸ ਤੋਂ ਕਣਕ ਮੰਗਵਾਉਣ ਨੂੰ ਪ੍ਰਵਾਨਗੀ ਦੇ ਕੇ ਆਪਣੀ ਦੋਸਤੀ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਹੈ। ਚੀਨ ਦੇ ਇਸ ਕਦਮ ਨਾਲ ਰੂਸ 'ਤੇ ਪੱਛਮੀ ਮੁਲਕਾਂ ਦੀਆਂ ਪਾਬੰਦੀਆਂ ਦੇ ਸੰਭਾਵੀ ਅਸਰ ਘੱਟ ਸਕਦੇ ਹਨ। ਚੀਨ ਨੇ ਹੋਰ ਧਿਰਾਂ ਨੂੰ ਕਿਹਾ ਹੈ ਕਿ ਉਹ ਦੂਜਿਆਂ ਦੇ ਜਾਇਜ਼ ਸੁਰੱਖਿਆ ਖਤਰਿਆਂ ਵੱਲ ਧਿਆਨ ਦੇਣ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਹੁਆ ਚੁਨਯਿੰਗ ਨੇ ਕਿਹਾ ਕਿ ਸਾਰੀਆਂ ਧਿਰਾਂ ਨੂੰ ਤਣਾਅ ਵਧਾਉਣ ਜਾਂ ਜੰਗ ਦੀ ਸੰਭਾਵਨਾ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਬਜਾਏ ਸ਼ਾਂਤੀ ਲਈ ਕੰਮ ਕਰਨਾ ਚਾਹੀਦਾ ਹੈ।

## ਪੂਤਿਨ ਨੂੰ ਮੂੰਹ-ਤੋੜ ਜਵਾਬ ਦੇਵਾਂਗੇ: ਬਾਇਡਨ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਰੂਸ ਵੱਲੋਂ ਯੂਕਰੇਨ 'ਤੇ ਬਿਨਾਂ ਕਿਸੇ ਭੜਕਾਹਟ ਤੋਂ ਕੀਤੇ ਹਮਲੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਹਮਲੇ ਨੂੰ ਰੂਸ ਦੀ ਧੱਕੇਸ਼ਾਹੀ ਕਰਾਰ ਦਿੱਤਾ। ਬਾਇਡਨ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਨੂੰ ਮੂੰਹ-ਤੋੜ ਜਵਾਬ ਦੇਣ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਅਮਰੀਕਾ ਤੇ ਇਸ ਦੇ ਭਾਈਵਾਲਾਂ ਵੱਲੋਂ 'ਰੂਸ ਨੂੰ ਜਵਾਬਦੇਹ' ਬਣਾਇਆ ਜਾਵੇਗਾ। ਪੂਤਿਨ ਦੀ ਇਸ ਪੇਸ਼ਕਦਮੀ 'ਤੇ ਆਪਣੇ ਪ੍ਰਤੀਕਰਮ ਵਿਚ ਬਾਇਡਨ ਨੇ ਕਿਹਾ ਉਨ੍ਹਾਂ ਦੇ ਰੂਸੀ ਹਮਰੁਤਬਾ ਨੇ "ਗਿਣਮਿੱਥੀ ਜੰਗ ਦੀ ਚੋਣ ਕੀਤੀ ਹੈ, ਜਿਸ ਨਾਲ ਮਨੁੱਖੀ ਜਾਨਾਂ ਦਾ ਵਿਨਾਸ਼ਕਾਰੀ ਨੁਕਸਾਨ ਹੋਵੇਗਾ।"

## ਮੇਰੇ ਕਾਰਜਕਾਲ ਦਾ ਸਭ ਤੋਂ ਗਮਗੀਨ ਲਮਹਾ: ਗੁਟੇਰੇਜ

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਨੇ ਰੂਸੀ ਸਦਰ ਵਲਾਦੀਮੀਰ ਪੂਤਿਨ ਵੱਲੋਂ ਯੂਕਰੇਨ ਵਿਚ ਵਿਸ਼ੇਸ਼ ਫੌਜੀ ਕਾਰਵਾਈ ਦੇ ਕੀਤੇ ਐਲਾਨ ਨੂੰ 'ਆਪਣੇ ਕਾਰਜਕਾਲ ਦਾ ਸਭ ਤੋਂ ਗਮਗੀਨ ਲਮਹਾ' ਕਰਾਰ ਦਿੱਤਾ ਹੈ। ਗੁਟੇਰੇਜ ਨੇ ਕਿਹਾ, "ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਵਜੋਂ ਇਹ ਮੇਰੇ ਕਾਰਜਕਾਲ ਦਾ ਸਭ ਤੋਂ ਉਦਾਸ ਲਮਹਾ ਹੈ। ਮੈਂ ਰਾਸ਼ਟਰਪਤੀ ਪੂਤਿਨ ਨੂੰ ਸੰਬੋਧਨ ਹੁੰਦਿਆਂ ਸੁਰੱਖਿਆ ਕੌਂਸਲ ਮੀਟਿੰਗ ਦੀ ਸ਼ੁਰੂਆਤ ਕੀਤੀ ਹੈ। ਮੈਂ ਦਿਲ ਦੀਆਂ ਗਹਿਰਾਈਆਂ ਤੋਂ ਰੂਸੀ ਸਦਰ ਨੂੰ ਆਖਦਾ ਹਾਂ: ਆਪਣੀਆਂ ਫੌਜਾਂ ਨੂੰ ਯੂਕਰੇਨ ਖਿਲਾਫ ਹਮਲਾਵਰ ਹੋਣ ਤੋਂ ਰੋਕਣ, ਸ਼ਾਂਤੀ ਤੇ ਅਮਨ ਦਾ ਇਕ ਮੌਕਾ ਦਿੱਤਾ ਜਾਵੇ ਕਿਉਂਕਿ ਪਹਿਲਾਂ ਹੀ ਕਈ ਲੋਕ ਮਾਰੇ ਜਾ ਚੁੱਕੇ ਹਨ।"

# ਯੂਕਰੇਨੀਆਂ ਵੱਲੋਂ ਗੁਆਂਢੀ ਮੁਲਕਾਂ 'ਚ ਸ਼ਰਨ

**ਵਾਰਸਾ:** ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਨੇ ਦੱਸਿਆ ਕਿ ਰੂਸ ਦੇ ਹਮਲੇ ਕਰ ਕੇ ਯੂਕਰੇਨ ਦੇ ਲੱਖਾਂ ਲੋਕਾਂ ਨੇ ਗੁਆਂਢੀ ਮੁਲਕਾਂ ਵਿਚ ਸ਼ਰਨ ਲਈ ਹੈ।

ਵਿਸ਼ਵ ਪੱਧਰੀ ਏਜੰਸੀ ਮੁਤਾਬਕ ਰੂਸ ਵੱਲੋਂ ਰਾਜਧਾਨੀ ਕੀਵ 'ਤੇ ਕਬਜ਼ੇ ਦੀ ਕੋਸ਼ਿਸ਼ ਹੋਣ ਕਰ ਕੇ ਯੂਕਰੇਨੀ ਆਪਣਾ ਸਾਮਾਨ ਬੰਨ੍ਹ ਕੇ ਭੱਜ ਰਹੇ ਹਨ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਸੰਯੁਕਤ ਰਾਸ਼ਟਰ ਸ਼ਰਨਾਰਥੀ ਹਾਈ ਕਮਿਸ਼ਨ ਦੀ ਤਰਜਮਾਨ ਸਾਬੀਆ ਮੰਟੂ ਨੇ ਕਿਹਾ, "ਲੱਖਾਂ ਲੱਖ ਲੋਕ ਹੁਣ ਤੱਕ ਕੌਮਾਂਤਰੀ ਸਰਹੱਦ ਪਾਰ ਕਰ ਚੁੱਕੇ ਹਨ। ਇਹ ਗਿਣਤੀ ਹਰ ਘੰਟੇ ਵਧ ਰਹੀ ਹੈ।" ਏਜੰਸੀ ਦਾ ਅਨੁਮਾਨ ਹੈ ਕਿ ਸਥਿਤੀ ਹੋਰ ਖਰਾਬ ਹੋਣ 'ਤੇ ਕਰੀਬ 40 ਲੱਖ ਲੋਕ ਯੂਕਰੇਨ ਛੱਡ ਕੇ ਹੋਰ ਦੇਸ਼ਾਂ ਵਿਚ ਸ਼ਰਨ ਲੈਣ ਲਈ ਜਾ ਸਕਦੇ ਹਨ।

## ਮੋਦੀ ਨੂੰ ਮਦਦ ਲਈ ਅਪੀਲ ਕੀਤੀ

**ਨਵੀਂ ਦਿੱਲੀ:** ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੈਂਸਕੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਜਰੀਏ ਸਿਆਸੀ ਸਮਰਥਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨੇ ਯੂਕਰੇਨ ਵਿਰੁੱਧ ਰੂਸ ਦੇ 'ਹਮਲਾਵਰ ਵਤੀਰੇ' ਦੀ 'ਜ਼ੋਰਦਾਰ ਨਿੰਦਾ' ਕਰਨ ਵਾਲੇ ਮਤੇ 'ਤੇ ਵੋਟਿੰਗ ਕਰਵਾਈ ਸੀ ਜਿਸ ਵਿਚ ਭਾਰਤ ਨੇ ਹਿੱਸਾ ਨਹੀਂ ਲਿਆ ਸੀ।

## ਵਿਸ਼ਵ ਦਾ ਸਭ ਤੋਂ ਵੱਡਾ ਜਹਾਜ਼ ਯੂਕਰੇਨ 'ਚ ਤਬਾਹ



**ਚੰਡੀਗੜ੍ਹ:** ਯੂਕਰੇਨ 'ਚ ਨਿਰਮਿਤ ਵਿਸ਼ਵ ਦਾ ਸਭ ਤੋਂ ਵੱਡਾ ਕਾਰਗੋ ਜਹਾਜ਼ ਐਂਟੋਨੋਵ-225 ਮਰੀਆ ਰਾਜਧਾਨੀ ਕੀਵ ਦੇ ਬਾਹਰਵਾਰ ਹੋਸਟੋਮੈੱਲ ਰੂਸੀ ਹਮਲੇ ਵਿਚ ਸੜ ਕੇ ਤਬਾਹ ਹੋ ਗਿਆ। ਯੂਕਰੇਨ ਦੀ ਹਥਿਆਰ ਬਣਾਉਣ ਵਾਲੀ ਸਰਕਾਰੀ ਕੰਪਨੀ ਯੂਕਰੋਬੋਰੋਨਪਰੋਮ ਨੇ ਟੈਲੀਗ੍ਰਾਮ 'ਤੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਏਐੱਨ-225 ਦੀ ਮਾਹਿਰਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਅਜੇ ਜਹਾਜ਼ ਦੀ ਤਕਨੀਕੀ ਹਾਲਤ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। 1980ਵਿਆਂ 'ਚ ਡਿਜ਼ਾਈਨ ਕੀਤਾ ਏਐੱਨ-225 ਮਰੀਆ ਵਿਸ਼ਵ ਦਾ ਸਭ ਤੋਂ ਲੰਮਾ ਤੇ ਭਾਰਾ ਹਵਾਈ ਜਹਾਜ਼ ਹੈ। ਇਹ 640 ਟਨ ਦਾ ਕਾਰਗੋ ਲਿਜਾਉਣ ਦੇ ਸਮਰੱਥ ਸੀ।

# ਭਾਰਤੀ ਹਵਾਈ ਫੌਜ ਯੂਕੇ ਨਾਲ ਮਸ਼ਕਾਂ 'ਚ ਹਿੱਸਾ ਨਹੀਂ ਲਵੇਗੀ

**ਨਵੀਂ ਦਿੱਲੀ:** ਭਾਰਤੀ ਹਵਾਈ ਫੌਜ ਨੇ ਯੂਕਰੇਨ ਸੰਕਟ ਕਾਰਨ ਪੈਦਾ ਹੋ ਰਹੀ ਸਥਿਤ ਦੇ ਮੱਦੇਨਜ਼ਰ ਅਗਲੇ ਮਹੀਨੇ ਯੂਕੇ ਵਿਚ ਹੋਣ ਵਾਲੇ ਬਹੁਪੱਖੀ ਹਵਾਈ ਅਭਿਆਸ ਵਿਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਕੋਬਰਾ ਵਾਰੀਅਰ' ਵਿਚ ਹਿੱਸਾ ਨਾ ਲੈਣ ਦਾ ਫੈਸਲਾ ਭਾਰਤੀ ਹਵਾਈ ਸੈਨਾ ਵੱਲੋਂ ਯੂਕੇ ਦੇ ਵੈਡਿੰਗਟਨ ਵਿਚ 6 ਤੋਂ 27 ਮਾਰਚ ਤੱਕ ਹੋਣ ਵਾਲੇ ਅਭਿਆਸ ਵਿਚ ਪੰਜ ਹਲਕੇ ਜੰਗੀ ਤੇਜਸ ਜਹਾਜ਼ ਭੇਜਣ ਦੇ ਐਲਾਨ ਤੋਂ ਮਹਿਜ ਤਿੰਨ ਦਿਨ ਬਾਅਦ ਕੀਤਾ ਗਿਆ ਹੈ। ਭਾਰਤੀ ਹਵਾਈ ਸੈਨਾ ਨੇ ਟਵੀਟ ਕੀਤਾ ਕਿ 'ਸੱਜਰੇ ਘਟਨਾਕ੍ਰਮਾਂ ਦੇ ਮੱਦੇਨਜਰ' ਯੂਕੇ ਵਿਚ ਹੋਣ ਵਾਲੇ ਅਭਿਆਸ ਲਈ ਆਪਣੇ ਜਹਾਜ਼ ਨਾ ਭੇਜਣ ਦਾ ਫੈਸਲਾ ਲਿਆ ਗਿਆ ਹੈ। ਹਾਲਾਂਕਿ ਬਾਅਦ ਵਿਚ ਟਵੀਟ ਨੂੰ ਡਿਲੀਟ ਕਰ ਦਿੱਤਾ ਗਿਆ।

# ਯੂਕਰੇਨ ਵੱਲੋਂ ਰੂਸ ਖਿਲਾਫ ਕੌਮਾਂਤਰੀ ਨਿਆਂ ਅਦਾਲਤ 'ਚ ਕੇਸ

**ਐਮਸਟਰਡਮ:** ਯੂਕਰੇਨ ਨੇ ਰੂਸ ਖਿਲਾਫ ਹੇਗ ਸਥਿਤ ਕੌਮਾਂਤਰੀ ਨਿਆਂ ਅਦਾਲਤ (ਆਈ.ਸੀ.ਜੇ.) 'ਚ ਮੁਕੱਦਮਾ ਦਾਇਰ ਕੀਤਾ ਹੈ। ਰਾਸ਼ਟਰਪਤੀ ਵੋਲੋਦੀਮੀਰ ਜੇਲੈਂਸਕੀ ਨੇ ਟਵਿੱਟਰ 'ਤੇ ਕਿਹਾ ਕਿ ਯੂਕਰੇਨ ਨੇ ਰੂਸ ਖਿਲਾਫ ਆਈ.ਸੀ.ਜੇ. 'ਚ ਅਰਜ਼ੀ ਦਿੱਤੀ ਹੈ। ਉਨ੍ਹਾਂ ਬੇਨਤੀ ਕੀਤੀ ਹੈ ਕਿ ਰੂਸ ਨੂੰ ਫੌਜੀ ਕਾਰਵਾਈ ਫੌਰੀ ਰੋਕਣ ਦੇ ਹੁਕਮ ਦਿੱਤੇ ਜਾਣ। ਇਸ ਦੌਰਾਨ ਜੇਲੈਂਸਕੀ ਨੇ ਕਿਹਾ ਕਿ ਰੂਸ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ 'ਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ।

# ਯੂਕਰੇਨ 'ਤੇ ਹਮਲੇ ਤੋਂ ਬਾਅਦ ਰੂਸ ਖਿਲਾਫ ਰੋਹ ਭਖਿਆ

**ਬਰਲਿਨ:** ਰੂਸ ਵੱਲੋਂ ਯੂਕਰੇਨ 'ਤੇ ਕੀਤੇ ਗਏ ਹਮਲੇ ਦੇ ਵਿਰੋਧ ਅਤੇ ਯੂਕਰੇਨੀ ਲੋਕਾਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਜਰਮਨੀ ਅਤੇ ਇੰਗਲੈਂਡ 'ਚ ਲੱਖਾਂ ਲੋਕਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤੇ। ਬਰਲਿਨ 'ਚ ਕਰੀਬ ਇਕ ਲੱਖ ਲੋਕਾਂ ਨੇ ਪ੍ਰਦਰਸ਼ਨ 'ਚ ਹਿੱਸਾ ਲਿਆ। ਸੈਂਟਰਲ ਬਰਲਿਨ ਦੇ ਬ੍ਰੈਂਡਨਬਰਗ ਗੇਟ ਦੇ ਆਲੇ-ਦੁਆਲੇ ਲੋਕ ਜੁੜੇ ਹੋਏ ਸਨ। ਸ਼ਾਂਤਮਈ ਪ੍ਰਦਰਸ਼ਨ 'ਚ ਬਹੁਤੇ ਪਰਿਵਾਰ ਅਤੇ ਬੱਚੇ ਹਾਜਰ ਸਨ। ਲੋਕਾਂ ਨੇ ਆਪਣੀ ਹਮਾਇਤ ਦਿੰਦਿਆਂ ਯੂਕਰੇਨ ਦੇ ਝੰਡੇ ਲਹਿਰਾਏ। ਕੁਝ ਲੋਕਾਂ ਨੇ ਤਖਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ 'ਤੇ 'ਯੂਕਰੇਨ ਤੋਂ ਲਾਂਭੇ ਹੋਵੋ' ਅਤੇ 'ਪੂਤਿਨ ਆਪਣਾ ਇਲਾਜ ਕਰਵਾਓ ਅਤੇ ਯੂਕਰੇਨ ਤੇ ਦੁਨੀਆਂ ਨੂੰ ਸ਼ਾਂਤੀ ਲਈ ਛੱਡ ਦਿਓ' ਲਿਖਿਆ ਹੋਇਆ ਸੀ।



ਉਧਰ, ਬ੍ਰਿਟੇਨ ਦੇ ਕਈ ਹਿੱਸਿਆਂ 'ਚ ਵੀ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਰੈਲੀਆਂ ਕੱਢੀਆਂ। ਲੰਡਨ 'ਚ ਰੂਸ ਦੇ ਸਫ਼ਾਰਤਖ਼ਾਨੇ 'ਤੇ ਲੋਕਾਂ ਨੇ ਅੰਡੇ ਸੁੱਟੇ ਅਤੇ ਦੀਵਾਰਾਂ 'ਤੇ ਜੰਗ ਖਤਮ ਕਰਨ ਸਬੰਧੀ ਨਾਅਰੇ ਲਿਖ ਦਿੱਤੇ। ਲੰਡਨ 'ਚ ਡਾਊਨਿੰਗ ਸਟਰੀਟ, ਮੈਨਚੈਸਟਰ ਅਤੇ ਐਡਿਨਬਰਾ 'ਚ ਪ੍ਰਦਰਸ਼ਨ ਹੋਏ ਸਨ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕਿਹਾ ਕਿ ਕੌਮਾਂਤਰੀ ਭਾਈਵਾਲਾਂ ਨਾਲ ਮਿਲ ਕੇ ਉਨ੍ਹਾਂ ਰੂਸ ਨੂੰ ਆਲਮੀ ਵਿੱਤੀ ਪ੍ਰਣਾਲੀ ਤੋਂ ਬਾਹਰ ਕੱਢਣ ਲਈ ਕਾਰਵਾਈ ਕੀਤੀ ਹੈ। ਉਨ੍ਹਾਂ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਸਾਰੇ ਰਲ ਕੇ ਕੰਮ ਕਰਨ ਤਾਂ ਜੋ ਪੂਤਿਨ ਨੂੰ ਜੰਗ ਦੀ ਕੀਮਤ ਚੁਕਾਉਣੀ ਪਵੇ।

ਰੂਸੀ ਹਮਲੇ ਦਰਮਿਆਨ ਜਦੋਂ ਲੱਖਾਂ ਲੋਕ ਯੂਕਰੇਨ ਛੱਡ ਰਹੇ ਹਨ ਤਾਂ ਕੁਝ ਯੂਕਰੇਨੀ ਮਰਦ ਅਤੇ ਔਰਤਾਂ ਯੂਰਪੀਅਨ ਮੁਲਕਾਂ ਤੋਂ ਵਤਨ ਪਰਤ ਰਹੇ ਹਨ ਤਾਂ ਜੋ ਆਪਣੀ ਮਾਤ-ਭੂਮੀ ਦੀ ਰੱਖਿਆ ਕੀਤੀ ਜਾ ਸਕੇ। ਪੋਲੈਂਡ ਦੇ ਦੱਖਣ-ਪੂਰਬ 'ਚ ਮੇਦਿਕਾ ਨਾਕੇ 'ਤੇ ਕਈ ਵਾਹਨ ਯੂਕਰੇਨ 'ਚ ਦਾਖਲ ਹੋਣ ਲਈ ਕਤਾਰ 'ਚ ਖੜ੍ਹੇ ਸਨ। ਯੂਕਰੇਨ 'ਚ ਦਾਖਲ ਹੋਣ ਲਈ ਨਾਕੇ ਵੱਲ ਜਾ ਰਹੇ 20 ਟਰੱਕ ਡਰਾਈਵਰਾਂ ਸਾਹਮਣੇ ਇਕ ਵਿਅਕਤੀ ਨੇ ਕਿਹਾ,"ਸਾਨੂੰ ਆਪਣੀ ਮਾਤ-ਭੂਮੀ ਦੀ ਰੱਖਿਆ ਕਰਨੀ ਪਵੇਗੀ। ਜੇਕਰ ਅਸੀਂ ਰੱਖਿਆ ਨਹੀਂ ਕਰਾਂਗੇ ਤਾਂ ਹੋਰ ਕੌਣ ਅੱਗੇ ਆਵੇਗਾ।" ਗਰੁੱਪ 'ਚ ਸ਼ਾਮਲ ਇਕ ਹੋਰ ਵਿਅਕਤੀ ਨੇ ਕਿਹਾ,"ਰੂਸੀਆਂ ਨੂੰ ਡਰਨਾ ਚਾਹੀਦਾ ਹੈ। ਸਾਨੂੰ ਕੋਈ ਡਰ ਨਹੀਂ ਹੈ।"

## ਅਮਰੀਕਾ ਤੇ ਕੈਨੇਡਾ ਵਿਚ ਰੂਸੀ ਵੋਦਕਾ ਦਾ 'ਬਾਈਕਾਟ'

**ਵਾਸ਼ਿੰਗਟਨ:** ਅਮਰੀਕਾ ਵਿਚ ਕੁਝ ਬਾਰ ਤੇ ਸ਼ਰਾਬ ਦੇ ਠੇਕੇ ਅਨੋਖੇ ਢੰਗ ਨਾਲ ਰੂਸ ਦਾ ਵਿਰੋਧ ਕਰ ਰਹੇ ਹਨ। ਯੂਕਰੇਨ 'ਤੇ ਹਮਲਾ ਕਰਨ ਦੇ ਵਿਰੋਧ ਵਿਚ ਉਨ੍ਹਾਂ ਰੂਸੀ ਵੋਦਕਾ (ਸ਼ਰਾਬ) ਨੂੰ ਕਾਊਂਟਰ ਤੋਂ ਹਟਾ ਦਿੱਤਾ ਹੈ ਤੇ ਯੂਕਰੇਨੀ ਬਰਾਂਡ ਵੇਚੇ ਜਾ ਰਹੇ ਹਨ। ਮਿਸ਼ੀਗਨ ਵਿਚਲੇ ਬੌਬਸ ਬਾਰ ਦੇ ਮਾਲਕ ਬੌਬ ਕੁਆਏ ਨੇ ਕਿਹਾ ਕਿ ਬੇਸ਼ੱਕ ਅਮਰੀਕੀ ਸਰਕਾਰ ਪਾਬੰਦੀਆਂ ਲਾ ਰਹੀ ਹੈ ਪਰ ਉਨ੍ਹਾਂ ਆਪਣਾ ਢੰਗ ਚੁਣਿਆ ਹੈ। ਉਨ੍ਹਾਂ ਰੂਸ ਦੇ ਬਰਾਂਡ ਹਟਾ ਕੇ ਯੂਕਰੇਨ ਦੀ ਵੈਕਟਰ ਨੂੰ ਥਾਂ ਦੇਣੀ ਸ਼ੁਰੂ ਕਰ ਦਿੱਤੀ ਹੈ।

## ਪੂਤਿਨ ਵੱਲੋਂ ਰੂਸ ਦੇ ਪਰਮਾਣੂ ਦਲ ਨੂੰ ਹਾਈ ਅਲਰਟ

**ਕੀਵ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਰੂਸ ਦੇ ਪਰਮਾਣੂ ਦਲਾਂ ਨੂੰ ਹਾਈ ਅਲਰਟ ਦੇ ਰਹਿਣ ਦੇ ਹੁਕਮ ਦਿੱਤੇ ਹਨ। ਰੂਸ ਵੱਲੋਂ ਯੂਕਰੇਨ ਖਿਲਾਫ ਫੌਜੀ ਕਾਰਵਾਈ ਜਾਰੀ ਹੈ ਤੇ ਅਜਿਹੇ ਦੌਰ ਵਿਚ ਪਰਮਾਣੂ ਦਲਾਂ ਨੂੰ ਹਾਈ ਅਲਰਟ ਦੇ ਰਹਿਣ ਦੇ ਹੁਕਮਾਂ ਕਾਰਨ ਤਣਾਅ ਹੋਰ ਵਧਣ ਦੇ ਆਸਾਰ ਹਨ। ਇਸ ਸਬੰਧੀ ਪੂਤਿਨ ਨੇ ਕਿਹਾ ਕਿ ਨਾਟੋ (ਨਾਰਥ ਐਟਲਾਂਟਿਕ ਟਰੀਟੀ ਆਰਗੇਨਾਈਜੇਸ਼ਨ) ਦੇ ਪ੍ਰਮੁੱਖ ਮੈਂਬਰ ਦੇਸ਼ਾਂ ਵੱਲੋਂ ਦਿੱਤੀ ਜਾ ਰਹੀ ਹਮਲਾਵਰ ਬਿਆਨਬਾਜ਼ੀ ਕਾਰਨ ਉਨ੍ਹਾਂ ਨੇ ਪਰਮਾਣੂ ਹਾਈ ਅਲਰਟ ਦੇ ਹੁਕਮ ਦਿੱਤੇ ਹਨ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰੂਸ-ਯੂਕਰੇਨ ਜੰਗ: ਪੰਜਾਬ ਦੀਆਂ ਸਨਅਤਾਂ ਨੂੰ ਲੱਗੇਗਾ ਰਗੜਾ

**ਲੁਧਿਆਣਾ:** ਰੂਸ ਵੱਲੋਂ ਯੂਕਰੇਨ 'ਤੇ ਹਮਲਾ ਕਰਨ ਮਗਰੋਂ ਛਿੜੀ ਜੰਗ ਦਾ ਅਸਰ ਪੰਜਾਬ ਦੀਆਂ ਸਨਅਤਾਂ 'ਤੇ ਵੀ ਵੱਡੇ ਪੱਧਰ 'ਤੇ ਵੇਖਣ ਨੂੰ ਮਿਲ ਰਿਹਾ ਹੈ। ਜਿਸ ਦਿਨ ਤੋਂ ਯੂਕਰੇਨ ਤੇ ਰੂਸ ਵਿਚਾਲੇ ਵਿਵਾਦ ਸ਼ੁਰੂ ਹੋਇਆ ਹੈ, ਉਸੇ ਦਿਨ ਤੋਂ ਇਸ ਦਾ ਸਿੱਧਾ ਅਸਰ ਪੰਜਾਬ ਦੇ ਕਾਰੋਬਾਰ 'ਤੇ ਪੈ ਰਿਹਾ ਹੈ। ਜੰਗ ਕਾਰਨ ਪੈਦਾ ਹੋਣ ਵਾਲੇ ਹਾਲਾਤ ਕਾਰਨ ਹੁਣ ਵਿਦੇਸ਼ਾਂ ਤੋਂ ਪੰਜਾਬ ਦੀਆਂ ਸਨਅਤਾਂ ਨੂੰ ਮਿਲਣ ਵਾਲੇ ਆਰਡਰਾਂ ਦੀ ਗਿਣਤੀ ਵਿਚ ਵੱਡੇ ਪੱਧਰ 'ਤੇ ਕਮੀ ਆਈ ਹੈ। ਜੇਕਰ ਇਹ ਯੁੱਧ ਅੱਗੇ ਵਧਦਾ ਹੈ ਤਾਂ ਇਸ ਦਾ ਸਿੱਧਾ ਅਸਰ ਪੰਜਾਬ ਦੇ ਕਾਰੋਬਾਰ 'ਤੇ ਪੈ ਸਕਦਾ ਹੈ। ਵਿੱਤ ਮੰਤਰਾਲੇ ਦੀ ਵੈੱਬਸਾਈਟ 'ਤੇ ਪਏ ਅੰਕੜਿਆਂ ਅਨੁਸਾਰ ਭਾਰਤ ਤੇ ਰੂਸ ਵਿਚਾਲੇ ਵਿੱਤੀ ਸਾਲ 2021-22 ਦੇ ਸ਼ੁਰੂਆਤੀ 9 ਮਹੀਨਿਆਂ (ਅਪਰੈਲ-ਦਸੰਬਰ 2021) ਵਿਚ 7,013,235.93 ਲੱਖ ਰੁਪਏ ਤੇ ਯੂਕਰੇਨ ਤੋਂ 1,747,197.74 ਲੱਖ ਰੁਪਏ ਦਾ ਵਪਾਰ ਹੋਇਆ ਸੀ। ਫੈੱਡਰੇਸ਼ਨ ਆਫ਼ ਇੰਡੀਅਨ ਐਕਸਪਰਟ ਦੇ ਸਾਬਕਾ ਕੌਮੀ ਪ੍ਰਧਾਨ ਤੇ ਲੁਧਿਆਣਾ ਹੈਂਡਟੂਲ ਐਸੋਸੀਏਸ਼ਨ ਦੇ ਪ੍ਰਧਾਨ ਐੱਸਸੀ ਰਲਹਨ ਅਨੁਸਾਰ ਦੋ ਦੇਸ਼ਾਂ ਵਿਚ ਸ਼ੁਰੂ ਹੋਏ ਇਸ ਵਿਵਾਦ ਦਾ ਸਿੱਧਾ ਅਸਰ ਵਿਸ਼ਵ ਦੀ ਆਰਥਿਕਤਾ 'ਤੇ ਪਵੇਗਾ। ਪੰਜਾਬ ਦੀ ਸਨਅਤ ਨੂੰ ਮਿਲਣ ਵਾਲੇ ਬਰਾਮਦ ਦੇ ਆਰਡਰਾਂ ਵਿਚ ਗਿਰਾਵਟ ਆਈ ਹੈ ਤੇ ਕੁਝ ਦੇਸ਼ਾਂ ਨੇ ਕੰਮ ਕੁਝ ਸਮੇਂ ਲਈ ਰੁਕਵਾ ਦਿੱਤਾ ਹੈ।

ਇਧਰ, ਭਾਰਤ ਦਾ ਕੱਚੇ ਤੇਲ ਦੀ ਦਰਾਮਦ ਕਰਨ ਦਾ ਬਿਲ ਚਾਲੂ ਵਿੱਤੀ ਵਰ੍ਹੇ 2021-22 'ਚ ਸੌ ਅਰਬ ਡਾਲਰ ਦੇ ਅੰਕੜੇ ਨੂੰ ਪਾਰ ਕਰ ਸਕਦਾ ਹੈ। ਇਹ ਪਿਛਲੇ ਸਾਲ ਕੱਚੇ ਤੇਲ ਦੀ ਦਰਾਮਦ 'ਤੇ ਹੋਏ ਖਰਚੇ ਤਾਂ ਤਕਰੀਬਨ ਦੁੱਗਣਾ ਹੋਵੇਗਾ। ਇਸ ਦਾ ਕਾਰਨ ਕੌਮਾਂਤਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਸੱਤ ਸਾਲ ਤੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਣਾ ਹੈ।



ਪੈਟਰੋਲੀਅਮ ਮੰਤਰਾਲੇ ਦੇ ਪੈਟਰੋਲੀਅਮ ਯੋਜਨਾ ਤੇ ਵਿਸ਼ਲੇਸ਼ਣ ਸੈੱਲ (ਪੀ.ਪੀ.ਏ.ਸੀ.) ਦੇ ਅੰਕੜਿਆਂ ਅਨੁਸਾਰ ਚਾਲੂ ਵਿੱਤੀ ਵਰ੍ਹੇ 2021-22 ਦੇ ਪਹਿਲੇ 10 ਮਹੀਨੇ (ਅਪਰੈਲ-ਜਨਵਰੀ) 'ਚ ਭਾਰਤ ਨੇ ਕੱਚੇ ਤੇਲ ਦੀ ਦਰਾਮਦ 'ਤੇ 94.3 ਅਰਬ ਡਾਲਰ ਖਰਚੇ ਹਨ।

ਤੇਲ ਕੀਮਤਾਂ ਵਧਣ ਮਗਰੋਂ ਇਕੱਲੇ ਜਨਵਰੀ 'ਚ 11.6 ਅਰਬ ਡਾਲਰ ਕੱਚੇ ਤੇਲ ਦੀ ਦਰਾਮਦ 'ਤੇ ਖਰਚੇ ਗਏ। ਪਿਛਲੇ ਸਾਲ ਜਨਵਰੀ 'ਚ ਇਹ ਰਾਸ਼ੀ 7.7 ਅਰਬ ਡਾਲਰ ਸੀ। ਫਰਵਰੀ 'ਚ ਕੱਚੇ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਪਾਰ ਕਰ ਗਈਆਂ ਹਨ। ਅਜਿਹੇ 'ਚ ਅਨੁਮਾਨ ਹੈ ਕਿ ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਭਾਰਤ ਦਾ ਤੇਲ ਦਰਾਮਦ ਬਿੱਲ ਪਿਛਲੇ ਸਾਲ ਨਾਲੋਂ ਦੁੱਗਣਾ ਹੋ ਕੇ 110 ਤੋਂ 115 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ।

ਵਿੱਤੀ ਵਰ੍ਹੇ 2021-22 ਦੇ ਪਹਿਲੇ 10 ਮਹੀਨੇ ਅਪਰੈਲ-ਜਨਵਰੀ 'ਚ ਪੈਟਰੋਲੀਅਮ ਉਤਪਾਦਾਂ ਦੀ ਦਰਾਮਦ 3.36 ਕਰੋੜ ਟਨ ਜਾਂ 19.9 ਅਰਬ ਡਾਲਰ ਰਹੀ। ਦੂਜੇ ਪਾਸੇ 33.4 ਅਰਬ ਡਾਲਰ ਦੇ 5.11 ਕਰੋੜ ਟਨ ਪੈਟਰੋਲੀਅਮ ਉਤਪਾਦ ਬਰਾਮਦ ਕੀਤੇ ਗਏ ਹਨ। ਭਾਰਤ ਨੇ ਪਿਛਲੇ ਵਿੱਤੀ ਵਰ੍ਹੇ 2020-21 'ਚ 19.65 ਕਰੋੜ ਟਨ ਕੱਚੇ ਤੇਲ ਦੀ ਦਰਾਮਦ 'ਤੇ 62.2 ਅਰਬ ਡਾਲਰ ਖਰਚੇ ਸਨ। ਉਸ ਸਮੇਂ ਕੋਵਿਡ-19 ਮਹਾਮਾਰੀ ਕਾਰਨ ਆਲਮੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਹੇਠਾਂ ਆਈਆਂ ਸਨ।

ਚਾਲੂ ਵਿੱਤੀ ਵਰ੍ਹੇ 'ਚ ਭਾਰਤ ਪਹਿਲਾਂ ਹੀ 17.59 ਕਰੋੜ ਟਨ ਕੱਚੇ ਤੇਲ ਦੀ ਦਰਾਮਦ ਕਰ ਚੁੱਕਾ ਹੈ। ਮਹਾਮਾਰੀ ਤੋਂ ਪਹਿਲਾਂ ਵਿੱਤੀ ਵਰ੍ਹੇ 2019-20 ਦੌਰਾਨ ਭਾਰਤ ਨੇ 22.7 ਕਰੋੜ ਟਨ ਕੱਚੇ ਤੇਲ ਦੀ ਦਰਾਮਦ ਕਰਕੇ 101.4 ਅਰਬ ਡਾਲਰ ਖਰਚੇ ਸਨ।

ਦੂਜੇ ਪਾਸੇ ਘਰੇਲੂ ਉਤਪਾਦਨ ਘਟਣ ਕਾਰਨ ਭਾਰਤ ਦੀ ਦਰਾਮਦ ਦੀ ਲੋੜ ਵਧੀ ਹੈ। 2019-20 'ਚ ਦੇਸ਼ ਅੰਦਰ ਕੱਚੇ ਤੇਲ ਦਾ ਉਤਪਾਦਨ 3.05 ਕਰੋੜ ਟਨ ਸੀ ਜੋ ਅਗਲੇ ਸਾਲ ਘੱਟ ਕੇ 2.91 ਕਰੋੜ ਟਨ ਰਹਿ ਗਿਆ। ਚਾਲੂ ਵਿੱਤੀ ਵਰ੍ਹੇ ਦੇ ਪਹਿਲੇ 10 ਮਹੀਨੇ ਅੰਦਰ ਇਹ ਉਤਪਾਦਨ 2.38 ਕਰੋੜ ਟਨ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਰਤ ਆਪਣੇ ਕੱਚੇ ਦੀ 85 ਫੀਸਦ ਲੋੜ ਦਰਾਮਦ ਤੋਂ ਪੂਰੀ ਕਰਦਾ ਹੈ। ਦਰਾਮਦ ਕੀਤੇ ਗਏ ਕੱਚੇ ਤੇਲ ਨੂੰ ਤੇਲ ਰਿਫਾਈਨਰੀਆਂ 'ਚ ਵਾਹਨਾਂ ਤੇ ਹੋਰ ਵਰਤੋਂ ਲਈ ਪੈਟਰੋਲ ਤੇ ਡੀਜ਼ਲ ਅਤੇ ਹੋਰ ਉਤਪਾਦਾਂ 'ਚ ਤਬਦੀਲ ਕੀਤਾ ਜਾਂਦਾ ਹੈ। ਭਾਰਤ ਕੋਲ ਵਾਧੂ ਸੋਧ ਸਮਰੱਥਾ ਹੈ ਅਤੇ ਇਹ ਕੁਝ ਪੈਟਰੋਲੀਅਮ ਉਤਪਾਦ ਬਰਾਮਦ ਕਰਦਾ ਹੈ ਪਰ ਰਸੋਈ ਗੈਸ ਦੀ ਉਤਪਾਦਨ ਇਥੇ ਘੱਟ ਹੈ ਜੋ ਸਾਊਦੀ ਅਰਬ ਵਰਗੇ ਮੁਲਕਾਂ ਤੋਂ ਦਰਾਮਦ ਕੀਤੀ ਜਾਂਦੀ ਹੈ।

## ਡੇਰਾ ਮੁਖੀ ਮੁੜ ਜੇਲ੍ਹ ਪੁੱਜਾ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ 21 ਦਿਨਾਂ ਦੀ ਫਰਲੋ ਖਤਮ ਹੋਣ ਬਾਅਦ ਮੁੜ ਸੁਨਾਰੀਆ ਜੇਲ੍ਹ ਭੇਜ ਦਿੱਤਾ ਗਿਆ ਹੈ। ਹੱਤਿਆ ਤੇ ਜਬਰ ਜਨਾਹ ਮਾਮਲਿਆਂ 'ਚ ਉਮਰ ਕੈਦ ਦੀਆਂ ਸਜ਼ਾਵਾਂ ਕੱਟ ਰਹੇ ਡੇਰਾ ਮੁਖੀ ਨੂੰ 7 ਫਰਵਰੀ ਨੂੰ 21 ਦਿਨਾਂ ਲਈ ਫਰਲੋ ਮਿਲੀ ਸੀ, ਜਿਸ ਦੌਰਾਨ ਉਹ ਸਿਰਸਾ ਡੇਰਾ ਜਾ ਕਿਸੇ ਹੋਰ ਪ੍ਰੋਗਰਾਮ 'ਚ ਨਹੀਂ ਜਾ ਸਕਿਆ ਤੇ ਪੂਰਾ ਸਮਾਂ ਗੁਰੂਗ੍ਰਾਮ ਸਥਿਤ ਡੇਰੇ 'ਚ ਹੀ ਰਿਹਾ। ਉਸ ਨੂੰ ਜੇਲ੍ਹ ਵਿਚ ਵਾਪਸ ਲਿਆਉਣ ਸਮੇਂ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਸਨ ਅਤੇ ਉਸ ਦੇ ਕਾਫਲੇ 'ਚ 8 ਤੋਂ ਵਧੇਰੇ ਲਗਜ਼ਰੀ ਗੱਡੀਆਂ ਸ਼ਾਮਲ ਸਨ, ਜਿਨ੍ਹਾਂ ਦੇ ਅੱਗੇ ਤੇ ਪਿੱਛੇ ਪੁਲਿਸ ਦੀਆਂ ਪਾਇਲਟ ਗੱਡੀਆਂ ਚੱਲ ਰਹੀਆਂ ਸਨ।

## ਸਕੂਲਾਂ ਵਿਚ ਵਿਵਾਦਤ ਪੁਸਤਕ ਪੜ੍ਹਾਉਣ ਦਾ ਮਾਮਲਾ ਭਖਿਆ

**ਮੁਹਾਲੀ:** ਪੰਜਾਬ ਦੇ ਸਕੂਲਾਂ ਵਿਚ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਵਿਵਾਦਤ ਇਤਿਹਾਸ ਦੀ ਕਿਤਾਬ ਪੜ੍ਹਾਉਣ ਦਾ ਮਾਮਲਾ ਭਖ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਅਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਸਿੱਖਿਆ ਬੋਰਡ ਦੇ ਬਾਹਰ ਸੂਬਾ ਪੱਧਰੀ ਰੈਲੀ ਕੀਤੀ ਗਈ ਜਦੋਂਕਿ ਲੜੀਵਾਰ ਧਰਨੇ ਜਾਰੀ ਹਨ।

ਧਰਨੇ ਵਿਚ ਨੌਜਵਾਨ ਆਗੂ ਲੱਖਾ ਸਿੰਘ ਸਿਧਾਣਾ, ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ), ਕਿਸਾਨ ਯੂਨੀਅਨ (ਚੜੂਨੀ), ਨਿਹੰਗ ਜਥੇਬੰਦੀਆਂ ਸਮੇਤ ਪੰਥ ਹਿਤੈਸ਼ੀ ਸ਼ਖ਼ਸੀਅਤਾਂ, ਕਿਸਾਨ ਬੀਬੀਆਂ ਅਤੇ ਹਿਊਮਨ ਰਾਈਟਸ ਯੂਨਾਈਟਿਡ ਸਿੱਖਸ, ਯੂਨਾਈਟਿਡ ਸਿੱਖਸ, ਸਾਬਤ ਸੂਰਤ ਸਿੱਖ ਆਰਗਨਾਈਜੇਸ਼ਨ ਦੇ ਵਰਕਰਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਤਿੰਨ ਮਤੇ ਪਾਸ ਕਰਕੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲੇ ਲੇਖਕ, ਪ੍ਰਕਾਸ਼ਕ, ਮਾਨਤਾ ਦੇਣ ਵਾਲੇ ਬੋਰਡ ਅਧਿਕਾਰੀਆਂ ਸਮੇਤ ਤਤਕਾਲੀ ਸਿੱਖਿਆ ਮੰਤਰੀ ਵਿਰੁੱਧ ਪਰਚੇ ਕਰਨ, ਵਿਵਾਦਿਤ ਕਿਤਾਬਾਂ 'ਤੇ ਪੂਰਨ ਪਾਬੰਦੀ ਲਗਾਉਣ ਅਤੇ ਸਿੱਖ ਇਤਿਹਾਸ ਨੂੰ ਗੁਰਬਾਣੀ ਦੀ ਕਸਵੱਟੀ ਅਨੁਸਾਰ ਪਰਖਣ ਲਈ ਮਾਹਰਾਂ ਦੀ ਕਮੇਟੀ ਬਣਾ ਕੇ ਪੜਚੋਲ ਕਰਵਾਉਣ ਉਪਰੰਤ ਪ੍ਰਕਾਸ਼ਿਤ ਕਰਵਾਉਣ ਲਈ ਕਿਹਾ ਗਿਆ। ਸ੍ਰੀ ਸਿਰਸਾ ਨੇ ਕਿਹਾ ਕਿ ਕਿਤਾਬ ਵਿਚ ਨੌਵੇਂ ਪਾਤਸ਼ਾਹ ਨੂੰ ਚੋਰ ਡਾਕੂ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਲੋਕਾਂ ਦਾ ਖੂਨ ਚੂਸਣ ਵਾਲਾ ਰਾਖਸ਼ਸ਼ ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਤਾਬ ਵਿਚ ਗੁਰੂਆਂ ਅਤੇ ਸਿੱਖ ਇਤਿਹਾਸ ਬਾਰੇ ਦਰਜ ਗਲਤ ਤੱਥ ਹਟਾਏ ਜਾਣ ਅਤੇ ਕਿਤਾਬ ਨੂੰ ਨਵੇਂ ਸਿਰਿਓਂ ਸੋਧ ਕੇ ਛਾਪਿਆ ਜਾਵੇ।

## ਚੰਡੀਗੜ੍ਹ ਨੂੰ ਰਾਜ ਸਭਾ ਵਿਚ ਨੁਮਾਇੰਦਗੀ ਦੇਣ ਲਈ ਮਤਾ ਪਾਸ

**ਚੰਡੀਗੜ੍ਹ:** ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੀ ਰਾਜ ਸਭਾ ਵਿਚ ਨੁਮਾਇੰਦਗੀ ਦੇ ਮੁੱਦੇ ਨੂੰ ਲੈ ਕੇ ਮਾਹੌਲ ਗਰਮ ਹੋ ਗਿਆ ਹੈ। ਨਗਰ ਨਿਗਮ ਹਾਊਸ ਦੀ ਮਹੀਨਾਵਾਰ ਮੀਟਿੰਗ ਦੌਰਾਨ ਇਸ ਮੁੱਦੇ 'ਤੇ ਨਿਗਮ ਦੇ ਸਾਰੇ ਕੌਂਸਲਰਾਂ ਨੇ ਬਿਨਾਂ ਕੋਈ ਰਾਜਨੀਤੀ ਕੀਤਿਆਂ ਸਹਿਮਤੀ ਪ੍ਰਗਟਾਈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਚੰਡੀਗੜ੍ਹ ਲਈ ਰਾਜ ਸਭਾ ਵਿਚ ਨੁਮਾਇੰਦਗੀ ਸਬੰਧੀ ਯੂਟੀ ਪ੍ਰਸ਼ਾਸਨ ਤੋਂ ਸੁਝਾਅ ਮੰਗਿਆ ਸੀ।

ਪ੍ਰਸ਼ਾਸਨ ਨੇ ਗ੍ਰਹਿ ਮੰਤਰਾਲੇ ਨੂੰ ਜਵਾਬ ਭੇਜਣ ਲਈ ਇਸ ਬਾਰੇ ਫੈਸਲਾ ਲੈਣ ਲਈ ਨਗਰ ਨਿਗਮ ਕੋਲ ਚਰਚਾ ਲਈ ਭੇਜਿਆ ਸੀ। ਨਿਗਮ ਹਾਊਸ ਵਿਚ ਕੀਤੀ ਗਈ ਚਰਚਾ ਤੋਂ ਬਾਅਦ ਕੌਂਸਲਰਾਂ ਵੱਲੋਂ ਸਹਿਮਤੀ ਜਤਾਉਣ ਤੋਂ ਬਾਅਦ ਹੋਏ ਫੈਸਲੇ ਨੂੰ ਪ੍ਰਸ਼ਾਸਨ ਗ੍ਰਹਿ ਮੰਤਰਾਲੇ ਨੂੰ ਭੇਜੇਗਾ। ਦੱਸਣਯੋਗ ਹੈ ਕਿ ਇਸ ਰਾਜ ਸਭਾ ਵਿਚ ਚੰਡੀਗੜ੍ਹ ਦੀ ਨੁਮਾਇੰਦਗੀ ਨੂੰ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਤੋਂ ਕਾਂਗਰਸੀ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਲੋਕ ਸਭਾ ਵਿਚ ਇਕ ਬਿੱਲ ਪੇਸ਼ ਕਰ ਕੇ ਰਾਜ ਸਭਾ ਮੈਂਬਰ ਦੀ ਮੰਗ ਕੀਤੀ ਸੀ। ਕੌਂਸਲਰਾਂ ਵੱਲੋਂ ਪਾਸ ਮਤਾ ਪ੍ਰਸ਼ਾਸਕ ਨੂੰ ਭੇਜਿਆ ਜਾਵੇਗਾ ਤੇ ਪ੍ਰਸ਼ਾਸਨ ਇਸ ਨੂੰ ਅੱਗੇ ਸਹਿਮਤੀ ਲਈ ਕੇਂਦਰ ਸਰਕਾਰ ਨੂੰ ਭੇਜੇਗਾ। ਮੀਟਿੰਗ ਦੌਰਾਨ ਨਗਰ ਨਿਗਮ ਦੀ ਹਾਊਸ ਟੈਕਸ ਕਮੇਟੀ, ਰੋਡ ਟੈਕਸ ਕਮੇਟੀ ਅਤੇ ਵਾਟਰ ਸਪਲਾਈ ਕਮੇਟੀ ਦੇ ਗਠਨ ਨਾਲ ਜੁੜੇ ਪ੍ਰਸਤਾਵ ਪਾਸ ਕਰ ਦਿੱਤੇ ਗਏ।

## ਰੂਸ-ਯੂਕਰੇਨ ਜੰਗ ਨਾਲ ਮੱਚੀ ਤਬਾਹੀ

*(ਪਹਿਲੇ ਸਫੇ ਦੀ ਬਾਕੀ)*

ਨਹੀਂ ਚਾਹੁੰਦਾ ਕਿ ਉਹ ਪੱਛਮ ਦੀ ਅਗਵਾਈ ਵਾਲੇ 'ਨਾਟੋ' ਫੌਜੀ ਸੰਗਠਨ ਦਾ ਹਿੱਸਾ ਬਣਨ।

ਰੂਸ ਅਤੇ ਯੂਕਰੇਨ ਵਿਚਕਾਰ 2015 ਵਿਚ ਮਿੰਸਕ ਸ਼ਾਂਤੀ ਸਮਝੌਤਾ ਹੋਇਆ ਸੀ ਜਿਸ ਕਰਕੇ ਇਹ ਇਲਾਕਾ ਕਿਸੇ ਵੱਡੀ ਜੰਗ ਤੋਂ ਕਾਫੀ ਦੇਰ ਬਚਿਆ ਰਿਹਾ। ਯੂਕਰੇਨ ਨੇ ਆਪਣਾ ਪ੍ਰਭੂਤਵ ਬਚਾਉਣ ਲਈ 'ਨਾਟੋ' ਅਤੇ ਯੂਰਪੀ ਯੂਨੀਅਨ ਵੱਲ ਝੁਕਣਾ ਸ਼ੁਰੂ ਕਰ ਦਿੱਤਾ। ਅਸਲ ਵਿਚ, ਰੂਸ ਨਾਲ ਯੂਕਰੇਨ ਦੇ ਸਬੰਧ ਵਿਗੜਨ ਵਿਚ ਯੂਰਪੀ ਯੂਨੀਅਨ ਦਾ ਵੀ ਵੱਡਾ ਹੱਥ ਰਿਹਾ ਹੈ। ਯੂਕਰੇਨ ਦਾ ਰਾਸ਼ਟਰਪਤੀ ਵਿਕਟਰ ਯਾਨੂਕੋਵਿਚ ਯੂਰਪੀ ਯੂਨੀਅਨ ਨਾਲ ਖੁੱਲ੍ਹਾ ਵਪਾਰ ਸਮਝੌਤਾ ਨਹੀਂ ਸੀ ਕਰਨਾ ਚਾਹੁੰਦਾ ਤੇ ਉਸ ਨੇ ਇਨ੍ਹਾਂ ਨਾਲ ਰਾਜਨੀਤਕ ਗੱਠਜੋੜ ਤੋਂ ਵੀ ਇਨਕਾਰ ਕਰ ਦਿੱਤਾ ਸੀ। ਉਸ ਦੀ ਪਾਰਲੀਮੈਂਟ ਵਿਚ ਬਹੁਗਿਣਤੀ ਵੀ ਸੀ ਪਰ ਯੂਰਪੀ ਯੂਨੀਅਨ ਦੇ ਭੜਕਾਏ ਵਿਰੋਧੀਆਂ ਨੇ ਰੈਵੋਲਿਊਸ਼ਨ ਆਫ ਡਿਗਨਿਟੀ ਦੇ ਨਾਂ 'ਤੇ ਯਾਨੂਕੋਵਿਚ ਦਾ ਤਖਤਾ ਪਲਟ ਦਿੱਤਾ ਅਤੇ ਰਾਜ ਭਾਗ ਸੰਭਾਲ ਲਿਆ। ਇਹ ਨਵੀਂ ਸਰਕਾਰ ਯੂਰਪੀ ਯੂਨੀਅਨ ਅਤੇ 'ਨਾਟੋ' ਦੇ ਹੱਕ ਵਿਚ ਸੀ ਪਰ ਇਸ ਨੇ ਕੋਈ ਵੱਡਾ ਕਦਮ ਤਾਂ ਨਾ ਲਿਆ ਤੇ ਇਕ ਪਾਸੇ ਯੂਰਪੀ ਯੂਨੀਅਨ ਅਤੇ 'ਨਾਟੋ' ਅਤੇ ਦੂਜੇ ਪਾਸੇ ਰੂਸ ਵਿਚਕਾਰ ਪਲੜਾ ਬਰਾਬਰ ਰੱਖਣ ਦੀ ਕੋਸ਼ਿਸ਼ ਕਰਦੀ ਰਹੀ। ਉਂਜ, ਕੂਟਨੀਤਕ ਪੱਧਰ ਉਤੇ ਪੱਛਮੀ ਦੇਸ਼ਾਂ ਨਾਲ ਵਧੇਰੇ ਸਬੰਧ ਬਣਾਉਣ ਦੀਆਂ ਆਪਣੀਆਂ ਨੀਤੀਆਂ ਇਸ ਨੇ ਜਾਰੀ ਰੱਖੀਆਂ।

2004 ਵਿਚ ਚੈਕ ਰਿਪਬਲਿਕ, ਅਸਤੋਨੀਆ, ਹੰਗਰੀ, ਲੈਤਵੀਆ, ਲਿਥੂਨੀਆ, ਪੋਲੈਂਡ ਅਤੇ ਸਲੋਵਾਕੀਆ ਯੂਰਪੀ ਯੂਨੀਅਨ ਵਿਚ ਸ਼ਾਮਲ ਹੋ ਗਏ ਅਤੇ 2007 ਵਿਚ ਬੁਲਗਾਰੀਆ ਅਤੇ ਰੋਮਾਨੀਆ ਵੀ ਆ ਮਿਲੇ। ਇਸ 'ਤੇ ਰੂਸ ਨੂੰ ਖਤਰਾ ਹੋ ਗਿਆ ਕਿ ਜੇ ਯੂਕਰੇਨ ਵੀ ਯੂਰਪੀ ਯੂਨੀਅਨ ਵਿਚ ਮਿਲ ਗਿਆ ਤਾਂ ਯੂਰਪੀ ਯੂਨੀਅਨ ਅਤੇ 'ਨਾਟੋ' ਦਾ ਵਿਸਥਾਰ ਉਸ ਦੀਆਂ ਹੱਦਾਂ ਤੱਕ ਹੋ ਜਾਏਗਾ ਅਤੇ ਰੂਸ ਲਈ ਲਾਲ ਸਾਗਰ ਤੱਕ ਪਹੁੰਚਣ ਵਿਚ ਰੁਕਾਵਟ ਖੜ੍ਹੀ ਹੋ ਜਾਵੇਗੀ। ਕੋਰੀਆ ਅਤੇ ਜਾਪਾਨ ਦੇ ਅਮਰੀਕਾ ਦੇ ਗੁੱਟ ਵਿਚ ਸ਼ਾਮਲ ਹੋਣ ਕਾਰਨ ਰੂਸ ਲਈ ਪ੍ਰਸ਼ਾਂਤ ਸਾਗਰ ਤੱਕ ਪਹੁੰਚਣਾ ਪਹਿਲਾਂ ਹੀ ਮੁਸ਼ਕਿਲ ਸੀ ਜਿਸ ਕਰਕੇ ਰੂਸ ਚਾਰੇ ਪਾਸਿਆਂ ਤੋਂ ਆਪਣੇ ਆਪ ਨੂੰ ਘਿਰਦਾ ਮਹਿਸੂਸ ਕਰਨ ਲੱਗਾ। 2019 ਵਿਚ ਯੂਕਰੇਨ ਨੇ ਆਪਣੇ ਸੰਵਿਧਾਨ ਵਿਚ ਯੂਰਪੀ ਯੂਨੀਅਨ ਅਤੇ 'ਨਾਟੋ' ਦਾ ਮੈਂਬਰ ਬਣਨ ਦੀ ਮੱਦ ਸ਼ਾਮਲ ਕਰ ਲਈ ਹੈ। ਇਸ ਨੂੰ ਰੂਸ ਆਪਣੇ ਲਈ ਵੱਡਾ ਖਤਰਾ ਸਮਝਦਾ ਹੈ ਤੇ ਰੂਸ ਦੇ ਇਸੇ ਡਰ ਨੇ ਤਾਜ਼ਾ ਹਾਲਾਤ ਨੂੰ ਜਨਮ ਦਿੱਤਾ ਹੈ। ਇਹ ਜੰਗ ਇਨ੍ਹਾਂ ਦੋਵਾਂ ਦੇਸ਼ਾਂ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆ ਨੂੰ ਕਿਸੇ ਨਾ ਕਿਸੇ ਢੰਗ ਨਾਲ ਲਪੇਟ ਵਿਚ ਲੈ ਲਵੇਗਾ।

## ਰੂਸ ਨੇ ਹੋਰ ਮੁਲਕਾਂ ਨਾਲ ਹਵਾਈ ਖੇਤਰ ਬੰਦ ਕੀਤੇ

**ਮਾਸਕੋ:** ਰੂਸ ਨੇ ਲਿਥੁਆਨੀਆ, ਲਾਤਵੀਆ, ਐਸਟੋਨੀਆ ਅਤੇ ਸਲੋਵੇਨੀਆ ਤੋਂ ਆਉਣ ਵਾਲੇ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਨੂੰ ਬੰਦ ਕਰ ਦਿੱਤਾ ਹੈ। ਇਨ੍ਹਾਂ ਚਾਰੋਂ ਮੁਲਕਾਂ ਨੇ ਪਹਿਲਾਂ ਰੂਸੀ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਬੰਦ ਕਰ ਦਿੱਤੇ ਹਨ ਜਿਸ ਦੇ ਜਵਾਬ 'ਚ ਰੂਸ ਨੇ ਹੁਣ ਕਾਰਵਾਈ ਕੀਤੀ ਹੈ। ਰੂਸ ਨੇ ਰੋਮਾਨੀਆ, ਬੁਲਗਾਰੀਆ, ਪੋਲੈਂਡ ਅਤੇ ਚੈੱਕ ਰਿਪਬਲਿਕ ਦੇ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਬੰਦ ਕਰ ਦਿੱਤੇ ਸਨ। ਕੈਨੇਡਾ, ਇੰਗਲੈਂਡ, ਜਾਪਾਨ ਅਤੇ ਹੋਰ ਮੁਲਕਾਂ ਨੇ ਵੀ ਰੂਸੀ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਬੰਦ ਕਰ ਦਿੱਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |


ਭਾਈ ਸੰਦੀਪ ਸਿੰਘ ਸਿੱਧੂ
ਦੀ ਸ਼ਹਾਦਤ ਅਤੇ
ਕਿਸਾਨ ਅੰਦੋਲਨ
ਦੇ ਸਮੂੰਹ ਸ਼ਹੀਦਾਂ
ਨੂੰ ਸਮਰਪਿਤ
ਗੁਰਮਤਿ
ਸਮਾਗਮ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥
ਸਮੂੰਹ ਸਾਧ ਸੰਗਤ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਈ ਸੰਦੀਪ ਸਿੰਘ ਸਿੱਧੂ ਦੀ ਸ਼ਹਾਦਤ ਅਤੇ ਕਿਸਾਨ ਅੰਦੋਲਨ ਦੇ ਸਮੂੰਹ ਸ਼ਹੀਦਾਂ ਨੂੰ ਸਮਰਪਿਤ ਗੁਰਮਤਿ ਸਮਾਗਮ ਹੇਠ ਲਿਖੀ ਜਾਣਕਾਰੀ ਅਨੁਸਾਰ ਕਰਵਾਏ ਜਾ ਰਹੇ ਹਨ।
04 ਮਾਰਚ 2022 ਦਿਨ ਸ਼ੁੱਕਰਵਾਰ ਨੂੰ
ਆਰੰਭ ਸ਼੍ਰੀ ਪਾਠ ਸਾਹਿਬ ਜੀ-- ਸਵੇਰੇ 6:00 ਵਜੇ।
06 ਮਾਰਚ 2022 ਦਿਨ ਐਤਵਾਰ ਨੂੰ
ਭੋਗ ਸ਼੍ਰੀ ਪਾਠ ਸਾਹਿਬ ਜੀ-- ਸਵੇਰੇ 10:00 ਵਜੇ
ਉਪਰੰਤ ਕੀਰਤਨ ਦਿਵਾਨ ਸਜਣਗੇ।
ਸਮੂੰਹ ਸੰਗਤਾਂ ਨੇ ਪਹੁੰਚ ਕੇ ਸ਼ਰਧਾ ਦੇ ਫੁੱਲ ਜ਼ਰੂਰ ਭੇਟ ਕਰਨੇ ਜੀ।
ਗੁਰਦੁਆਰਾ ਸਾਹਿਬ ਸਿੰਘ ਸਭਾ ਆਫ਼ ਮਿਸ਼ੀਗਨ ਕੈਂਟਨ।
3310 S Canton Center Rd, Canton, MI 48188

# ਮਿੱਡਵੈਸਟ ਦੇ ਪੰਜਾਬੀਆਂ ਨੇ ਮਨਾਇਆ 'ਕੌਮਾਂਤਰੀ ਮਾਤ ਭਾਸ਼ਾ ਦਿਨ'

## ਸਟੇਟ ਆਫ ਇਲੀਨੋਇ ਵਿਚ ਫਰਵਰੀ ਨੂੰ 'ਪੰਜਾਬੀ ਭਾਸ਼ਾ ਮਹੀਨਾ' ਐਲਾਨਿਆ

**ਸ਼ਿਕਾਗੋ:** ਮਿੱਡਵੈਸਟ ਦੀਆਂ ਸਾਰੀਆਂ ਪੰਜਾਬੀ ਸੰਸਥਾਵਾਂ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ, ਕਲਮਾਂ ਦੇ ਅੰਗ-ਸੰਗ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਆਫ ਵਿਸਕਾਨਸਿਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ, ਸਵੇਰਾ (ਸਿੱਖ ਵੂਮੈਨ ਐਰਾ) ਮਿੱਡਵੈਸਟ ਪੰਜਾਬੀ ਐਸੋਸੀਏਸ਼ਨ ਅਤੇ ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਵਲੋਂ ਸਾਂਝੇ ਤੌਰ 'ਤੇ ਲੰਘੀ 27 ਫਰਵਰੀ ਨੂੰ ਹੋਟਲ ਮੈਰੀਅਟ ਵਿਚ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਕੌਮਾਂਤਰੀ ਮਾਤ ਭਾਸ਼ਾ ਦਿਨ' ਮਨਾਇਆ ਗਿਆ।



ਪ੍ਰੋਗਰਾਮ ਦਾ ਆਗਾਜ਼ ਡਾ. ਹਰਜਿੰਦਰ ਖਹਿਰਾ ਨੇ ਦੂਰੋਂ-ਨੇੜਿਓਂ ਆਏ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਹਰੇਕ ਪਤਵੰਤੇ ਨੂੰ 'ਜੀ ਆਇਆਂ' ਆਖ ਕੇ ਕੀਤਾ। ਉਨ੍ਹਾਂ ਨੇ ਮਹਿਮਾਨਾਂ ਦਾ ਸਵਾਗਤ ਇਕ ਸ਼ੇਅਰ

'ਚੰਦਨ ਸਮਾਨ ਹੋਇਆ,
ਕੁਟੀਆ ਦਾ ਤੀਲ਼ਾ-ਤੀਲ਼ਾ,
ਆਇਆ ਜੋ ਸਾਡੇ ਵਿਹੜੇ,
ਇਕ ਮਹਿਕ ਦਾ ਹੁਲਾਰਾ
ਨਾਲ ਕੀਤਾ।

ਮੰਚ ਸੰਚਾਲਨ ਵਿਚ ਡਾ. ਖਹਿਰਾ ਦਾ ਸਾਥ ਦੇ ਰਹੇ ਰਾਜ ਲਾਲੀ ਬਟਾਲਾ ਨੇ ਇਹ ਸ਼ੇਅਰ ਸੁਣਾ ਕੇ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ 'ਚ ਹੀ ਗੱਲਬਾਤ ਕਰਨ ਦੀ ਤਾਕੀਦ ਕੀਤੀ:

ਇਸ ਦਾ ਰੰਗ ਸੁਨਹਿਰੀ ਹੈ,
ਇਹ ਗੋਰੀ ਚਿੱਟੀ ਹੈ,
ਇਸ ਨੂੰ ਮੈਲੀ ਨਾ ਕਰਨਾ,
ਇਹ ਮੇਰੇ ਪੰਜਾਬ ਦੀ ਮਿੱਟੀ ਹੈ।

ਸਾਰਾ ਪ੍ਰੋਗਰਾਮ ਇਕ ਰੰਗ-ਬਿਰੰਗੇ ਗੁਲਦਸਤੇ ਦੀ ਤਰ੍ਹਾਂ ਸੀ, ਜਿਸ ਵਿਚ ਪੰਜਾਬੀ ਮਾਂ ਬੋਲੀ ਨੂੰ ਜਿਊਂਦਾ ਰਖਣ ਲਈ ਭਾਸ਼ਣ, ਓਸ ਪਰਮ ਪਿਤਾ ਨੂੰ ਨਤਮਸਤਕ ਹੁੰਦਿਆਂ ਸ਼ਬਦ, ਹਾਸੇ-ਠੱਠੇ ਲਈ ਸਕਿਟ, ਮਾਂ ਬੋਲੀ ਦੀ ਮਹਿਮਾ ਵਿਚ ਗਾਏ ਗੀਤ-ਗ਼ਜ਼ਲ, ਡਾਂਸ—ਗੱਲ ਕੀ ਪੰਜਾਬੀਆਂ ਦਾ ਹਰ ਰੰਗ ਮੌਜੂਦ ਸੀ।

ਜ਼ਿਕਰਯੋਗ ਹੈ ਕਿ 21 ਫਰਵਰੀ 1952 ਦੀ ਘਟਨਾ ਮਾਂ ਬੋਲੀ ਨਾਲ ਇਸ਼ਕ ਦਾ ਇਤਿਹਾਸਕ ਦਸਤਾਵੇਜ਼ ਹੈ, ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ ਅਤੇ ਢਾਕਾ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੇ, ਜੋ ਉਨ੍ਹਾਂ ਸਮਿਆਂ 'ਚ ਪਾਕਿਸਤਾਨ 'ਚ 'ਉਰਦੂ' ਤੋਂ ਬਿਨਾ ਆਪਣੀ ਮਾਂ ਬੋਲੀ 'ਬੰਗਾਲੀ' ਲਈ ਮੁਜ਼ਾਹਰਾ ਕਰ ਰਹੇ ਸਨ, ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ, ਆਪਣੀ ਮਾਂ ਬੋਲੀ ਦੀ ਹੋਂਦ ਲਈ ਕੁਰਬਾਨੀਆਂ ਦੇ ਗਏ। ਯੂ.ਐਨ.ਓ ਨੇ ਬੰਗਾਲੀਆਂ ਦੀ ਮਾਂ ਬੋਲੀ ਨੂੰ ਲੈ ਕੇ ਕੀਤੀ ਕੁਰਬਾਨੀ ਦੀ ਇਸ ਤਾਰੀਖ਼ ਨੂੰ 'ਮਾਂ ਬੋਲੀ ਦਿਹਾੜੇ' ਵਜੋਂ ਅਹਿਮੀਅਤ ਦਿੱਤੀ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਵ੍ਹੀਟਨ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਕਿਹਾ ਕਿ ਜਿੱਥੇ ਚਾਹ ਹੋਵੇ, ਉੱਥੇ ਰਾਹ ਵੀ ਬਣ ਹੀ ਜਾਂਦੈ। ਅਜ ਮੇਰੀ ਫਲਾਈਟ ਸੀ ਪਰ ਕਿਸੇ ਕਾਰਨ ਉਹ ਅਗਲੇ ਦਿਨ ਦੀ ਹੋ ਗਈ ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸਬੱਬ ਬਣ ਗਿਆ। ਆਪਣੇ ਸੰਖੇਪ ਸ਼ਬਦਾਂ ਵਿਚ ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਬੋਲਣੀ ਤੇ ਸਿਖਾਉਣੀ ਇਸ ਲਈ ਵੀ ਜਰੂਰੀ ਹੈ ਕਿ ਪੰਜਾਬੀ ਤੋਂ ਬਿਨਾਂ ਗੁਰਬਾਣੀ ਨੂੰ ਸਹੀ ਅਰਥਾਂ ਵਿਚ ਨਹੀਂ ਸਮਝਿਆ ਜਾ ਸਕਦਾ। ਬਾਬਾ ਦਲਜੀਤ ਸਿੰਘ ਨੇ ਸਾਰੀਆਂ ਬੋਲੀਆਂ ਨੂੰ ਸਤਿਕਾਰਯੋਗ ਤੇ ਸਿੱਖਣਯੋਗ ਆਖਿਆ ਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਇਸ ਨੂੰ ਰਾਜਨੀਤੀ ਤੋਂ ਦੂਰ ਰੱਖਣ ਦਾ ਸਲਾਹ ਦਿੱਤੀ।



ਜਦੋਂ ਕੋਈ ਬੁਲਾਰਾ ਅੰਗ੍ਰੇਜ਼ੀ ਵਿਚ ਬੋਲਣ ਲਗਦਾ ਤਾਂ ਸਰੋਤੇ ਹਾਸੇ-ਮਜ਼ਾਕ ਵਿਚ ਬੁਲਾਰਿਆਂ ਨੂੰ ਸਿਰਫ ਪੰਜਾਬੀ 'ਚ ਹੀ ਬੋਲਣ ਦੀ ਤਾਕੀਦ ਕਰਦੇ, ਜਿਸ ਨੂੰ ਬੁਲਾਰੇ ਖਿੜੇ ਮੱਥੇ ਪਰਵਾਨ ਕਰ ਰਹੇ ਸਨ। ਜਿੱਥੇ ਮਾਹੌਲ ਖੁਸ਼ਨੁਮਾ ਬਣਿਆ ਹੋਇਆ ਸੀ, ਉਥੇ ਪੰਜਾਬੀਅਤ ਦੇ ਰੰਗ ਵਿਚ ਵੀ ਰੰਗਿਆ ਹੋਇਆ ਸੀ।

ਇਸ ਪ੍ਰੋਗਰਾਮ ਦਾ ਹਾਸਲ ਸੀ, ਲਖਵਿੰਦਰ ਕੌਰ ਲੱਕੀ ਦੀ ਆਪਣੀ ਲਿਖੀ ਗਜ਼ਲ, ਜੋ ਉਸ ਨੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਵਿਚ ਬਹੁਤ ਹੀ ਦਮਦਾਰ ਆਵਾਜ਼ ਵਿਚ ਪੇਸ਼ ਕੀਤੀ। ਗ਼ਜ਼ਲ ਦੇ ਬੋਲ ਸਨ:

'ਹਰ ਇਕ ਥਾਂ ਤੋਂ ਹਨੇਰੇ ਨੂੰ,
ਭਜਾਉਣਾ ਲੋਚਦੀ ਹਾਂ ਮੈਂ।
ਕਿ ਨਗਮੇ ਰੌਸ਼ਨੀ ਦੇ,
ਗੁਣਗੁਣਾਉਣਾ ਲੋਚਦੀ ਹਾਂ ਮੈਂ'।

ਚੰਗਾ ਹੁੰਦਾ ਜੇ ਉਹ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰਖਦੀ। ਗਜ਼ਲ ਦੇ ਬੋਲ ਅਤੇ ਪੇਸ਼ਕਾਰੀ ਕਮਾਲ ਦੀ ਹੋਣ ਦੇ ਬਾਵਜੂਦ ਵੀ ਦਰਸ਼ਕ ਉਕਤਾ ਗਏ ਨਜ਼ਰ ਆ ਰਹੇ ਸਨ।



ਇਸ ਮਗਰੋਂ ਅਮਰੀਕਾ ਦੇ ਜੰਮਪਲ ਬੱਚਿਆਂ ਨੇ ਤੰਤੀ ਸਾਜ਼ਾਂ ਤਾਊਸ ਤੇ ਦਿਲਰੁਬਾ ਨਾਲ ਇਕ ਸ਼ਬਦ ਤੇ ਇੰਸਟਰੂਮੈਂਟਲ ਵਰਜ਼ਨ ਪੇਸ਼ ਕੀਤਾ, ਜਿਸ ਨੇ ਪੁਰਾਣੇ ਰਾਗੀਆਂ ਦੀ ਯਾਦ ਤਾਜ਼ਾ ਕਰਦਿਆਂ ਰੂਹ ਨੂੰ ਸ਼ਰਸ਼ਾਰ ਕਰ ਦਿਤਾ। ਇਹ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਹੈ ਕਿ ਅਮਰੀਕਾ ਵਿਚ ਜੰਮ-ਪਲ ਕੇ ਵੀ ਇਹ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ, ਜਿਸ ਲਈ ਮਾਪੇ ਵਧਾਈ ਦੇ ਹੱਕਦਾਰ ਹਨ।

ਪ੍ਰੋਗਰਾਮ ਦੇ ਇਕ ਭਾਗ 'ਪਿੰਡਾਂ ਵਿਚੋਂ ਪਿੰਡ ਸੁਣੀਂਦਾ' ਲਈ ਅਮਰੀਕਾ ਦੇ ਜੰਮਪਲ ਬੱਚਿਆਂ ਦੀ ਪ੍ਰੈਜ਼ੈਂਟੇਸ਼ਨ ਤਿਆਰ ਕੀਤੀ ਗਈ ਸੀ, ਜਿਸ ਵਿਚ ਜਸਮੇਹ ਕੌਰ ਗਰੇਵਾਲ, ਜਪਨੀਤ ਕੌਰ, ਸ਼ਾਇਨਾ ਸ਼ਰਮਾ, ਹਰਨੂਰ ਕੌਰ ਸਿੱਧੂ, ਗੁਰਈਸ਼ਰ ਸਿੰਘ ਕੁਲਾਰ, ਮਿਹਰ ਸਿੰਘ ਹੋਠੀ, ਸੁਬਰੀਤ ਕੌਰ, ਅਮੀਨਾ ਕੌਰ ਨੇ ਆਪੋ-ਆਪਣੇ ਪਿੰਡਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪੈਲਾਟਾਈਨ ਗੁਰਦੁਆਰੇ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ਆਪਣੇ ਪ੍ਰਿੰਸੀਪਲ ਦੀ ਅਗਵਾਈ ਹੇਠ ਕਵਿਤਾ 'ਅੰਮੜੀਏ ਮਾਂ ਬੋਲੀ ਵਿਚ ਬੋਲ' 'ਤੇ ਪੇਸ਼ਕਾਰੀ ਦਿੱਤੀ। ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਬੋਲੀ ਹੈ ਪੰਜਾਬੀ ਸਾਡੀ' 'ਤੇ ਸਵਰਾਜ ਸਿੰਘ, ਜਾਗਤਜੋਤ ਸਿੰਘ, ਰਣਸ਼ੇਰ ਸਿੰਘ, ਕਮਲਨੈਨ ਸਿੰਘ, ਅਜੀਤ ਸਿੰਘ, ਮੁਸਕਾਨ ਕੌਰ ਨੇ ਕਵਿਤਾ ਸੁਣਾਈ। ਬੱਚਿਆਂ ਨੇ ਹਿੰਦੀ ਤੇ ਪੰਜਾਬੀ ਸ਼ਬਦਾਂ ਦੀ ਤੁਲਨਾ ਵੀ ਅਨੋਖੇ ਢੰਗ ਨਾਲ ਹਲੇ-ਫੁਲਕੇ ਤਰੀਕੇ ਨਾਲ ਕਰ ਕੇ ਸਭ ਨੂੰ ਪੰਜਾਬੀ 'ਚ ਹੋ ਰਹੀ ਹੋਰਨਾਂ ਬੋਲੀਆਂ ਦੀ ਘੁਸਪੈਠ ਬਾਰੇ ਸੋਚਣ ਲਈ ਮਜਬੂਰ ਕੀਤਾ। ਮਗਰੋਂ ਇੰਡੀਆਨਾ ਤੋਂ ਆਈ ਰਾਕਿੰਦ ਕੌਰ ਨੇ ਆਪਣੀ ਕਵਿਤਾ, 'ਬੋਲੀ' ਨਾਲ ਸਭ ਨੂੰ ਮੰਤਰ ਮੁਗਧ ਕਰ ਦਿੱਤਾ।

ਸਾਰੇ ਹੀ ਬੁਲਾਰਿਆਂ ਨੇ ਪੰਜਾਬੀ ਬੋਲੀ ਨੂੰ ਜਿੰਦਾ ਰਖਣ ਦੀ ਅਪੀਲ ਕੀਤੀ। ਪੰਜਾਬ ਟਾਈਮਜ਼ ਦੇ ਕਾਲਮ ਨਵੀਸ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਮਾਂ-ਬੋਲੀ ਦੇ ਪਿਆਰਿਆਂ ਨੂੰ ਘਰਾਂ ਵਿਚ ਆਪਣੇ ਬੱਚਿਆਂ ਨਾਲ ਪੰਜਾਬੀ ਬੋਲਣ ਦਾ ਸੱਦਾ ਦਿੱਤਾ ਤਾਂ ਕਿ ਬੱਚਿਆਂ ਦੀ ਆਪਣੀ ਮਾਂ ਬੋਲੀ ਨਾਲ ਸਾਂਝ ਪੈ ਸਕੇ। ਮਨਮੋਹਨ ਸਿੰਘ ਗਰੇਵਾਲ ਨੇ ਪ੍ਰੋਜੈਕਟਰ ਦੀ ਮਦਦ ਨਾਲ ਆਪਣੀ ਪ੍ਰੈਜ਼ੈਂਟੇਸ਼ਨ ਰਾਹੀਂ ਪੰਜਾਬੀ ਮਾਂ ਬੋਲੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਤਕਰੀਬਨ ਸਾਰੇ ਹੀ ਬੁਲਾਰਿਆਂ ਨੇ ਇਸ ਗੱਲ 'ਤੇ ਜੋਰ ਦਿਤਾ ਕਿ ਆਓ! ਆਪਾਂ ਅਹਿਦ ਕਰੀਏ ਕਿ ਪੰਜਾਬੀ ਮਾਂ ਬੋਲੀ ਸਾਡੀਆਂ ਆਉਣ ਵਾਲ਼ੀਆਂ ਪੀੜੀਆਂ ਵਾਸਤੇ ਜਿਉਂਦੀ ਰਹੇ।



ਉਪਰੰਤ ਰਾਜ ਲਾਲੀ ਬਟਾਲਾ ਨੇ ਗੁਰਮੁਖ ਭੁੱਲਰ ਤੇ ਉਨ੍ਹਾਂ ਦੀ ਟੀਮ ਨੂੰ ਆਪਣੀ ਸਕਿੱਟ ਪੇਸ਼ ਕਰਨ ਲਈ ਬੁਲਾਇਆ ਤਾਂ ਉਨ੍ਹਾਂ ਦੀ ਤਿਆਰੀ ਹੋਣ ਤਕ ਆਪਣੀ ਗੱਲ ਆਖਣ ਦਾ ਮੌਕਾ ਵੀ ਖੁੰਝਣ ਨਾ ਦਿੱਤਾ ਤੇ ਤਰਨੁਮ ਵਿਚ ਗ਼ਜ਼ਲ ਗਾ ਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਜ਼ਾਹਰ ਕੀਤੀਆਂ। ਪ੍ਰੋਗਰਾਮ ਨੂੰ ਵੱਖਰਾ ਰੰਗ ਦੇਣ ਲਈ ਜਦੋਂ ਬਜ਼ੁਰਗ ਦੇ ਭੇਸ 'ਚ ਆਏ ਗੁਰਮੁਖ ਭੁੱਲਰ ਤੇ ਚਰਨਦੀਪ ਸਿੰਘ ਦੀ ਵਾਰਤਾਲਾਪ ਨੇ ਦਰਸ਼ਕਾਂ ਦੇ ਹੱਸ-ਹੱਸ ਕੇ ਢਿੱਡ ਦੁਖਣ ਲਾ ਦਿਤੇ। ਉਨ੍ਹਾਂ ਆਪਣੀ ਖੂਬਸੂਰਤ ਪੇਸ਼ਕਾਰੀ ਨਾਲ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ।

ਐਸ ਅਸ਼ੋਕ ਭੌਰਾ ਨੇ ਆਪਣੇ ਵੱਖਰੇ ਹੀ ਅੰਦਾਜ਼ ਵਿਚ ਹਮੇਸ਼ਾ ਵਾਂਗ ਸਮਾਂ ਬੰਨ੍ਹ ਦਿੱਤਾ। ਉਨ੍ਹਾਂ ਦੇ ਵਾਰਤਕ ਸੁਣਾਉਣ ਦੇ ਅੰਦਾਜ਼-ਏ-ਬਿਆਂ ਦੇ ਸਭ ਕਾਇਲ ਹੋ ਗਏ ਤੇ ਸਰੋਤੇ ਮੁੜ ਤਰੋ-ਤਾਜ਼ਾ ਮਹਿਸੂਸ ਕਰਨ ਲੱਗੇ। ਉਨ੍ਹਾਂ ਬੜੇ ਹਲਕੇ-ਫੁਲਕੇ ਮਿਜ਼ਾਜ ਨਾਲ ਦੱਸਿਆ ਕਿ ਹੁਣ 'ਭਲਾਈ ਦਾ ਜ਼ਮਾਨਾ' ਨਹੀਂ ਰਿਹਾ। ਮਗਰੋਂ ਯੂਨੀਵਰਸਿਟੀ ਆਫ ਮਿਸ਼ੀਗਨ ਤੋਂ ਮੈਡਮ ਪਿੰਦਰਜੀਤ ਗਿੱਲ ਤੇ ਸਿੱਖ ਸਟੂਡੈਂਟਸ ਐਸੋਸੀਏਸ਼ਨ, ਯੂਨੀਵਰਸਿਟੀ ਆਫ ਸ਼ਿਕਾਗੋ ਤੋਂ ਪੁਜੇ ਜੁਝਾਰ ਸਿੰਘ, ਜਸਕਰਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਲੇਖਕ, ਗੀਤਕਾਰ ਗੁਰਨੇਕ ਝਾਵਰ ਨੇ ਬਹੁਤ ਸੋਹਣੇ ਅੰਦਾਜ਼ 'ਚ ਗੀਤ ਪੇਸ਼ ਕੀਤਾ ਤੇ ਛੋਟੇ ਬੱਚਿਆਂ, ਜਿਨ੍ਹਾਂ ਦੀਆਂ ਟੀ-ਸ਼ਰਟਸ 'ਤੇ ੳ/ਅ ਲਿਖਿਆ ਹੋਇਆ ਸੀ, ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗੀਤ 'ਤੇ ਖੂਬਸੂਰਤ ਭੰਗੜਾ ਪਾਇਆ।



ਪ੍ਰੋਗਰਾਮ ਵਿਚ ਭਾਰਤ ਦੇ ਕੌਂਸਲ ਜਨਰਲ ਅਮਿਤ ਕੁਮਾਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਸਾਰੇ ਪ੍ਰਤੀਭਾਗੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਨੇ ਕੌਂਸਲ ਰਣਜੀਤ ਸਿੰਘ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਤੇ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਭਾਰਤ ਸਰਕਾਰ ਵਲੋਂ ਮਨਾਏ ਜਾ ਰਹੇ 'ਆਜ਼ਾਦੀ ਕਾ ਅੰਮ੍ਰਿਤ ਮਹਾਉਤਸਵ' ਬਾਰੇ ਵੀ ਜਾਣਕਾਰੀ ਦਿਤੀ। ਐਫ ਆਈ ਏ ਦੇ ਪ੍ਰਧਾਨ ਰਾਕੇਸ਼ ਮਲਹੋਤਰਾ ਨੇ ਗੁਰਦਾਸ ਮਾਨ ਦਾ ਗੀਤ 'ਰੋਟੀ' ਗਾ ਕੇ ਸੁਣਾਇਆ। ਇਸ ਮੌਕੇ ਹਾਫਮੈਨ ਅਸਟੇਟ ਦੇ ਮੇਅਰ ਬਿੱਲ ਮਕਲਿਓਡ ਤੇ ਹੈਨਓਵਰ ਪਾਰਕ ਦੇ ਮੇਅਰ ਰੋਡਨੇ ਐਸ ਕਰੇਗ ਨੇ ਵੀ ਸ਼ਮੂਲੀਅਤ ਕੀਤੀ। ਮੇਅਰ ਬਿੱਲ ਮਕਲਿਓਡ ਨੇ ਫਰਵਰੀ ਨੂੰ ਪੰਜਾਬੀ ਭਾਸ਼ਾ ਮਹੀਨਾ ਐਲਾਨਿਆ ਹੈ, ਜੋ ਸਾਰੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

ਜਦੋਂ ਸਾਜਿਦ ਚੌਧਰੀ ਨੂੰ ਸਮਾਂ ਦਿੱਤਾ ਗਿਆ, ਉਸ ਸਮੇਂ ਭਾਵੇਂ ਸਾਰੇ ਖਾਣਾ ਖਾਣ 'ਚ ਮਸਰੂਫ ਸਨ, ਪਰ ਉਨ੍ਹਾਂ ਫਿਰ ਵੀ ਆਪਣੇ ਹੀ ਅੰਦਾਜ਼ 'ਚ ਹਾਸਾ-ਠੱਠਾ ਕਰਦਿਆਂ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਤੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਮਾਂ ਬੋਲੀ ਨੂੰ ਸੰਭਾਲਣ ਦਾ ਸੱਦਾ ਦਿੱਤਾ।

ਇਸ ਮੌਕੇ ਡੈੱਨਮਾਰਕ ਦੀ ਹੀਰ ਅਨੀਤਾ ਲਰਚੇ ਦੀ ਮਿਊਜ਼ਿਕ ਵੀਡੀਓ 'ਸਿਮਰਨ' ਦਾ ਪ੍ਰੀਮੀਅਰ ਕੀਤਾ ਗਿਆ। ਅਨੀਤਾ ਨੇ ਆਪਣੀ ਇਸ ਵੀਡੀਓ ਬਾਰੇ ਜਾਣਕਾਰੀ ਦਿਤੀ, ਜੋ ਵਿਸਾਖੀ 'ਤੇ ਰਿਲੀਜ਼ ਹੋਵੇਗੀ। ਪ੍ਰੋਗਰਾਮ ਦੇ ਅਖੀਰ 'ਚ ਅਨੀਤਾ ਲਰਚੇ ਨੇ ਖ਼ੂਬਸੂਰਤ ਅੰਦਾਜ਼ ਵਿਚ ਹੀਰ ਗਾਈ। ਅਨੀਤਾ ਦਾ ਪਤੀ, ਪੁੱਤਰ ਤੇ ਸੱਸ ਉਸ ਨੂੰ ਗਾਉਂਦੀ ਦੇਖ ਝੂਮ ਰਹੇ ਸਨ। ਮਗਰੋਂ ਡੀ ਜੇ ਨੇ ਢੋਲ ਦੇ ਡਗੇ 'ਤੇ ਸਭ ਨੂੰ ਨੱਚਣ ਲਈ ਮਜਬੂਰ ਕਰ ਦਿਤਾ। ਸਭਨਾਂ ਨੇ ਖੁੱਲ੍ਹ ਕੇ ਭੰਗੜੇ ਪਾਏ ਤੇ ਇਸ ਪ੍ਰੋਗਰਾਮ ਨੂੰ ਯਾਦਗਾਰੀ ਬਣਾ ਦਿੱਤਾ।

ਆਪਣੀ ਮਾਂ ਬੋਲੀ ਨੂੰ ਸਮਰਪਿਤ ਇਸ ਪ੍ਰੋਗਰਾਮ ਵਿਚ ਸ਼ਿਕਾਗੋ ਦੀਆਂ ਨਾਲ ਲਗਦੀਆਂ ਸਟੇਟਾਂ ਇੰਡੀਆਨਾ, ਮਿਸ਼ੀਗਨ, ਓਹਾਇਓ, ਅਤੇ ਵਿਸਕਾਨਸਿਨ ਤੋਂ ਵੀ ਦਰਸ਼ਕ ਅਤੇ ਬੁਲਾਰੇ ਹਾਜ਼ਰ ਸਨ। ਉਘੀਆਂ ਸ਼ਖਸੀਅਤਾਂ ਵਿਚ 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ, ਸਰਵਣ ਸਿੰਘ ਟਿਵਾਣਾ, ਜਗਦੀਸ਼ਰ ਸਿੰਘ ਕਲੇਰ; ਸ਼ਿਕਾਗੋ ਤੋਂ ਠਾਕਰ ਸਿੰਘ ਬਸਾਤੀ, ਡਾ. ਵਿਕਰਮਜੀਤ ਸਿੰਘ, ਰਾਜਿੰਦਰ ਸਿੰਘ ਮਾਗੋ, ਹੈਪੀ ਹੀਰ, ਜਸਕਰਨ ਧਾਲੀਵਾਲ, ਲਖਵੀਰ ਸਹੋਤਾ, ਦਵਿੰਦਰ ਸਿੰਘ ਰੰਗੀ, ਅਮਰਦੇਵ ਸਿੰਘ ਬਦੇਸ਼ਾ, ਪਰਸ਼ਨ ਸਿੰਘ ਮਾਨ, ਅਮਰੀਕ ਸਿੰਘ (ਅਮਰ ਕਾਰਪੈਟ) ਦੇ ਬੇਟੇ ਪਰਮਵੀਰ ਸਿੰਘ, ਇੰਦਰਮੋਹਨ ਸਿੰਘ, ਪਰਮਿੰਦਰ ਸਿੰਘ ਗੋਲਡੀ ਤੇ ਉਘੇ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਤੋਂ ਇਲਾਵਾ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਬੁੱਧੀਜੀਵੀ ਕਾਫੀ ਗਿਣਤੀ ਵਿਚ ਮੌਜੂਦ ਸਨ।

ਹਾਲ ਵਿਚ ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ ਵਲੋਂ ਪੁਸਤਕਾਂ ਦਾ ਸਟਾਲ ਵੀ ਲਾਇਆ ਗਿਆ ਸੀ। ਐਮ.ਐਮ.ਡੀ. ਪੰਜਾਬ ਵਲੋਂ ਵਿਰਾਸਤੀ ਚੀਜ਼ਾਂ ਜਿਵੇਂ ਚਰਖਾ, ਮਧਾਣੀ, ਚੱਕੀ, ਪੀੜ੍ਹੀਆਂ, ਫੁਲਕਾਰੀਆਂ, ਫੱਟੀਆਂ, ਸਾਜ਼ਾਂ, ਚਿਮਟੇ, ਗੱਡੇ ਆਦਿ ਦੀ ਪ੍ਰਦਰਸ਼ਨੀ ਵੀ ਲਾਈ ਗਈ ਸੀ। ਇਨੀਆਂ ਵਿਰਾਸਤੀ ਚੀਜ਼ਾਂ ਤਾਂ ਹੁਣ ਪੰਜਾਬ 'ਚ ਵੀ ਵੇਖਣ ਨੂੰ ਨਹੀਂ ਮਿਲਦੀਆਂ, ਜਿੰਨੀਆਂ ਇਨ੍ਹਾਂ ਪਰਵਾਸੀ ਪੰਜਾਬੀਆਂ ਨੇ ਸਾਂਭੀਆਂ ਹੋਈਆਂ ਹਨ। ਮੁਟਿਆਰਾਂ ਚਰਖੇ ਤੇ ਮਧਾਣੀਆਂ ਨਾਲ ਫੋਟੋਆਂ ਖਿਚਵਾ ਰਹੀਆਂ ਸਨ। ਕਈ ਮਾਪੇ ਆਪਣੇ ਬੱਚਿਆਂ ਨੂੰ ਇਨ੍ਹਾਂ ਵਿਰਾਸਤੀ ਚੀਜ਼ਾਂ ਬਾਰੇ ਦਸ ਰਹੇ ਸਨ, ਉਂਜ ਕਮਾਲ ਦੀ ਗੱਲ ਇਹ ਸੀ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਅੰਗਰੇਜ਼ੀ 'ਚ ਨੋਟ ਲਿਖ ਕੇ ਨੇੜੇ ਰੱਖੇ ਗਏ ਸਨ ਤਾਂ ਕਿ ਸਾਡੀ ਨਵੀਂ ਪੀੜ੍ਹੀ ਆਸਾਨੀ ਨਾਲ ਇਨ੍ਹਾਂ ਬਾਰੇ ਜਾਣ ਸਕੇ, ਜੋ ਸ਼ਲਾਘਾਯੋਗ ਉਪਰਾਲਾ ਹੈ।

ਡਾ. ਖਹਿਰਾ ਨੇ ਪ੍ਰੋਗਰਾਮ ਦੇ ਸਪਾਂਸਰ ਤੇ ਮੈਰੀਅਟ ਹੋਟਲ ਦੇ ਮਾਲਕ ਅਮਰਬੀਰ ਸਿੰਘ ਤੇ ਹੈਰੀ ਘੁਮਾਣ ਦਾ ਧੰਨਵਾਦ ਕੀਤਾ, ਜਿਨ੍ਹਾਂ ਅੱਗੇ ਤੋਂ ਵੀ ਮਾਂ ਬੋਲੀ ਦੀ ਸੇਵਾ 'ਚ ਹਰ ਤਰ੍ਹਾਂ ਦਾ ਯੋਗਦਾਨ ਦੇਣ ਦਾ ਵਚਨ ਦਿੱਤਾ। ਜਸ ਪੰਜਾਬੀ ਦੇ ਫਾਊਂਡਰ ਤੇ ਸੀ ਈ ਓ ਪੈਨੀ ਸੰਧੂ ਦਾ ਸਨਮਾਨ ਅਤੇ ਬਾਕੀ ਸਾਰੇ ਮੀਡੀਏ ਦਾ ਧੰਨਵਾਦ ਕੀਤਾ ਗਿਆ।ਆਏ ਮਹਿਮਾਨਾਂ ਲਈ ਖਾਣਾ ਮਹਾਰਾਜਾ ਰੈਸਟੋਰੈਂਟ ਦੇ ਹੈਪੀ ਹੀਰ ਦਾ ਸੀ। ਪੰਜਾਬੀ ਭਾਈਚਾਰੇ ਦੀ ਭਲਾਈ ਵਿਚ ਯੋਗਦਾਨ ਪਾਉਣ ਵਾਲੇ ਸੱਜਣਾਂ ਦਾ ਮਾਨ-ਸਨਮਾਨ ਮਿਡਵੈਸਟ ਦੀਆਂ ਸੰਸਥਾਵਾਂ ਵਲੋਂ ਕੀਤਾ ਗਿਆ। ਕੁਲ ਮਿਲਾ ਕੇ ਇਹ ਇਕ ਵਧੀਆ ਉਪਰਾਲਾ ਸੀ, ਜੋ ਸ. ਰਣਜੀਤ ਸਿੰਘ, ਰਾਜ ਲਾਲੀ ਬਟਾਲਾ, ਡਾ. ਹਰਜਿੰਦਰ ਖਹਿਰਾ, ਜਸਬੀਰ ਕੌਰ ਮਾਨ, ਰਾਜਿੰਦਰ ਸਿੰਘ ਮਾਗੋ ਤੇ ਪੰਜਾਬੀ ਭਾਈਚਾਰੇ ਦੇ ਉੱਦਮ ਨਾਲ ਯਾਦਗਾਰੀ ਹੋ ਨਿੱਬੜਿਆ।













# ਹੁਣ ਪਿੰਡ-ਪਿੰਡ ਵਿਚ ਸ਼ੁਰੂ ਹੋਈ ਨਸ਼ਿਆਂ ਖਿਲਾਫ ਲਾਮਬੰਦੀ

**ਚੰਡੀਗੜ੍ਹ:** ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਨੂੰ ਨਸ਼ਿਆਂ ਦੀ ਮਾਰ ਇਕ ਵੱਡਾ ਮੁੱਦਾ ਬਣਿਆ ਸੀ ਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਬਣੀ ਕਾਂਗਰਸ ਸਰਕਾਰ ਨੇ ਤੈਅ ਸਮੇਂ ਵਿਚ ਨਸ਼ਿਆਂ ਦਾ ਲੱਕ ਤੋੜਨ ਦਾ ਵਾਅਦਾ ਕੀਤਾ ਸੀ, ਪਰ ਪੰਜ ਸਾਲ ਵਿਚ ਇਸ ਪਾਸੇ ਡੱਕਾ ਨਹੀਂ ਤੋੜਿਆ ਗਿਆ ਤੇ ਇਹ ਸਮੱਸਿਆ ਜਿਉਂ ਦੀ ਤਿਉਂ ਹੈ।

ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਇਸ ਗੰਭੀਰ ਮਸਲੇ ਤੋਂ ਸਿਆਸੀ ਧਿਰਾਂ ਨੇ ਪਾਸਾ ਹੀ ਵੱਟੀ ਰੱਖਿਆ। ਸਰਕਾਰ ਦੀ ਵਾਅਦਾਖਿਲਾਫੀ ਤੋਂ ਅੱਕੇ ਲੋਕਾਂ ਨੇ ਹੁਣ ਹਾਰ ਕੇ ਆਪਣੇ ਪੱਧਰ ਉਤੇ ਹੀ ਕੋਸ਼ਿਸ਼ਾਂ ਵਿੱਢ ਦਿੱਤੀਆਂ ਹਨ। ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਲਝਰਾਣੀ ਦੀ ਪੰਚਾਇਤ ਨੇ ਪਿੰਡ ਵਿਚ ਚਿੱਟਾ ਵੇਚਣ ਵਾਲਿਆਂ ਖਿਲਾਫ਼ ਸਖਤ ਸਟੈਂਡ ਲੈਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਪਿੰਡ ਨਸ਼ੇ ਦੇ ਆਦੀ ਹੋ ਚੁੱਕੇ ਵਿਅਕਤੀਆਂ ਦੇ ਇਲਾਜ ਦਾ ਖਰਚ ਪੰਚਾਇਤ ਵੱਲੋਂ ਉਠਾਉਣ ਦਾ ਫੈਸਲਾ ਕੀਤਾ ਗਿਆ ਹੈ।

ਪਿੰਡ ਦੇ ਲੋਕਾਂ ਦਾ ਗਿਲਾ ਹੈ ਕਿ ਨਸ਼ਾ ਵੇਚਣ ਵਾਲਿਆਂ ਦੀ ਕਥਿਤ ਪਛਾਣ ਹੋਣ ਦੇ ਬਾਵਜੂਦ ਪੁਲਿਸ ਕਾਰਵਾਈ ਕਰਨ ਤੋਂ ਟਾਲਾ ਵੱਟਦੀ ਰਹੀ ਹੈ। ਚਿੱਟਾ ਪੁਲਿਸ ਅਤੇ ਨਸ਼ੇ ਦੇ ਵਪਾਰੀਆਂ ਦੀ ਮਿਲੀਭੁਗਤ ਨਾਲ ਵਿਕਦਾ ਹੈ। ਪੰਚਾਇਤ ਨੇ ਨਸ਼ੇ ਖ਼ਿਲਾਫ਼ ਮੁਹਿੰਮ ਜਾਰੀ ਰੱਖਣ ਦਾ ਅਹਿਦ ਕੀਤਾ ਹੈ। 2014 ਦੀਆਂ ਲੋਕ ਸਭਾ ਚੋਣਾਂ ਸਮੇਂ ਨਸ਼ਿਆਂ ਦਾ ਫੈਲਾਉ ਵੱਡੇ ਮੁੱਦੇ ਵਜੋਂ ਸਾਹਮਣੇ ਆਇਆ ਸੀ। ਤਤਕਾਲੀਨ ਸਰਕਾਰ ਨੇ ਵੱਡੇ ਪੈਮਾਨੇ ਉਤੇ ਪਰਚੇ ਦਰਜ ਕਰ ਕੇ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ ਪਰ ਉਨ੍ਹਾਂ ਵਿਚ ਜ਼ਿਆਦਾਤਰ ਨਸ਼ਾ ਕਰਨ ਵਾਲੇ ਗ੍ਰਿਫ਼ਤਾਰ ਹੋਏ। 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਚਾਰ ਹਫ਼ਤਿਆਂ ਅੰਦਰ ਨਸ਼ਾ ਤਸਕਰਾਂ ਦਾ ਲੱਕ ਤੋੜਨ ਦਾ ਵਾਅਦਾ ਕੀਤਾ ਸੀ। ਵੱਡੇ ਤਸਕਰ ਜਾਂ ਉਨ੍ਹਾਂ ਨੂੰ ਸਰਪ੍ਰਸਤੀ ਦੇਣ ਵਾਲੇ ਨਾ ਫੜੇ ਜਾਣ ਕਰਕੇ ਕੈਪਟਨ ਅਮਰਿੰਦਰ ਸਿੰਘ ਨੂੰ ਕਾਂਗਰਸ ਦੇ ਅੰਦਰੋਂ ਵੀ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਹਾਲ ਹੀ ਵਿਚ ਪੀ.ਜੀ.ਆਈ. ਦੇ ਸਰਵੇ ਵਿਚ ਕਿਹਾ ਗਿਆ ਹੈ ਕਿ ਪੰਜਾਬ ਅੰਦਰ ਹਰ ਸੱਤਵਾਂ ਵਿਅਕਤੀ ਨਸ਼ੇ ਦਾ ਸੇਵਨ ਕਰਦਾ ਹੈ। ਇਨ੍ਹਾਂ ਅੰਕੜਿਆਂ ਵਿਚ ਸ਼ਰਾਬ ਅਤੇ ਤਮਾਕੂ ਦੀ ਵਰਤੋਂ ਕਰਨ ਵਾਲੇ ਵੀ ਸ਼ਾਮਲ ਹਨ। ਇਨ੍ਹਾਂ ਵਿਚ 22 ਲੱਖ ਸ਼ਰਾਬ, 16 ਲੱਖ ਤਮਾਕੂ ਅਤੇ ਦੋ ਲੱਖ ਚਿੱਟੇ ਅਤੇ ਅਜਿਹੇ ਹੋਰ ਨਸ਼ਿਆਂ ਦੇ ਸੇਵਨ ਕਰਨ ਵਾਲੇ ਵਿਅਕਤੀ ਦੱਸੇ ਗਏ ਹਨ।



## ਨਸ਼ਾ ਤਸਕਰਾਂ ਖਿਲਾਫ ਸਖਤ ਹੋਈ ਹਰਿਆਣਾ ਸਰਕਾਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸੂਬੇ ਵਿਚ ਵਧ ਰਹੇ ਨਸ਼ੇ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਸੂਬੇ ਵਿਚ ਨਸ਼ੇ ਦੀ ਰੋਕਥਾਮ ਲਈ ਸਖ਼ਤ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਮਾਜ ਦੇ ਹਰ ਉਮਰ ਵਰਗ ਦੇ ਨਾਗਰਿਕਾਂ ਨੂੰ ਨਸ਼ਾ ਮੁਕਤ ਕਰਨ ਲਈ ਪਿੰਡ, ਵਾਰਡ, ਕਲੱਸਟਰ, ਸਬ-ਡਿਵੀਜ਼ਨ, ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ 10 ਮੈਂਬਰੀ ਟੀਮਾਂ ਦਾ ਗਠਨ ਕੀਤਾ ਹੈ। ਇਸ ਵਿਚ 5 ਸਥਾਨਕ ਅਤੇ 5 ਅਧਿਕਾਰੀ ਸ਼ਾਮਲ ਹੋਣਗੇ ਜਿਨ੍ਹਾਂ ਵੱਲੋਂ ਆਪੋ-ਆਪਣੇ ਇਲਾਕਿਆਂ ਵਿਚ ਨਸ਼ਿਆਂ ਦੀ ਰੋਕਥਾਮ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਨਸ਼ੇ ਦੇ ਆਦੀ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਨਸ਼ਾ ਮੁਕਤੀ ਕੇਂਦਰ ਸਥਾਪਤ ਕੀਤੇ ਜਾਣਗੇ। ਅਜਿਹੇ ਲੋਕਾਂ ਲਈ ਵਿਸ਼ੇਸ਼ ਸੁਝਾਅ, ਸੈਸ਼ਨ ਯਕੀਨੀ ਕੀਤੇ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਮਾੜੇ ਕੰਮਾਂ ਨੂੰ ਛੱਡ ਕੇ ਚੰਗੇ ਪਾਸੇ ਲਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਭਾਰਤੀ ਮੂਲ ਦੀ ਵਿਦਿਆਰਥਣ ਨੇ ਗੋਲਾ ਸੁੱਟਣ ਮੁਕਾਬਲੇ 'ਚ ਜਿੱਤਿਆ ਚਾਂਦੀ ਦਾ ਤਮਗਾ



**ਸੈਕਰਾਮੈਂਟੋ:** ਯੂਨੀਵਰਸਿਟੀ ਆਫ ਟੈਕਸਾਸ, ਐਲ ਪਾਸੋ ਦੀ 19 ਸਾਲਾ ਭਾਰਤੀ ਮੂਲ ਦੀ ਅਮਰੀਕਨ ਵਿਦਿਆਰਥਣ ਕ੍ਰਿਸ਼ਨਾ ਜੈਯਸ਼ੰਕਰ ਨੇ ਕਾਨਫਰੰਸ ਯੂ ਐਸ ਏ ਇਨਡੋਰ ਵਿਖੇ ਹੋਏ ਮੁਕਾਬਲਿਆਂ ਵਿਚ ਗੋਲਾ ਸੁੱਟਣ ਵਿਚ ਚਾਂਦੀ ਦਾ ਤਮਗਾ ਜਿੱਤਿਆ ਹੈ। ਉਹ ਦੂਸਰੀ ਭਾਰਤੀ ਮੂਲ ਦੀ ਲੜਕੀ ਹੈ, ਜਿਸ ਨੇ 15 ਮੀਟਰ ਗੋਲਾ ਸੁੱਟ ਕੇ ਚਾਂਦੀ ਦਾ ਤਮਗਾ ਆਪਣੇ ਨਾਂ ਕੀਤਾ। ਇਸ ਤੋਂ ਪਹਿਲਾਂ ਅੰਬਾਲਾ ਦੀ ਮਨਪ੍ਰੀਤ ਕੌਰ ਨੇ 2016 ਵਿਚ ਦੋਹਾ ਵਿਚ ਹੋਈ ਚੈਂਪੀਅਨਸ਼ਿਪ ਵਿਚ 15.21 ਮੀਟਰ ਗੋਲਾ ਸੁੱਟਿਆ ਸੀ। ਜੈਯਸ਼ੰਕਰ ਨੇ ਇਸ ਸੀਜ਼ਨ ਦੀ ਸ਼ੁਰੂਆਤ 14.10 ਮੀਟਰ ਗੋਲਾ ਸੁੱਟ ਕੇ ਕੀਤੀ ਸੀ ਪਰ ਯੂ.ਐਸ.ਏ. ਇਨਡੋਰ ਮੁਕਾਬਲੇ ਵਿਚ ਉਹ 15 ਮੀਟਰ ਗੋਲਾ ਸੁੱਟਣ ਵਿਚ ਕਾਮਯਾਬ ਰਹੀ। ਜੈਯਸ਼ੰਕਰ ਚੇਨੱਈ (ਭਾਰਤ) ਨਾਲ ਸਬੰਧਤ ਹੈ। ਉਸ ਦੇ ਮਾਤਾ ਪਿਤਾ ਪ੍ਰਸੰਨਾ ਜੈਯਸ਼ੰਕਰ ਤੇ ਜੈਯਸ਼ੰਕਰ ਮੈਨਨ ਮੰਨੇ-ਪ੍ਰਮੰਨੇ ਬਾਸਕਟਬਾਲ ਖਿਡਾਰੀ ਹਨ। ਉਹ ਯੂਨੀਵਰਸਿਟੀ ਆਫ ਟੈਕਸਾਸ ਵਿਚ ਸਕਾਲਰਸ਼ਿਪ 'ਤੇ ਆਈ

# ਔਰਤ ਦੇ ਸਿਰ ਉਪਰ ਵਾਰ ਕਰ ਕੇ ਲੁੱਟਿਆ

**ਨਿਊਯਾਰਕ :** ਨਿਊਯਾਰਕ ਦੇ ਇਕ ਸਬ ਵੇਅ ਸਟੇਸ਼ਨ 'ਤੇ ਇਕ 57 ਸਾਲਾ ਔਰਤ ਦੇ ਸਿਰ ਉਪਰ ਹਥੌੜੇ ਨਾਲ ਵਾਰ ਕਰ ਕੇ ਲੁਟੇਰਾ ਉਸ ਦਾ ਪਰਸ ਖੋਹ ਕੇ ਫਰਾਰ ਹੋ ਗਿਆ। ਪੁਲੀਸ ਨੇ ਇਸ ਮਾਮਲੇ ਵਿਚ ਸ਼ੱਕੀ ਦੋਸ਼ੀ ਨੂੰ ਮਗਰੋਂ ਗ੍ਰਿਫਤਾਰ ਕਰ ਲਿਆ ਹੈ। ਇਹ ਜਾਣਕਾਰੀ ਨਿਊਯਾਰਕ ਸਿਟੀ ਪੁਲਿਸ ਵਿਭਾਗ ਨੇ ਦਿੱਤੀ ਹੈ।

ਨਿਊਯਾਰਕ ਪੁਲਿਸ ਵਿਭਾਗ ਦੇ ਡਿਟੈਕਟਿਵ ਮੁਖੀ ਜੇਮਜ਼ ਏਸਿਜ ਨੇ ਕਿਹਾ ਹੈ ਕਿ ਔਰਤ ਦੀ ਪਛਾਣ ਨੀਨਾ ਰੋਥਸਚਾਈਲਡ ਵਜੋਂ ਹੋਈ ਹੈ, ਜੋ ਨਿਊਯਾਰਕ ਦੇ ਸਿਹਤ ਵਿਭਾਗ ਵਿਚ ਵਿਗਿਆਨੀ ਵਜੋਂ ਕੰਮ ਕਰ ਰਹੀ ਹੈ। ਉਹ ਆਪਣੀ ਡਿਊਟੀ ਖਤਮ ਕਰ ਕੇ ਘਰ ਨੂੰ ਪਰਤ ਰਹੀ ਸੀ ਜਦੋਂ ਉਸ ਉਪਰ ਹਮਲਾ ਹੋਇਆ। ਏਸਿਜ ਅਨੁਸਾਰ ਔਰਤ ਦੀ ਹਾਲਤ ਗੰਭੀਰ ਹੈ। ਉਸ ਨੂੰ ਕੋਰਨੈਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਗ੍ਰਿਫਤਾਰ ਸ਼ੱਕੀ ਹਮਲਾਵਰ ਦੀ ਪਛਾਣ 57 ਸਾਲਾ ਵਿਲੀਅਮ ਬਲੌਂਟ ਵਜੋਂ ਹੋਈ ਹੈ। ਸ਼ਹਿਰ ਵਿਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਡੂੰਘਾਈ ਨਾਲ ਜਾਂਚ ਪੜਤਾਲ ਉਪਰੰਤ ਸ਼ੱਕੀ ਦੀ ਗ੍ਰਿਫਤਾਰੀ ਸੰਭਵ ਹੋਈ ਹੈ। ਪੁਲਿਸ ਨੇ ਮੁਲਜ਼ਮ ਦੀ ਗ੍ਰਿਫਤਾਰੀ ਲਈ 3500 ਡਾਲਰ ਦਾ ਇਨਾਮ ਵੀ ਰੱਖਿਆ ਸੀ। ਉਸ ਵਿਰੁੱਧ ਕਤਲ ਦੀ ਕੋਸ਼ਿਸ ਕਰਨ ਤੇ ਲੁੱਟ-ਖੋਹ ਕਰਨ ਦੇ ਦੋਸ਼ ਲਾਏ ਗਏ ਹਨ।

# ਲਾਸ ਵੇਗਾਸ ਵਿਚ ਪਾਰਟੀ ਦੌਰਾਨ ਚੱਲੀਆਂ ਗੋਲੀਆਂ, ਇਕ ਹਲਾਕ, 14 ਜ਼ਖਮੀ

**ਲਾਸ ਵੇਗਾਸ:** ਲਾਸ ਵੇਗਾਸ ਵਿਚ ਇਕ ਹੁੱਕਾ ਲੌਂਜ ਵਿਚ ਚੱਲ ਰਹੀ ਪਾਰਟੀ ਦੌਰਾਨ ਹੋਈ ਤਕਰਾਰ ਉਪਰੰਤ ਚੱਲੀਆਂ ਗੋਲੀਆਂ ਨਾਲ 14 ਵਿਅਕਤੀ ਜ਼ਖਮੀ ਹੋ ਗਏ ਤੇ ਇਕ ਵਿਅਕਤੀ ਦੀ ਮੌਤ ਹੋ ਗਈ। ਜ਼ਖ਼ਮੀਆਂ ਵਿਚੋਂ ਦੋ ਦੀ ਹਾਲਤ ਨਾਜ਼ੁਕ ਹੈ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਅਧਿਕਾਰੀ ਕੈਪਟਨ ਡੋਰੀ ਕੋਰੇਨ ਨੇ ਕਿਹਾ ਕਿ ਪੁਲਿਸ ਦਾ ਵਿਸ਼ਵਾਸ ਹੈ ਕਿ ਪਾਰਟੀ ਵਿਚ ਦੋ ਵਿਅਕਤੀਆਂ ਵਿਚਾਲੇ ਤਕਰਾਰ ਹੋਣ ਉਪਰੰਤ ਝਗੜਾ ਏਨਾ ਵਧ ਗਿਆ ਕਿ ਗੋਲੀਆਂ ਚੱਲ ਗਈਆਂ। ਉਨ੍ਹਾਂ ਕਿਹਾ ਕਿ ਘਟਨਾ ਉਪਰੰਤ ਸ਼ੱਕੀ ਵਿਅਕਤੀ ਫਰਾਰ ਹੋ ਗਏ ਹਨ ਪਰ ਉਨ੍ਹਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ। ਕੋਰੇਨ ਦਾ ਕਹਿਣਾ ਹੈ ਕਿ ਪੁਲਿਸ ਅਜੇ ਇਹ ਨਹੀਂ ਜਾਣਦੀ ਕਿ ਗੋਲੀਬਾਰੀ ਵਿਚ ਕਿੰਨੇ ਲੋਕ ਸ਼ਾਮਿਲ ਸਨ ਪਰ ਘੱਟੋ-ਘੱਟ ਦੋ ਵਿਅਕਤੀਆਂ ਵਿਚਾਲੇ ਗੋਲੀਆਂ ਚੱਲੀਆਂ ਹੋ ਸਕਦੀਆਂ ਹਨ।

ਕੋਰੇਨ ਨੇ ਪੀੜਤਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ ਤੇ ਕਿਹਾ ਹੈ ਕਿ ਦੋਸ਼ੀਆਂ ਨੂੰ ਜਲਦੀ ਹੀ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ। ਉਨ੍ਹਾਂ ਹੋਰ ਕਿਹਾ ਕਿ ਗੰਨ ਹਿੰਸਾ ਖਤਮ ਕਰਨ ਲਈ ਸਾਨੂੰ ਹੋਰ ਕਾਰਗਰ ਕਦਮ ਚੁਕਣੇ ਪੈਣਗੇ।


LAW OFFICES OF VIVEK MALIK
Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers ਰੀਮੂਵਲ ਡਿਫੈਂਸੀ ਐਂਡ ਵੇਵਰਸ

Languages SPOKEN Punjabi | Hindi | Urdu | Spanish & English



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! ! ਖੁੱਲ੍ਹ ਗਿਆ ਹੈ ! ! !



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ




640 Patrick place, Suite B, Brownsburg, IN 46112
Contact: (317)456-0411

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.


We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

# ਹਿਜਾਬ ਤੋਂ ਬਾਅਦ ਹੁਣ ਸਿੱਖ ਵਿਦਿਆਰਥਣ ਨੂੰ ਦਸਤਾਰ ਉਤਾਰਨ ਦੀ ਹਦਾਇਤ

## ਸਿੱਖ ਭਾਈਚਾਰੇ ਵਿਚ ਰੋਹ ਦੀ ਲਹਿਰ, ਕੇਂਦਰ ਦਾ ਦਖਲ ਮੰਗਿਆ

**ਬੰਗਲੂਰੂ:** ਕਰਨਾਟਕ ਵਿਚ ਹਿਜਾਬ ਵਿਵਾਦ ਤੋਂ ਬਾਅਦ ਹੁਣ ਸਿੱਖ ਵਿਦਿਆਰਥੀਆਂ ਨੂੰ ਵੀ ਦਸਤਾਰ ਸਜਾ ਕੇ ਸਿੱਖਿਆ ਅਦਾਰਿਆਂ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਰਿਹਾ ਹੈ। ਕਰਨਾਟਕ ਵਿਚ ਅੰਮ੍ਰਿਤਧਾਰੀ ਲੜਕੀ ਨੂੰ ਦਸਤਾਰ ਸਜਾ ਕੇ ਵਿਦਿਅਕ ਅਦਾਰੇ ਵਿਚ ਆਉਣ ਤੋਂ ਰੋਕਣ ਦੀ ਘਟਨਾ ਮਗਰੋਂ ਮੰਗਲੂਰੂ ਵਿਚ ਇਕ ਸਕੂਲ ਨੇ ਛੇ ਸਾਲਾ ਸਿੱਖ ਲੜਕੇ ਨੂੰ ਦਸਤਾਰ ਸਜਾਉਣ ਕਰਕੇ ਦਾਖਲਾ ਦੇਣ ਤੋਂ ਨਾਂਹ ਕੀਤੀ ਗਈ ਹੈ।



ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕਰਨਾਟਕ ਦੇ ਮੁੱਖ ਮੰਤਰੀ ਨੂੰ ਇਕ ਪੱਤਰ ਭੇਜ ਕੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਹੈ। ਉਨ੍ਹਾਂ ਦੋਸ਼ੀਆਂ ਨੂੰ ਤੁਰਤ ਗ੍ਰਿਫਤਾਰ ਕਰਨ ਅਤੇ ਸਜ਼ਾਵਾਂ ਦੇਣ ਲਈ ਕਿਹਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਰਨਾਟਕ ਦੇ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਕਿ ਬੰਗਲੂਰੂ ਦੇ ਸਬੰਧਤ ਵਿੱਦਿਅਕ ਅਦਾਰੇ ਕੋਲੋਂ ਜਵਾਬ ਤਲਬੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਧਾਰਮਿਕ ਆਜ਼ਾਦੀ ਨੂੰ ਦਬਾਉਣ ਦੇ ਵਰਤਾਰੇ ਨੂੰ ਸਿੱਖ ਭਾਈਚਾਰਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ 80 ਫੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਇਸੇ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਤੋਂ ਵੀ ਮੰਗ ਕੀਤੀ ਹੈ ਕਿ ਉਹ ਅਜਿਹੇ ਮਾਮਲਿਆਂ ਵਿਚ ਦਖ਼ਲ ਦੇਣ ਅਤੇ ਹਰ ਸੂਬੇ ਨੂੰ ਲੋਕਾਂ ਦੀ ਧਾਰਮਿਕ ਆਜ਼ਾਦੀ ਬਰਕਰਾਰ ਰੱਖਣ ਦੀਆਂ ਹਦਾਇਤਾਂ ਜਾਰੀ ਕਰਨ।

ਹਵਾਰਾ ਕਮੇਟੀ ਨੇ ਆਖਿਆ ਕਿ ਵਿੱਦਿਅਕ ਅਦਾਰੇ ਦੇ ਇਸ ਫੈਸਲੇ ਕਾਰਨ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਕਮੇਟੀ ਆਗੂ ਪ੍ਰੋ. ਬਲਜਿੰਦਰ ਸਿੰਘ ਨੇ ਦੱਸਿਆ ਕਿ ਵਿਦਿਆਰਥਣ ਦੇ ਪਿਤਾ ਗੁਰਚਰਨ ਸਿੰਘ ਨੇ ਇਸ ਸਬੰਧੀ ਬੰਗਲੂਰੂ ਦੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਨੂੰ ਪੱਤਰ ਭੇਜ ਕੇ ਜਾਣੂ ਕਰਵਾਇਆ ਹੈ। ਵਿਦਿਆਰਥਣ ਪ੍ਰੀ-ਯੂਨੀਵਰਸਿਟੀ ਦੇ ਪਹਿਲੇ ਸਾਲ ਦੀ ਵਿਦਿਆਰਥਣ ਹੈ ਅਤੇ ਕਾਲਜ ਪ੍ਰਬੰਧਕਾਂ ਨੇ ਉਸ ਨੂੰ ਦਫਤਰ ਬੁਲਾ ਕੇ ਦਸਤਾਰ ਉਤਾਰਨ ਲਈ ਕਿਹਾ, ਜਿਸ 'ਤੇ ਉਸ ਨੇ ਮਨ੍ਹਾਂ ਕਰ ਦਿੱਤਾ।

ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਇਸ ਨੂੰ ਨਿੰਦਣਯੋਗ ਫੈਸਲਾ ਆਖਿਆ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਜਾਗੋ ਪਾਰਟੀ ਦੇ ਮੁਖੀ ਮਨਜੀਤ ਸਿੰਘ ਜੀਕੇ ਨੇ ਇਸ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਇਸ ਫੈਸਲੇ ਨੂੰ ਕਰਨਾਟਕ ਹਾਈ ਕੋਰਟ ਅਤੇ ਸੁਪਰੀਮ ਕੋਰਟ ਤੋਂ ਇਲਾਵਾ ਕੌਮੀ ਘੱਟ ਗਿਣਤੀ ਕਮਿਸ਼ਨ ਕੋਲ ਵੀ ਲਿਜਾਇਆ ਜਾਵੇਗਾ।

ਹਿਜਾਬ ਬਾਰੇ ਕਰਨਾਟਕ ਹਾਈ ਕੋਰਟ ਦੇ ਅੰਤਰਿਮ ਹੁਕਮਾਂ ਮਗਰੋਂ ਇਥੋਂ ਦੇ ਇਕ ਕਾਲਜ ਨੇ ਅੰਮ੍ਰਿਤਧਾਰੀ ਸਿੱਖ ਵਿਦਿਆਰਥਣ ਨੂੰ ਦਸਤਾਰ ਉਤਾਰਨ ਲਈ ਕਿਹਾ। ਕਰਨਾਟਕ ਹਾਈ ਕੋਰਟ ਨੇ ਹਿਜਾਬ ਵਿਵਾਦ ਨਾਲ ਸਬੰਧਤ ਚੱਲ ਰਹੇ ਕੇਸ 'ਚ ਅੰਤਰਿਮ ਹੁਕਮਾਂ 'ਚ ਸੂਬੇ ਦੇ ਸਾਰੇ ਵਿਦਿਆਰਥੀਆਂ ਨੂੰ ਜਮਾਤਾਂ ਅੰਦਰ ਭਗਵਾਂ ਸ਼ਾਲਾਂ, ਸਕਾਰਫ, ਹਿਜਾਬ ਅਤੇ ਹੋਰ ਕੋਈ ਧਾਰਮਿਕ ਚਿੰਨ੍ਹ ਪਹਿਨਣ 'ਤੇ ਰੋਕ ਲਾਈ ਹੋਈ ਹੈ।

ਕਾਲਜ ਅਧਿਕਾਰੀਆਂ ਨੇ ਕਿਹਾ ਕਿ ਜਦੋਂ ਵਿਦਿਅਕ ਅਦਾਰੇ 16 ਫਰਵਰੀ ਨੂੰ ਮੁੜ ਤੋਂ ਖੁੱਲ੍ਹੇ ਸਨ ਤਾਂ ਸਾਰੇ ਵਿਦਿਆਰਥੀਆਂ ਨੂੰ ਅਦਾਲਤ ਦੇ ਹੁਕਮਾਂ ਦੀ ਜਾਣਕਾਰੀ ਦੇ ਦਿੱਤੀ ਗਈ ਸੀ। ਪ੍ਰੀ-ਯੂਨੀਵਰਸਿਟੀ ਸਿੱਖਿਆ ਦੇ ਡਿਪਟੀ ਡਾਇਰੈਕਟਰ ਨੇ ਇਸ ਹਫਤੇ ਦੇ ਸ਼ੁਰੂ 'ਚ ਜਦੋਂ ਕਾਲਜ ਦਾ ਦੌਰਾ ਕੀਤਾ ਸੀ ਤਾਂ ਉਨ੍ਹਾਂ ਕੁਝ ਵਿਦਿਆਰਥਣਾਂ ਨੂੰ ਹਿਜਾਬ 'ਚ ਦੇਖਿਆ। ਉਨ੍ਹਾਂ ਵਿਦਿਆਰਥਣਾਂ ਨੂੰ ਅਦਾਲਤ ਦੇ ਹੁਕਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਸ ਦੀ ਪਾਲਣਾ ਕਰਨ ਲਈ ਕਿਹਾ। ਇਨ੍ਹਾਂ ਵਿਦਿਆਰਥਣਾਂ ਨੇ ਮੰਗ ਕੀਤੀ ਸੀ ਕਿ ਸਿੱਖਾਂ ਸਮੇਤ ਕਿਸੇ ਵੀ ਲੜਕੀ ਨੂੰ ਧਾਰਮਿਕ ਚਿੰਨ੍ਹ ਪਹਿਨਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਹੈ। ਕਾਲਜ ਨੇ ਸਿੱਖ ਲੜਕੀ ਦੇ ਪਿਤਾ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਅਦਾਲਤ ਦੇ ਹੁਕਮਾਂ ਦੀ ਜਾਣਕਾਰੀ ਦਿੰਦਿਆਂ ਇਸ ਦੇ ਪਾਲਣ 'ਤੇ ਜੋਰ ਦਿੱਤਾ। ਉਧਰ, ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਰਨਾਟਕ ਦੇ ਮੁੱਖ ਮੰਤਰੀ ਆਸਵਰਾਜ ਬੋਮਈ ਨੂੰ ਪੱਤਰ ਲਿਖ ਕੇ ਘਟਨਾ ਪ੍ਰਤੀ ਚਿੰਤਾ ਜ਼ਾਹਿਰ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨੇ ਵੀ ਕੇਂਦਰ ਸਰਕਾਰ ਤੋਂ ਦਸਤਾਰ ਅਤੇ ਪੰਜ ਕਕਾਰਾਂ ਨੂੰ ਸੰਵਿਧਾਨਕ ਸੁਰੱਖਿਆ ਦੇਣ ਲਈ ਸੰਵਿਧਾਨ ਵਿਚ ਸੋਧ ਲਿਆਉਣ ਦੀ ਮੰਗ ਕੀਤੀ ਹੈ।

### ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਨਿੰਦਾ

**ਅੰਮ੍ਰਿਤਸਰ:** ਕਰਨਾਟਕ ਦੇ ਸ਼ਹਿਰ ਬੈਂਗਲੁਰੂ ਸਥਿਤ ਇਕ ਕਾਲਜ ਦੇ ਪ੍ਰਬੰਧਕਾਂ ਵੱਲੋਂ ਇਥੇ ਸਿੱਖਿਆ ਪ੍ਰਾਪਤ ਕਰ ਰਹੀ ਗੁਰਸਿੱਖ ਅੰਮ੍ਰਿਤਧਾਰੀ ਵਿਦਿਆਰਥਣ ਨੂੰ ਦਸਤਾਰ ਉਤਾਰ ਕੇ ਆਉਣ ਦਾ ਫਰਮਾਨ ਜਾਰੀ ਕਰਨ ਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨਿੰਦਾ ਕੀਤੀ ਹੈ। ਜਥੇਦਾਰ ਨੇ ਇਸ ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧੀ ਤੁਰਤ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ, ਉਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਰਨਾਟਕ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਅਤੇ ਪ੍ਰਧਾਨ ਮੰਤਰੀ ਨੂੰ ਅਪੀਲ ਕਰਕੇ ਦੇਸ਼ ਅਤੇ ਕਰਨਾਟਕ ਸੂਬੇ ਅੰਦਰ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੀ ਬਰਕਰਾਰੀ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

## ਉਘੇ ਲੋਕ ਪੱਖੀ ਗਾਇਕ ਅਮਰਜੀਤ ਗੁਰਦਾਸਪੁਰੀ ਦਾ ਚਲਾਣਾ

**ਡੇਰਾ ਬਾਬਾ ਨਾਨਕ:** ਉਘੇ ਲੋਕ ਪੱਖੀ ਗਾਇਕ ਅਮਰਜੀਤ ਗੁਰਦਾਸਪੁਰੀ (92) ਦਾ ਪਿੰਡ ਉਦੋਵਾਲੀ ਵਿਚ ਦੇਹਾਂਤ ਹੋ ਗਿਆ। ਉਹ ਬੀਤੇ ਕੁਝ ਦਿਨਾਂ ਤੋਂ ਬਿਮਾਰ ਸਨ। ਇਪਟਾ ਦੇ ਬਾਨੀਆਂ 'ਚੋਂ ਇਕ ਗੁਰਦਾਸਪੁਰੀ ਨੇ ਲਗਭਗ 40 ਸਾਲਾਂ ਤੱਕ ਰੇਡੀਓ 'ਤੇ ਗੀਤ ਗਾਏ ਹਨ।



ਪੰਜਾਬ ਕਲਾ ਪ੍ਰੀਸ਼ਦ ਦੇ ਮੀਡੀਆ ਅਧਿਕਾਰੀ ਅਤੇ ਲੇਖਕ ਨਿੰਦਰ ਘੁਗਿਆਣਵੀ ਨੇ 2010 ਵਿਚ ਅਮਰਜੀਤ ਗੁਰਦਾਸਪੁਰੀ 'ਤੇ 'ਮੇਰੀਆਂ ਪੈੜਾਂ' ਨਾਂ ਦੀ ਦਸਤਾਵੇਜ਼ੀ ਫਿਲਮ ਬਣਾਈ ਸੀ। ਸ੍ਰੀ ਘੁਗਿਆਣਵੀ ਨੇ ਦੱਸਿਆ ਕਿ ਕਲਾ ਪ੍ਰੀਸ਼ਦ ਵੱਲੋਂ ਉਨ੍ਹਾਂ ਨੂੰ ਥੋੜ੍ਹਾ ਸਮਾਂ ਪਹਿਲਾਂ ਹੀ 'ਗੌਰਵ ਪੰਜਾਬ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਪੰਜਾਬ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਗਿੱਲ ਤੇ ਖੇਡ ਪ੍ਰਮੋਟਰ ਐਸ.ਪੀ. ਪ੍ਰਿਥੀ ਸਿੰਘ ਨੇ ਅਮਰਜੀਤ ਗੁਰਦਾਸਪੁਰੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਦੇ ਨਾਲ ਹੀ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਚੇਅਰਮੈਨ ਡਾ. ਸੁਰਜੀਤ ਪਾਤਰ, ਉਪ ਚੇਅਰਮੈਨ ਡਾ. ਯੋਗਰਾਜ ਅਤੇ ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰ ਕੇਂਦਰ ਬਟਾਲਾ ਦੇ ਪ੍ਰਧਾਨ ਡਾ. ਰਵਿੰਦਰ, ਮੀਤ ਪ੍ਰਧਾਨ ਦੇਵਿੰਦਰ ਦੀਦਾਰ, ਸ਼ਾਇਰ ਜਸਵੰਤ ਹਾਂਸ, ਰਿਆੜਕੀ ਸੱਥ ਹਰਪੁਰਾ ਧੰਦੋਈ ਦੇ ਮੁੱਖ ਸੇਵਾਦਾਰ ਸੂਬਾ ਸਿੰਘ ਖਹਿਰਾ ਸਮੇਤ ਹੋਰ ਕਲਾ ਪ੍ਰੇਮੀਆਂ ਨੇ ਅਮਰਜੀਤ ਗੁਰਦਾਸਪੁਰੀ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ ਹੈ।

## ਅਟਾਰੀ ਸਰਹੱਦ 'ਤੇ ਰੀਟਰੀਟ ਰਸਮ ਨੂੰ ਮੁੜ ਪ੍ਰਵਾਨਗੀ

**ਅੰਮ੍ਰਿਤਸਰ:** ਕਰੋਨਾ ਦੇ ਕੇਸਾਂ ਵਿਚ ਕਮੀ ਆਉਣ ਤੋਂ ਬਾਅਦ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ ਨੇ ਅਟਾਰੀ ਸਰਹੱਦ 'ਤੇ ਹੁੰਦੀ ਝੰਡਾ ਉਤਾਰਨ ਦੀ ਰਸਮ ਦੇਖਣ ਵਾਸਤੇ ਦਰਸ਼ਕਾਂ ਦੇ ਦਾਖਲੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਕਰੋਨਾ ਦੇ ਕੇਸਾਂ ਵਿਚ ਵਾਧਾ ਹੋਣ ਕਾਰਨ ਅਟਾਰੀ-ਵਾਹਗਾ ਸਰਹੱਦ 'ਤੇ ਹਰ ਸ਼ਾਮ ਨੂੰ ਹੁੰਦੀ ਰੀਟਰੀਟ ਰਸਮ ਲਈ ਦਰਸ਼ਕਾਂ ਦੀ ਸ਼ਮੂਲੀਅਤ 'ਤੇ ਰੋਕ ਲਾ ਦਿੱਤੀ ਗਈ ਸੀ।



ਇਸ ਸਬੰਧੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ ਨੇ ਕਿਹਾ ਕਿ ਕਰੋਨਾ ਸਬੰਧੀ ਨਵੇਂ ਨਿਯਮਾਂ ਨੂੰ ਧਿਆਨ ਵਿਚ ਰਖਦਿਆਂ ਅਟਾਰੀ ਸਰਹੱਦ 'ਤੇ ਰੀਟਰੀਟ ਰਸਮ ਵੇਖਣ ਲਈ ਗੈਲਰੀ ਦੀ ਸਮਰੱਥਾ ਤੋਂ ਅੱਧੀ ਗਿਣਤੀ (ਦਸ ਹਜ਼ਾਰ) ਦਰਸ਼ਕਾਂ ਦੀ ਸ਼ਮੂਲੀਅਤ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰੋਨਾ ਨਿਯਮਾਂ ਵਿਚ ਦਿੱਤੀ ਛੋਟ ਤਹਿਤ ਕਿਸੇ ਵੀ ਵੱਡੇ ਹਾਲ ਵਿਚ ਡੇਢ ਸੌ ਵਿਅਕਤੀਆਂ ਅਤੇ ਖੁੱਲ੍ਹੇ ਪੰਡਾਲ ਵਿਚ 300 ਵਿਅਕਤੀਆਂ ਨੂੰ ਇਕੱਠੇ ਹੋਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਅਟਾਰੀ ਸਰਹੱਦ 'ਤੇ ਦਰਸ਼ਕ ਗੈਲਰੀ ਵਿਚ ਲਗਭਗ 25 ਹਜ਼ਾਰ ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਹੈ। ਬੀ.ਐਸ.ਐਫ. ਅਧਿਕਾਰੀਆਂ ਨੇ ਪ੍ਰਸ਼ਾਸਨ ਵੱਲੋਂ ਜਾਰੀ ਇਨ੍ਹਾਂ ਆਦੇਸ਼ਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਰੀਟਰੀਟ ਰਸਮ ਵਿਚ ਪਹਿਲਾਂ ਆਉਣ ਵਾਲੇ ਦਰਸ਼ਕਾਂ ਨੂੰ ਹੀ ਨਿਰਧਾਰਤ ਗਿਣਤੀ ਮੁਤਾਬਕ ਆਗਿਆ ਦਿੱਤੀ ਜਾਵੇਗੀ।

## ਮਨੀਲਾ ਵਿਚ ਗੋਲੀਆਂ ਮਾਰ ਕੇ ਪੰਜਾਬੀ ਨੌਜਵਾਨ ਦੀ ਹੱਤਿਆ

**ਆਦਮਪੁਰ ਦੋਆਬਾ:** ਨੇੜਲੇ ਪਿੰਡ ਹਰੀਪੁਰ ਦੇ ਵਾਸੀ ਭੁਪਿੰਦਰ ਸਿੰਘ ਦੇ ਪੁੱਤਰ ਸੁਖਵੀਰ ਸਿੰਘ ਉਰਫ ਵਿਜੈ ਦੀ ਮਨੀਲਾ ਵਿਚ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਸੁਖਵੀਰ ਸਿੰਘ ਉਰਫ ਵਿਜੈ ਆਪਣੇ ਕੰਮ ਸਬੰਧੀ ਦੁਕਾਨਾਂ ਤੋਂ ਉਗਰਾਹੀ ਕਰ ਰਿਹਾ ਸੀ। ਇਸੇ ਦੌਰਾਨ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ ਤੇ ਉਸ ਦੀ ਬਾਅਦ ਵਿਚ ਮੌਤ ਹੋ ਗਈ ਹੈ। ਇਸ ਘਟਨਾ ਦੀ ਖਬਰ ਮਗਰੋਂ ਪੂਰੇ ਇਲਾਕੇ ਵਿਚ ਸੋਗ ਹੈ। ਪਰਿਵਾਰ ਨੇ ਮੰਗ ਕੀਤੀ ਹੈ ਕਿ ਸੁਖਵੀਰ ਦੀ ਲਾਸ਼ ਵਤਨ ਲਿਆਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ।

## ਕਰਤਾਰਪੁਰ ਲਾਂਘੇ ਲਈ ਪਾਸਪੋਰਟ ਸ਼ਰਤ ਹਟਾਉਣ ਦੀ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਨੂੰ ਕਰਤਾਰਪੁਰ ਲਾਂਘੇ ਲਈ ਰੱਖੀ ਪਾਸਪੋਰਟ ਦੀ ਸ਼ਰਤ ਖਤਮ ਕਰਨ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦੇ ਇੱਛਕ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖਤਮ ਕੀਤੀ ਜਾਣੀ ਚਾਹੀਦੀ ਹੈ।



ਵੱਡੀ ਗਿਣਤੀ ਲੋਕਾਂ ਕੋਲ ਪਾਸਪੋਰਟ ਨਹੀਂ ਹਨ ਪਰ ਉਹ ਸਰਹੱਦ ਪਾਰ ਗੁਰੂ ਘਰ ਦੇ ਦਰਸ਼ਨਾਂ ਦੀ ਇੱਛਾ ਰੱਖਦੇ ਹਨ। ਇਸ ਕਰਕੇ ਸ਼ਨਾਖ਼ਤ ਲਈ ਪਾਸਪੋਰਟ ਦੀ ਥਾਂ ਹੋਰ ਦਸਤਾਵੇਜ਼ ਵਰਤੇ ਜਾਣੇ ਚਾਹੀਦੇ ਹਨ। ਖਾਸ ਕਰਕੇ ਸੀਨੀਅਰ ਸਿਟੀਜਨਜ ਲਈ ਇਹ ਸ਼ਰਤ ਬਿਲਕੁਲ ਖਤਮ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਡੇਰੀ ਉਮਰ ਦੇ ਕਈ ਲੋਕ ਦੇਸ਼ ਦੀ ਵੰਡ ਦਾ ਸ਼ਿਕਾਰ ਹੋ ਕੇ ਇੱਧਰ ਆ ਵਸੇ ਸਨ। ਉਹ ਆਪਣੀ ਜਨਮ ਭੋਇੰ ਦੇ ਦਰਸ਼ਨ ਕਰਨੇ ਚਾਹੁੰਦੇ ਹਨ।

ਸ਼੍ਰੋਮਣੀ ਕਮੇਟੀ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਫਰਲੋ ਦੌਰਾਨ ਵੱਡੀ ਸੁਰੱਖਿਆ ਛਤਰੀ ਮੁਹੱਈਆ ਕਰਵਾਉਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਵਿਅਕਤੀ ਸੰਗੀਨ ਅਪਰਾਧ ਹੇਠ ਸਜਾ ਭੁਗਤ ਰਿਹਾ ਹੈ। ਸਿਰਫ ਤਿੰਨ ਸਾਲ ਦੀ ਸਜਾ ਦੌਰਾਨ ਹੀ ਉਸ ਨੂੰ ਨਾ ਸਿਰਫ ਫਰਲੋ ਦਿੱਤੀ ਗਈ ਹੈ, ਸਗੋਂ ਸਖਤ ਸੁਰੱਖਿਆ ਪ੍ਰਬੰਧ ਵੀ ਕੀਤੇ ਗਏ ਹਨ। ਇਹ ਗਲਤ ਰੁਝਾਨ ਹੈ। ਸਰਕਾਰਾਂ ਦੇ ਅਜਿਹੇ ਫੈਸਲੇ ਸਿੱਖਾਂ ਨਾਲ ਵਿਤਕਰਾ ਵੀ ਹਨ। ਇਕ ਪਾਸੇ ਢਾਈ ਤੋਂ ਤਿੰਨ ਦਹਾਕੇ ਦੀ ਸਜਾ ਭੁਗਤ ਕੇ ਕਈ ਸਿੱਖ ਬੰਦੀ ਅਜੇ ਵੀ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਨੂੰ ਪੈਰੋਲ ਵੀ ਨਹੀਂ ਦਿੱਤੀ ਜਾ ਰਹੀ। ਦੂਜੇ ਪਾਸੇ ਡੇਰਾ ਮੁਖੀ ਨੂੰ ਫਰਲੋ ਦੇ ਨਾਲ ਸੁਰੱਖਿਆ ਵੀ ਦਿੱਤੀ ਗਈ ਹੈ।

## ਬਹਿਬਲ ਗੋਲੀ ਕਾਂਡ: ਕੇਸ ਰੱਦ ਕਰਵਾਉਣ ਲਈ ਹਾਈ ਕੋਰਟ ਪੁੱਜੇ ਮੁਲਜ਼ਮ

**ਫਰੀਦਕੋਟ:** ਬਹਿਬਲ ਕਲਾਂ ਗੋਲੀ ਕਾਂਡ 'ਚ ਮੁਲਜ਼ਮ ਵਜੋਂ ਨਾਮਜ਼ਦ ਪੁਲਿਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਬਹਿਬਲ ਗੋਲੀਕਾਂਡ ਦਾ ਚਲਾਨ, ਜੋ ਵਧੀਕ ਸੈਸ਼ਨ ਜੱਜ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ, ਰੱਦ ਕੀਤਾ ਜਾਵੇ।



ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਦੋ ਹਫਤਿਆਂ ਵਿਚ ਪਟੀਸ਼ਨ ਦਾ ਜਵਾਬ ਅਦਾਲਤ ਵਿਚ ਦਾਖਲ ਕਰਨ ਦੇ ਹੁਕਮ ਦਿੱਤੇ ਹਨ। ਮੁਲਜ਼ਮਾਂ ਨੇ ਹਾਈ ਕੋਰਟ ਤੋਂ ਮੰਗ ਕੀਤੀ ਕਿ ਜਦੋਂ ਤੱਕ ਪਟੀਸ਼ਨ 'ਤੇ ਸੁਣਵਾਈ ਚੱਲਦੀ ਹੈ, ਉਨ੍ਹਾਂ ਚਿਰ ਫਰੀਦਕੋਟ ਅਦਾਲਤ ਵਿਚ ਚੱਲਦੇ ਮੁਕੱਦਮੇ ਦੀ ਸੁਣਵਾਈ ਉੱਪਰ ਰੋਕ ਲਾਈ ਜਾਵੇ ਪਰ ਹਾਲ ਦੀ ਘੜੀ ਹਾਈ ਕੋਰਟ ਨੇ ਰੋਕ ਲਾਉਣ ਤੋਂ ਇਨਕਾਰ ਕੀਤਾ ਹੈ। ਇਸ ਕੇਸ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਐਸ.ਪੀ. ਬਿਕਰਮ ਸਿੰਘ ਅਤੇ ਥਾਣਾ ਬਾਜਾਖਾਨਾ ਦੇ ਐਸ.ਐਚ.ਓ. ਅਮਰਜੀਤ ਸਿੰਘ ਕੁਲਾਰ ਮੁਲਜ਼ਮ ਵਜੋਂ ਨਾਮਜ਼ਦ ਹਨ। ਇਨ੍ਹਾਂ ਪੁਲਿਸ ਅਧਿਕਾਰੀਆਂ ਨੇ ਆਪਣੀ ਪਟੀਸ਼ਨ ਵਿਚ ਕਿਹਾ ਹੈ ਕਿ ਜਾਂਚ ਟੀਮ ਨੇ ਹਮਲਾਵਰਾਂ ਉਪਰ ਕਾਰਵਾਈ ਕਰਨ ਦੀ ਥਾਂ ਪੁਲਿਸ ਅਧਿਕਾਰੀਆਂ ਨੂੰ ਹੀ ਦੋਸ਼ੀ ਵਜੋਂ ਨਾਮਜ਼ਦ ਕਰ ਦਿੱਤਾ।

ਪੰਜਾਬ ਟਾਈਮਜ਼

ਸਨਿਚਰਵਾਰ, 5 ਮਾਰਚ 2022

# ਜੰਗ ਦੀ ਸਿਆਸਤ

ਪਿਛਲੀ ਸਦੀ ਦੇ ਆਖਰੀ ਦਹਾਕੇ ਦੌਰਾਨ ਜਦੋਂ ਸੋਵੀਅਤ ਯੂਨੀਅਨ ਟੁੱਟ ਕੇ ਬਿਖਰ ਗਿਆ ਸੀ ਤਾਂ ਕਈ ਮਾਹਿਰਾਂ ਨੇ ਪੇਸ਼ੀਨਗੋਈ ਕੀਤੀ ਸੀ ਕਿ ਹੁਣ ਸੰਸਾਰ ਭਰ ਵਿਚ ਹਥਿਆਰਾਂ ਦੀ ਦੌੜ ਵਿਚ ਕਮੀ ਆਵੇਗੀ ਪਰ ਮਾਹਿਰਾਂ ਦੇ ਇਹ ਅੰਦਾਜ਼ੇ ਸੱਚ ਸਾਬਤ ਨਹੀਂ ਹੋ ਸਕੇ ਬਲਕਿ ਅਮਰੀਕਾ ਦੀ ਅਗਵਾਈ ਹੇਠਲੀਆਂ ਸਾਮਰਾਜੀ ਸ਼ਕਤੀਆਂ ਨੇ ਸਾਮਵਾਦ/ਸਮਾਜਵਾਦ (ਕਮਿਊਨਿਜ਼ਮ/ਸੋਸ਼ਲਿਜ਼ਮ) ਦੀ ਥਾਂ ਇਸਲਾਮ ਦੇ ਰੂਪ ਵਿਚ ਨਵਾਂ 'ਦੁਸ਼ਮਣ' ਲੱਭ ਕੇ ਆਪਣੀਆਂ ਜੰਗੀ ਕਾਰਵਾਈਆਂ ਜਾਰੀ ਰੱਖੀਆਂ। ਇਨ੍ਹਾਂ ਵਿਕਸਿਤ ਮੁਲਕਾਂ ਦਾ ਏਜੰਡਾ ਅਸਲ ਵਿਚ ਸੰਸਾਰ ਦੀ ਹਥਿਆਰ ਸਨਅਤ ਨਾਲ ਜੁੜਿਆ ਹੋਇਆ ਹੈ। 2016 ਤੋਂ 2020 ਦਰਮਿਆਨ ਚਹੁੰ ਸਾਲਾਂ ਦੌਰਾਨ ਸੰਸਾਰ ਦੇ ਵੱਖ-ਵੱਖ ਮੁਲਕਾਂ ਜਿੰਨੇ ਹਥਿਆਰ ਵੇਚੇ ਹਨ, ਉਨ੍ਹਾਂ ਦਾ 37 ਫੀਸਦ ਹਿੱਸਾ ਇਕੱਲੇ ਅਮਰੀਕਾ ਦਾ ਹੈ। ਇਸ ਵਿਚ ਰੂਸ ਦਾ ਹਿੱਸਾ 20 ਫੀਸਦ ਹੈ। ਹਥਿਆਰ ਖਰੀਦਣ ਦੇ ਮਾਮਲੇ ਵਿਚ ਭਾਰਤ ਸਭ ਤੋਂ ਵੱਡਾ ਖਰੀਦਦਾਰ ਹੈ। ਜ਼ਾਹਿਰ ਹੈ ਕਿ ਸੰਸਾਰ ਦੇ ਅਖੌਤੀ ਵਿਕਸਿਤ ਮੁਲਕ ਹੋਰਾਂ ਮੁਲਕਾਂ ਨੂੰ ਹਥਿਆਰ ਵੇਚ ਕੇ ਆਪਣੀ ਆਰਥਿਕਤਾ ਮਜ਼ਬੂਤ ਕਰਦੇ ਹਨ। ਇਸ ਦੇ ਉਲਟ ਹਥਿਆਰ ਖਰੀਦਣ ਵਾਲੇ ਮੁਲਕਾਂ ਅੰਦਰ ਸਿੱਖਿਆ, ਸਿਹਤ, ਰੁਜ਼ਗਾਰ ਵਰਗੇ ਸੰਕਟ ਨਿੱਤ ਦਿਨ ਵਧਦੇ ਜਾਂਦੇ ਹਨ। ਹੁਣ ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ ਹੈ ਤਾਂ ਇਸ ਨਾਲ ਹਥਿਆਰਾਂ ਦੀ ਦੌੜ ਹੋਰ ਤੇਜ਼ ਹੋਣ ਦਾ ਖਦਸ਼ਾ ਹੈ। ਇਹ ਮੰਨਿਆ ਹੋਇਆ ਤੱਥ ਹੈ ਕਿ ਕਿਸੇ ਵੀ ਮੁਲਕ ਦੇ ਲੋਕ ਜੰਗ ਨਹੀਂ ਚਾਹੁੰਦੇ ਕਿਉਂਕਿ ਜੰਗ ਦਾ ਸਾਰਾ ਭਾਰ ਆਮ ਲੋਕਾਂ 'ਤੇ ਹੀ ਪੈਂਦਾ ਹੈ ਪਰ ਹੁਕਮਰਾਨ ਆਪੋ-ਆਪਣੇ ਸੌੜੇ ਹਿਤਾਂ ਖਾਤਰ ਅਜਿਹੀਆਂ ਮਾਰੂ ਕਾਰਵਾਈ ਕਰਦੇ ਰਹਿੰਦੇ ਹਨ। ਸਾਫ ਜਿਹੀ ਗੱਲ ਹੈ ਕਿ ਅਮਰੀਕਾ ਅਤੇ ਇਸ ਦੇ ਸਹਿਯੋਗੀ ਯੂਕਰੇਨ ਅਤੇ ਇਸ ਦੇ ਆਸ-ਪਾਸ ਵਾਲੇ ਖੇਤਰ ਵਿਚ ਆਪਣਾ ਦਬਦਬਾ ਚਾਹੁੰਦੇ ਹਨ ਜੋ ਰੂਸ ਨੂੰ ਕਿਸੇ ਵੀ ਸੂਰਤ ਵਿਚ ਮਨਜ਼ੂਰ ਨਹੀਂ। ਇਸ ਦਾ ਸਿੱਟਾ ਜੰਗ ਦੇ ਰੂਪ ਵਿਚ ਨਿੱਕਲਿਆ ਹੈ ਜਿਸ ਦਾ ਖਮਿਆਜ਼ਾ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਭੁਗਤਣਾ ਪੈਣਾ ਹੈ ਕਿਉਂਕਿ ਇਸ ਜੰਗ ਦਾ ਅਸਰ ਕਿਸੇ ਨਾ ਕਿਸੇ ਰੂਪ ਵਿਚ ਸਮੁੱਚੇ ਸੰਸਾਰ ਉਤੇ ਪੈਣਾ ਹੈ।

ਭਾਰਤ ਦੇ ਤਕਰੀਬਨ 20000 ਵਿਦਿਆਰਥੀ ਯੂਕਰੇਨ ਵਿਚ ਪੜ੍ਹ ਰਹੇ ਹਨ। ਇਨ੍ਹਾਂ ਵਿਚੋਂ 18000 ਤੋਂ ਵੱਧ ਬੱਚੇ ਮੈਡੀਕਲ ਵਿਦਿਆ ਦੀ ਪੜ੍ਹਾਈ ਕਰਨ ਗਏ ਹਨ। ਤੱਥ ਦੱਸਦੇ ਹਨ ਕਿ ਭਾਰਤ ਵਿਚ ਮੈਡੀਕਲ ਦੀ ਪੜ੍ਹਾਈ ਬਹੁਤ ਮਹਿੰਗੀ ਹੈ ਅਤੇ ਯੂਕਰੇਨ ਵਿਚ ਇਸ ਪੜ੍ਹਾਈ ਉਤੇ ਖਰਚਾ ਭਾਰਤ ਨਾਲੋਂ ਤੀਜਾ ਹਿੱਸਾ ਹੈ। ਇਸੇ ਕਰਕੇ ਡਾਕਟਰ ਬਣਨ ਦੇ ਚਾਹਵਾਨ ਬੱਚੇ ਯੂਕਰੇਨ ਤੇ ਕੁਝ ਹੋਰ ਮੁਲਕਾਂ ਵਿਚ ਮੈਡੀਕਲ ਦੀ ਪੜ੍ਹਾਈ ਲਈ ਜਾਂਦੇ ਹਨ। ਇਹ ਵੱਖਰੀ ਗੱਲ ਹੈ ਕਿ ਉਥੋਂ ਪੜ੍ਹ ਕੇ ਆਇਆਂ ਨੂੰ ਬੇਰੁਜ਼ਗਾਰੀ ਦੀ ਮਾਰ ਫਿਰ ਵੀ ਸਹਿਣੀ ਪੈਂਦੀ ਹੈ। ਇਸ ਦੇ ਨਾਲ ਹੀ ਮਸਲਾ ਪੜ੍ਹਾਈ ਦੇ ਮਿਆਰ ਦਾ ਵੀ ਹੈ। ਉਥੋਂ ਪੜ੍ਹ ਕੇ ਆਏ ਵਿਦਿਆਰਥੀਆਂ ਵਿਚੋਂ ਬਹੁਤ ਤਾਂ ਭਾਰਤੀ ਮੈਡੀਕਲ ਕੌਂਸਲ ਦਾ ਇਮਤਿਹਾਨ ਹੀ ਪਾਸ ਨਹੀਂ ਕਰ ਸਕਦੇ। ਭਾਰਤ ਵਿਚ ਹਰ ਸਾਲ ਯੂਕਰੇਨ ਤੋਂ ਪੜ੍ਹ ਕੇ ਗਏ ਤਕਰੀਬਨ 4000 ਵਿਦਿਆਰਥੀ ਇਹ ਇਮਤਿਹਾਨ ਦਿੰਦੇ ਹਨ ਪਰ ਇਨ੍ਹਾਂ ਵਿਚੋਂ ਪਾਸ ਬਹੁਤ ਘੱਟ ਹੁੰਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਿਕਰ ਤਾਂ ਜ਼ਾਹਿਰ ਕੀਤਾ ਕਿ ਭਾਰਤ ਦੇ ਵਿਦਿਆਰਥੀਆਂ ਨੂੰ ਇਨ੍ਹਾਂ ਛੋਟੇ-ਛੋਟੇ ਮੁਲਕਾਂ ਵਿਚ ਪੜ੍ਹਾਈ ਲਈ ਜਾਣਾ ਪੈ ਰਿਹਾ ਹੈ ਪਰ ਇਹ ਵਿਦਿਆਰਥੀ ਉਥੇ ਕਿਉਂ ਜਾਂਦੇ ਹਨ, ਇਸ ਬਾਰੇ ਉਹ ਚੁੱਪ ਹਨ। ਅਸਲ ਵਿਚ ਇਹ ਮਸਲਾ ਵਿਦਿਆਰਥੀਆਂ ਦੇ ਪਾਸ ਹੋਣ ਦਾ ਨਹੀਂ ਸਗੋਂ ਭਾਰਤ ਸਰਕਾਰ ਦੇ ਫੇਲ੍ਹ ਹੋਣ ਦਾ ਹੈ। ਇਸ ਤੋਂ ਵੀ ਅਗਾਂਹ ਹੁਣ ਜਦੋਂ ਸੰਕਟ ਦੇ ਬੱਦਲ ਛਾਏ ਹਨ ਤਾਂ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਰਤ ਸਰਕਾਰ ਉੱਕਾ ਹੀ ਫੇਲ੍ਹ ਸਾਬਤ ਹੋਈ ਹੈ ਅਤੇ ਇਹ ਯੂਕਰੇਨ ਵਿਚ ਫਸੇ ਭਾਰਤੀਆਂ ਨੂੰ ਵੇਲੇ ਸਿਰ ਉਥੋਂ ਸਹੀ-ਸਲਾਮਤ ਕੱਢਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਹੁਣ ਤਾਂ ਉਥੇ ਇਕ ਵਿਦਿਆਰਥੀ ਦੀ ਮੌਤ ਦੀ ਖਬਰ ਵੀ ਆ ਗਈ ਹੈ ਅਤੇ ਮੋਦੀ ਸਰਕਾਰ ਵਿਦਿਆਰਥੀਆਂ ਨੂੰ ਐਡਵਾਈਜ਼ਰੀ ਜਾਰੀ ਕਰ ਰਹੀ ਹੈ ਕਿ ਉਹ ਤੁਰੰਤ ਯੂਕਰੇਨ ਦੇ ਗੁਆਢੀ ਮੁਲਕਾਂ ਵਿਚ ਚਲੇ ਜਾਣ ਤਾਂ ਕਿ ਉਨ੍ਹਾਂ ਨੂੰ ਉਥੋਂ ਭਾਰਤ ਲਿਆਂਦਾ ਜਾ ਸਕੇ। ਉਂਝ ਵੀ ਜਦੋਂ-ਜਦੋਂ ਭਾਰਤ ਸਰਕਾਰ ਉਤੇ ਕੋਈ ਸੰਕਟ ਪੈਂਦਾ ਹੈ ਤਾਂ ਇਹ ਹਰ ਵਾਰ ਇਸੇ ਤਰ੍ਹਾਂ ਨਾਕਾਮ ਸਾਬਤ ਹੋਈ ਹੈ।

ਅਸਲ ਵਿਚ, ਇਸ ਸਰਕਾਰ ਜਿਸ ਨੂੰ ਕੱਟੜਪੰਥੀ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਅਤੇ ਭਾਰਤੀ ਜਨਤਾ ਪਾਰਟੀ ਪਿਛਲੇ ਸੱਤ ਸਾਲ ਤੋਂ ਚਲਾ ਰਹੀਆਂ ਹਨ, ਦਾ ਮੁੱਖ ਏਜੰਡਾ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਹੈ। ਹੁਣ ਤੱਕ ਇਸ ਸਰਕਾਰ ਨੇ ਜਿੰਨੇ ਵੀ ਫੈਸਲੇ ਕੀਤੇ ਹਨ, ਸਾਰੇ ਦੇ ਸਾਰੇ ਵੋਟਰਾਂ ਦੇ ਧਰੁਵੀਕਰਨ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੇ ਗਏ ਹਨ। ਬਹੁਤ ਸਾਰੇ ਸੂਬਿਆਂ ਅੰਦਰ ਇਨ੍ਹਾਂ ਦੀ ਇਹ ਸਿਆਸਤ ਕਾਮਯਾਬ ਵੀ ਰਹੀ ਹੈ। ਇਸ ਦੇ ਨਾਲ ਹੀ ਇਨ੍ਹਾਂ ਨੇ ਹਰ ਥਾਂ ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਦਾ ਬੀੜਾ ਵੀ ਚੁੱਕਿਆ ਹੋਇਆ ਹੈ। ਫਿਲਹਾਲ ਇਸ ਦਾ ਇਕੋ-ਇਕ ਏਜੰਡਾ ਚੋਣਾਂ ਜਿੱਤਣਾ ਹੀ ਰਹਿ ਗਿਆ ਹੈ ਤਾਂ ਕਿ ਜਮਹੂਰੀਅਤ ਦੇ ਨਾਂ 'ਤੇ ਹੀ ਆਪਣਾ ਹਿੰਦੂ ਰਾਸ਼ਟਰ ਵਾਲਾ ਏਜੰਡਾ ਪੂਰਾ ਕੀਤਾ ਜਾ ਸਕੇ। ਹੁਣ ਜਦੋਂ ਹਜ਼ਾਰਾਂ ਵਿਦਿਆਰਥੀ ਯੂਕਰੇਨ ਵਿਚ ਫਸੇ ਹੋਏ ਹਨ ਤਾਂ ਵੀ ਪ੍ਰਧਾਨ ਮੰਤਰੀ ਮੋਦੀ, ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦਾ ਸਾਰਾ ਜ਼ੋਰ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਜਿੱਤਣ 'ਤੇ ਲੱਗਿਆ ਹੋਇਆ ਹੈ। ਤੱਥ ਦੱਸਦੇ ਹਨ ਮੋਦੀ ਸਰਕਾਰ ਪਿਛਲੇ ਸੱਤ ਸਾਲਾਂ ਦੌਰਾਨ ਹਰ ਫਰੰਟ 'ਤੇ ਨਾਕਾਮ ਸਾਬਤ ਹੋਈ ਹੈ ਪਰ ਵਿਰੋਧੀ ਧਿਰ ਦੀ ਅਣਹੋਂਦ ਕਰਕੇ ਇਹ ਚੰਮ ਦੀਆਂ ਚਲਾ ਰਹੀ ਹੈ ਅਤੇ ਮਰਜ਼ੀ ਦੇ ਫੈਸਲੇ ਕਰ ਰਹੀ ਹੈ। ਯੂਕਰੇਨ ਜੰਗ ਤੋਂ ਬਾਅਦ ਪੈਦਾ ਹੋਏ ਹਾਲਾਤ ਨੂੰ ਨਜਿੱਠਣ ਦੇ ਮਾਮਲੇ 'ਤੇ ਸਪਸ਼ਟ ਹੋ ਗਿਆ ਹੈ ਕਿ ਮੋਦੀ ਸਰਕਾਰ ਦਾ ਆਮ ਲੋਕਾਂ ਦੇ ਮਸਲਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦੱਸੇਗਾ ਦਸ ਮਾਰਚ !

ਚੋਣਾਂ ਮੁੱਕੀਆਂ ਸਿਆਸਤੀ ਘਰੀਂ ਬੈਠੇ, ਪੱਤਰਕਾਰ ਨਾ ਕਰਨ ਆਰਾਮ ਯਾਰੋ।
ਪਈਆਂ ਵੋਟਾਂ ਦੀ ਗੁਣਾ ਤਕਸੀਮ ਕਰ ਕੇ, ਕਰੀ ਜਾਂਦੇ ਐ ਕੰਮ 'ਤਮਾਮ' ਯਾਰੋ।
ਕੋਈ ਜਿੱਤਦਾ ਹਾਰਦਾ ਕੋਈ ਦੱਸਣ, ਚੈਨਲ ਚੱਲਦੇ ਸੁਬ੍ਹਾ ਤੇ ਸ਼ਾਮ ਯਾਰੋ।
ਰੱਬ ਜਾਣੇ ਇਹ ਸੱਚ ਕਿ ਝੂਠ ਹੈ ਜੀ, ਸ਼ੱਕ ਲੋਕਾਂ ਨੂੰ ਲੈਂਦੇ ਆ 'ਦਾਮ' ਯਾਰੋ।
ਅਟਕਲਪੱਚੂ ਤਾਂ ਸਾਰੇ ਹੀ ਲਾਏ ਜਾਂਦੇ, ਮਗਰੋਂ ਲੋਕਾਂ ਨੇ ਇਨ੍ਹਾਂ 'ਤੇ ਹੱਸਣਾ ਏਂ।
ਕੋਈ ਮਾਈ ਦਾ ਲਾਲ ਨਹੀਂ ਦੱਸ ਸਕਦਾ, 'ਦਸ ਮਾਰ' ਨੇ ਜੋ ਜੋ ਕੁਝ ਦੱਸਣਾ ਏਂ!

# ਪੰਜਾਬ ਦਾ ਭਵਿੱਖ ਤੇ ਨਵੀਂ ਸਰਕਾਰ

*ਪੰਜਾਬ ਇਸ ਵਕਤ ਡੂੰਘੇ ਸੰਕਟ ਵਿਚੋਂ ਲੰਘ ਰਿਹਾ ਹੈ ਪਰ ਸਿਆਸੀ ਪਾਰਟੀਆਂ ਅੰਦਰ ਇੱਛਾ ਸ਼ਕਤੀ ਦੀ ਘਾਟ ਕਾਰਨ ਸੂਬੇ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਨਹੀਂ ਨਿੱਕਲ ਰਿਹਾ। ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਵਾਲੇ ਹਨ ਅਤੇ ਇਸ ਮਹੀਨੇ ਸੂਬੇ ਅੰਦਰ ਨਵੀਂ ਸਰਕਾਰ ਵੀ ਬਣ ਜਾਣੀ ਹੈ। ਉਘੇ ਵਿਦਵਾਨ ਡਾ. ਰਣਜੀਤ ਸਿੰਘ ਘੁੰਮਣ ਨੇ ਇਸ ਲੇਖ ਵਿਚ ਨਵੀਂ ਸਰਕਾਰ ਦੀਆਂ ਤਰਜੀਹਾਂ ਬਾਰੇ ਗੱਲਾਂ ਕੀਤੀਆਂ ਹਨ।*

ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੇ ਪੰਜਾਬ ਦੇ ਭਖਦੇ ਮੁੱਦਿਆਂ ਬਾਰੇ ਆਪੋ-ਆਪਣੇ ਵਿਚਾਰ ਰੱਖਦਿਆਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਬੁਨਿਆਦੀ ਮੁੱਦਿਆਂ ਨੂੰ ਚੋਣ ਮੁੱਦਾ ਨਹੀਂ ਬਣਾਇਆ। ਸਾਰੀਆਂ ਪਾਰਟੀਆਂ ਮੁੱਦਿਆਂ ਨੂੰ ਲਾਂਭੇ ਰੱਖ ਕੇ ਆਪਣੇ ਵਿਰੋਧੀਆਂ ਦੇ ਪੋਤੜੇ ਫੋਲ ਰਹੀਆਂ ਸਨ, ਆਪਣੀਆਂ ਨਾਮ-ਨਿਹਾਦ ਪ੍ਰਾਪਤੀਆਂ ਦੇ ਸੋਹਲੇ ਗਾ ਰਹੀਆਂ ਸਨ, ਲੋਕ-ਲੁਭਾਊ ਵਾਅਦੇ ਤੇ ਗਰੰਟੀਆਂ ਕਰ ਕੇ ਵੋਟਰਾਂ ਨੂੰ ਆਪਣੀ ਤਰਫ ਖਿੱਚਣ ਦਾ ਯਤਨ ਕਰ ਰਹੀਆਂ ਸਨ। ਦੂਜੇ ਸ਼ਬਦਾਂ ਵਿਚ, ਸਾਰੀਆਂ ਸਿਆਸੀ ਧਿਰਾਂ ਸੱਤਾ ਹਥਿਆਉਣ ਲਈ ਤਰਕਹੀਣ ਸਿਆਸੀ ਮੁਕਾਬਲੇਬਾਜ਼ੀ ਕਰ ਰਹੀਆਂ ਸਨ। ਅਜਿਹੀ ਸਿਆਸਤ ਪੰਜਾਬ ਦੇ ਵਿਕਾਸ ਵੱਲ ਨਹੀਂ, ਵਿਨਾਸ ਵੱਲ ਜਾਵੇਗੀ। ਪਹਿਲਾਂ ਹੀ ਪਿਛਲੇ ਤਕਰੀਬਨ 40 ਸਾਲਾਂ ਤੋਂ ਪੰਜਾਬ ਅਜਿਹੀ ਗੈਰ-ਜ਼ਿੰਮੇਵਾਰਾਨਾ ਸਿਆਸਤ ਦਾ ਸੰਤਾਪ ਭੋਗ ਰਿਹਾ ਹੈ।

ਪ੍ਰੋ. ਰਣਜੀਤ ਸਿੰਘ ਘੁੰਮਣ
ਫੋਨ: +91-98722-20714

ਮਾਹਿਰਾਂ ਦੇ ਸੁਝਾਏ ਹੱਲ ਆਮ ਤੌਰ 'ਤੇ ਅੰਸ਼ਿਕ ਰੂਪ ਵਿਚ ਹਨ। ਲੋੜ ਹੈ, ਮਾਹਿਰ ਉਭਾਰੇ ਮੁੱਦਿਆਂ ਅਤੇ ਉਨ੍ਹਾਂ ਦੁਆਰਾ ਸੁਝਾਏ ਹੱਲ ਉਪਰ ਆਧਾਰਿਤ ਆਪਣੀ ਸਮੂਹਿਕ ਸਮਝ ਬਣਾ ਕੇ 10 ਮਾਰਚ 2022 ਤੋਂ ਬਾਅਦ ਬਣਨ ਵਾਲੀ ਨਵੀਂ ਸਰਕਾਰ ਵਾਸਤੇ ਏਜੰਡਾ ਤੈਅ ਕਰਨ। ਅਰਥ ਸ਼ਾਸਤਰ ਦਾ ਵਿਦਿਆਰਥੀ ਹੋਣ ਦੇ ਨਾਤੇ ਮੈਂ ਆਪਣੀ ਸਮਝ ਆਰਥਿਕਤਾ ਦੇ ਤਿੰਨ ਮੁੱਖ ਖੇਤਰਾਂ ਦੇ ਚੌਖਟੇ ਵਿਚ ਰੱਖ ਕੇ ਪੇਸ਼ ਕਰਨਾ ਚਾਹਾਂਗਾ: ਪ੍ਰਾਇਮਰੀ ਜਾਂ ਮੁੱਢਲਾ ਖੇਤਰ, ਸੈਕੰਡਰੀ ਖੇਤਰ ਅਤੇ ਟਰਸ਼ਰੀ ਖੇਤਰ। ਪ੍ਰਾਇਮਰੀ ਖੇਤਰ ਵਿਚ ਖੇਤੀਬਾੜੀ, ਪਸ਼ੂ-ਧਨ, ਜੰਗਲਾਤ ਉਤਪਾਦਨ ਤੇ ਮੱਛੀ ਉਤਪਾਦਨ ਖਾਣਾ (ਖਣਿਜ ਪਦਾਰਥ, ਰੇਤਾ, ਬਜਰੀ ਆਦਿ) ਅਤੇ ਖੇਤੀ ਖੇਤਰ ਨਾਲ ਜੁੜੇ ਕੁਝ ਹੋਰ ਸਹਾਇਕ ਧੰਦੇ ਆਉਂਦੇ ਹਨ। ਸੈਕੰਡਰੀ ਖੇਤਰ ਵਿਚ ਮੈਨੂਫੈਕਚਰਿੰਗ (ਕੱਚੇ ਤੋਂ ਪੱਕਾ ਮਾਲ ਤਿਆਰ ਕਰਨਾ ਜਾਂ ਉਦਯੋਗ ਆਦਿ), ਬਿਜਲੀ, ਗੈਸ, ਪਾਣੀ ਅਤੇ ਹੋਰ ਉਪਯੋਗੀ ਸੇਵਾਵਾਂ ਤੇ ਉਸਾਰੀ ਸ਼ਾਮਿਲ ਹਨ। ਟਰਸ਼ਰੀ ਖੇਤਰ ਵਿਚ ਵਪਾਰ, ਹੋਟਲ ਤੇ ਰੈਸਟੋਰੈਂਟ, ਟਰਾਂਸਪੋਰਟ, ਸਟੋਰੇਜ, ਸੰਚਾਰ ਅਤੇ ਹੋਰ ਪ੍ਰਸਾਰਨ ਸੇਵਾਵਾਂ, ਵਿੱਤੀ ਸੰਸਥਾਵਾਂ, ਅਚੱਲ ਸੰਪਤੀ, ਘਰ, ਵਪਾਰਕ ਸੇਵਾਵਾਂ, ਲੋਕ ਪ੍ਰਸ਼ਾਸ਼ਨ ਅਤੇ ਹੋਰ ਸੇਵਾਵਾਂ ਆਉਂਦੀਆਂ ਹਨ। ਸਿੱਖਿਆ ਅਤੇ ਸਿਹਤ ਸੇਵਾਵਾਂ ਵੀ ਟਰਸ਼ਰੀ ਖੇਤਰ ਵਿਚ ਆਉਂਦੀਆਂ ਹਨ। ਇਹ ਤਿੰਨੇ ਖੇਤਰ ਮਿਲ ਕੇ ਕਿਸੇ ਸੂਬੇ ਜਾਂ ਮੁਲਕ ਦੀ ਆਰਥਿਕਤਾ ਦੀ ਦਿਸ਼ਾ ਤੇ ਦਸ਼ਾ ਅਤੇ ਸਮੁੱਚੀ ਆਮਦਨ ਦਾ ਆਕਾਰ ਤੈ ਕਰਦੇ ਹਨ। ਤਿੰਨਾਂ ਖੇਤਰਾਂ ਦੀ ਵਿਕਾਸ ਦਰ ਸਮੁੱਚੀ ਆਰਥਿਕਤਾ ਦੀ ਵਿਕਾਸ ਦਰ ਤੈਅ ਕਰਦੀ ਹੈ। ਤਿੰਨੇ ਖੇਤਰਾਂ ਵਿਚ ਪੈਦਾ ਹੋਣ ਵਾਲਾ ਰੁਜ਼ਗਾਰ ਕਿਸੇ ਸੂਬੇ ਦੇ ਰੁਜ਼ਗਾਰ ਦੀ ਸਥਿਤੀ ਤੈ ਕਰਦਾ ਹੈ। 2017-18 ਦੌਰਾਨ ਪੰਜਾਬ ਦੇ ਕੁਲ ਘਰੇਲੂ ਉਤਪਾਦ ਵਿਚ ਖੇਤੀ ਖੇਤਰ ਦਾ ਹਿੱਸਾ 28 ਫੀਸਦ ਸੀ। ਉਦਯੋਗ ਤੇ ਸੇਵਾਵਾਂ ਦਾ ਕ੍ਰਮਵਾਰ ਹਿੱਸਾ 25 ਫੀਸਦ ਅਤੇ 47 ਫੀਸਦ ਸੀ। ਤਿੰਨਾਂ ਸੈਕਟਰਾਂ ਦਾ ਰੁਜ਼ਗਾਰ ਵਿਚ ਹਿੱਸਾ ਕ੍ਰਮਵਾਰ 26 ਫੀਸਦ, 33 ਫੀਸਦ ਅਤੇ 41 ਫੀਸਦ ਸੀ। ਜੇ ਆਰਥਿਕਤਾ ਵਿਚ ਸੁਧਾਰ ਕਰਨਾ ਹੈ ਤਾਂ ਤਿੰਨਾਂ ਸੈਕਟਰਾਂ ਦਾ ਵਿਕਾਸ (ਆਮਦਨ ਤੇ ਰੁਜ਼ਗਾਰ ਪੱਖੋਂ) ਜ਼ਰੂਰੀ ਹੈ ਪਰ ਤਰਾਸਦੀ ਇਹ ਹੈ ਕਿ ਸੂਬੇ ਕੋਲ ਨਾ ਤਾਂ ਕੋਈ ਖੇਤੀ ਨੀਤੀ ਹੈ ਅਤੇ ਨਾ ਹੀ ਪੁਖਤਾ ਉਦਯੋਗਿਕ ਤੇ ਰੁਜ਼ਗਾਰ ਨੀਤੀ ਹੈ।

ਪੰਜਾਬ ਦੀ ਵਿਕਾਸ ਦਰ 1970 ਤੋਂ ਲੈ ਕੇ ਤਕਰੀਬਨ 22 ਕੁ ਸਾਲ ਮੁਲਕ ਦੀ ਔਸਤ ਵਿਕਾਸ ਦਰ ਅਤੇ ਬਹੁਤ ਸਾਰੇ ਸੂਬਿਆਂ ਤੋਂ ਉਪਰ ਰਹੀ ਹੈ। ਪ੍ਰਤੀ ਜੀਅ ਆਮਦਨ ਪੱਖੋਂ ਪੰਜਾਬ ਦਾ ਤਕਰੀਬਨ 25 ਸਾਲ ਦੇ ਸਮੇਂ ਦੌਰਾਨ ਸਾਰੇ ਸੂਬਿਆਂ ਵਿਚ ਮੋਹਰੀ ਰਹਿਣ ਪਿੱਛੇ ਵੀ ਮੁੱਖ ਤੌਰ ਤੇ ਉਚੀ ਵਿਕਾਸ ਦਰ ਹੀ ਸੀ ਪਰ 1992-93 ਤੋਂ ਪੰਜਾਬ ਦੀ ਵਿਕਾਸ ਦਰ ਮੁਲਕ ਦੀ ਔਸਤ ਵਿਕਾਸ ਦਰ ਅਤੇ ਹੋਰ ਕਈ ਸੂਬਿਆਂ ਤੋਂ ਹੇਠਾਂ ਰਹਿਣ ਲੱਗ ਪਈ। ਹੁਣ ਆਲਮ ਇਹ ਹੈ ਕਿ ਪੰਜਾਬ ਸਾਲਾਨਾ ਵਿਕਾਸ ਦਰ ਦੇ ਹਿਸਾਬ ਨਾਲ ਜਨਰਲ ਕੈਟਾਗਰੀ ਦੇ 19 ਸੂਬਿਆਂ ਵਿਚੋਂ 17ਵੇਂ ਅਤੇ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ 28 ਸੂਬਿਆਂ ਵਿਚੋਂ 19ਵੇਂ ਸਥਾਨ ਤੇ ਹੈ। ਖੇਤੀ ਅਤੇ ਦੂਜੇ ਸੈਕਟਰਾਂ ਦੀ ਵਿਕਾਸ ਦਰ ਦੇ ਹਿਸਾਬ ਨਾਲ ਵੀ ਪੰਜਾਬ ਦੀ ਸਥਿਤੀ ਅਤੇ ਕਾਰਗੁਜ਼ਾਰੀ ਭਾਰਤ ਦੀ ਔਸਤ ਕਾਰਗੁਜ਼ਾਰੀ ਨਾਲੋਂ ਮਾੜੀ ਹੈ।

ਕੁੱਲ ਉਤਪਾਦ/ਆਮਦਨ ਦੀ ਵਿਕਾਸ ਦਰ ਦੇ ਲੰਮਾ ਸਮਾਂ ਨੀਵਾਂ ਰਹਿਣ ਕਰਕੇ ਵਿੱਤੀ ਸਾਧਨਾਂ



ਦੀ ਬਣਦੀ ਇਕੱਤਰਤਾ ਨਾ ਕਰਨ ਕਰਕੇ, ਵੱਡੀ ਪੱਧਰ ਤੇ ਗੈਰ-ਵਾਜਿਬ ਸਬਸਿਡੀਆਂ ਅਤੇ ਮੁਫਤ ਸਹੂਲਤਾਂ/ਸੇਵਾਵਾਂ (ਸਮਾਜ ਦੇ ਅਮੀਰ ਵਰਗ ਨੂੰ ਵੀ) ਕਰਕੇ ਪੰਜਾਬ ਸਰਕਾਰ ਸਿਰ ਕਰਜ਼ੇ ਦਾ ਭਾਰ (2000-01 ਵਿਚ 29099 ਕਰੋੜ ਰੁਪਏ) ਵਧਦਾ ਵਧਦਾ 282000 ਕਰੋੜ ਰੁਪਏ (2021-22 ਦੇ ਅੰਤ ਤੱਕ 3,00,000 ਕਰੋੜ ਰੁਪਏ ਤੱਕ ਪੁੱਜਣ ਦਾ ਅੰਦਾਜ਼ਾ) ਤੱਕ ਪਹੁੰਚ ਗਿਆ। ਇਹ ਕਰਜ਼ਾ ਰਾਜ ਦੇ ਸਮੁੱਚੇ ਘਰੇਲੂ ਉਤਪਾਦਨ ਦਾ ਤਕਰੀਬਨ 30 ਫੀਸਦ ਹੈ ਅਤੇ ਸਰਕਾਰ ਦੀ ਆਮਦਨ ਦਾ ਤਕਰੀਬਨ 340 ਫੀਸਦ ਹੈ। ਚੋਣਾਂ ਦੌਰਾਨ ਜੋ ਨਵੀਆਂ ਮੁਫਤ ਸਹੂਲਤਾਂ ਅਤੇ ਨਵੀਆਂ ਸਬਸਿਡੀਆਂ ਦਾ ਐਲਾਨ ਕੀਤਾ ਹੈ, ਉਸ ਨਾਲ ਸਰਕਾਰ ਸਿਰ 20000 ਤੋਂ 25000 ਕਰੋੜ ਰੁਪਏ ਸਾਲਾਨਾ ਹੋਰ ਬੋਝ ਪੈਣ ਦਾ ਖਦਸ਼ਾ ਹੈ। ਇਹ ਵਿੱਤੀ ਸੰਕਟ ਇੰਨਾ ਗੰਭੀਰ ਹੈ ਕਿ ਸਰਕਾਰ ਪਾਸ ਰੋਜ਼ਮੱਰਾ ਖਰਚਿਆਂ ਲਈ ਵੀ ਰਾਸ਼ੀ ਦੀ ਘਾਟ ਹੈ, ਜਨਤਕ ਨਿਵੇਸ਼ ਦੀ ਤਾਂ ਗੱਲ ਹੀ ਛੱਡੋ। ਨਿਵੇਸ਼ ਲਈ ਸੁਖਾਵਾਂ ਮਾਹੌਲ ਨਾ ਹੋਣ ਕਰਕੇ ਵੀ ਨਿੱਜੀ ਨਿਵੇਸ਼ ਬਹੁਤ ਘੱਟ ਆ ਰਿਹਾ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਮੁਲਕ ਦੀ ਔਸਤ ਦਰ ਤੋਂ ਜ਼ਿਆਦਾ ਹੈ। ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਨਹੀਂ ਹੋ ਰਹੇ। ਫਲਸਰੂਪ ਅੰਦਾਜ਼ਨ 22 ਤੋਂ 25 ਲੱਖ ਬੇਰੁਜ਼ਗਾਰ ਹਨ।

ਆਰਥਿਕਤਾ ਦੀ ਨਿਘਰ ਰਹੀ ਹਾਲਤ ਅਤੇ ਹੋਰ ਬਹੁਤ ਸਾਰੇ ਕਾਰਨਾਂ ਕਰਕੇ (ਜਿਸ ਵਿਚ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਤੇ ਯੋਗ ਨੀਤੀਆਂ ਦੀ ਅਣਹੋਂਦ ਸ਼ਾਮਿਲ ਹਨ) ਸੂਬੇ ਅੰਦਰ ਪ੍ਰਸ਼ਾਸਨਿਕ ਨਿਘਾਰ ਵੀ ਆ ਰਿਹਾ ਹੈ। ਸਮਾਜਕ ਸੇਵਾਵਾਂ ਅਤੇ ਵਿਕਾਸ ਕਾਰਜਾਂ ਉਪਰ ਜਨਤਕ ਨਿਵੇਸ਼ ਘੱਟ ਹੋ ਰਿਹਾ ਹੈ ਅਤੇ ਨਸ਼ਿਆਂ ਦੀ ਮਾਰ ਵਧ ਰਹੀ ਹੈ। ਔਰਤਾਂ ਅਤੇ ਦਲਿਤ ਸਮਾਜ ਦੇ ਮੁੱਦੇ ਅਤੇ ਸੱਭਿਆਚਾਰਕ ਮੁੱਦੇ ਅੱਖੋਂ ਪਰੋਖੇ ਹੋ ਰਹੇ ਹਨ। ਵਾਤਾਵਰਨ ਪ੍ਰਦੂਸ਼ਤ ਹੋਣ ਪਿੱਛੇ ਵੀ ਆਰਥਿਕ ਸਮਰੱਥਾ ਅਤੇ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਹੈ।

ਇਸ ਸਮੁੱਚੇ ਪ੍ਰਸੰਗ ਵਿਚ ਪੰਜਾਬ ਦੀ ਨਵੀਂ ਸਰਕਾਰ ਵਾਸਤੇ ਵੱਡੀਆਂ ਚੁਣੌਤੀਆਂ ਹਨ ਪਰ ਅਸੰਭਵ ਨਹੀਂ। ਉਸ ਲਈ ਜ਼ਰੂਰੀ ਹੈ, ਇਹ ਮੰਨਿਆ ਜਾਵੇ ਕਿ ਪੰਜਾਬ ਆਰਥਿਕ, ਰਾਜਨੀਤਕ, ਸਮਾਜਕ/ਸਭਿਆਚਾਰਕ ਅਤੇ ਵਾਤਾਵਰਨ ਪੱਖੋਂ ਗੰਭੀਰ ਹਾਲਾਤ ਵਿਚੋਂ ਗੁਜ਼ਰ ਰਿਹਾ ਹੈ। ਇਸ ਨੂੰ ਇਨ੍ਹਾਂ ਹਾਲਾਤ ਵਿਚੋਂ ਬਾਹਰ ਕੱਢਣ ਦਾ ਅਹਿਦ ਲੈ ਕੇ ਸਮਾਂ-ਬੱਧ ਨੀਤੀਆਂ ਤਿਆਰ ਕੀਤੀਆਂ ਜਾਣ। ਪੰਜਾਬ ਦੀ ਲੀਹੋਂ ਲੱਥੀ ਗੱਡੀ ਨੂੰ ਮੁੜ ਪਟੜੀ ਤੇ ਚੜ੍ਹਾਉਣ ਲਈ ਪਹਿਲੇ 4 ਤੋਂ 6 ਮਹੀਨਿਆਂ ਵਿਚ ਪੁਖਤਾ ਰੋਡਮੈਪ ਤਿਆਰ ਕੀਤਾ ਜਾਵੇ। ਦੂਜੀ ਸ਼ਰਤ ਹੈ- ਉਹ ਰੋਡਮੈਪ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾਵੇ। ਰੋਡਮੈਪ ਹੇਠ ਲਿਖੇ ਸਰੋਕਾਰ ਅਤੇ ਮਸਲੇ ਕੇਂਦਰ ਵਿਚ ਰੱਖ ਕੇ ਤਿਆਰ ਕੀਤਾ ਜਾਵੇ:

ਸਰਕਾਰ ਨੂੰ ਵਿਕਾਸ ਪੱਖੀ ਕਿਵੇਂ ਬਣਾਇਆ ਜਾਵੇ? ਪੂੰਜੀ ਨਿਵੇਸ਼ ਅਤੇ ਵਿਕਾਸ ਦਰ (ਖਾਸਕਰ ਖੇਤੀ ਤੇ ਉਦਯੋਗਿਕ ਖੇਤਰ; ਉਦਯੋਗਿਕ ਖੇਤਰ ਵਿਚ ਵਿਸ਼ੇਸ਼ ਕਰਕੇ ਲਘੂ, ਛੋਟੇ ਤੇ ਮੱਧਿਅਮ ਉਦਯੋਗ) ਕਿਵੇਂ ਵਧਾਏ ਜਾਣ? ਖੇਤੀ ਆਧਾਰਿਤ ਸਨਅਤਾਂ ਲਾ ਕੇ ਆਮਦਨ ਅਤੇ ਰੁਜ਼ਗਾਰ ਕਿਵੇਂ ਵਧਾਏ ਜਾਣ? ਸਰਕਾਰੀ ਖਜ਼ਾਨੇ ਵਿਚ ਹੋਰ ਵਿੱਤੀ ਸਾਧਨ ਕਿਵੇਂ ਲਿਆਂਦੇ ਜਾਣ, ਖਾਸਕਰ ਸਰਕਾਰੀ ਖਜ਼ਾਨੇ ਵਿਚ ਜੋ 20000 ਤੋਂ 25000 ਕਰੋੜ ਰੁਪਏ ਘੱਟ ਆ ਰਹੇ ਹਨ, ਉਹ ਰਾਸ਼ੀ ਸਰਕਾਰੀ ਖਜ਼ਾਨੇ ਵਿਚ ਕਿਵੇਂ ਲਿਆਂਦੀ ਜਾਵੇ? ਲੋਕਾਂ ਦਾ ਇਕ ਇਕ ਪੈਸਾ ਲੋਕਾਂ ਦੇ ਸਰਵਪੱਖੀ ਵਿਕਾਸ ਵਾਸਤੇ ਕਿਵੇਂ ਖਰਚ ਕੀਤਾ ਜਾਵੇ? ਸਰਕਾਰ ਸਿਰ ਕਰਜ਼ੇ ਦਾ ਬੋਝ ਕਿਵੇਂ ਘੱਟ ਕੀਤਾ ਜਾਵੇ? ਰੁਜ਼ਗਾਰ ਦੇ ਨਵੇਂ ਮੌਕੇ ਕਿਵੇਂ ਪੈਦਾ ਕੀਤੇ ਜਾਣ, ਮੌਜੂਦਾ ਰੁਜ਼ਗਾਰ ਦੀ ਦਸ਼ਾ ਕਿਵੇਂ ਸੁਧਾਰੀ ਜਾਵੇ? ਇਸ ਦੇ ਨਾਲ ਹੀ ਗੈਰ-ਖੇਤੀ ਖੇਤਰ ਵਿਚ ਹੁਨਰ ਅਣਜੋੜ ਕਿਵੇਂ ਠੀਕ ਕੀਤਾ ਜਾਵੇ? ਸਿੱਖਿਆ ਅਤੇ ਸਿਹਤ ਵਰਗੀਆਂ ਬੁਨਿਆਦੀ ਸੇਵਾਵਾਂ ਕਿਵੇਂ ਬਿਹਤਰ ਬਣਾਈਆਂ ਜਾਣ ਅਤੇ ਮਿਆਰੀ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਵਿਚ ਕਿਵੇਂ ਕੀਤੀਆਂ ਜਾਣ? ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਨੌਜਵਾਨਾਂ ਨੂੰ ਪੰਜਾਬ ਅੰਦਰ ਹੀ ਮਿਆਰੀ ਸਿੱਖਿਆ ਅਤੇ ਹੁਨਰ ਮੁਹੱਈਆ ਕਰਵਾ ਕੇ ਪੰਜਾਬ ਅੰਦਰ ਬਾ-ਰੁਜ਼ਗਾਰ ਕਿਵੇਂ ਕੀਤਾ ਜਾਵੇ? ਖੇਤੀ ਵਿਚ ਫਸਲੀ ਵੰਨ-ਸਵੰਨਤਾ ਲਿਆ ਕੇ ਵਾਤਾਵਰਨ ਅਤੇ ਵਧ ਰਹੇ ਪਾਣੀ ਸੰਕਟ ਨੂੰ ਕਿਵੇਂ ਹੱਲ ਕੀਤਾ ਜਾਵੇ? ਹਵਾ, ਪਾਣੀ ਤੇ ਮਿੱਟੀ ਨੂੰ ਪ੍ਰਦੂਸ਼ਿਤ ਹੋਣ ਤੋਂ ਕਿਵੇਂ ਰੋਕਿਆ ਜਾਵੇ? ਮਾਫੀਆ ਰਾਜ ਅਤੇ ਨਸ਼ਿਆਂ ਦਾ ਕਹਿਰ ਕਿਵੇਂ ਬੰਦ ਕੀਤਾ ਜਾਵੇ ਅਤੇ ਜਵਾਨੀ ਨੂੰ ਕਿਵੇਂ ਬਚਾਇਆ ਜਾਵੇ? ਨਰੋਆ ਸਮਾਜ ਅਤੇ ਸੱਭਿਆਚਾਰ ਕਿਵੇਂ ਸਿਰਜਿਆ ਜਾਵੇ?

ਇਹ ਸੂਚੀ ਅੰਤਿਮ ਨਹੀਂ। ਇਹ ਸਾਰੇ ਮੁੱਦੇ ਇਕ ਹੀ ਮੁੱਦੇ ਵਿਚ ਸਮਾ ਸਕਦੇ ਹਨ, ਉਹ ਹੈ ਪੰਜਾਬ ਨੂੰ ਮੁੜ-ਸੁਰਜੀਤ ਕਰਕੇ ਰਹਿਣਯੋਗ ਕਿਵੇਂ ਬਣਾਇਆ ਜਾਵੇ?

ਉਪਰੋਕਤ ਰੋਡਮੈਪ ਲਈ ਰਾਜਨੀਤਕ ਇੱਛਾ ਸ਼ਕਤੀ ਲਾਜ਼ਮੀ ਹੈ। ਨਵੀਂ ਸਰਕਾਰ ਨੂੰ ਵਿਰੋਧੀ ਸਿਆਸੀ ਧਿਰਾਂ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਪੰਜਾਬ ਦੇ ਸਰਵ ਪੱਖੀ ਵਿਕਾਸ ਲਈ ਕੰਮ ਕਰਨ ਦਾ ਅਹਿਦ ਲੈ ਕੇ ਇਮਾਨਦਾਰੀ ਨਾਲ ਕੰਮ ਕਰਨਾ ਹੋਵੇਗਾ। ਸਰਕਾਰ ਨੂੰ ਆਪਣੇ ਕਾਰਜਕਾਲ ਦੇ ਪਹਿਲੇ ਇੱਕ ਮਹੀਨੇ ਵਿਚ ਹੀ ਸਾਰੀਆ ਸੰਸਥਾਵਾਂ ਨੂੰ ਕਿਰਿਆਸ਼ੀਲ ਬਣਾ ਕੇ ਪਾਰਦਰਸ਼ਤਾ ਆਧਾਰਿਤ ਲੋੜੀਂਦੀ ਵਿਕਾਸ ਪ੍ਰਣਾਲੀ ਦਾ ਸਪੱਸ਼ਟ ਸੁਨੇਹਾ ਦੇਣਾ ਹੋਵੇਗਾ। ਵੱਖ ਵੱਖ ਖੇਤਰਾਂ ਅਤੇ ਮੁੱਦਿਆਂ ਨਾਲ ਸੰਬੰਧਿਤ ਲੋੜੀਂਦੀ ਜਾਣਕਾਰੀ ਅਤੇ ਲੋੜੀਂਦੇ ਅੰਕੜੇ ਪਹਿਲੇ 3 ਤੋਂ 6 ਮਹੀਨਿਆਂ ਦੌਰਾਨ ਇਕੱਠੇ ਕਰਨੇ ਪੈਣਗੇ, ਕਿਉਂਕਿ ਸਰਵਪੱਖੀ ਵਿਕਾਸ ਲਈ ਪੁਖਤਾ ਯੋਜਨਾਵਾਂ ਅਤੇ ਨੀਤੀਆਂ ਬਣਾਉਣ ਲਈ ਇਹ ਜ਼ਰੂਰੀ ਅਤੇ ਪਹਿਲੀ ਸ਼ਰਤ ਹੈ। ਇਹ ਕੰਮ ਪੰਜਾਬ ਯੋਜਨਾ ਬੋਰਡ ਨੂੰ ਸੌਂਪਣਾ ਚਾਹੀਦਾ ਹੈ। ਇਹ ਬੋਰਡ ਨੋਡਲ ਏਜੰਸੀ ਵਜੋਂ ਕੰਮ ਕਰੇ ਅਤੇ ਵੱਖ ਵੱਖ ਖੇਤਰਾਂ ਦੇ ਮਾਹਿਰਾਂ ਦਾ ਗਰੁੱਪ ਬਣਾ ਕੇ ਸਰਕਾਰ ਨੂੰ ਸਲਾਹ ਦਿੰਦਾ ਰਹੇ ਅਤੇ ਸਰਕਾਰ ਉਸ ਨੂੰ ਗੰਭੀਰਤਾ ਨਾਲ ਵਿਚਾਰ ਕੇ ਲਾਗੂ ਕਰੇ।

ਨਵੀਂ ਸਰਕਾਰ ਲਈ ਪੰਜਾਬ ਦਾ ਸਰਵ ਪੱਖੀ ਵਿਕਾਸ ਲਾਜ਼ਮੀ ਹੈ, ਨਹੀਂ ਤਾਂ ਲੋਕਾਂ ਨੂੰ ਨਿਰਾਸ਼ਾ ਹੋਵੇਗੀ ਅਤੇ ਲੋਕ ਅਗਲੀ ਵਾਰ ਫਿਰ ਕਿਸੇ ਨਵੇਂ ਸਿਆਸੀ ਬਦਲ ਦੀ ਭਾਲ ਵਿਚ ਹੋਣਗੇ। ਇਹ ਵੀ ਯਾਦ ਰੱਖਣਾ ਹੋਵੇਗਾ ਕਿ ਮਾਯੂਸੀ ਤੇ ਬੇਵਸੀ ਜਵਾਲਾਮੁਖੀ ਬਣ ਕੇ ਫੁੱਟ ਸਕਦੀ ਹੈ ਅਤੇ ਰਾਜਨੀਤਕ, ਸਮਾਜਕ ਅਤੇ ਆਰਥਿਕ ਸਥਿਰਤਾ ਲਈ ਵੱਡੇ ਖਤਰੇ ਪੈਦਾ ਕਰ ਸਕਦੀ ਹੈ। ਪੰਜਾਬੀ ਪਹਿਲਾਂ ਹੀ ਇਸ ਦਾ ਖਮਿਆਜ਼ਾ ਭੁਗਤ ਚੁੱਕੇ ਹਨ। ਨਵੀਂ ਸਰਕਾਰ ਅਤੇ ਚੁਣੇ ਹੋਏ ਨੁਮਾਇੰਦਿਆਂ ਦੀ ਇਹ ਨੈਤਿਕ, ਸਮਾਜਕ ਅਤੇ ਰਾਜਨੀਤਕ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਨੂੰ ਅਜਿਹੇ ਹਾਲਾਤ ਵਿਚ ਜਾਣ ਤੋਂ ਬਚਾਉਣ ਲਈ ਇਮਾਨਦਾਰੀ, ਦ੍ਰਿੜਤਾ ਅਤੇ ਸੰਜੀਦਗੀ ਨਾਲ ਅਜਿਹਾ ਲੋਕ ਪੱਖੀ ਏਜੰਡਾ ਤਿਆਰ ਕਰਕੇ ਲਾਗੂ ਕਰਨ।

# ਯੂਕਰੇਨ 'ਤੇ ਹਮਲਾ: ਕੀ ਇਕੱਲਾ ਰੂਸ ਜ਼ਿੰਮੇਵਾਰ ਹੈ?

***ਪੱਛਮੀ ਮੁਲਕਾਂ ਅਤੇ ਰੂਸ ਵਿਚਕਾਰ ਭੇੜ ਦਾ ਨਤੀਜਾ ਯੂਕਰੇਨ ਉਤੇ ਹਮਲੇ ਦੇ ਰੂਪ ਵਿਚ ਨਿਕਲਿਆ ਹੈ। ਦੋਵੇਂ ਧਿਰਾਂ ਆਪੋ-ਆਪਣੇ ਮੁਫਾਦਾਂ ਖਾਤਰ ਸਮੁੱਚੀ ਦੁਨੀਆ ਨੂੰ ਬਲਦੀ ਦੇ ਮੂੰਹ ਪਾਉਣ ਤੋਂ ਵੀ ਗੁਰੇਜ਼ ਨਹੀਂ ਕਰ ਰਹੀਆਂ। ਇਹ ਲੇਖ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਉਚੇਚਾ ਇਸ ਜੰਗ ਦੇ ਪ੍ਰਸੰਗ ਵਿਚ ਲਿਖਿਆ ਹੈ, ਵਿਚ ਦੋਹਾਂ ਧਿਰਾਂ ਨੇ ਇਨ੍ਹਾਂ ਸੌੜੇ ਤੇ ਝੂਠੇ ਬਿਰਤਾਂਤਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਇਨ੍ਹਾਂ ਬਿਰਤਾਤਾਂ ਨੂੰ ਸੱਚ ਮੰਨਣ ਦੀ ਬਜਾਇ ਇਨ੍ਹਾਂ ਦੇ ਅਸਲ ਮਨਸੂਬਿਆਂ ਨੂੰ ਸਮਝਣ ਦਾ ਸੱਦਾ ਦਿੱਤਾ ਹੈ।***

ਮਹਾ-ਸ਼ਕਤੀਆਂ ਦਾ ਆਪਸੀ ਚੌਧਰ-ਭੇੜ ਕਿਵੇਂ ਭਿਆਨਕ ਤਬਾਹੀ ਦਾ ਕਾਰਨ ਬਣਦਾ ਹੈ ਇਸ ਦੀ ਤਾਜ਼ਾ ਮਿਸਾਲ ਯੂਕਰੇਨ ਹੈ ਜਿਸ ਉਪਰ ਰੂਸ ਬੇਕਿਰਕ ਹਮਲੇ ਕਰ ਰਿਹਾ ਹੈ। ਜੇ ਗੱਲਬਾਤ ਰਾਹੀਂ ਵਿਵਾਦ ਹੱਲ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਦਿਨਾਂ 'ਚ ਇਸ ਖਿੱਤੇ ਦੇ ਲੋਕਾਂ ਨੂੰ ਵਿਆਪਕ ਤਬਾਹੀ ਦਾ ਸੰਤਾਪ ਝੱਲਣਾ ਪਵੇਗਾ। ਰੂਸ ਦੇ ਘੜੇ ਬਿਰਤਾਂਤ ਅਨੁਸਾਰ ਹਮਲੇ ਲਈ ਅਮਰੀਕਾ ਵੱਲੋਂ ਪੱਛਮੀ ਫੌਜੀ ਗੁੱਟ ਨਾਟੋ (ਨਾਰਥ ਐਟਲਾਂਟਿਕ ਟਰੀਟੀ ਆਰਗੇਨਾਈਜੇਸ਼ਨ) ਦਾ ਫੈਲਾਅ ਜ਼ਿੰਮੇਵਾਰ ਹੈ; ਅਮਰੀਕਾ ਦਾ ਕਹਿਣਾ ਹੈ ਕਿ ਇਹ ਸਥਿਤੀ ਰੂਸ ਦੀ ਸਾਮਰਾਜੀ ਲਾਲਸਾ ਕਾਰਨ ਪੈਦਾ ਹੋਈ ਹੈ। ਇਨ੍ਹਾਂ ਸੌੜੇ ਹਿਤਾਂ ਵਾਲੀਆਂ ਤਾਕਤਾਂ ਦੇ ਝੂਠੇ ਬਿਰਤਾਂਤਾਂ ਨੂੰ ਸੱਚ ਮੰਨਣ ਦੀ ਬਜਾਇ ਇਨ੍ਹਾਂ ਦੇ ਅਸਲ ਮਨਸੂਬਿਆਂ ਨੂੰ ਸਮਝਣਾ ਅਤੇ ਜੰਗ ਲਈ ਜ਼ਿੰਮੇਵਾਰ ਕਾਰਨਾਂ ਦੀ ਪਛਾਣ ਕਰਨਾ ਜ਼ਰੂਰੀ ਹੈ।

1991 ਵਿਚ ਸੋਵੀਅਤ ਯੂਨੀਅਨ ਦੀ ਸੰਸਾਰ ਸਲਤਨਤ ਢਹਿ-ਢੇਰੀ ਹੋ ਗਈ ਅਤੇ ਸਾਬਕਾ ਸੋਵੀਅਤ ਯੂਨੀਅਨ ਟੁੱਟ ਕੇ 15 ਆਜ਼ਾਦ ਮੁਲਕ ਬਣ ਗਏ। ਦੋ ਸਾਮਰਾਜੀ ਕੈਂਪਾਂ ਦਰਮਿਆਨ ਠੰਢੀ

**ਬੂਟਾ ਸਿੰਘ**
ਫੋਨ: +91-94634-74342

ਜੰਗ ਸਮਾਪਤ ਜ਼ਰੂਰ ਹੋ ਗਈ ਪਰ ਇਹ ਉਨ੍ਹਾਂ ਦਰਮਿਆਨ ਸ਼ਰੀਕਾ-ਭੇੜ ਦੀ ਸਮਾਪਤੀ ਨਹੀਂ ਸੀ। ਸਮੇਂ ਨਾਲ ਰੂਸੀ ਹੁਕਮਰਾਨ ਗੁੱਟ ਨੇ ਅੰਦਰੂਨੀ ਆਰਥਕ-ਰਾਜਨੀਤਕ ਅਸਥਿਰਤਾ 'ਤੇ ਕਾਬੂ ਪਾ ਲਿਆ ਅਤੇ ਫੌਜੀ ਤਾਕਤ ਮੁੜ ਮਜ਼ਬੂਤ ਕਰ ਲਈ। ਇਸ ਨੇ ਆਪਣੀ ਪੁਰਾਣੀ ਸਾਮਰਾਜੀ ਸ਼ਾਨ ਅਤੇ ਖੁੱਸੇ ਹੋਏ ਇਲਾਕੇ ਮੁੜ ਹਾਸਲ ਕਰਨ ਲਈ ਜ਼ੋਰ ਅਜ਼ਮਾਈ ਸ਼ੁਰੂ ਕਰ ਦਿੱਤੀ। 2008 'ਚ ਜਾਰਜੀਆ ਉਪਰ ਸਿੱਧੇ ਹਮਲੇ ਅਤੇ 2014 'ਚ ਯੂਕਰੇਨ ਅੰਦਰ ਕਰੀਮੀਆ ਵਿਰੁੱਧ ਹਮਲਾਵਰ ਦਖਲਅੰਦਾਜ਼ੀ ਨਾਲ ਇਸ ਦੇ ਸਾਮਰਾਜਵਾਦੀ ਇਰਾਦੇ ਖੁੱਲ੍ਹ ਕੇ ਸਾਹਮਣੇ ਆ ਗਏ। 2014 'ਚ ਅਮਰੀਕਾ ਨੇ ਯੂਕਰੇਨ ਦੀ ਰੂਸ ਪੱਖੀ ਸਰਕਾਰ ਅਤੇ ਉਸ ਦੇ ਰਾਸ਼ਟਰਪਤੀ ਨੂੰ ਸੱਤਾ ਤੋਂ ਪਾਸੇ ਕਰਕੇ ਆਪਣੇ ਪੱਖੀ ਹਕੂਮਤ ਬਣਾ ਲਈ ਅਤੇ ਘੋਰ ਪਿਛਾਖੜੀ ਨਾਜ਼ੀਵਾਦੀ ਤਾਕਤਾਂ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ। ਉਦੋਂ ਤੋਂ ਹੀ ਯੂਕਰੇਨ ਰੂਸ ਦੇ ਨਿਸ਼ਾਨੇ 'ਤੇ ਹੈ। ਇਹ ਸੀਰੀਆ 'ਚ ਵੀ ਸਿੱਧੀ ਕਾਰਵਾਈ ਕਰਕੇ ਅਮਰੀਕਾ/ਨਾਟੋ ਗੱਠਜੋੜ ਨੂੰ ਆਪਣੇ ਤੇਵਰ ਦਿਖਾ ਚੁੱਕਾ ਹੈ। ਬਲੈਕ ਸਾਗਰ ਅੰਦਰ ਇਹ ਅਮਰੀਕਾ ਅਤੇ ਨਾਟੋ ਦੀ ਫੌਜੀ ਤਾਕਤ ਨੂੰ ਕਮਜ਼ੋਰ ਕਰਕੇ ਆਪਣੀ ਪਹੁੰਚ ਮਜ਼ਬੂਤ ਬਣਾਉਣ 'ਚ ਜੁੱਟਿਆ ਹੋਇਆ ਹੈ। ਹਾਲੀਆ ਰੂਸੀ ਹਮਲੇ ਦੀ ਭੜਕਾਹਟ ਦੀ ਵਜ੍ਹਾ ਭਾਵੇਂ ਰੂਸੀ ਸਰਹੱਦਾਂ ਉਪਰ ਅਮਰੀਕਾ ਵੱਲੋਂ ਨਾਟੋ ਦਾ ਫੈਲਾਅ ਹੈ ਅਤੇ ਭਾਵੇਂ ਅਮਰੀਕਾ/ਨਾਟੋ ਗੁੱਟ ਹਾਲਾਤ ਨੂੰ ਭੜਕਾਉਣ ਵਾਲਾ ਮੁੱਖ ਮੁਜਰਿਮ ਹੈ, ਫਿਰ ਵੀ ਹਤਿਆਰੇ ਪੂਤਿਨ ਦੀ ਅਗਵਾਈ ਹੇਠ ਰੂਸ ਜੋ ਕਰ ਰਿਹਾ ਹੈ, ਉਹ ਸਾਮਰਾਜਵਾਦੀ ਹਮਲਾ ਹੈ ਜੋ ਕਿਸੇ ਵੀ ਤਰ੍ਹਾਂ ਰੂਸ ਅਤੇ ਯੂਕਰੇਨ ਦੇ ਲੋਕਾਂ ਦੇ ਭਲੇ ਲਈ ਨਹੀਂ। ਹੁਣ ਰੂਸ ਪੂਰਬ ਵੱਲ ਨਾਟੋ ਦੇ ਵਿਸਤਾਰ ਦੇ ਬਹਾਨੇ ਅਤੇ ਯੂਕਰੇਨ ਨੂੰ ਨਾਜ਼ੀਵਾਦੀ ਤਾਕਤਾਂ ਤੋਂ ਮੁਕਤ ਕਰਾਉਣ ਦੇ ਬਹਾਨੇ ਫੌਜੀ ਹਮਲੇ ਰਾਹੀਂ ਯੂਕਰੇਨ ਦੀ ਫੌਜੀ ਤਾਕਤ ਨੂੰ ਕੁਚਲਣਾ ਚਾਹੁੰਦਾ ਹੈ ਅਤੇ ਉਥੇ ਮੁੜ ਆਪਣੇ ਪੱਖੀ ਹਕੂਮਤ ਬਣਾਉਣੀ ਚਾਹੁੰਦਾ ਹੈ। ਇਸ ਮਨੋਰਥ ਲਈ ਯੂਕਰੇਨ ਉਪਰ ਤਬਾਹੀ ਮਚਾਉਣ ਵਾਲੀ ਜੰਗ ਥੋਪ ਦਿੱਤੀ ਹੈ। ਰੂਸੀ ਫੌਜ ਵੱਲੋਂ ਯੂਕਰੇਨ ਦੀ ਨਾਗਰਿਕ ਆਬਾਦੀ ਉਪਰ ਮਿਜ਼ਾਈਲਾਂ ਅਤੇ ਟੈਂਕਾਂ ਨਾਲ ਹਮਲੇ ਕੀਤੇ ਜਾ ਰਹੇ ਹਨ। 2014 ਤੋਂ ਲੈ ਕੇ ਵਿਵਾਦ ਨੂੰ ਸੁਲਝਾਉਣ ਲਈ ਗੱਲਬਾਤ ਤਾਂ ਹੁੰਦੀ ਰਹੀ ਹੈ। ਦੋ ਵਾਰ ਮਿੰਸਕ ਸਮਝੌਤੇ ਵੀ ਹੋਏ ਲੇਕਿਨ ਮੋਹਰੀ ਯੂਰਪੀ ਮੁਲਕਾਂ ਦੀ ਵਿਚੋਲਗੀ ਨਾਲ ਵੀ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ।

ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਾਇਆ ਜਾਵੇ ਜਾਂ ਨਹੀਂ, ਇਸ ਉਪਰ ਭੇੜ ਦਰਅਸਲ ਖੇਤਰਾਂ ਉਪਰ ਕਬਜ਼ੇ ਨੂੰ ਲੈ ਕੇ ਦੋ ਸਾਮਰਾਜਵਾਦੀ ਗੁੱਟਾਂ ਦਰਮਿਆਨ ਭੇੜ ਹੈ। ਸੰਸਾਰ ਗਲਬੇ ਲਈ ਯੂਰਪ ਉਪਰ ਕੰਟਰੋਲ ਰੂਸ ਅਤੇ ਅਮਰੀਕਾ ਦੋਵਾਂ ਲਈ ਅਤਿਅੰਤ ਮਹੱਤਵਪੂਰਨ ਹੈ। ਇਸੇ ਕਰਕੇ, ਸੋਵੀਅਤ ਯੂਨੀਅਨ ਦੇ ਟੁੱਟਣ ਦੇ ਸਮੇਂ ਤੋਂ ਹੀ ਅਮਰੀਕਨ ਸਾਮਰਾਜਵਾਦ ਯੂਰਪ ਉਪਰ ਮੁਕੰਮਲ ਗਲਬਾ ਕਾਇਮ ਕਰਨ ਲਈ ਯਤਨਸ਼ੀਲ ਹੈ। ਸੋਵੀਅਤ ਸਾਮਰਾਜਵਾਦ ਦੀ ਅਗਵਾਈ ਹੇਠ ਵਾਰਸਾ ਡਿਫੈਂਸ ਸੰਧੀ ਕਾਰਨ ਅਮਰੀਕਾ ਲਈ ਮਨਮਾਨੀਆਂ ਕਰਨਾ ਸੰਭਵ ਨਹੀਂ ਸੀ। 1989 'ਚ ਸੋਵੀਅਤ ਰਾਸ਼ਟਰਪਤੀ ਗੋਰਬਾਚੇਵ ਨਾਲ ਇਹ ਵਾਅਦਾ ਕਰਕੇ ਵਾਰਸਾ ਸੰਧੀ ਤੁੜਵਾਈ ਗਈ ਸੀ ਕਿ ਪੂਰਬ ਵੱਲ ਨਾਟੋ ਦਾ ਵਿਸਤਾਰ ਨਹੀਂ ਕੀਤਾ ਜਾਵੇਗਾ ਪਰ 1991 ਦੇ ਅੰਤ 'ਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਅਮਰੀਕਨ ਸਾਮਰਾਜਵਾਦ ਨੇ ਰੂਸ ਨੂੰ ਹਮੇਸ਼ਾ ਵਾਸਤੇ ਘੇਰਨ ਲਈ ਉਪਰੋਕਤ ਸਹਿਮਤੀ ਦੀ ਉਲੰਘਣਾ ਕਰਕੇ ਨਾਟੋ ਦਾ ਫੈਲਾਅ ਸ਼ੁਰੂ ਕਰ ਦਿੱਤਾ। ਨਾਟੋ ਤਾਕਤਾਂ ਪੂਰਬ 'ਚ ਰੂਸੀ ਸਰਹੱਦਾਂ ਦੇ ਬਹੁਤ ਕਰੀਬ ਪਹੁੰਚ ਗਈਆਂ। ਨਾਟੋ ਨੇ ਕਿਸੇ ਵੀ ਮੁਲਕ ਨੂੰ ਮੈਂਬਰ ਬਣਨ ਦੀ ਖੁੱਲ੍ਹ ਦੇ ਦਿੱਤੀ। 1999 ਤੋਂ ਲੈ ਕੇ ਪੂਰਬੀ ਯੂਰਪ ਦੇ 14 ਨਵੇਂ ਮੁਲਕ ਨਾਟੋ ਦੇ ਮੈਂਬਰ ਬਣ ਚੁੱਕੇ ਹਨ ਅਤੇ ਅਮਰੀਕਾ ਯੂਕਰੇਨ ਨੂੰ ਮੈਂਬਰ ਬਣਾਉਣਾ ਚਾਹੁੰਦਾ ਹੈ। ਇਨ੍ਹਾਂ 14 'ਚੋਂ ਕਈ ਮੁਲਕ ਯੂਰਪੀ ਯੂਨੀਅਨ ਦੇ ਮੈਂਬਰ ਹੋਣ ਦੇ ਬਾਵਜੂਦ ਅਮਰੀਕਾ ਦੇ ਜ਼ਿਆਦਾ ਨੇੜੇ ਹਨ। ਨਾਟੋ ਬਣਾਏ ਜਾਣ ਸਮੇਂ ਅਮਰੀਕਨ ਸਾਮਰਾਜਵਾਦੀਆਂ ਕੋਲ ਬਹਾਨਾ ਸੀ ਕਿ ਸੋਵੀਅਤ ਯੂਨੀਅਨ ਦੀ ਅਗਵਾਈ ਹੇਠਲੀ ਵਾਰਸਾ ਸੰਧੀ ਤੋਂ ਪੱਛਮੀ ਮੁਲਕਾਂ ਦੀ ਸੁਰੱਖਿਆ ਨੂੰ ਖਤਰਾ ਹੈ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਵਾਰਸਾ ਸੰਧੀ ਖਤਮ ਕਰ ਦਿੱਤੀ ਗਈ, ਫਿਰ ਵੀ ਪੱਛਮੀ ਮੁਲਕ ਨਾਟੋ ਤੋਂ ਵੱਖ ਨਹੀਂ ਹੋਏ। ਅਮਰੀਕਾ ਨੇ ਨਾਟੋ ਨੂੰ ਤੋੜਨ ਦੀ ਬਜਾਇ ਹੋਰ ਫੈਲਾਉਣਾ ਸ਼ੁਰੂ ਕਰ ਦਿੱਤਾ। ਯੂਕਰੇਨ ਵਿਚ ਅਮਰੀਕਾ ਨੇ ਘੋਰ ਪਿਛਾਖੜੀ ਨਾਜ਼ੀਵਾਦੀ ਤਾਕਤਾਂ ਨੂੰ ਮਜ਼ਬੂਤ ਕੀਤਾ। ਇਸੇ ਕਾਰਨ ਰੂਸ 1999 ਤੋਂ ਪਹਿਲਾ ਦਰਜਾ ਮੁੜ ਸਥਾਪਤ ਕਰਨ ਦੀ ਮੰਗ ਕਰ ਰਿਹਾ ਹੈ ਅਤੇ ਯੂਕਰੇਨ ਨੂੰ ਕੁਚਲ ਕੇ ਗਲਬਾ ਚਾਹੁੰਦਾ ਹੈ। ਪੂਤਿਨ ਲੈਨਿਨ ਅਤੇ ਸਟਾਲਿਨ ਨੂੰ ਕੋਸ ਰਿਹਾ ਹੈ ਜਿਨ੍ਹਾਂ ਨੇ ਯੂਕਰੇਨ ਨੂੰ ਪੈਦਾ ਕਰਕੇ 'ਗਲਤ' ਕੀਤਾ।

ਯੂਕਰੇਨ ਦੇ ਮੁੱਦੇ ਉਪਰ ਭਵਿੱਖੀ ਸੰਕਟ ਦੀ ਨੀਂਹ 2008 'ਚ ਹੀ ਰੱਖੀ ਗਈ ਸੀ ਜਦੋਂ ਅਮਰੀਕਨ ਮੁਖੀ ਜਾਰਜ ਬੁਸ਼ ਦੇ ਕਹਿਣ 'ਤੇ ਨਾਟੋ ਵੱਲੋਂ ਯੂਕਰੇਨ ਅਤੇ ਜਾਰਜੀਆ ਨੂੰ ਮੈਂਬਰ ਬਣਾਉਣ ਲਈ ਦਰਵਾਜ਼ੇ ਖੋਲ੍ਹ ਦਿੱਤੇ ਗਏ। ਇਸ ਦੇ ਪ੍ਰਤੀਕਰਮ 'ਚ ਰੂਸ ਨੇ 'ਰੂਸੀ ਘੱਟਗਿਣਤੀਆਂ ਨੂੰ ਸੁਰੱਖਿਅਤ ਕਰਨ ਲਈ' ਜਾਰਜੀਆ ਵਿਚ ਦਖਲਅੰਦਾਜ਼ੀ ਕਰਕੇ ਇਸ ਦੇ ਦੋ ਪੂਰਬੀ ਸੂਬਿਆਂ ਉਪਰ ਕਬਜ਼ਾ ਕਰ ਲਿਆ। ਫਿਰ 2014 'ਚ ਇਸ ਨੇ ਕਰੀਮੀਆ ਉਪਰ ਕਬਜ਼ਾ ਕਰ ਲਿਆ ਜੋ ਨਾ ਸਿਰਫ ਭੂਮੱਧ ਸਾਗਰ ਸਗੋਂ ਸੀਰੀਆ ਵਿਚ ਇਸ ਦੀ ਨੇਵੀ ਦੇ ਅੱਡਿਆਂ ਤੱਕ ਪਹੁੰਚ ਲਈ ਯੁੱਧਨੀਤਕ ਤੌਰ 'ਤੇ ਮਹੱਤਵਪੂਰਨ ਹੈ। ਫਿਰ ਇਸ ਨੇ ਯੂਕਰੇਨ ਦੇ ਡੋਨਬਾਸ ਖੇਤਰ ਵਿਚ ਰੂਸੀ ਬਹੁਗਿਣਤੀ ਵਾਲੇ ਡੋਨੈਸਕ ਅਤੇ ਲੁਹਾਂਸਕ ਨੂੰ ਆਜ਼ਾਦ ਕਰਾਉਣ ਲਈ ਦਖਲਅੰਦਾਜ਼ੀ ਕੀਤੀ। ਇਸ ਦੇ ਜਵਾਬ 'ਚ ਅਮਰੀਕਾ ਅਤੇ ਨਾਟੋ ਨੇ 2019 ਅਤੇ 2020 'ਚ ਯੂਕਰੇਨ ਨਾਲ ਭਾਈਵਾਲੀ ਵਧਾ ਕੇ ਬਲੈਕ ਸਾਗਰ ਵਿਚ ਸਮੁੰਦਰੀ ਫੌਜ ਦੀ ਤਾਕਤ ਵਧਾ ਲਈ। ਇਸ ਨੂੰ ਰੂਸ ਨੇ ਗੰਭੀਰ ਖਤਰੇ ਵਜੋਂ ਲੈ ਕੇ ਇਸ ਦਾ ਮੁਕਾਬਲਾ ਕਰਨ ਦੀ ਠਾਣ ਲਈ।



ਲਿਹਾਜ਼ਾ, ਮੌਜੂਦਾ ਹਮਲੇ ਲਈ ਰੂਸ ਇਕੱਲਾ ਗੁਨਾਹਗਾਰ ਨਹੀਂ ਹੈ, ਅਮਰੀਕਨ ਸਾਮਰਾਜਵਾਦੀਆਂ ਵੱਲੋਂ ਨਾਟੋ ਦਾ ਫੈਲਾਅ ਅਤੇ ਇਸ ਵਿਚ ਪੱਛਮੀ ਸਾਮਰਾਜਵਾਦੀਆਂ ਦੀ ਮਿਲੀਭੁਗਤ ਬਰਾਬਰ ਗੁਨਾਹਗਾਰ ਹੈ।

ਦਰਅਸਲ, ਇਹ ਸੰਸਾਰ ਮੰਡੀਆਂ ਉਪਰ ਵੱਧ ਤੋਂ ਵੱਧ ਕਬਜ਼ੇ ਅਤੇ ਚੌਧਰ ਲਈ ਇਕ ਪਾਸੇ ਰੂਸੀ-ਚੀਨੀ ਅਤੇ ਦੂਜੇ ਪਾਸੇ ਅਮਰੀਕਨ ਤੇ ਇਸ ਦੇ ਜੋਟੀਦਾਰ ਪੱਛਮੀ ਸਾਮਰਾਜੀਆਂ ਦਾ ਭੇੜ ਹੈ ਅਤੇ ਇਸ ਲਈ ਸਾਮਰਾਜੀ ਤਾਕਤਾਂ ਦੀ ਮੰਡੀਆਂ ਲਈ ਲਾਲਸਾ ਜ਼ਿੰਮੇਵਾਰ ਹੈ। ਅਮਰੀਕਨ ਸਾਮਰਾਜਵਾਦੀਆਂ ਨੂੰ ਭਰਮ ਹੋ ਗਿਆ ਸੀ ਕਿ ਹੁਣ ਉਹ ਮਨਮਰਜ਼ੀ ਨਾਲ ਦੁਨੀਆ ਉਪਰ ਮੁਕੰਮਲ ਗਲਬਾ ਪਾ ਸਕਦੇ ਹਨ, ਕੋਈ ਉਨ੍ਹਾਂ ਨੂੰ ਰੋਕਣ ਵਾਲਾ ਨਹੀਂ ਹੈ। ਉਨ੍ਹਾਂ ਨੇ ਸਰਬੀਆ, ਇਰਾਕ, ਅਫਗਾਨਿਸਤਾਨ, ਲਿਬੀਆ, ਸੋਮਾਲੀਆ ਅਤੇ ਹੋਰ ਬਹੁਤ ਸਾਰੇ ਮੁਲਕਾਂ ਉਪਰ ਹਮਲੇ ਕਰਕੇ ਭਿਆਨਕ ਤਬਾਹੀ ਮਚਾਈ। ਉਨ੍ਹਾਂ ਦਾ ਖੂਨੀ ਦਹਿਸ਼ਤਗਰਦ ਕਿਰਦਾਰ ਕੁਲ ਆਲਮ ਨੂੰ ਪਤਾ ਹੈ। ਇਸ ਦਰਮਿਆਨ ਚੀਨ ਅਤੇ ਰੂਸ ਨੇ ਆਪਣੀ ਤਾਕਤ ਉਸਾਰ ਲਈ। ਪੂਤਿਨ ਦੀ ਅਗਵਾਈ ਹੇਠ ਰੂਸੀ ਹੁਕਮਰਾਨ ਜਮਾਤ ਨੇ ਮੁੜ ਤਾਕਤਵਰ ਹੋ ਕੇ ਪੂਰਬੀ ਯੂਰਪ ਅਤੇ ਹੋਰ ਮੁਲਕਾਂ 'ਚ ਅਮਰੀਕਨ ਫੈਲਾਅ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਜਾਰਜੀਆ ਅਤੇ ਅਜ਼ਰਬਾਈਜਾਨ ਵਿਚ ਜੰਗਾਂ ਅਤੇ ਸੀਰੀਆ ਵਿਚ ਅਸਦ ਹਕੂਮਤ ਦੀ ਰਾਖੀ ਲਈ ਹਥਿਆਰਬੰਦ ਦਖਲਅੰਦਾਜ਼ੀ ਇਸ ਦੀ ਸਾਮਰਾਜੀ ਦਾਅਵੇਦਾਰੀ ਦੀਆਂ ਮਿਸਾਲਾਂ ਹਨ। ਯੂਕਰੇਨ ਉਪਰ ਹਮਲਾ ਇਸੇ ਨੀਤੀ ਦੀ ਲਗਾਤਾਰਤਾ ਹੈ।

ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਅਮਰੀਕਨ ਮਹਾ-ਸ਼ਕਤੀ ਸੰਸਾਰ ਚੌਧਰੀ ਬਣ ਕੇ ਦੁਨੀਆ ਦੇ ਕਮਜ਼ੋਰ ਮੁਲਕਾਂ ਉਪਰ ਸਾਮਰਾਜੀ ਧੌਂਸ ਜਮਾਉਂਦੀ ਆ ਰਹੀ ਸੀ। ਇਕ ਧਰੁਵੀ ਸੰਸਾਰ ਵਿਚ ਅਮਰੀਕਾ ਦਾ ਗਲਬਾ ਚੱਲਦਾ ਰਿਹਾ ਪਰ ਰੂਸ ਦੇ ਸਾਮਰਾਜਵਾਦੀ ਤਾਕਤ ਵਜੋਂ ਮੁੜ ਸੰਭਲ ਜਾਣ ਅਤੇ ਮਜ਼ਬੂਤ ਆਰਥਕ ਤਾਕਤ ਚੀਨ ਨਾਲ ਇਸ ਦੀ ਯੁੱਧਨੀਤਕ ਸਾਂਝ ਨੇ ਆਲਮੀ ਤਾਕਤਾਂ ਦਾ ਸੰਤੁਲਨ ਬਦਲ ਦਿੱਤਾ ਅਤੇ ਰੂਸ ਨੇ ਅਮਰੀਕਾ ਦੀ ਸੰਸਾਰ ਚੌਧਰ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ। ਰੂਸ ਅਤੇ ਅਮਰੀਕਾ ਦੋਵੇਂ ਯੂਕਰੇਨ ਉਪਰ ਮੁਕੰਮਲ ਗਲਬਾ ਪਾਉਣਾ ਚਾਹੁੰਦੇ ਹਨ ਲੇਕਿਨ ਅਮਰੀਕਾ ਹੁਣ ਇਸ ਹਾਲਤ 'ਚ ਨਹੀਂ ਹੈ ਕਿ ਇਕੱਲਾ ਹੀ ਦੁਨੀਆ 'ਚ ਮਨਮਾਨੀਆਂ ਕਰ ਸਕੇ। ਅਮਰੀਕਾ ਅਤੇ ਉਸ ਦੇ ਸਾਮਰਾਜੀ ਸ਼ਰੀਕ ਯੂਰਪੀ ਯੂਨੀਅਨ ਤੋਂ ਇਲਾਵਾ ਹੁਣ ਰੂਸ ਅਤੇ ਚੀਨ ਵੀ ਸੰਸਾਰ ਮੰਡੀਆਂ ਉਪਰ ਕਾਬਜ਼ ਹੋਣ ਲਈ ਸਾਮਰਾਜੀ ਭੇੜ ਦੀਆਂ ਮਜ਼ਬੂਤ ਮੁਕਾਬਲੇਬਾਜ਼ ਤਾਕਤਾਂ ਬਣ ਕੇ ਉਸ ਦਾ ਰਾਹ ਰੋਕੀ ਖੜ੍ਹੇ ਹਨ। ਇਹੀ ਵਜ੍ਹਾ ਹੈ ਕਿ ਅਮਰੀਕਾ ਆਪਣੇ ਪਿੱਠੂ ਯੂਕਰੇਨੀ ਹਾਕਮਾਂ ਨੂੰ ਬਚਾਉਣ ਲਈ ਜੰਗ ਵਿਚ ਸਿੱਧਾ ਸ਼ਾਮਿਲ ਹੋਣ ਤੋਂ ਗੁਰੇਜ਼ ਕਰ ਰਿਹਾ ਹੈ ਅਤੇ ਰੂਸ ਵਿਰੁੱਧ ਆਰਥਕ ਪਾਬੰਦੀਆਂ ਦਾ ਸਹਾਰਾ ਲੈ ਰਿਹਾ ਹੈ। ਅਮਰੀਕਾ ਆਪਣੇ ਜੋਟੀਦਾਰ ਨਾਟੋ ਦੇ ਮੈਂਬਰ ਮੁਲਕਾਂ ਨੂੰ ਵੀ ਇਸ ਜੰਗ 'ਚ ਖਿੱਚ ਲਿਆਉਣ ਦੀ ਪਹਿਲਾਂ ਵਾਲੀ ਹਾਲਤ 'ਚ ਨਹੀਂ ਹੈ ਜਦੋਂ ਇਰਾਕ ਉਪਰ ਧਾੜਵੀ ਹਮਲੇ ਸਮੇਂ ਇਸ ਨੇ ਉਨ੍ਹਾਂ ਨੂੰ ਆਪਣੇ ਨਾਲ ਜੋੜ ਲਿਆ ਸੀ।

ਲੋਕਾਂ ਅਤੇ ਸਾਮਰਾਜੀ ਤਾਕਤਾਂ ਦੇ ਜੰਗਾਂ ਨੂੰ ਸਹੀ ਜਾਂ ਗਲਤ ਠਹਿਰਾਉਣ ਦੇ ਨਜ਼ਰੀਏ ਪੂਰੀ ਤਰ੍ਹਾਂ ਵਿਰੋਧੀ ਹਨ। ਧਾੜਵੀ ਤਾਕਤਾਂ ਲਈ ਹਮਲੇ ਨੂੰ ਸਹੀ ਠਹਿਰਾਉਣ ਦਾ ਪੈਮਾਨਾ ਹਮਲੇ ਦੀ ਪਹਿਲ ਹੈ ਪਰ ਲੋਕਾਂ ਦੇ ਨਜ਼ਰੀਏ ਤੋਂ ਨਹੱਕੀਆਂ ਜੰਗਾਂ ਦੀ ਕੋਈ ਵਾਜਬੀਅਤ ਨਹੀਂ ਹੈ ਅਤੇ ਇਨ੍ਹਾਂ ਦਾ ਡੱਟ ਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਜੰਗਾਂ ਦਾ ਫੈਸਲਾ ਲੋਕ ਦੁਸ਼ਮਣ ਹੁਕਮਰਾਨ ਆਪਣੇ ਲੋਟੂ ਹਿਤਾਂ ਨੂੰ ਮੁੱਖ ਰੱਖ ਕੇ ਕਰਦੇ ਹਨ ਅਤੇ ਇਨ੍ਹਾਂ ਨਾਲ ਹੋਣ ਵਾਲੀ ਭਿਆਨਕ ਤਬਾਹੀ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਯੂਕਰੇਨ ਤੋਂ ਇਲਾਵਾ ਬਾਕੀ ਦੁਨੀਆ ਦੇ ਲੋਕਾਂ ਨੂੰ ਵੀ ਜੰਗ ਕਾਰਨ ਤੇਲ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਣ ਕਰਕੇ ਭਾਰੀ ਆਰਥਕ ਬੋਝ ਝੱਲਣਾ ਪਵੇਗਾ। ਯੂਕਰੇਨ ਬਾਰੇ ਕੋਈ ਵੀ ਫੈਸਲਾ ਲੈਣ ਦਾ ਹੱਕ ਨਾ ਆਪੇ ਬਣੇ ਸੰਸਾਰ ਥਾਣੇਦਾਰ ਅਮਰੀਕਾ ਨੂੰ ਹੈ, ਨਾ ਯੂਰਪੀ ਯੂਨੀਅਨ ਨੂੰ, ਨਾ ਰੂਸ ਅਤੇ ਚੀਨ ਨੂੰ। ਇਸ ਦਾ ਹੱਕ ਸਿਰਫ ਅਤੇ ਸਿਰਫ ਯੂਕਰੇਨ ਦੇ ਲੋਕਾਂ ਨੂੰ ਹੈ।

ਰੂਸ ਦੇ ਪਸਾਰਵਾਦੀ ਹਮਲੇ ਨੇ ਭਾਵੇਂ ਯੂਕਰੇਨ ਦੇ ਲੋਕਾਂ 'ਚ ਆਪਣੇ ਵਤਨ ਦੀ ਰਾਖੀ ਦੇ ਦੇਸ਼ਭਗਤ ਜਜ਼ਬਾਤ ਜਗਾਏ ਹਨ ਅਤੇ ਉਹ ਹਮਲੇ ਵਿਰੁੱਧ ਹਕੂਮਤ ਦੀ ਫੌਜੀ ਲਾਮਬੰਦੀ ਦਾ ਸਾਥ ਦੇ ਰਹੇ ਹਨ ਪਰ ਇਸ ਨਾਲ ਯੂਕਰੇਨ ਦੀ ਮੌਜੂਦਾ ਹਕੂਮਤ ਦਾ ਲੋਕ ਦੁਸ਼ਮਣ ਖਾਸਾ ਨਹੀਂ ਬਦਲ ਜਾਂਦਾ। ਯੂਕਰੇਨ ਦੀ ਕੁਲ-ਅਖਤਿਆਰ ਸੁਤੰਤਰ ਹੈਸੀਅਤ ਦੀ ਬਜਾਇ ਯੂਕਰੇਨ ਦੀ ਹੁਕਮਰਾਨ ਜਮਾਤ ਸਾਮਰਾਜੀ ਧੜਿਆਂ ਦੀ ਧਾੜਵੀ ਸ਼ਰੀਕੇਬਾਜ਼ੀ 'ਚ ਉਨ੍ਹਾਂ ਨਾਲ ਗੰਢ-ਚਿਤਰਾਵਾ ਕਰਦੇ ਚੱਲਦੀ ਆ ਰਹੀ ਹੈ, ਸੋ ਇਹ ਵੀ ਯੂਕਰੇਨ ਦੇ ਲੋਕਾਂ ਨੂੰ ਜੰਗ ਦੇ ਮੂੰਹ ਧੱਕਣ ਦੀ ਜ਼ਿੰਮੇਵਾਰੀ ਤੋਂ ਬਰੀ ਨਹੀਂ ਹੈ।

ਭਾਰਤ ਦੀ ਭਗਵੀਂ ਹਕੂਮਤ ਬੁਰੀ ਤਰ੍ਹਾਂ ਫਸੀ ਹੋਈ ਹੈ। ਇਹ ਆਪਣੇ ਅਮਰੀਕਨ ਆਕਾਵਾਂ ਨੂੰ ਨਾਰਾਜ਼ ਨਹੀਂ ਕਰ ਸਕਦੀ ਅਤੇ ਖੁੱਲ੍ਹ ਕੇ ਉਨ੍ਹਾਂ ਦਾ ਸਾਥ ਦੇ ਕੇ ਰੂਸ ਦੀ ਪੂਤਿਨ ਹਕੂਮਤ ਦਾ ਵਿਰੋਧ ਵੀ ਨਹੀਂ ਸਹੇੜਨਾ ਚਾਹੁੰਦੀ। ਯੂਕਰੇਨ 'ਚ ਫਸੇ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਨਾ ਚਾਹੁੰਦਿਆਂ ਵੀ ਕੁਝ ਨਾ ਕੁਝ ਕਰਨਾ ਇਸ ਦੀ ਮਜਬੂਰੀ ਹੈ। 'ਮਨ ਕੀ ਬਾਤ' ਵਿਚ ਮੋਦੀ ਨੇ ਵਿਦਿਆਰਥੀਆਂ ਨੂੰ ਕੋਸਿਆ ਕਿ ਉਹ ਭਾਰਤ ਵਿਚ ਡਾਕਟਰੀ ਦੀ ਪੜ੍ਹਾਈ ਕਿਉਂ ਨਹੀਂ ਕਰਦੇ ਪਰ ਉਸ ਨੇ ਭਾਰਤ ਦੇ ਸਿੱਖਿਆ ਪ੍ਰਬੰਧ ਵੱਲੋਂ ਮਚਾਈ ਅੰਨ੍ਹੀ ਲੁੱਟ ਬਾਰੇ ਬੇਸ਼ਰਮੀ ਨਾਲ ਚੁੱਪ ਧਾਰ ਲਈ। ਯੂਕਰੇਨ 'ਚ ਐਮ.ਬੀ.ਬੀ.ਐਸ. ਦੀ ਸਾਢੇ ਪੰਜ ਸਾਲ ਦੀ ਪੜ੍ਹਾਈ ਦਾ ਪੂਰਾ ਖਰਚ ਤਕਰੀਬਨ 25 ਲੱਖ ਰੁਪਏ ਹੈ। ਆਰ.ਐਸ.ਐਸ.-ਬੀ.ਜੇ.ਪੀ. ਦੇ 'ਰਾਮ ਰਾਜ' ਵਿਚ ਪ੍ਰਾਈਵੇਟ ਕਾਲਜਾਂ ਵਿਚ ਇਹ ਖਰਚਾ 75 ਲੱਖ ਤੋਂ ਲੈ ਕੇ ਇਕ ਕਰੋੜ 15 ਲੱਖ ਤੋਂ ਵੀ ਉਪਰ ਹੈ। ਭਾਰੀ ਲੁੱਟ ਤੋਂ ਬਚਣ ਲਈ ਵਿਦਿਆਰਥੀ ਆਪਣੇ ਮੁਲਕ ਦੀ ਬਜਾਇ ਯੂਕਰੇਨ ਵਿਚ ਡਾਕਟਰੀ ਦੀ ਪੜ੍ਹਾਈ ਕਰਨ ਨੂੰ ਤਰਜੀਹ ਦਿੰਦੇ ਹਨ।

ਰੂਸ ਨਾਲ ਯੂਕਰੇਨ ਦੇ ਹੁਕਮਰਾਨਾਂ ਦੇ ਟਕਰਾਓ ਦੇ ਪ੍ਰਤੱਖ ਕਾਰਨ ਹਨ ਪਰ ਹਮਲੇ ਨਾਲ ਤਬਾਹੀ ਆਮ ਲੋਕਾਂ ਦੀ ਹੋ ਰਹੀ ਹੈ ਜਿਨ੍ਹਾਂ ਦੀ ਨਾ ਜੰਗ ਵਿਚ ਕੋਈ ਭੂਮਿਕਾ ਹੈ ਅਤੇ ਨਾ ਉਹ ਜੰਗ ਚਾਹੁੰਦੇ ਹਨ। ਬੇਤਹਾਸ਼ਾ ਹਮਲਿਆਂ 'ਚ ਮਾਰੇ ਜਾ ਰਹੇ ਬੱਚਿਆਂ, ਔਰਤਾਂ, ਬਜ਼ੁਰਗਾਂ ਆਦਿ ਦਾ ਗੁਨਾਹ ਸਿਰਫ ਇਹ ਹੈ ਕਿ ਉਹ ਯੂਕਰੇਨ ਦੇ ਬਾਸ਼ਿੰਦੇ ਹਨ। ਇਸ ਭਿਆਨਕ ਤਬਾਹੀ ਨੇ ਦੁਨੀਆ ਨੂੰ ਇਰਾਕ, ਸੀਰੀਆ ਅਤੇ ਲਿਬੀਆ ਉਪਰ ਅਮਰੀਕੀ ਹਮਲਿਆਂ ਨਾਲ ਹੋਈ ਵਿਆਪਕ ਤਬਾਹੀ ਦੇ ਮੰਜ਼ਰ ਚੇਤੇ ਕਰਾ ਦਿੱਤੇ ਹਨ। ਦੁਨੀਆ ਦੇ ਲੋਕ ਨਹੱਕੀਆਂ ਜੰਗਾਂ ਦੇ ਖਤਰਿਆਂ ਅਤੇ ਪਰਮਾਣੂ ਹਥਿਆਰਾਂ ਨਾਲ ਲੈਸ ਤਾਕਤਾਂ ਦੇ ਭੇੜ ਨਾਲ ਹੋਣ ਵਾਲੀ ਭਿਆਨਕ ਤਬਾਹੀ ਨੂੰ ਬਾਖੂਬੀ ਸਮਝਦੇ ਹਨ। ਇਹੀ ਵਜ੍ਹਾ ਹੈ ਕਿ ਦੁਨੀਆ ਭਰ ਦੇ ਅਤੇ ਰੂਸ ਦੇ ਅਮਨਪਸੰਦ ਲੋਕ ਨਹੱਕੀ ਜੰਗ ਦੀ ਅਸਲੀਅਤ ਨੂੰ ਸਮਝ ਕੇ ਸੜਕਾਂ ਉਪਰ ਆ ਕੇ ਧਾੜਵੀ ਹਮਲੇ ਦਾ ਵਿਰੋਧ ਕਰ ਰਹੇ ਹਨ। ਰੂਸ ਦੀ ਤਾਨਾਸ਼ਾਹ ਹਕੂਮਤ ਆਪਣੇ ਲੋਕਾਂ ਦੀ ਜੰਗ ਵਿਰੋਧੀ ਆਵਾਜ਼ ਨੂੰ ਕੁਚਲਣ ਲਈ ਬੇਕਿਰਕੀ ਨਾਲ ਜਬਰ ਢਾਹ ਰਹੀ ਹੈ।

ਇਨਸਾਫ ਦਾ ਤਕਾਜ਼ਾ ਹੈ ਕਿ ਵੱਧ ਤੋਂ ਵੱਧ ਗਿਣਤੀ 'ਚ ਸੜਕਾਂ ਉਪਰ ਆ ਕੇ ਇਸ ਧਾੜਵੀ ਜੰਗ ਦਾ ਵਿਰੋਧ ਕੀਤਾ ਜਾਵੇ ਅਤੇ ਮੰਗ ਕੀਤੀ ਕਿ ਰੂਸ ਯੂਕਰੇਨ 'ਚ ਦਖਲਅੰਦਾਜ਼ੀ ਅਤੇ ਹਮਲਾ ਤੁਰੰਤ ਬੰਦ ਕਰੇ। ਨਾਟੋ ਸਮੇਤ ਧਾੜਵੀ ਮਨੋਰਥਾਂ ਵਾਲੇ ਕੁਲ ਫੌਜੀ ਗੱਠਜੋੜ/ਸਮਝੌਤੇ ਤੁਰੰਤ ਖਤਮ ਕੀਤੇ ਜਾਣ ਅਤੇ ਦੁਨੀਆ ਨੂੰ ਸਾਮਰਾਜਵਾਦੀ ਚੌਧਰ ਲਈ ਜੰਗਾਂ ਤੋਂ ਮੁਕਤ ਕੀਤਾ ਜਾਵੇ।

## ਜੰਗ ਤੋ ਖੁਦ ਹੀ ਏਕ ਮਸਲਾ ਹੈ...

ਜੰਗ ਤੋ ਖੁਦ ਹੀ ਏਕ ਮਸਲਾ ਹੈ
ਜੰਗ ਕਿਆ ਮਸਲੋਂ ਕਾ ਹੱਲ ਦੇਗੀ

ਖੂਨ ਅਪਨਾ ਹੋ ਯਾ ਪਰਾਇਆ ਹੋ
ਨਸਲ-ਆਦਮ ਕਾ ਖੂਨ ਹੈ ਆਖਿਰ
ਜੰਗ ਮਸ਼ਰਿਕ ਮੇਂ ਹੋ ਕੇ ਮਗਰਿਬ ਮੇਂ
ਅਮਨ-ਆਲਮ ਕਾ ਖੂਨ ਹੈ ਆਖਿਰ

ਬਮ ਘਰੋਂ ਪਰ ਗਿਰੇ ਕਿ ਸਰਹੱਦ ਪਰ
ਰੂਹ-ਏ-ਤਾਮੀਰ ਜ਼ਖਮ ਖਾਤੀ ਹੈ
ਖੇਤ ਅਪਨੇ ਜਲੇਂ ਕੇ ਔਰੋਂ ਕੇ
ਜੀਸਤ (ਜ਼ਿੰਦਗੀ) ਫਾਕੋਂ (ਭੁੱਖ) ਮੇਂ
ਤਿਲਮਲਾਤੀ ਹੈ

ਟੈਂਕ ਆਗੇ ਬੜੇ ਕੇ ਪੀਛੇ ਹਟੇ
ਕੋਖ ਧਰਤੀ ਕੀ ਬਾਂਝ ਹੋਤੀ ਹੈ
ਫਤਿਹ ਕਾ ਜਸ਼ਨ ਹੋ ਯਾ ਹਾਰ ਕਾ ਸੋਗ
ਜ਼ਿੰਦਗੀ ਮੈਯਤੋਂ ਪੇ ਰੋਤੀ ਹੈ

ਜੰਗ ਤੋ ਖੁਦ ਹੀ ਏਕ ਮਸਲਾ ਹੈ
ਜੰਗ ਕਿਆ ਮਸਲੋਂ ਕਾ ਹੱਲ ਦੇਗੀ

ਆਗ ਔਰ ਖੂਨ ਆਜ ਬਖਸ਼ੇਗੀ
ਭੂਖ ਔਰ ਏਹਤਿਆਜ (ਲੋੜਾਂ) ਕਲ ਦੇਗੀ
ਬਰਤਰੀ ਕੇ ਸਬੂਤ ਕੀ ਖਾਤਿਰ
ਖੂਨ ਬਹਾਨਾ ਹੀ ਕਿਆ ਜ਼ਰੂਰੀ ਹੈ
ਘਰ ਕੀ ਤਾਰੀਕੀਆਂ ਮਿਟਾਨੇ ਕੋ
ਘਰ ਜਲਾਨਾ ਹੀ ਕਿਆ ਜ਼ਰੂਰੀ ਹੈ

ਇਸ ਲੀਏ ਐ ਸ਼ਰੀਫ ਇਨਸਾਨੋਂ
ਜੰਗ ਟਲਤੀ ਰਹੇ ਤੋ ਬੇਹਤਰ ਹੈ
ਆਪ ਔਰ ਹਮ ਸਭੀ ਕੇ ਆਂਗਨ ਮੇਂ
ਸ਼ਮਾ ਜਲਤੀ ਰਹੇ ਤੋ ਬੇਹਤਰ ਹੈ।

*-ਸਾਹਿਰ ਲੁਧਿਆਣਵੀ*

# ਰੂਸ-ਯੂਕਰੇਨ ਵਿਵਾਦ...ਜੰਗ ਟਲਤੀ ਰਹੇ ਤੋ ਬਿਹਤਰ ਹੈ!

ਉਘੇ ਸ਼ਾਇਰ ਸਾਹਿਰ ਲੁਧਿਆਣਵੀ ਨੇ ਜੰਗ ਦੀਆਂ ਤਬਾਹੀਆਂ ਦੇ ਦ੍ਰਿਸ਼ ਨੂੰ ਆਪਣੀ ਇਕ ਨਜ਼ਮ 'ਐ ਸ਼ਰੀਫ ਇਨਸਾਨੋਂ' ਵਿਚ ਅੱਜ ਤੋਂ ਲਗਭਗ ਅੱਧੀ ਸਦੀ ਪਹਿਲਾਂ ਬਹੁਤ ਹੀ ਭਾਵੁਕ ਅੰਦਾਜ਼ ਵਿਚ ਪੇਸ਼ ਕਰਦਿਆਂ ਇਸ ਨੂੰ ਟਾਲਣ ਲਈ ਕਿਹਾ ਸੀ।

ਇਹ ਨਜ਼ਮ ਜਿੰਨੀ ਮਹੱਤਤਾ ਉਸ ਵੇਲੇ ਰੱਖਦੀ ਸੀ, ਉਨੀ ਹੀ ਅੱਜ ਪ੍ਰਭਾਵਸ਼ਾਲੀ ਹੈ, ਕਿਉਂਕਿ ਸੰਸਾਰ ਦੇ ਕੁਝ ਤਾਕਤਵਰ ਦੇਸ਼ਾਂ ਦੇ ਹੁਕਮਰਾਨ ਅਰਥਾਤ ਸ਼ਰੀਫ ਇਨਸਾਨ ਅਜਿਹੇ ਹਨ ਜੋ ਅੱਜ ਵੀ ਸਿਰਫ ਅਤੇ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਸਿਰਫ ਆਪਣੀ ਹਉਮੈ ਅਤੇ ਸੌੜੇ ਹਿਤਾਂ ਦੀ ਪੂਰਤੀ ਲਈ ਦੁਨੀਆ ਦੀ ਸੁੱਖ-ਸ਼ਾਂਤੀ ਨੂੰ ਲਾਂਬੂ ਲਾਉਣ ਲਈ ਤਿਆਰ ਰਹਿੰਦੇ ਹਨ।

ਇਨ੍ਹਾਂ ਵਿਚ ਜੇਕਰ ਵਿਸ਼ਵ ਸ਼ਕਤੀਆਂ ਤੇ ਉਨ੍ਹਾਂ ਦੇ ਭਾਈਵਾਲਾਂ ਦੀ ਗੱਲ ਕਰੀਏ ਤਾਂ ਉਹ ਇਸ ਵਿਚ ਪੇਸ਼ ਰਹਿੰਦੇ ਹਨ। ਅਸੀਂ ਭਾਵੇਂ ਅੱਜ ਬਹੁਤ ਤਰੱਕੀ ਕਰ ਲੈਣ ਦੇ ਦਾਅਵੇ ਕਰਦੇ ਨਹੀਂ ਥੱਕਦੇ। ਚੰਨ ਉਤੇ ਝੰਡੇ ਗੱਡਣ ਤੋਂ ਬਾਅਦ ਮੰਗਲਗ੍ਰਹਿ 'ਤੇ ਫਤਹਿ ਪਾਉਣ ਦੇ ਸੁਪਨੇ ਵੇਖ ਰਹੇ ਹਾਂ ਪਰ ਜੇ ਮੌਲਿਕ ਅਧਿਕਾਰਾਂ ਤੇ ਕਦਰਾਂ-ਕੀਮਤਾਂ ਦੀ ਗੱਲ ਕਰੀਏ ਤਾਂ ਲਗਾਤਾਰ ਨਿਘਾਰ ਵੇਖਣ ਨੂੰ ਮਿਲ ਰਿਹਾ ਹੈ। ਉਰਦੂ ਦੇ ਇਕ ਸ਼ਾਇਰ ਨੇ ਕਿੰਨਾ ਵਧੀਆ ਕਿਹਾ ਹੈ ਕਿ...

ਬੜ੍ਹਨੇ ਕੋ ਬਸ਼ਰ ਚਾਂਦ ਸੇ ਭੀ
ਆਗੇ ਬੜ੍ਹਾ ਹੈ,
ਯੇ ਸੋਚੀਏ ਕਿਰਦਾਰ ਘਟਾ ਹੈ
ਕਿ ਬੜ੍ਹਾ ਹੈ,

ਜੰਗ ਭਾਵੇਂ ਕਿਤੇ ਵੀ ਹੋਵੇ ਉਸਦਾ ਦੁੱਖ ਸਮੁੱਚੀ ਮਨੁੱਖਤਾ ਨੂੰ ਹੰਢਾਉਣਾ ਪੈਂਦਾ ਹੈ ਅਤੇ ਜੰਗ ਦੇ ਫਲਸਰੂਪ ਵਹਿਣ ਵਾਲਾ ਲਹੂ ਪੂਰੀ ਇਨਸਾਨੀਅਤ ਨੂੰ ਸ਼ਰਮਿੰਦਾ ਕਰਦਾ ਹੈ ਤਾਹੀਓਂ ਤਾਂ ਸਾਹਿਰ ਕਹਿੰਦਾ ਹੈ:

ਖੂਨ ਅਪਨਾ ਹੋ ਯਾ ਪਰਾਇਆ ਹੋ,
ਨਸਲ ਏ-ਆਦਮ ਕਾ ਖੂਨ ਹੈ ਆਖਿਰ।
ਜੰਗ ਮਸ਼ਰਿਕ ਮੇਂ ਹੋ ਕਿ ਮਗਰਿਬ ਮੇਂ,
ਅਮਨ-ਏ-ਆਲਮ ਕਾ ਖੂਨ ਹੈ ਆਖਿਰ।

ਸਾਹਿਰ ਦੀਆਂ ਉਕਤ ਸਤਰਾਂ ਸੱਚਾਈ ਨਾਲ ਭਰਪੂਰ ਹਨ। ਜੰਗ ਭਾਵੇਂ ਕੁਝ ਹੀ ਸਮਾਂ ਚੱਲੇ ਪਰ ਉਸਦੇ ਨਤੀਜੇ ਦੇਰ ਤਕ ਝੇਲਣੇ ਪੈਂਦੇ ਹਨ। ਅਮਰੀਕਾ ਦੀ ਬੰਬਾਰੀ ਦਾ ਸਾਹਮਣਾ ਕਰ ਚੁੱਕੇ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਸੱਤ ਦਹਾਕਿਆਂ ਤੋਂ ਉਪਰ ਦਾ ਸਮਾਂ ਬੀਤ ਜਾਣ ਤੋਂ ਬਾਅਦ ਅੱਜ ਵੀ ਜੰਗ ਦੀ ਬਰਬਾਦੀ ਦੀ ਦਾਸਤਾਨ ਚੀਕ-ਚੀਕ ਕੇ ਬਿਆਨ ਕਰ ਰਹੇ ਹਨ। ਇਨ੍ਹਾਂ ਬੰਬਾਂ ਕਾਰਨ ਆਏ ਜ਼ਖ਼ਮ ਇਨ੍ਹਾਂ ਸ਼ਹਿਰਾਂ ਦੇ ਲੋਕਾਂ ਲਈ ਨਾਸੂਰ ਬਣੇ ਹੋਏ ਹਨ। ਕਿੰਨੇ ਦੁਖ ਦੀ ਗੱਲ ਹੈ ਕਿ ਇਨ੍ਹਾਂ ਸ਼ਹਿਰਾਂ ਦੀਆਂ ਜ਼ਮੀਨਾਂ ਬੰਜਰ ਬਣ ਗਈਆਂ ਹਨ ਤੇ ਨਵ-ਜੰਮੇ ਬੱਚੇ ਅੱਜ ਵੀ ਅਪੰਗ ਪੈਦਾ ਹੁੰਦੇ ਹਨ। ਇਸ ਹਾਲਾਤ ਦੀ ਮੰਜ਼ਰ-ਕਸ਼ੀ ਕਰਦੇ ਸਾਹਿਰ ਆਖਦੇ ਹਨ:

ਬੰਬ ਘਰੋਂ ਪੇ ਗਿਰੇਂ ਕਿ ਸਰਹੱਦ ਪਰ,
ਰੂਹ ਏ-ਤਾਅਮੀਰ ਜ਼ਖ਼ਮ ਖਾਤੀ ਹੈ।
ਖੇਤ ਅਪਨੇ ਜਲੇਂ ਕਿ ਗੈਰੋਂ ਕੇ,
ਜ਼ੇਸਤ ਫਾਕੋਂ ਸੇ ਤਿਲਮਿਲਾਤੀ ਹੈ।

ਕੁਝ ਪਲਾਂ ਦੀ ਗਲਤੀ ਦੀ ਸਜ਼ਾ ਕਿਵੇਂ ਸਦੀਆਂ ਤੱਕ ਭੁਗਤਣੀ ਪੈਂਦੀ ਹੈ, ਇਸ ਦੀ ਪਰਿਭਾਸ਼ਾ ਮੁਜ਼ੱਫਰ ਰਜ਼ਮੀ ਨੇ ਇਕ ਸ਼ਿਅਰ ਵਿਚ ਇੰਝ ਬਿਆਨ ਕੀਤੀ ਹੈ:

ਤਾਰੀਖ ਕੀ ਆਂਖੋਂ ਨੇ
ਵੋਹ ਦੌਰ ਭੀ ਦੇਖਾ ਹੈ,
ਲਮਹੋਂ ਨੇ ਖਤਾ ਕੀ ਥੀ
ਸਦੀਓਂ ਨੇ ਸਜ਼ਾ ਪਾਈ।

ਯੁੱਧ ਦੇ ਮੈਦਾਨ ਵਿਚ ਜਿੱਤ ਭਾਵੇਂ ਕਿਸੇ ਦੀ ਵੀ ਹੋਵੇ, ਮਰਨ ਵਾਲਿਆਂ ਦਾ ਸੋਗ ਅਤੇ ਮਾਤਮ ਦੋਵੇਂ ਪਾਸੇ ਪਸਰਿਆ ਮਿਲਦਾ ਹੈ, ਇਸੇ ਲਈ ਸਾਹਿਰ ਕਹਿੰਦੇ ਹਨ:

ਟੈਂਕ ਆਗੇ ਬੜ੍ਹੇਂ ਕਿ ਪੀਛੇ ਹਟੇਂ,
ਕੋਖ ਧਰਤੀ ਕੀ ਬਾਂਝ ਹੋਤੀ ਹੈ।
ਫਤਹਿ ਕਾ ਜਸ਼ਨ ਹੋ ਕਿ ਹਾਰ ਕਾ ਸੋਗ
ਜ਼ਿੰਦਗੀ ਮਈਯਤੋਂ ਪੇ ਰੋਤੀ ਹੈ।

ਜੰਗ ਦੇ ਪਿਛਲੇ ਤਜਰਬੇ ਦੱਸਦੇ ਹਨ ਕਿ ਜੰਗ ਭਾਵੇਂ ਕਿੰਨੀ ਹੀ ਲੰਮੀ ਕਿਉਂ ਨਾ ਚੱਲੇ, ਪਰ ਉਸਦਾ ਨਿਬੇੜਾ ਅੰਤ ਗੱਲਬਾਤ ਰਾਹੀਂ ਹੀ ਹੁੰਦਾ ਹੈ। ਜਦ ਸਾਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੰਗ ਕਿਸੇ ਸਮੱਸਿਆ ਦਾ ਸਦੀਵੀ ਹੱਲ ਨਹੀਂ ਹੈ ਤਾਂ ਅਸੀਂ ਜੰਗ ਦੇ ਰਸਤੇ ਨੂੰ ਚੁਣ ਕੇ ਮਨੁੱਖੀ ਜਾਨਾਂ ਦਾ ਘਾਣ ਕਿਉਂ ਕਰੀਏ? ਸਾਹਿਰ ਆਖਦੇ ਹਨ:

ਜੰਗ ਤੋ ਖੁਦ ਹੀ ਏਕ ਮਸਲਾ ਹੈ,
ਜੰਗ ਕਿਯਾ ਮਸਲੋਂ ਕਾ ਹੱਲ ਦੇਗੀ।
ਆਗ ਔਰ ਖੂਨ ਆਜ ਬਖਸ਼ੇਗੀ,
ਭੂਖ ਔਰ ਅਹਿਤਿਆਜ ਕਲ ਦੇਗੀ।

ਆਪਣੀ ਨਜ਼ਮ ਦੇ ਆਖਰੀ ਪਹਿਰੇ ਵਿਚ ਸਾਹਿਰ ਟਰੰਪ ਅਤੇ ਕਿਮ ਜੌਂਗ ਜਿਹੇ ਸ਼ਰੀਫ ਇਨਸਾਨਾਂ ਨੂੰ ਮੁਖਾਤਿਬ ਹੁੰਦਿਆਂ ਆਖਦੇ ਹਨ:

ਇਸ ਲੀਯੇ ਐ ਸ਼ਰੀਫ ਇਨਸਾਨੋਂ,
ਜੰਗ ਟਲਤੀ ਰਹੇ ਤੋ ਬਿਹਤਰ ਹੈ।
ਆਪ ਔਰ ਹਮ ਸਭੀ ਕੇ ਆਂਗਨ ਮੇਂ,
ਸ਼ਮਾਂ ਜਲਤੀ ਰਹੇ ਤੋ ਬਿਹਤਰ ਹੈ।

ਦੁਨੀਆ ਦੇ ਵਧੇਰੇ ਗਰੀਬ ਦੇਸ਼ਾਂ ਦੇ ਲੋਕ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ ਅਤੇ ਭੁੱਖਮਰੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਜੇਕਰ ਇਨ੍ਹਾਂ ਸ਼ਰੀਫ ਇਨਸਾਨਾਂ ਨੇ ਜੰਗ ਹੀ ਲੜਨੀ ਹੈ ਤਾਂ ਗਰੀਬਾਂ ਦੀ ਗਰੀਬੀ ਦੂਰ ਕਰਨ ਲਈ ਜੰਗ ਲੜਨੀ ਚਾਹੀਦੀ ਹੈ। ਜੇ ਜੰਗ ਲੜਨਾ ਹੀ ਮਕਸਦ ਹੈ ਤਾਂ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਵਿਰੁਧ ਜੰਗ ਲੜਨੀ ਚਾਹੀਦੀ ਹੈ। ਜੇਕਰ ਜੰਗ ਹੀ ਲੜਨੀ ਹੈ ਤਾਂ ਅੱਜ ਕਿੰਨੇ ਹੀ ਬੱਚੇ ਭੁੱਖਮਰੀ ਅਤੇ ਕੁਪੋਸ਼ਣ ਦਾ ਸ਼ਿਕਾਰ ਹਨ, ਜਿਨ੍ਹਾਂ ਨੂੰ ਇਕ ਸਮੇਂ ਦੀ ਰੋਟੀ ਮਿਲਣੀ ਤਾਂ ਦੂਰ ਪੀਣ ਲਈ ਸਾਫ ਪਾਣੀ ਤਕ ਉਪਲੱਬਧ ਨਹੀਂ ਹੈ। ਇਨ੍ਹਾਂ ਦੀ ਭੁੱਖ ਮਿਟਾਉਣ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਜੰਗ ਲੜਨੀ ਚਾਹੀਦੀ ਹੈ।

ਅੱਜ ਸੰਸਾਰ ਨੂੰ ਜਾਨਲੇਵਾ ਹਥਿਆਰਾਂ ਦੀ ਨਹੀਂ ਸਗੋਂ ਜੀਵਨ ਉਪਰ ਛਾਏ ਅੰਧਕਾਰ ਦੇ ਬੱਦਲਾਂ ਨੂੰ ਦੂਰ ਕਰਨ ਲਈ ਸਿੱਖਿਆ ਸੰਸਥਾਵਾਂ ਅਤੇ ਬੀਮਾਰੀ ਨਾਲ ਜੂਝ ਰਹੀ ਮਨੁੱਖਤਾ ਨੂੰ ਨਿਰੋਗ ਬਣਾਉਣ ਵਾਲੇ ਆਧੁਨਿਕ ਕਿਸਮ ਦੇ ਹਸਪਤਾਲਾਂ ਦੀ ਵਧੇਰੇ ਲੋੜ ਹੈ।

ਜੇ ਗੱਲ ਮੌਜੂਦਾ ਰੂਸ ਤੇ ਯੂਕਰੇਨ ਵਿਵਾਦ ਦੀ ਕਰੀਏ ਤਾਂ ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਸੋਵੀਅਤ ਯੂਨੀਅਨ ਦੇ ਬਿਖਰਨ ਨਾਲ ਹੀ ਦੁਨੀਆ ਦੇ ਲੋਕ ਇਹ ਸਮਝਣ ਲੱਗ ਪਏ ਸਨ ਕਿ ਜਿਵੇਂ ਸੋਵੀਅਤ ਯੂਨੀਅਨ ਅਤੇ ਅਮਰੀਕਾ ਦਰਮਿਆਨ ਚੱਲ ਰਹੇ ਦਹਾਕਿਆਂ ਪੁਰਾਣੇ ਸ਼ੀਤ ਯੁੱਧ ਦਾ ਅੰਤ ਹੋ ਗਿਆ ਹੈ, ਅਮਰੀਕਾ ਖੁਦ ਨੂੰ ਦੁਨੀਆ ਦਾ ਇਕਲੌਤਾ ਮਾਈ-ਬਾਪ ਕਹਾਉਣ ਲੱਗਾ। ਅਮਰੀਕਾ ਨੇ ਵੱਖ-ਵੱਖ ਦੇਸ਼ਾਂ ਵਿਚ ਸਿੱਧੇ ਅਸਿੱਧੇ ਤੌਰ 'ਤੇ ਦਖਲਅੰਦਾਜ਼ੀ ਕਰ ਉਥੋਂ ਦੀਆਂ ਸਰਕਾਰਾਂ ਦੇ ਤਖਤੇ ਪਲਟੇ ਤੇ ਇਨ੍ਹਾਂ ਦੇਸ਼ਾਂ ਜਿਵੇਂ-ਇਰਾਕ, ਅਫਗਾਨਿਸਤਾਨ ਸਮੇਤ ਵੱਖ ਵੱਖ ਮੁਲਕਾਂ ਵਿਚ ਆਪਣੀਆਂ ਕਠਪੁਤਲੀ ਸਰਕਾਰਾਂ ਕਾਇਮ ਕੀਤੀਆਂ।



ਪਰ ਉਧਰ ਸੋਵੀਅਤ ਯੂਨੀਅਨ ਟੁੱਟਣ ਦੇ ਬਾਅਦ ਰੂਸ ਆਪਣੇ ਆਪ ਨੂੰ ਮਜ਼ਬੂਤ ਕਰਨ ਵਿਚ ਜੁਟਿਆ ਰਿਹਾ। ਅੱਜ ਜੇ ਅਸੀਂ ਯੂਕਰੇਨ 'ਤੇ ਹਮਲਾ ਹੁੰਦਾ ਵੇਖ ਰਹੇ ਹਾਂ ਦਰਅਸਲ ਇਹ ਰੂਸ ਦੀ ਪਿਛਲੇ ਤਿੰਨ ਦਹਾਕਿਆਂ ਦੀ ਵੱਟੀ ਚੁੱਪ ਦਾ ਗੰਭੀਰ ਨਤੀਜਾ ਹੈ।

ਜ਼ਿਕਰਯੋਗ ਹੈ ਕਿ ਸੋਵੀਅਤ ਯੂਨੀਅਨ ਦੇ ਬਿਖਰਨ ਤੋਂ ਬਾਅਦ ਉਹ ਖੁਦ ਦੀ ਬਚੀ ਹੋਈ ਤਾਕਤ ਨੂੰ ਹੌਲੀ-ਹੌਲੀ ਸਮੇਟਦਾ ਤੇ ਵਿਕਸਤ ਕਰਦਾ ਰਿਹਾ ਤੇ ਇਸ ਲੁਕਵੀਂ ਤਾਕਤ ਦਾ ਅਸਰ ਯੂਕਰੇਨ 'ਤੇ ਹੋ ਰਹੇ ਹਮਲਿਆਂ ਦੇ ਰੂਪ ਵਿਚ ਵੇਖ ਰਹੇ ਹਾਂ। ਉਕਤ ਸੰਦਰਭ ਵਿਚ ਸੋਵੀਅਤ ਆਰਮੀ ਦੇ ਇਕ ਸਾਬਕਾ ਕਮਾਂਡਰ ਅਲੈਕਸੀ ਆਖਦੇ ਹਨ, 'ਜਦੋਂ ਇੱਕ ਬੱਚਾ ਬਿਮਾਰ ਹੁੰਦਾ ਹੈ ਤਾਂ ਬਿਮਾਰੀ ਨਾਲ ਲੜਨ ਦੀ ਤਾਕਤ ਵਿਕਸਤ ਕਰ ਲੈਂਦਾ ਹੈ। 1990 ਦੌਰਾਨ ਰੂਸ ਇਸ ਬਿਮਾਰੀ ਤੋਂ ਪੀੜਤ ਸੀ। ਹੁਣ ਇਸ ਬਿਮਾਰੀ ਨੇ ਸਾਨੂੰ ਮਜ਼ਬੂਤ ਕਰ ਦਿੱਤਾ ਹੈ। ਸਾਨੂੰ ਨਾਟੋ ਨੂੰ ਦੂਰ ਜਾਣ ਲਈ ਮਨਾਉਣ ਦੀ ਲੋੜ ਨਹੀਂ, ਉਸ ਨੇ ਆਪ ਹੀ ਸਭ ਛੱਡ ਦੇਣਾ ਹੈ।'

ਉਧਰ ਰੂਸ ਦੇ ਰਾਸ਼ਟਰਪਤੀ ਵੱਲੋਂ ਦੋ ਇਲਾਕਿਆਂ ਨੂੰ ਆਜ਼ਾਦ ਮਾਨਤਾ ਦੇਣ ਤੋਂ ਬਾਅਦ ਪੱਛਮੀ ਦੇਸ਼ਾਂ ਵਲੋਂ ਜੋ ਪਾਬੰਦੀਆਂ ਰੂਸ ਉਤੇ ਲਗਾਈਆਂ ਗਈਆਂ ਹਨ। ਉਸ ਸੰਦਰਭ ਵਿਚ ਰੂਸੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਰੀਆ ਜ਼ਖ਼ਾਰੋਵਾ ਨੇ ਬੀਬੀਸੀ ਨੂੰ ਦੱਸਿਆ, 'ਅਸੀਂ ਇਨ੍ਹਾਂ ਪਾਬੰਦੀਆਂ ਨੂੰ ਗ਼ੈਰ-ਕਾਨੂੰਨੀ ਮੰਨਦੇ ਹਾਂ। ਅਸੀਂ ਲੰਬੇ ਸਮੇਂ ਤੋਂ ਇਹ ਦੇਖ ਰਹੇ ਹਾਂ ਅਤੇ ਪੱਛਮੀ ਦੇਸ਼ ਸਾਡੇ ਵਿਕਾਸ ਨੂੰ ਰੋਕਣ ਲਈ ਇਨ੍ਹਾਂ ਪਾਬੰਦੀਆਂ ਦਾ ਹਥਿਆਰ ਵਜੋਂ ਇਸਤੇਮਾਲ ਕਰਦੇ ਹਨ। ਸਾਨੂੰ ਪਤਾ ਸੀ ਕਿ ਅਜਿਹੀਆਂ ਰੋਕਾਂ ਲੱਗਣੀਆਂ ਹੀ ਹਨ।'

ਇਸ ਸਮੇਂ ਰੂਸ ਨੂੰ ਇੱਕ ਹਮਲਾਵਰ ਵਜੋਂ ਦੇਖਿਆ ਜਾ ਰਿਹਾ ਹੈ। ਇਸ ਬਾਰੇ ਮਾਰੀਆ ਦਾ ਕਹਿਣਾ ਹੈ, 'ਸਾਡੀ ਇਸ ਅਣਖ ਬਾਰੇ ਤਾਂ ਤੁਸੀਂ ਕਹਿ ਰਹੇ ਹੋ ਪਰ ਪੱਛਮ ਦੇ ਦੇਸ਼ਾਂ ਬਾਰੇ ਤੁਸੀਂ ਕੀ ਸੋਚਦੇ ਹੋ ਜੋ ਖ਼ੂਨ ਨਾਲ ਰੰਗੇ ਹੋਏ ਹਨ।' ਇਹ ਵੀ ਆਖਿਆ ਜਾ ਰਿਹਾ ਹੈ ਕਿ ਮਾਰੀਆ ਨੂੰ ਯੂਰਪੀਅਨ ਯੂਨੀਅਨ ਦੀ ਉਸ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ 'ਤੇ ਰੋਕ ਲੱਗੀ ਹੈ।

ਜ਼ਿਕਰਯੋਗ ਹੈ ਕਿ ਜਿਸ ਤਰ੍ਹਾਂ ਨਾਲ ਸ਼ੀਤ ਯੁੱਧ ਦਾ ਅੰਤ ਸੋਵੀਅਤ ਸੰਘ ਦੇ ਟੁੱਟਣ ਨਾਲ ਹੋਇਆ ਉਸ ਤੋਂ ਪੁਤਿਨ ਕਦਾਚਿਤ ਸੰਤੁਸ਼ਟ ਨਹੀਂ ਸੀ। ਇਸ ਦਾ ਅੰਦਾਜ਼ਾ ਪੁਤਿਨ ਦੇ ਬਿਆਨਾਂ ਤੋਂ ਲਾਇਆ ਜਾ ਸਕਦਾ ਹੈ।

ਨਾਟੋ ਦਾ ਵਿਸਥਾਰ ਪੂਰਬ ਤਕ ਹੋਇਆ ਅਤੇ ਪੁਤਿਨ ਦੀ ਕੜਵਾਹਟ ਵਧਦੀ ਗਈ ਤੇ ਉਹ ਪੂਰੀ ਤਨਦੇਹੀ ਨਾਲ ਯੂਕਰੇਨ ਨੂੰ ਰੂਸ ਨਾਲ ਮਿਲਾਉਣ ਵਿਚ ਜੁਟ ਗਿਆ ਹੈ।

ਲੰਡਨ ਦੇ ਯੂਨੀਵਰਸਿਟੀ ਕਾਲਜ ਵਿਚ ਸੀਨੀਅਰ ਰਿਸਰਚ ਐਸੋਸੀਏਟ ਵਲਾਦੀਮੀਰ ਪਸਤੁਖੋਵ ਦਾ ਕਹਿਣਾ ਹੈ, 'ਪੁਤਿਨ ਨੂੰ ਇਤਿਹਾਸ ਵਿਚ ਆਪਣੀ ਖਾਸ ਜਗ੍ਹਾ ਬਾਰੇ ਪੂਰਾ ਯਕੀਨ ਹੈ। ਉਹ ਇੱਕ ਇੱਕ ਕਦਮ 'ਤੇ ਕੰਮ ਕਰਦੇ ਰਹਿਣਗੇ।'

'ਪਹਿਲਾਂ ਵੱਖਵਾਦੀ ਇਲਾਕਿਆਂ ਨੂੰ ਮਾਨਤਾ ਦਿੱਤੀ। ਹੁਣ ਫਿਰ ਉਥੇ ਫੌਜ ਭੇਜੀ। ਫਿਰ ਦੋਹਾਂ ਇਲਾਕਿਆਂ ਨੂੰ ਆਪਣੇ ਹਿਸਾਬ ਨਾਲ ਰੂਸ ਵਿਚ ਸ਼ਾਮਲ ਕਰਨ ਲਈ ਐਲਾਨ ਕਰਨਗੇ। ਇਸ ਤਰ੍ਹਾਂ ਪੁਤਿਨ 2014 ਤੋਂ ਪਹਿਲਾਂ ਦੀ ਸਰਹੱਦ ਨੂੰ ਵਧਾ ਦੇਣਗੇ।' ਉਹ ਹੋਰ ਆਖਦੇ ਹਨ, 'ਜੇ ਪੁਤਿਨ ਨੂੰ ਆਪਣੇ ਤਰੀਕੇ ਨਾਲ ਇਹ ਖੇਡ ਖੇਡਣ ਦੀ ਆਜ਼ਾਦੀ ਮਿਲੀ ਤਾਂ ਜਿੱਥੋਂ ਤਕ ਹੋ ਸਕਿਆ ਉਹ ਇਸ ਨੂੰ ਲੰਬਾ ਲੈ ਕੇ ਜਾਣਗੇ। ਉਹ ਘੱਟ ਸੇਕ 'ਤੇ ਮਾਸ ਪਕਾਉਣਗੇ। ਪੱਛਮੀ ਦੇਸ਼ਾਂ ਦੇ ਆਗੂਆਂ ਨੂੰ ਲੱਗ ਰਿਹਾ ਹੈ ਕਿ ਨਵੀਆਂ ਰੋਕਾਂ ਨਾਲ ਕੁਝ ਬਦਲ ਜਾਵੇਗਾ ਪਰ ਪੁਤਿਨ ਬਹੁਤ ਹੀ ਸਖ਼ਤ ਨਜ਼ਰ ਆ ਰਹੇ ਹਨ।' ਦੁਨੀਆ ਦੇ ਇਤਿਹਾਸ 'ਤੇ ਨਜ਼ਰ ਮਾਰਦਿਆਂ ਦੇਖਿਆ ਜਾਵੇ ਤਾਂ ਮਹਾਂਸ਼ਕਤੀ ਕਹਾਉਣ ਵਾਲਾ ਦੇਸ਼ ਵੀ ਜਦੋਂ ਅਫਗਾਨਿਸਤਾਨ 'ਤੇ ਕਾਬਜ਼ ਹੋਣ ਲਈ ਆਇਆ, ਉਸ ਨੂੰ ਨਾ ਸਿਰਫ ਦੇਸ਼ 'ਚੋਂ ਬਾਹਰ ਨਿਕਲਣਾ ਪਿਆ ਸਗੋਂ ਆਪਣੇ ਵਿਸ਼ਵ ਸ਼ਕਤੀ ਹੋਣ ਦਾ ਤਮਗਾ ਵੀ ਗੁਆਉਣਾ ਪਿਆ। ਵੀਹਵੀਂ ਸਦੀ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ ਬਰਤਾਨੀਆ ਨੂੰ ਜਿੱਥੇ ਮੂੰਹ ਦੀ ਖਾਣੀ ਪਈ, ਉਥੇ ਹੀ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਸੋਵੀਅਤ ਯੂਨੀਅਨ ਨੂੰ ਜਿੱਥੇ ਅਫਗਾਨਿਸਤਾਨ 'ਚੋਂ ਆਪਣੇ ਹਥਿਆਰਾਂ ਨੂੰ ਉਥੇ ਛੱਡ ਨਿਕਲਣਾ ਪਿਆ, ਉਸੇ ਤਰ੍ਹਾਂ ਇੱਕੀਵੀਂ ਸਦੀ ਦੇ ਸ਼ੁਰੂ ਵਿਚ ਅਫਗਾਨਿਸਤਾਨ ਵਿਚੋਂ ਅਮਰੀਕੀ ਫੌਜਾਂ ਨੂੰ ਵੀ ਪਿਛਲੇ ਸਾਲ ਅਗਸਤ ਵਿਚ ਨਿਕਲਣਾ ਪਿਆ ਹੈ।

ਜਿਸ ਤਰ੍ਹਾਂ ਨਾਲ ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਯੂਕਰੇਨ 'ਤੇ ਹਮਲਾ ਬੋਲਿਆ ਹੈ ਉਸ ਤੋਂ ਇਕ ਗੱਲ ਤਾਂ ਸਾਫ ਹੈ ਕਿ ਇਸ ਹਮਲੇ ਨਾਲ ਦੁਨੀਆ ਦੇ ਦੇਸ਼ਾਂ ਦੀ ਇੱਕ ਨਵੀਂ ਸਫਬੰਦੀ ਬਣ ਸਕਦੀ ਹੈ ਅਤੇ ਇਕ ਵਾਰ ਫਿਰ ਤੋਂ ਸ਼ੀਤ ਯੁੱਧ ਦਾ ਉਹੀਓ ਸਾਢੇ ਤਿੰਨ ਦਹਾਕਿਆਂ ਪਹਿਲਾਂ ਵਾਲਾ ਦੌਰ ਵਾਪਸ ਆ ਸਕਦਾ ਹੈ, ਜਿਸ ਵਿਚ ਕੁਝ ਦੇਸ਼ ਰੂਸ ਨਾਲ ਅਤੇ ਕੁਝ ਅਮਰੀਕੀ ਧੜੇ ਨਾਲ ਖੜ੍ਹੇ ਵਿਖਾਈ ਦੇ ਸਕਦੇ ਹਨ।

# ਮਾਂ ਭੈਣ ਜਦ ਪੜ੍ਹ ਜਾਵੇਗੀ, ਦੇਸ਼ ਦੀ ਗੁੱਡੀ ਚੜ੍ਹ ਜਾਵੇਗੀ

ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਲੜਕੀਆਂ ਦੀ ਸਿੱਖਿਆ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ ਜਾਂਦਾ। ਕੁਝ ਕੁ ਉੱਚ ਘਰਾਣਿਆਂ ਦੀਆਂ ਲੜਕੀਆਂ ਹੀ ਆਪਣਾ ਦਿਮਾਗੀ ਜੰਗਾਲ (ਪੜ੍ਹ-ਲਿਖ ਕੇ) ਲਾਹੁੰਦੀਆਂ ਸਨ ਪਰ ਸਮੇਂ ਦੀ ਕਰਵਟ ਨੇ ਕੁਝ ਕੁ ਸਾਧਾਰਨ ਘਰਾਂ ਦੀਆਂ ਕੁੜੀਆਂ ਨੂੰ ਵੀ ਸਕੂਲਾਂ-ਕਾਲਜਾਂ ਵਾਲੇ ਪਾਸੇ ਨੂੰ ਮੋੜਿਆ ਅਤੇ

ਰਮੇਸ਼ ਬੱਗਾ ਚੋਹਲਾ
ਫੋਨ: 94631-32719

ਉਨ੍ਹਾਂ ਦੇ ਮੂੰਹੋਂ ਵੀ ਨਿਕਲਣ ਲੱਗ ਪਿਆ ਕਿ 'ੳ, ਅ, ੲ, ਸ, ਹ ਵੇ, ਚੱਲ ਚੱਲੀਏ ਸਕੂਲੇ ਨਹੀਂ ਇਹ ਕੰਮ ਮਾੜਾ ਵੇ'।

ਅੱਜ ਸਾਡੀਆਂ ਵਿਦਿਅਕ ਸੰਸਥਾਵਾਂ ਵਿਚ ਭਾਵੇਂ ਲੜਕਿਆਂ ਦੇ ਨਾਲ-ਨਾਲ ਲੜਕੀਆਂ ਵੀ ਕਾਫੀ ਗਿਣਤੀ ਵਿਚ ਦਿਖਾਈ ਦਿੰਦੀਆਂ ਹਨ ਪਰ ਮੁੰਡਿਆਂ ਦੇ ਮੁਕਾਬਲੇ ਇਹ ਸ਼ੁਮਾਰ ਅਜੇ ਵੀ ਸੰਤੋਖਜਨਕ ਨਹੀਂ ਕਿਹਾ ਜਾ ਸਕਦਾ। ਸਾਡੇ ਪੇਂਡੂ ਖੇਤਰਾਂ ਵਿਚ ਤਾਂ ਇਹ ਸ਼ੁਮਾਰ ਹੋਰ ਵੀ ਤਰਸਯੋਗ ਹੈ। ਇਸ ਦਾ ਵੱਡਾ ਕਾਰਨ ਮਾਪਿਆਂ ਦੀ ਲੜਕੀਆਂ ਦੀ ਸਿੱਖਿਆ ਪ੍ਰਤੀ ਉਦਾਸੀਨਤਾ ਹੋਣ ਦੇ ਨਾਲ-ਨਾਲ ਸਮਾਜਿਕ-ਸਭਿਆਚਾਰਕ ਮਾਹੌਲ ਦਾ ਅਨਸੁਖਾਵਾਂ ਹੋਣਾ ਵੀ ਹੈ। ਭਾਵੇਂ ਅੱਜ ਅਸੀਂ 21 ਵੀਂ ਸਦੀ ਨਾਲ ਗਲਵੱਕੜੀ ਪਾ ਲਈ ਹੈ ਪਰ ਸੋਚ ਪੱਖੋਂ ਅਸੀਂ ਅਜੇ ਵੀ ਪਿਛਲਖੁਰੀ ਹੀ ਤੁਰੀ ਜਾਂਦੇ ਹਾਂ। ਕਈ ਪਰਿਵਾਰ ਤਾਂ ਅਜੇ ਵੀ ਲੜਕੀਆਂ ਦੀ ਸਹਿ-ਸਿੱਖਿਆ ਨੂੰ ਸਹਿਣ ਨਹੀਂ ਕਰਦੇ। ਪਿੰਡ ਵਿਚ ਵਸਦੇ ਕਿਸੇ ਅਗਾਂਹਵਧੂ ਪਰਿਵਾਰ ਦੀ ਜੇਕਰ ਕੋਈ ਲੜਕੀ ਦੂਰ-ਨੇੜੇ ਪੜ੍ਹਨ ਲੱਗ ਵੀ ਜਾਵੇ ਤਾਂ ਕਈ ਮੰਦਭਾਵੀ ਲੋਕ ਖੰਭਾਂ ਦੀਆਂ ਡਾਰਾਂ ਤੱਕ ਬਣਾ ਦਿੰਦੇ ਹਨ। ਅਜਿਹੀ ਸੂਰਤ-ਏ-ਹਾਲ ਵਿਚ ਲੜਕੀਆਂ ਦੀ ਤਾਲੀਮ ਦੇ ਚੜ੍ਹਦੀਕਲਾ ਵਾਲੇ ਪੱਖ ਦੀ ਕੋਈ ਬਹੁਤੀ ਆਸ ਨਹੀਂ ਬੱਝਦੀ। ਲੜਕੀਆਂ ਦੀ ਸਿੱਖਿਆ ਪ੍ਰਤੀ ਉਦਾਸੀਨਤਾ ਦਾ ਇਕ ਕਾਰਨ ਵਿਦਿਅਕ ਸਹੂਲਤਾਂ ਦਾ ਨਾਕਾਫ਼ੀ ਹੋਣਾ ਵੀ ਹੈ। ਸਰਕਾਰ ਵੱਲੋਂ ਭਾਵੇਂ ਕੁੜੀਆਂ ਦੇ ਸਕੂਲੀ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਸਾਈਕਲ ਆਦਿ ਵੀ ਦਿੱਤੇ ਜਾਂਦੇ ਹਨ ਪਰ ਇਸ ਵਿਚ ਕਲਿਆਣਕਾਰੀ ਅੰਸ਼ ਘੱਟ ਅਤੇ ਰਾਜਨੀਤਕ ਪਹੁੰਚ ਵਧੇਰੇ ਪ੍ਰਬਲ ਹੁੰਦੀ ਹੈ। ਲੜਕੀਆਂ ਦੀ ਸਿੱਖਿਆ ਦੇ ਮਾਮਲੇ ਵਿਚ ਗਰੀਬ ਪਰਿਵਾਰਾਂ ਦੀ ਹਾਲਤ ਤਾਂ ਹੋਰ ਵੀ ਪਤਲੀ ਹੈ। ਇਨ੍ਹਾਂ ਪਰਿਵਾਰਾਂ ਲਈ ਤਾਂ ਆਪਣੀ ਉਦਰ-ਜਵਾਲਾ ਨੂੰ ਸ਼ਾਂਤ ਕਰਨਾ ਹੀ ਗੰਭੀਰ ਮਸਲਾ ਬਣਿਆ ਰਹਿੰਦਾ ਹੈ। ਇਸ ਮਸਲੇ ਨੂੰ ਹੱਲ ਕਰਦਿਆਂ ਇਨ੍ਹਾਂ ਪਰਿਵਾਰਾਂ ਦੀਆਂ ਕਈ ਪੀੜ੍ਹੀਆਂ ਲੇਖੇ ਲੱਗ ਜਾਂਦੀਆਂ ਹਨ। ਜਿਵੇਂ ਕਿਸੇ ਭੁੱਖੇ ਨੂੰ ਪਾਈ ਆਮ ਬਾਤ ਦਾ ਜਵਾਬ ਵੀ ਟੁੱਕ ਵਿਚ ਮਿਲਦਾ ਹੈ ਉਸੇ ਤਰ੍ਹਾਂ ਇਨ੍ਹਾਂ ਪਰਿਵਾਰਾਂ ਨੂੰ ਲੜਕੀਆਂ ਦੀ ਸਿੱਖਿਆ ਪ੍ਰਤੀ ਕੀਤੇ ਗਏ ਪ੍ਰਸ਼ਨ ਦਾ ਉਤਰ ਵੀ ਕੁਝ ਇਸ ਤਰ੍ਹਾਂ ਦਾ ਹੀ ਹੁੰਦਾ ਹੈ।

ਅਜੋਕਾ ਯੁੱਗ ਵਿਗਿਆਨ ਅਤੇ ਤਕਨੀਕ ਦਾ ਯੁੱਗ ਹੈ। ਇਸ ਯੁੱਗ ਦਾ ਹਾਣੀ ਬਣਨ ਲਈ ਲੜਕੀਆਂ/ਇਸਤ੍ਰੀਆਂ ਦੀ ਸਿੱਖਿਆ ਦੀ ਹੋਰ ਵੀ ਵਧੇਰੇ ਲੋੜ ਮਹਿਸੂਸ ਹੁੰਦੀ ਹੈ। ਔਰਤ ਨੂੰ ਸਿਖਿਅਤ ਕਰਨ ਤੋਂ ਬਗੈਰ ਕਿਸੇ ਵੀ ਸਮਾਜ ਅਤੇ ਰਾਸ਼ਟਰ ਦਾ ਵਿਕਾਸ ਸੰਭਵ ਨਹੀਂ ਹੁੰਦਾ। ਜੇਕਰ ਇਕ ਲੜਕੀ ਪੜ੍ਹੀ-ਲਿਖੀ ਹੋਵੇਗੀ ਤਾਂ ਘਰੇਲੂ ਅਤੇ ਸਮਾਜਿਕ ਜ਼ਿੰਦਗੀ ਵੀ ਖੁਸ਼ਹਾਲ ਹੋਵੇਗੀ। ਆਬਾਦੀ ਆਪ ਮੁਹਾਰੇ ਵਾਧੇ ਨੂੰ ਠੱਲ੍ਹ ਵੀ ਲੜਕੀਆਂ ਨੂੰ ਸਹੀ ਢੰਗ ਨਾਲ ਸਿੱਖਿਅਤ ਕਰ ਕੇ ਪਾਈ ਜਾ ਸਕਦੀ ਹੈ।

ਇਸ ਲਈ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਲੜਕੇ ਦੀ ਸਿੱਖਿਆ ਕੇਵਲ ਇਕ ਵਿਅਕਤੀ ਦੀ ਸਿੱਖਿਆ ਹੁੰਦੀ ਹੈ ਪਰ ਇਕ ਲੜਕੀ ਦੀ ਸਿੱਖਿਆ ਪੂਰੇ ਖਾਨਦਾਨ ਦੀ ਸਿੱਖਿਆ ਹੋ ਨਿਬੜਦੀ ਹੈ। ਸਿਆਣੇ ਲੋਕਾਂ ਦੀ ਸੋਚ ਵੀ ਕਹਿੰਦੀ ਹੈ ਕਿ 'ਪੁੱਤ ਪੜ੍ਹਾਇਆਂ ਸੁਧਰਦਾ ਆਪਣਾ ਹੀ ਖਾਨਦਾਨ ਪਰ ਧੀ ਪੜ੍ਹਾਇਆਂ ਸੁਧਰਦੀ ਆਦਮ ਦੀ ਸੰਤਾਨ'। ਲੜਕੀਆਂ ਦੀ ਸਿੱਖਿਆ ਦਾ ਸੰਬੰਧ ਦੇਸ਼ ਦੀ ਤਰੱਕੀ ਨਾਲ ਵੀ ਜੁੜਿਆ ਹੋਇਆ ਹੈ। ਸਮਝਦਾਰਾਂ ਦੀ ਸਮਝ ਕਹਿੰਦੀ ਹੈ ਕਿ 'ਮਾਂ ਭੈਣ ਜਦੋਂ ਪੜ੍ਹ ਜਾਵੇਗੀ ਦੇਸ਼ ਦੀ ਗੁੱਡੀ ਚੜ੍ਹ ਜਾਵੇਗੀ'। ਇਸ ਲਈ ਜੇਕਰ ਅਸੀਂ ਆਉਣ ਵਾਲੀ ਨਸਲ ਦੀ ਭਲਾਈ ਲੋਚਦੇ ਹਾਂ ਤਾਂ ਸਾਨੂੰ ਲੜਕੀਆਂ ਦੀ ਤਾਲੀਮ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ ਤਾਂ ਹੀ ਅਸੀਂ ਖਵਾਤੀਨ ਵਰਗ ਨੂੰ ਸਮੇਂ ਦਾ ਹਾਣੀ ਬਣਾ ਸਕਦੇ ਹਾਂ। ਤੇ ਇਸ ਵਾਰ ਦੇ ਮਹਿਲਾ ਦਿਵਸ 'ਤੇ ਇਸ ਬਾਰੇ ਵੀ ਕੁੱਝ ਸੋਚਣਾ ਪਵੇਗਾ।

# ਯੂਕਰੇਨ ਯੂਕਰੇਨ

ਗੱਲ 2015 ਦੀ ਹੈ, ਯੂਕਰੇਨ ਵਿਚ ਇਕ ਟੀ ਵੀ ਸੀਰੀਅਲ ਸ਼ੁਰੂ ਹੋਇਆ ਨਾਮ ਸੀ 'Servant of The People'। ਉਸ ਸੀਰੀਅਲ ਵਿਚ ਇਕ ਕਾਮੇਡੀਅਨ 'ਰਾਸ਼ਟਰਪਤੀ' ਦਾ ਰੋਲ ਨਿਭਾਉਂਦਾ ਹੁੰਦਾ ਸੀ। Volodymyr Zelensky ਉਸ ਦਾ ਨਾਮ ਸੀ। ਇਹ ਸੀਰੀਅਲ ਲੋਕਾਂ ਵਿਚ ਬਹੁਤ ਮਕਬੂਲ ਹੋਇਆ ਜੋ 2019 ਤੱਕ ਚੱਲਿਆ। ਲੋਕਾਂ ਨੂੰ ਸੀਰੀਅਲ ਦਾ ਨਾਇਕ ਭਾਰਤ ਦੀ ਬਣੀ ਫਿਲਮ ਦੇ ਨਾਇਕ ਵਾਂਗ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਦਿਸਣ ਲੱਗਿਆ। ਉਸ ਕਾਮੇਡੀਅਨ ਨੇ ਵੀ ਲੋਕਾਂ ਦੀ ਨਬਜ਼ ਪਛਾਣ ਲਈ ਤੇ ਰਾਸ਼ਟਰਪਤੀ ਬਣਨ ਦੀ ਇੱਛਾ ਪਾਲ ਲਈ। 'Servant of The People' ਨਾਂ ਦੀ ਪਾਰਟੀ ਬਣਾ ਕੇ ਚੋਣਾਂ ਲੜੀਆਂ। ਦੂਸਰੇ ਨੇਤਾਵਾਂ ਨੂੰ ਬੇਈਮਾਨ ਤੇ ਆਪਣੇ ਆਪ ਨੂੰ ਇਮਾਨਦਾਰ ਦੱਸ ਕੇ ਆਪਣੇ ਪਿੱਛੇ ਪਾਗਲ ਕਰ ਲਿਆ। ਲੋਕਾਂ ਨੇ ਬਦਲਾਅ ਦੇ ਨਾਮ 'ਤੇ ਪੁਰਾਣੀਆਂ ਰਵਾਇਤੀ ਪਾਰਟੀਆਂ ਨੂੰ ਨਕਾਰ ਕੇ 73% ਵੋਟ ਦੇ ਕੇ ਉਸਨੂੰ ਆਪਣਾ ਰਾਸ਼ਟਰਪਤੀ ਚੁਣ ਲਿਆ, ਜਿਸ ਦਾ ਨਤੀਜਾ ਆਪਣੇ ਸਾਹਮਣੇ ਹੈ। ਇਕ ਨਿਕੰਮੇ ਬੰਦੇ ਨੇ ਦੇਸ ਦੀ ਹੋਂਦ ਖਤਰੇ ਵਿਚ ਪਾ ਦਿੱਤੀ। ਉਸਨੂੰ ਇਹ ਨਹੀਂ ਪਤਾ, ਰੂਸ ਵਰਗੇ ਤਕੜੇ ਮੁਲਕ ਨਾਲ ਕਿਵੇਂ ਨਿਪਟਨਾ ਹੈ ਜਦਕਿ ਉਸਨੂੰ ਆਪ ਨੂੰ ਰੂਸੀ ਭਾਸ਼ਾ ਹੀ ਆਉਂਦੀ ਸੀ, ਜਦੋਂ ਉਸ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ।

ਉਸਦੀ ਅਧੂਰੀ ਰਾਜਨੀਤਕ ਸਮਝ ਦੇਸ਼ ਲਈ ਖਤਰਨਾਕ ਸਾਬਤ ਹੋਈ।

ਇਹ ਸਾਡੇ ਪੰਜਾਬੀਆਂ ਲਈ ਇਕ ਵੱਡੀ ਮਿਸਾਲ ਹੈ ਕਿ ਆਗੂ ਸੋਚ ਸਮਝ ਕੇ ਚੁਣੀਏ।

*-ਕੇਦਾਰਨਾਥ ਗਰਗ*

# ਕਾਵਿ-ਕਿਆਰੀ

## ਜੰਗ ਦੇ ਰੰਗ

ਖ਼ੂਨ ਮੂੰਹਾਂ 'ਚੋਂ ਉਗਲੇ ਤੋਪਾਂ ਬੰਬਾਂ ਨੇ,
ਸਦਾ ਤਬਾਹੀਆਂ ਦਿੱਤੀਆਂ ਖ਼ੂਨੀ ਜੰਗਾਂ ਨੇ,
ਮਾਵਾਂ ਦੇ ਪੁੱਤ ਨਿਗਲੇ ਸਦਾ ਹੀ ਜੰਗਾਂ ਨੇ
***
ਬੱਚਾ ਰੋਵੇ ਮਰੀ ਮਾਂ ਦੀ,
ਛਾਤੀ ਘੁੱਟ ਘੁੱਟ ਕੇ,
ਕਿਤੇ ਪੁੱਤ ਦੀ ਲਾਸ਼ 'ਤੇ ਰੋਵੇ,
ਅੰਮੜੀ ਫੁੱਟ ਫੁੱਟ ਕੇ।
ਦੇਖ ਕੇ ਮੰਜਰ
ਧਾਹ ਮਾਰੀ ਏ ਕੰਧਾਂ ਨੇ।
ਸਦਾ ਉਜਾੜੇ ਪਾਏ
ਚੰਦਰੀਆਂ ਜੰਗਾਂ ਨੇ।
***
ਪਿਆਰ ਮੁਹੱਬਤ
ਵਿਚ ਲਹੂ ਦੇ ਰੁਲ ਗਏ ਨੇ,
ਖੁਸ਼ੀਆਂ ਖੇੜੇ ਖੰਭ ਲਗਾ ਕੇ
ਉੜ ਗਏ ਨੇ।

ਅਮਨ ਦੀਆਂ ਵੀ
ਉਲਝ ਗਈਆਂ ਅੱਜ ਤੰਦਾਂ ਨੇ,
ਸਦਾ ਤਬਾਹੀਆਂ ਦਿੱਤੀਆਂ,
ਮਿੱਤਰੋ ਜੰਗਾਂ ਨੇ।

ਲੀਡਰ ਚੰਦਰੇ ਆ ਕੇ
ਡਰਾਮੇ ਕਰਦੇ ਆ,
ਇਹ ਸ਼ਤਰੰਜਾਂ ਖੇਡਣ
ਫੌਜੀ ਮਰਦੇ ਆ।

ਭਾਈਆਂ ਦੇ ਨਾਲ ਭਾਈ
ਲੜਾਤੇ ਵੰਡਾਂ ਨੇ,
ਪੁੱਤ ਮਾਵਾਂ ਦੇ ਡੰਗੇ,
ਖ਼ੂਨੀ ਦੰਦਾਂ ਨੇ।
ਡੂੰਘੇ ਜ਼ਖਮ ਲਗਾਤੇ
ਮਿੱਤਰੋ ਜੰਗਾਂ ਨੇ।

ਤੋਪਾਂ ਦੇ ਨਾਲ ਸ਼ਾਂਤ ਸੁਨੇਹੇ,
ਘੱਲ ਨਹੀਂ ਹੁੰਦੇ,
ਡਾਇਲਾਗ ਦੇ ਬਾਝੋਂ ਮਸਲੇ,
ਹੱਲ ਨਹੀਂ ਹੁੰਦੇ।

ਡਾਨਸੀਵਾਲੀਆ ਮੁਲਕ ਰੋਲਤੇ ਕੰਗਾਂ ਨੇ,
ਮੁਹੱਬਤਾਂ ਵਾਲੇ ਦੀਪ ਬੁਝਾਤੇ ਜੰਗਾਂ ਨੇ।

***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778-863-2472***

---

## ਯੂਕਰੇਨ ਦੇ ਯੋਧੇ

ਦੇਸ਼ ਤੋਂ ਜਾਨਾਂ ਵਾਰਨ ਵਾਲਿਆਂ
ਯੋਧਿਆਂ ਨੂੰ ਸਲਾਮ,
ਯੂਕਰੇਨ ਦੇ ਹਰ ਯੋਧੇ ਦਾ,
ਦੁਨੀਆ 'ਤੇ ਅਮਰ ਰਹੇ ਨਾਮ।

ਬੇਸ਼ੱਕ ਪਿੱਠ ਵਿਖਾ ਕੇ ਭੱਜ ਗਏ,
ਅੱਗ ਲਗਾਉਣ ਵਾਲੇ
ਪਰ ਨਾ ਭੱਜੇ ਯੂਕਰੇਨ ਦੇ ਯੋਧੇ,
ਜਿੱਤ ਦਾ ਦੇਣ ਪੈਗਾਮ।

ਐ ਦੁਨੀਆ ਦੇ ਲੋਕੋ ਜਾਗੋ,
ਐਟਮ ਬੰਬਾਂ 'ਤੇ ਸੁੱਤਿਓ
ਹਿੰਮਤ ਕਰ ਕੇ ਇੱਕ-ਮੁੱਠ ਹੋ ਕੇ,
ਜਾਗੋ ਦੇਸ਼ ਤਮਾਮ।

ਮੁੱਕ ਜਾਵੇਗੀ ਦੁਨੀਆ ਸੱਚੀਂ,
ਜਦੋਂ ਸਿਆਣਪ ਉੱਕੀ
ਟਾਵਾਂ-ਟਾਵਾਂ ਦੀਪ ਜਗੇਗਾ,
ਹਰ ਇੱਕ ਦੇਸ਼ ਹਰ ਧਾਮ।

ਬੋਦਲਾਂ ਦੇ ਸੁਖਵਿੰਦਰਾ,
ਰੱਬ ਦੇ ਅਜਬ ਖੇਲ ਨਿਰਾਲੇ,
ਯੋਧਾ ਬਣ ਕੇ ਕਿਤੇ ਜੂਝਦਾ,
ਮਚਾਵੇ ਕਿਤੇ ਘਮਸਾਨ।

***-ਸੁਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***

---

## .ਗ਼ਜ਼ਲ

ਜਨਮ ਦੇ ਜਸ਼ਨ ਤਾਂ ਵਾਜਬ ਸਨ,
ਮੌਤ ਦੇ ਜਸ਼ਨ ਮਨਾਉਂਦੇ ਅੱਜ-ਕੱਲ੍ਹ।
ਵਿਆਹ ਖਾਣ ਦੀ ਰੀਤ ਬਣੀ ਸੀ,
ਮਰਨਾ ਦੇਖੋ ਖਾਂਦੇ ਅੱਜ-ਕੱਲ੍ਹ।

'ਅੰਨ ਦੇਵਤਾ ਪਾਣੀ ਦੇਵਤਾ'
ਗਾਉਣ ਤਕ ਹੀ ਰਹਿ ਗਿਆ ਸੀਮਤ,
ਅੰਨ ਦੀ ਜ਼ਰਾ ਕਦਰ ਨਾ ਕਰਦੇ,
ਢੇਰ ਜੂਠ ਦੇ ਲਾਂਦੇ ਅੱਜ-ਕੱਲ੍ਹ।
ਇਕਨਾ ਤਾਈਂ ਪਈ ਭੁੱਖ ਸਤਾਉਂਦੀ,
ਇਕਨਾ ਤਾਈਂ ਬਦਹਜ਼ਮੀ,
ਭੁੱਖੇ ਨੂੰ ਪੁੱਛੇ ਨਾ ਕੋਈ,
ਰੱਜੇ ਤਾਈਂ ਰਜਾਂਦੇ ਅੱਜ-ਕੱਲ੍ਹ।

ਚਾਦਰ ਦੇਖ ਕੇ ਪੈਰ ਪਸਾਰੋ,
ਇਹ ਤਾਂ ਗੱਲ ਪੁਰਾਣੀ ਹੋ ਗਈ,
ਇਧਰੋਂ ਉਧਰੋਂ ਜੋੜ-ਜਾੜ ਕੇ,
ਚਾਦਰ ਤਾਈਂ ਵਧਾਉਂਦੇ ਅੱਜ-ਕੱਲ੍ਹ।

ਚੂਹੇ ਬਣ ਕੇ ਕੁਤਰ ਕੇ ਖਾਵਣ,
ਸੜਕਾਂ ਪੁਲਾਂ ਦੀ ਸਖਤ ਸਮੱਗਰੀ,
ਚਾਰ ਚਾਰ ਕੇ ਚਾਰਾ ਖਾਂਦੇ,
ਚਾਰੇ ਤਾਈਂ ਪਚਾਉਂਦੇ ਅੱਜ-ਕੱਲ੍ਹ।

ਜੰਕ ਫੂਡ ਦੇ ਚਸਕੇ ਪਿੱਛੇ,
ਘਰ ਦੀ ਰੋਟੀ ਭੁੱਲਦੀ ਜਾਂਦੀ,
ਬਾਹਰ ਖੁਆ ਕੇ ਬਾਹਰ ਖਾ ਕੇ,
ਦੇਖੋ ਟੌਰ੍ਹ ਬਣਾਂਦੇ ਅੱਜ-ਕੱਲ੍ਹ।

ਮਨ ਵੀ ਰੋਗੀ ਤਨ ਵੀ ਰੋਗੀ,
ਕੀ ਫਾਇਦਾ ਐਸੇ ਖਾਣ-ਪੀਣ ਦਾ,
ਗੁਰੂ ਨਾਨਕ ਦੇ ਕਹੇ ਸੱਚ ਨੂੰ,
ਸਾਰੇ ਤਜਦੇ ਜਾਂਦੇ ਅੱਜ-ਕੱਲ੍ਹ।

ਖਾਣਾ ਹੁੰਦਾ ਜੀਣ ਦੀ ਖ਼ਾਤਰ,
ਖਾਣ ਦੀ ਖ਼ਾਤਰ ਨਹੀਂ ਹੈ ਜੀਣਾ,
'ਸ਼ਾਂਤ' ਪਤੇ ਦੀ ਗੱਲ ਸੁਣਾਵੇ,
ਡਾਕਟਰ ਇਹੀ ਸਿਖਾਉਂਦੇ ਅੱਜ-ਕੱਲ੍ਹ।

***-ਸੁਖਦੇਵ ਸਿੰਘ ਸ਼ਾਂਤ***
***ਫੋਨ: 317-406-0002***

## ਮੇਰੇ ਵਰਗਾ

ਕੋਈ ਮੇਰੇ ਵਰਗਾ ਲੱਭੀਂ ਚਿਹਰਾ,
ਗ਼ਮ ਦੇ ਵਿਚ ਜੋ ਹੱਸਦਾ ਹੋਵੇ।
ਖੁਸ਼ੀ ਸਾਂਝੀ ਤਾਂ ਸਭ ਨਾਲ ਕਰ ਲਏ,
ਨਾ ਦੁੱਖ ਕਿਸੇ ਨੂੰ ਦੱਸਦਾ ਹੋਵੇ।

ਬੇ-ਘਰ ਹੋ ਕੇ ਮੇਰੇ ਵਾਂਗੂੰ,
ਦਿਲਾਂ ਦੇ ਵਿਚ ਜੋ ਵੱਸਦਾ ਹੋਵੇ।
ਕੋਈ ਮੇਰੇ ਵਰਗਾ ਲੱਭੀਂ ਚਿਹਰਾ,
ਜੋ ਗ਼ਮ ਦੇ ਵਿਚ ਵੀ ਹੱਸਦਾ ਹੋਵੇ।

ਵਾਰ ਵਾਰ ਕਿਸਮਤ ਨਾ ਕੋਸੇ,
ਨਾ ਰੱਬ ਨੂੰ ਦੋਸ਼ੀ ਦੱਸਦਾ ਹੋਵੇ।
ਕੋਈ ਮੇਰੇ ਵਰਗਾ ਲੱਭੀਂ ਚਿਹਰਾ,
ਜੋ ਗ਼ਮ ਦੇ ਵਿਚ ਵੀ ਹੱਸਦਾ ਹੋਵੇ।

ਕੌੜਾ ਹੋਵੇ ਝੂਠ ਨਾ ਪਰ,
ਨਾ ਸੱਚ ਬੋਲਣ 'ਤੇ ਘਸਦਾ ਹੋਵੇ।
ਕੋਈ ਮੇਰੇ ਵਰਗਾ ਲੱਭੀਂ ਚਿਹਰਾ
ਜੋ ਗ਼ਮ ਦੇ ਵਿਚ ਵੀ ਹੱਸਦਾ ਹੋਵੇ।

ਵੀਰਪਾਲ 'ਭੱਠਲ' ਦੇ ਵਾਂਗੂੰ,
ਬੇਸ਼ੱਕ ਅੰਦਰੋਂ ਕੱਚ ਦਾ ਹੋਵੇ।
ਕੋਈ ਮੇਰੇ ਵਰਗਾ ਲੱਭੀਂ ਚਿਹਰਾ,
ਜੋ ਗ਼ਮ ਦੇ ਵਿਚ ਵੀ ਹੱਸਦਾ ਹੋਵੇ।

***-ਵੀਰਪਾਲ ਕੌਰ ਭੱਠਲ***
***ਫੋਨ: 98554-68092***

# ਉਗਦੇ ਸੂਰਜ ਦਾ ਮੱਠਾ-ਮੱਠਾ ਨਿੱਘ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98776-55055**

ਅੱਜ-ਕੱਲ੍ਹ ਉਗਦੇ ਸੂਰਜ ਨੂੰ ਦੇਖਣ ਦਾ ਇਕ ਆਪਣਾ ਹੀ ਰੁਮਾਂਸ ਹੈ। ਸੁਭ੍ਹਾ ਸਵੇਰੇ ਮਿੱਠੀ-ਮਿੱਠੀ ਠੰਢ ਹੁੰਦੀ ਹੈ ਅਤੇ ਉਗਦਾ ਸੂਰਜ ਮੱਠਾ-ਮੱਠਾ ਨਿੱਘ ਦਿੰਦਾ ਹੈ! ਸਭ ਤੋਂ ਪਿਆਰੀ ਗੱਲ ਕਿ ਮੈਂ ਸੂਰਜ ਦੀ ਅੱਖ ਵਿਚ ਅੱਖ ਪਾ ਕੇ ਦੇਖ ਸਕਦਾਂ। ਉਸ ਨਾਲ ਅੱਖ ਮਿਲਾ ਸਕਦਾਂ! ਅੱਖ-ਮਟੱਕਾ ਵੀ ਕਰ ਸਕਦਾਂ! ਜਿਉਂ-ਜਿਉਂ ਗਰਮੀ ਵਧੇਗੀ ਤਾਂ ਸਾਹਜਰੇ ਦੀਆਂ ਕਿਰਨਾਂ ਦੀ ਤਪਸ਼ ਵਧ ਜਾਏਗੀ। ਫਿਰ ਭਲਾ ਕਿਸ ਦੀ ਮਜਾਲ ਕਿ ਸੂਰਜ ਵੱਲ ਅੱਖ ਚੁੱਕ ਕੇ ਵੀ ਦੇਖ ਸਕੇ, ਅੱਖ ਮਿਲਾਉਣਾ ਤਾਂ ਦੂਰ ਦੀ ਗੱਲ। ਫਿਰ ਤਾਂ ਅੱਖਾਂ ਚੁੰਧਿਆ ਜਾਣਗੀਆਂ, ਬਲਕਿ ਚੁੰਨਿਆ ਜਾਣਗੀਆਂ। ਸੂਰਜ ਫਿਰ ਲਾਗੇ ਲੱਗਣ ਦਿੰਦਾ ਕਿਸੇ ਨੂੰ! ਉਹ ਕੋਈ ਚੰਦਾ ਮਾਮਾ ਥੋੜ੍ਹੀ ਐ ਕਿ ਜਦੋਂ ਚਾਹੋ 'ਝਾਅ' ਕਹਿ ਲਿਆ। ਉਹ ਤਾਂ ਅੱਗ ਹੈ, ਤਪਦਾ-ਬਲਦਾ ਤੇਜ਼ ਹੈ, ਭਸਮ ਕਰ ਦਊ!

ਖ਼ੈਰ, ਭਾਈਚਾਰਾ ਤਾਂ ਸਾਡਾ ਸੂਰਜ ਨਾਲ ਵੀ ਹੈ, ਭਾਵੇਂ ਉਹ ਧਰਤੀ ਤੋਂ 148.27 ਮਿਲੀਅਨ ਕਿਲੋਮੀਟਰ ਦੂਰ ਹੈ। ਜੇ ਭਾਈਚਾਰਾ ਨਾ ਹੁੰਦਾ ਤਾਂ ਨਿਆਣੇ ਹੁੰਦੇ 'ਸੂਰਜਾ ਸੂਰਜਾ ਫੱਟੀ ਸੁਕਾ' ਕਿਉਂ ਕਹਿੰਦੇ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਅੱਧੀ ਛੁੱਟੀ ਵੇਲੇ ਲਾਗਲੇ ਛੱਪੜ ਵੱਲ ਦੁੜੰਗੇ ਲਾ ਦਈਦੇ ਸੀ। ਫੱਟੀ ਪੋਚ ਕੇ ਫਿਰ ਗਾਚਣੀ ਮਲ ਦਈਦੀ ਸੀ ਅਤੇ ਸੂਰਜ ਨੂੰ ਜਲਦੀ ਫੱਟੀ ਸੁਕਾਉਣ ਲਈ ਕਿਹਾ ਜਾਂਦਾ ਸੀ ਤਾਂ ਕਿ ਅੱਧੀ ਛੁੱਟੀ ਖਤਮ ਹੋਣ 'ਤੇ ਮੁੜ ਫੱਟੀ ਦਾ ਇਸਤੇਮਾਲ ਕੀਤਾ ਜਾ ਸਕੇ। ਮਾਣ ਤਾਂ ਸੂਰਜ ਉਪਰ ਐਨਾ ਹੁੰਦਾ ਸੀ ਕਿ ਅਪਣੱਤ 'ਚ ਧਮਕੀ ਵੀ ਦੇ ਮਾਰੀ ਦੀ ਸੀ ਕਿ 'ਜੇ ਨਹੀਂ ਸੁਕਾਉਣੀ ਤਾਂ ਘਰ ਨੂੰ ਜਾਹ'!

ਉਦੋਂ ਸਕੂਲ ਵਿਚ ਇਕ ਕਹਾਣੀ ਵੀ ਲੱਗੀ ਹੁੰਦੀ ਸੀ, ਇਹ ਸਮਝਾਉਣ ਲਈ ਕਿ ਤਾਕਤਵਰ ਲੋਕਾਂ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ (ਖ਼ੈਰ, ਅੱਜ-ਕੱਲ੍ਹ ਤਾਂ ਤਾਕਤਵਰ ਲੋਕ ਹੰਕਾਰ ਤੋਂ ਬਿਨਾਂ ਹੋਰ ਕੁਛ ਕਰਦੇ ਹੀ ਨਹੀਂ!) ਕਹਾਣੀ ਇਸ ਤਰ੍ਹਾਂ ਸੀ, ਸੂਰਜ ਅਤੇ ਹਵਾ ਵਿਚ ਤਣਾ-ਤਣੀ ਹੋ ਗਈ। ਹਵਾ ਕਹਿ ਬੈਠੀ ਕਿ ਉਹ ਸੂਰਜ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ। ਸਬੂਤ ਵਜੋਂ ਇਕ ਮੁਸਾਫਿਰ ਨੂੰ ਨਿਸ਼ਾਨਾ ਬਣਾਇਆ ਗਿਆ। ਜਿਉਂ-ਜਿਉਂ ਹਵਾ ਤੇਜ਼ ਹੋਈ ਜਾਵੇ ਮੁਸਾਫਿਰ ਕੋਟ ਸਮੇਤ ਆਪਣੇ ਬਸਤਰ ਘੁੱਟ ਕੇ ਪਕੜੀ ਜਾਵੇ। ਹਵਾ ਹਨੇਰੀ ਹੋ ਗਈ ਪਰ ਮੁਸਾਫਿਰ ਨੇ ਆਪਣੇ ਕੱਪੜੇ ਹੋਰ ਵੀ ਘੁੱਟ ਕੇ ਫੜ ਲਏ। ਫਿਰ ਸੂਰਜ ਦੀ ਵਾਰੀ ਆਈ। ਜਿਉਂ ਹੀ ਗਰਮੀ ਵਧੀ ਮੁਸਾਫਿਰ ਨੇ ਆਪਣਾ ਕੋਟ ਤੁਰੰਤ ਲਾਹ ਦਿੱਤਾ। ਤਪਸ਼ ਹੋਰ ਵਧਣ 'ਤੇ ਉਸ ਨੇ ਕਮੀਜ਼ ਵੀ ਲਾਹ ਦਿੱਤੀ। ਇਸ ਤੋਂ ਪਹਿਲਾਂ ਕਿ ਸੂਰਜ ਹੋਰ ਬਲਦਾ, ਹਵਾ ਨੇ ਹਾਰ ਮੰਨ ਲਈ!

ਸੂਰਜ ਸਾਡੇ ਦੁੱਖ-ਸੁਖ ਦਾ ਸਾਥੀ ਹੈ। ਸਾਡੇ ਵਰਗੇ ਬੁੱਢਿਆਂ ਨੂੰ ਕੜਾਕੇ ਦੀ ਠੰਢ ਤੋਂ ਸੂਰਜ ਹੀ ਬਚਾਉਂਦੈ। ਜੇ ਭਰ ਸਿਆਲ ਧੁੱਪ ਨਾ ਨਿਕਲੇ ਤਾਂ ਬੱਸ ਹੋ ਜਾਂਦੀ ਹੈ। ਤਾਹੀਂ ਤਾਂ ਕਹਿੰਦੇ ਜੇ ਬੁੱਢਾ ਸਿਆਲ ਕੱਢ ਗਿਆ ਤਾਂ ਸਮਝੋ ਸਾਲ ਕੱਢ ਗਿਆ! (ਇਸ ਵਾਰੀ ਜਨਵਰੀ ਵਿਚ ਸੂਰਜ ਬਹੁਤ ਸਮਾਂ ਦਿਸਿਆ ਹੀ ਨਹੀਂ, ਅਤੇ ਠੰਢ ਨੇ ਕੜੱਲ ਕੱਢ ਦਿੱਤੇ! ਇਹ ਤਾਂ ਭਲਾ ਹੋਵੇ ਫਰਵਰੀ ਦਾ ਜਿਸ ਵਿਚ ਸੂਰਜ ਦੇਵਤਾ ਦੇ ਦਰਸ਼ਨ ਹੋਏ!)

ਅੱਜੋਕੇ ਆਪਾ-ਧਾਪੀ ਦੇ ਸਮਿਆਂ ਵਿਚ ਸੂਰਜ ਦੀਆਂ ਰਿਸ਼ਮਾਂ ਸਾਡੇ ਵਰਗੇ 'ਕੱਲੇ-ਕਹਿਰਿਆਂ ਨੂੰ ਸਵੇਰੇ ਨੀਂਦ ਤੋਂ ਜਗਾਉਂਦੀਆਂ ਹਨ। ਛੋਟੇ ਹੁੰਦਿਆਂ ਮਾਂ ਇਹ ਕਹਿ ਕੇ ਜਗਾਉਂਦੀ ਹੁੰਦੀ ਸੀ, 'ਉਠ ਜਾ ਹੁਣ, ਸੂਰਜ ਗੋਡੇ ਗੋਡੇ ਚੜ੍ਹ ਆਇਆ।' ਹੁਣ ਮਾਂ ਤਾਂ ਰਹੀ ਨਹੀਂ, ਜਗਾਉਣ ਵਾਲਾ ਕੋਈ ਹੈ ਨਹੀਂ, ਸਿਵਾਏ ਸੂਰਜ ਦੀਆਂ ਕਿਰਨਾਂ ਤੋਂ- 'ਤਨਹਾਈਓਂ ਕਾ ਯੇ ਆਲਮ ਹੈ ਮੇਰੇ ਮੌਲਾ, ਸੂਰਜ ਅਗਰ ਨਾ ਹੋ ਤੋ ਜਗਾਤਾ ਨਹੀਂ ਕੋਈ।'

ਜਿਉਂ ਹੀ ਸੂਰਜ ਦੀਆਂ ਪਹਿਲੀਆਂ ਕਿਰਨਾਂ ਸਾਡੇ ਕਮਰੇ 'ਚ ਦਸਤਕ ਦਿੰਦੀਆਂ ਹਨ ਜਾਂ ਸਾਡੇ ਚਿਹਰੇ 'ਤੇ ਪੈਂਦੀਆਂ ਹਨ ਤਾਂ ਸਾਨੂੰ ਇਉਂ ਲਗਦੈ ਕਿ ਮਾਂ ਮੱਥਾ ਚੁੰਮ ਕੇ ਲਾਡ ਨਾਲ ਕਹਿ ਰਹੀ ਹੋਵੇ, 'ਪੁੱਤ ਉਠ, ਹੁਣ ਤਾਂ ਚਿੱਟਾ ਦਿਨ ਚੜ੍ਹ ਆਇਆ।'

ਸੂਰਜ ਧਰਤੀ ਉਪਰ ਊਰਜਾ, ਰੌਸ਼ਨੀ ਅਤੇ ਤਪਸ਼ ਦੇ ਸਭ ਤੋਂ ਵੱਡੇ ਸਰੋਤਾਂ ਵਿਚੋਂ ਹੈ। ਇਸ ਕਾਰਨ ਹੀ ਜੀਵਨ ਹੈ, ਦਿਨ ਅਤੇ ਰਾਤ ਹਨ, ਵਨਸਪਤੀ ਅਤੇ ਹੋਰ ਜਨ-ਜੀਵਨ ਹੈ। ਇਸ ਕਰਕੇ ਹੀ ਸੂਰਜ ਨੂੰ ਦੇਵਤਾ ਮੰਨਿਆ ਜਾਂਦਾ ਤੇ ਇਸ ਦੀ ਪੂਜਾ ਹੁੰਦੀ ਹੈ।

ਦਰਅਸਲ ਸੂਰਜ ਦਾ ਨਾਂ ਹੀ ਯੂਨਾਨ ਅਤੇ ਰੋਮ ਦੇ ਪ੍ਰਾਚੀਨ ਦੇਵਤਿਆਂ ਦੇ ਨਾਮ 'ਤੇ ਪਿਆ। ਸੂਰਜ ਨੂੰ ਅੰਗਰੇਜ਼ੀ ਵਿਚ 'ਸਨ' ਕਹਿੰਦੇ ਹਨ। ਇਹ ਸ਼ਬਦ ਜਰਮੈਨਿਕ ਮੂਲ ਦੇ 'ਸੋਨੀ', ਪੁਰਾਤਨ ਅੰਗਰੇਜ਼ੀ ਦੇ 'ਸੱਨੀ', ਲਾਤੀਨੀ 'ਸੋਲ' ਅਤੇ ਡੱਚ 'ਜ਼ੋਨ' 'ਤੋਂ ਹੁੰਦਾ ਹੋਇਆ ਆਪਣੇ ਮੌਜੂਦਾ ਰੂਪ 'ਸਨ' ਵਿਚ ਪੁੱਜਿਆ ਹੈ। ਯੂਨਾਨ ਵਾਲੇ ਇਸ ਨੂੰ ਹੀਲੀਯਸ ਕਹਿੰਦੇ ਹਨ ਜੋ ਇਕ ਖ਼ੂਬਸੂਰਤ ਸੂਰਜ ਦੇਵਤਾ ਹੈ। ਰੋਮਨ 'ਸੋਲ' ਨੂੰ ਸੂਰਜ ਦੇਵਤਾ ਮੰਨਦੇ ਹਨ। ਇਹ ਹੀਲੀਯਸ ਦਾ ਦੈਵੀ ਹਮਰੁਤਬਾ ਹੈ। ਲਾਤੀਨੀ ਸੋਲ ਤੋਂ ਹੀ ਸੋਲਰ ਸਿਸਟਮ (ਸੂਰਜ ਮੰਡਲ) ਸ਼ਬਦ ਹੋਂਦ ਵਿਚ ਆਇਆ।

ਸ਼ੇਕਸਪੀਅਰ ਆਪਣੇ ਨਾਟਕ 'ਕਾਮੇਡੀ ਆਫ ਐਰਰਜ਼' ਜੋ 1589-1594 ਦਰਮਿਆਨ ਲਿਖਿਆ ਗਿਆ ਤੇ ਪਹਿਲੀ ਵਾਰ 1623 'ਚ ਛਪਿਆ, ਵਿਚ ਸੂਰਜ ਦੇ ਪੁਰਾਣੇ ਸ਼ਬਦ-ਜੋੜ ਸੱਨੀ ਹੀ ਵਰਤਦੈ। ਮੌਜੂਦਾ ਸਪੈਲਿੰਗ 1600ਵਿਆਂ ਦੇ ਮੱਧ ਜਾਂ ਬਾਅਦ ਵਿਚ ਪ੍ਰਚੱਲਿਤ ਹੋਏ। ਸੂਰਜ ਨੂੰ ਸੰਸਕ੍ਰਿਤ ਵਿਚ 'ਸੂਰਯ' ਕਹਿੰਦੇ ਹਨ। ਬਤੌਰ ਸੰਗਯਾ ਇਸ ਦੇ ਦਿਵਾਕਰ ਅਤੇ ਦਿਨਮਣਿ ਨਾਮ ਵੀ ਹਨ।



ਯੂਨਾਨੀ ਮਿਥਿਹਾਸ ਅਨੁਸਾਰ ਸੂਰਜ ਦੇਵਤਾ ਹਰ ਰੋਜ਼ ਆਪਣੇ ਰੱਥ 'ਤੇ ਸਵਾਰ ਹੋ ਕੇ ਆਕਾਸ਼ ਦੇ ਇਕ ਪਾਸੇ ਤੋਂ ਦੂਸਰੇ ਪਾਸੇ ਵੱਲ ਜਾਂਦਾ ਹੈ ਅਤੇ ਰਾਹ ਵਿਚ ਚਾਨਣ ਬਿਖੇਰਦਾ ਰਹਿੰਦਾ ਹੈ। ਵਿਗਿਆਨਕ ਪੱਖ ਆਪਾਂ ਸਾਰੇ ਜਾਣਦੇ ਹਾਂ। ਉੜੀਸਾ ਦੇ ਕੋਨਾਰਕ ਦਾ ਸੂਰਯ ਮੰਦਰ ਵੀ ਸੂਰਜ ਦੇਵਤਾ ਨੂੰ ਸਮਰਪਿਤ ਹੈ। ਇਹ ਵੀ ਸੂਰਜ ਦੇਵਤਾ ਦੇ ਵਿਸ਼ਾਲ ਰੱਥ ਨੂੰ ਦਰਸਾਉਂਦੈ, ਜਿਸ ਦੇ 24 ਪਹੀਏ ਹਨ ਅਤੇ ਜਿਸ ਨੂੰ 6 ਘੋੜਿਆਂ ਦੀ ਟੀਮ ਖਿੱਚਦੀ ਹੈ। ਕੋਨਾਰਕ ਸ਼ਬਦ ਵੀ ਸੰਸਕ੍ਰਿਤ ਦੇ ਸ਼ਬਦਾਂ 'ਕੋਨਾਂ' ਤੇ 'ਆਰਕ'(ਸੂਰਜ) ਦੇ ਮੇਲ ਤੋਂ ਬਣਿਆ ਹੈ।

ਵੈਸੇ ਗੁਰਬਾਣੀ ਅਨੁਸਾਰ ਧਰਤੀਆਂ ਅਤੇ ਸੂਰਜ ਬੇਅੰਤ ਹਨ। ਜਪਜੀ ਸਾਹਿਬ ਵਿਚ ਜ਼ਿਕਰ ਹੈ- 'ਧਰਤੀ ਹੋਰੁ, ਪਰੈ ਹੋਰੁ ਹੋਰ'।... 'ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ' ਭਾਵ ('ਅਕਾਲ ਪੁਰਖ ਦੀ ਕੁਦਰਤਿ' ਵਿਚ ਬੇਅੰਤ ਇੰਦਰ ਦੇਵਤੇ, ਬੇਅੰਤ ਚੰਦਰਮਾ, ਬੇਅੰਤ ਸੂਰਜ ਤੇ ਬੇਅੰਤ ਭਵਨ-ਚੱਕਰ ਹਨ)। ਗੁਰਬਾਣੀ ਵਿਚ ਸੂਰਜ ਦੇ ਹੋਰ ਵੀ ਹਵਾਲੇ ਹਨ, 'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ', 'ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ', 'ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ'॥

ਭਾਈ ਗੁਰਦਾਸ ਵੀ ਕਹਿੰਦੇ ਹਨ, 'ਸੰਖ ਸਮੁੰਦਹੁ ਸੱਖਣਾ ਰੋਵੈ ਧਾਹਾਂ ਮਾਰ ਸੁਣਾਈ। ਘੁਘੂ ਸੁਝ ਨ ਸੁਝਈ ਸੂਰਜ ਜੋਤਿ ਨ ਲੁਕੈ ਲੁਕਾਈ'।

ਗੁਰੂ ਗੋਬਿੰਦ ਸਿੰਘ ਜੀ ਵੀ ਸੂਰਜ ਦਾ ਹਵਾਲਾ ਦਿੰਦੇ ਹਨ, 'ਕੇਤੇ ਸੂਰ ਚੰਦ ਕਹੁ ਮਾਨੈ' 'ਕਈ ਸੂਰ ਚੰਦ ਸਰੂਪ'।

ਸੂਰਜਮੁਖੀ ਦੇ ਫੁੱਲ ਦੀ ਸ਼ਕਲ ਸੂਰਜ ਵਰਗੀ ਹੁੰਦੀ ਹੈ ਅਤੇ ਉਹ ਸੂਰਜ ਦੇ ਨਾਲ ਨਾਲ ਆਪਣਾ ਮੂੰਹ ਘੁਮਾਉਂਦਾ ਰਹਿੰਦਾ ਹੈ। ਕਮਲ ਵੀ ਸੂਰਜ ਦੇਖ ਕੇ ਖਿੜਦਾ ਹੈ। ਸੂਰਜਕੁੰਡ ਸੂਰਜ ਦੇਵਤਾ ਦੇ ਨਾਮ 'ਤੇ ਹਨ। ਸੂਰਜਵੰਸ਼ੀ ਰਾਜੇ ਬੜੇ ਪ੍ਰਤਾਪੀ ਹੋਏ ਹਨ। ਭਗਵਾਨ ਰਾਮ ਵੀ ਸੂਰਜਵੰਸ਼ੀ ਸੀ। ਸੂਰਜ ਨੂੰ ਨਮਸਕਾਰ ਵੀ ਕੀਤਾ ਜਾਂਦੈ।

ਸੂਰਜ ਨੂੰ ਦੀਵਾ ਦਿਖਾਉਣਾ, ਚੜ੍ਹਦੇ ਸੂਰਜ ਨੂੰ ਸਲਾਮ ਕਰਨਾ, ਕਿਸਮਤ ਦਾ ਸੂਰਜ ਡੁੱਬਣਾ, ਸੂਰਜ ਏਧਰ ਦਾ ਉਧਰ ਹੋਣਾ, ਸੂਰਜ ਚੜ੍ਹਨਾ, ਸੂਰਜ ਘਰੋਣਾ/ਡੁੱਬਣਾ, ਸੂਰਜ ਦੇ ਸਾਹਮਣੇ ਟਟਹਿਣਾ, ਸੂਰਜ ਖੇਤੀ ਪਾਲ ਹੈ, ਚੰਨ ਬਣਾਵੇ ਰਸ, ਜੇ ਇਹ ਦੋਵੇਂ ਨਾ ਮਿਲੇ, ਖੇਤੀ ਹੋਵੇ ਭਸ ਆਦਿ ਸੂਰਜ ਨਾਲ ਸਬੰਧਤ ਅਖਾਣ ਹਨ।

ਸੁਰਜੀਤ ਪਾਤਰ ਨੇ ਸੂਰਜ ਨਾਲ ਸਬੰਧਤ ਬੜਾ ਕੁਝ ਲਿਖਿਆ- 'ਮੇਰਾ ਸੂਰਜ ਡੁੱਬਿਆ ਹੈ, ਤੇਰੀ ਸ਼ਾਮ ਨਹੀਂ ਹੈ', ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ, ਚਾਨਣੀ ਵਿਚ ਹੋਰ ਰਸਤੇ ਚਮਕਦੇ', 'ਮੈਂ ਸੂਰਜ ਜੋ ਡੁੱਬਿਆ ਦਿਸ਼ਾਵਾਂ ਤੋਂ ਚੋਰੀ', 'ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ...।'

ਬਾਲ ਕਵੀ ਬੈਰਾਗੀ ਦੀ ਸੂਰਜ ਸਬੰਧੀ ਇਕ ਕ੍ਰਾਂਤੀਕਾਰੀ ਕਵਿਤਾ ਹੈ-

'ਆਜ ਮੈਨੇ ਸੂਰਯ ਸੇ ਬਸ ਜ਼ਰਾ ਸਾ ਯੂੰ ਕਹਾ,
ਆਪ ਕੇ ਸਾਮਰਾਜਯ ਮੇਂ ਇਤਨਾ ਅੰਧੇਰਾ ਕਿਯੂੰ ਰਹਾ?'
ਤਮਤਮਾ ਕਰ ਵਹ ਦਹਾੜਾ-
'ਮੈਂ ਅਕੇਲਾ ਕਯਾ ਕਰੂੰ?
ਤੁਮ ਨਿਕੰਮੋਂ ਕੇ ਲੀਏ ਮੈਂ ਹੀ ਭਲਾ ਕਬ ਤਕ ਮਰੂੰ?
ਆਕਾਸ਼ ਕੀ ਆਰਾਧਨਾ ਕੇ
ਚੱਕਰੋਂ ਮੇਂ ਮਤ ਪੜੋ
ਸੰਗਰਾਮ ਯਹ ਘਨਘੋਰ ਹੈ,
ਕੁਛ ਮੈਂ ਲੜੂੰ ਕੁਛ ਤੁਮ ਲੜੋ।'

ਪ੍ਰੋ. ਮੋਹਨ ਸਿੰਘ ਦੀਆਂ ਸਤਰਾਂ ਹਨ:
'ਡੁੱਬਾ ਸੂਰਜ ਪਿਆ ਹਨੇਰਾ,
ਕੱਲ ਇਸ ਨੇ ਮੁੜ ਪਾਉਣਾ ਫੇਰਾ।'

ਨਵੇਂ ਸਾਲ ਮੌਕੇ ਅਨੇਕਾਂ ਕਵਿਤਾਵਾਂ ਸੂਰਜ ਨੂੰ ਸੰਬੋਧਨ ਹੋ ਕੇ ਲਿਖੀਆਂ ਗਈਆਂ।

ਨਵੇਂ ਸਾਲ ਦਿਆ ਸੂਰਜਾ,
ਚਾਨਣ ਕਰ ਚੁਫੇਰ
ਜਗਮਗ ਹੋਵੇ ਬਾਹਰ ਵੀ,
ਅੰਦਰੋਂ ਮਿਟੇ ਹਨੇਰ।

'ਐਂਪਾਇਰ ਆਫ ਦਾ ਸਨ' ਸਮੇਤ ਅਨੇਕਾਂ ਅੰਗਰੇਜ਼ੀ ਫਿਲਮਾਂ ਦੇ ਨਾਮ ਸੂਰਜ ਉਪਰ ਹਨ। 1966 ਦੀ ਹਿੰਦੀ ਫ਼ਿਲਮ ਦਾ ਨਾਮ 'ਸੂਰਜ' ਅਤੇ 1999 ਦੀ ਫ਼ਿਲਮ ਦਾ ਨਾਮ 'ਸੂਰਯਵੰਸ਼ਮ' ਸੀ।

ਅੰਤ ਵਿਚ ਇਕ ਕਹਾਣੀ ਕਹਿ ਕੇ ਕਲਮ ਨੂੰ ਆਰਾਮ ਦਿੰਦੇ ਹਾਂ। ਕਹਿੰਦੇ ਹਨੇਰੇ ਨੇ ਪਰਮਾਤਮਾ ਦੀ ਕਚਹਿਰੀ 'ਚ ਪੇਸ਼ ਹੋ ਕੇ ਫ਼ਰਿਆਦ ਕੀਤੀ ਕਿ ਸੂਰਜ ਨੂੰ ਸਮਝਾਇਆ ਜਾਵੇ ਕਿ ਉਹ ਉਸ ਨਾਲ ਦੁਸ਼ਮਣੀ ਛੱਡੇ ਅਤੇ ਉਸ ਨੂੰ ਚਾਰ ਘੜੀਆਂ ਚੈਨ ਨਾਲ ਰਹਿਣ ਦੇਵੇ। ਸੂਰਜ ਦੀ ਪੇਸ਼ੀ ਹੋਈ ਤਾਂ ਸੂਰਜ ਨੇ ਰੱਬ ਨੂੰ ਜਵਾਬ ਦਿੱਤਾ, 'ਹਜ਼ੂਰ! ਮੇਰੀ ਕਾਹਦੀ ਦੁਸ਼ਮਣੀ? ਮੈਂ ਤਾਂ ਹਨੇਰੇ ਨੂੰ ਜਾਣਦਾ ਤਕ ਨਹੀਂ, ਇਸ ਨੂੰ ਕਦੀ ਦੇਖਿਆ ਹੀ ਨਹੀਂ। ਮੈਂ ਤਾਂ ਪ੍ਰਕਾਸ਼ ਦਾ ਪਰਚਮ ਬਰਦਾਰ ਹਾਂ, ਚਾਰ-ਚੁਫੇਰੇ ਚਾਨਣ ਬਿਖੇਰਦਾਂ, ਹਨੇਰੇ ਦੀ ਤਾਂ ਮੈਂ ਮਕਾਣੇ ਵੀ ਨਾਂ ਜਾਵਾਂ!'

# ਦੇਸ਼ ਵਿਦੇਸ਼ ਦੀਆਂ ਖੇਡ ਕਹਾਣੀਆਂ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਹਾਣੀਕਾਰ ਗੁਰਮੇਲ ਮਡਾਹੜ ਨੇ ਖੇਡ ਕਹਾਣੀਆਂ ਦੀ ਅਨੁਵਾਦਿਤ ਪੁਸਤਕ 'ਸੰਸਾਰ ਪ੍ਰਸਿੱਧ ਖੇਡ ਕਹਾਣੀਆਂ' ਪਹਿਲੀ ਵਾਰ 2004 ਵਿਚ ਛਪਵਾਈ ਸੀ। ਉਸ ਦਾ ਸਮਰਪਣ ਸੀ, ਪ੍ਰਿੰ. ਸਰਵਣ ਸਿੰਘ ਜੀ ਨੂੰ, ਜਿਸ ਨੇ ਖੇਡਾਂ ਤੇ ਖਿਡਾਰੀਆਂ ਬਾਰੇ ਪਹਿਲੀ ਵਾਰ ਲਿਖ ਕੇ ਪੰਜਾਬੀ ਸਾਹਿਤ ਦੀ ਵਡਮੁੱਲੀ ਸੇਵਾ ਕੀਤੀ ਤੇ ਕਰ ਰਿਹਾ ਹੈ। ਉਹ ਪੁਸਤਕ ਰਾਜਿੰਦਰ ਬਿਮਲ, ਕੁਕਨੁਸ ਪ੍ਰਕਾਸ਼ਨ ਜਲੰਧਰ ਨੇ ਪ੍ਰਕਾਸ਼ਿਤ ਕੀਤੀ ਸੀ। ਉਸ ਵਿਚ ਇੰਗਲੈਂਡ, ਫਰਾਂਸ, ਅਮਰੀਕਾ, ਕੈਨੇਡਾ, ਪੁਰਤਗਾਲ, ਨਿਊਜ਼ੀਲੈਂਡ, ਰੂਸ ਤੇ ਪਾਕਿਸਤਾਨ ਦੀਆਂ 17 ਕਹਾਣੀਆਂ ਦਾ ਅਨੁਵਾਦ ਹੈ। ਸੰਪਾਦਕੀ ਵਿਚ ਲਿਖਿਆ ਸੀ, 'ਪੰਜਾਬੀ ਸਾਹਿਤ ਦਾ ਮੁਤਾਲਿਆ ਕਰਨ ਮਗਰੋਂ ਇੱਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਹੁਣ ਤੱਕ ਕਿਸੇ ਵੀ ਲੇਖਕ ਵੱਲੋਂ ਖੇਡਾਂ ਨਾਲ ਸਬੰਧਤ ਵਿਸ਼ੇ ਨੂੰ ਲੈ ਕੇ ਨਾ ਕੋਈ ਨਾਵਲ ਲਿਖਿਆ ਗਿਆ ਹੈ ਅਤੇ ਨਾ ਹੀ ਕਿਸੇ ਦਾ ਕੋਈ ਖੇਡ ਕਹਾਣੀਆਂ ਦਾ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਹੈ; ਜਦਕਿ ਖੇਡਾਂ ਬਾਰੇ, ਖਿਡਾਰੀਆਂ ਬਾਰੇ ਲੇਖਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਛਪ ਚੁੱਕੀਆਂ ਹਨ।'

ਪਾਠਕਾਂ 'ਚ ਖੇਡ ਸਾਹਿਤ ਪੜ੍ਹਨ ਦਾ ਸ਼ੌਕ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਜਿੰਨਾ ਚਿਰ ਪੰਜਾਬੀ ਵਿਚ ਖੇਡ ਗਲਪ ਦੀ ਸਿਰਜਣਾ ਨਹੀਂ ਹੁੰਦੀ, ਓਨਾ ਚਿਰ ਖੇਡ ਜਗਤ ਸਬੰਧੀ ਦੂਸਰੀਆਂ ਭਾਸ਼ਾਵਾਂ ਦੀਆਂ ਮਿਆਰੀ ਤੇ ਦਿਲਚਸਪ ਰਚਨਾਵਾਂ ਦੇ ਅਨੁਵਾਦ ਕਰ ਕੇ ਪੰਜਾਬੀ ਵਿਚ ਪ੍ਰਕਾਸ਼ਿਤ ਕਰਵਾਏ ਜਾਣ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕਾਂ ਨੂੰ ਖੇਡ-ਸਾਹਿਤ ਪੜ੍ਹਨ ਦਾ ਸ਼ੌਕ ਜਾਗੇ ਅਤੇ ਲੇਖਕਾਂ ਨੂੰ ਵੀ ਅਜਿਹੀਆਂ ਮਿਆਰੀ ਤੇ ਦਿਲਚਸਪ ਖੇਡ ਰਚਨਾਵਾਂ ਰਚਣ ਦੀ ਚਿਣਗ ਲੱਗੇ। ਇਸ ਬਾਰੇ ਮੇਰੀ ਸਮਝ ਬਣੀ ਕਿ ਵਿਸ਼ਵ ਦੀਆਂ ਚੋਣਵੀਆਂ ਖੇਡ ਕਹਾਣੀਆਂ ਬਾਰੇ ਪਾਠਕਾਂ ਨੂੰ ਜਾਣੂ ਕਰਵਾਇਆ ਜਾਵੇ ਅਤੇ ਲੇਖਕਾਂ ਲਈ ਇੱਕ ਮਾਰਗ ਖੋਲ੍ਹਿਆ ਜਾਵੇ। ਇਸ ਨਿਸ਼ਾਨੇ ਨੂੰ ਮੁੱਖ ਰੱਖ ਕੇ ਮੈਂ ਕੁਝ ਸੰਸਾਰ ਪ੍ਰਸਿੱਧ ਖੇਡ ਕਹਾਣੀਆਂ ਦਾ ਅਨੁਵਾਦ ਕਰ ਕੇ ਪੰਜਾਬੀ ਸਾਹਿਤ ਦੇ ਇਸ ਹਨ੍ਹੇਰੇ ਪੱਖ ਵਿਚ ਇੱਕ ਚੁੰਗੜਾ ਬਾਲ ਕੇ ਰੋਸ਼ਨੀ ਕਰਨ ਦਾ ਨਿਗੂਣਾ ਜਿਹਾ ਉਪਰਾਲਾ ਕੀਤਾ ਹੈ, ਜਿਸ ਦੀ ਲੋਅ 'ਚੋਂ ਅਨੇਕਾਂ ਹੋਰ ਚਿਰਾਗ਼ ਬਾਲੇ ਜਾਣ ਦੀ ਮੈਨੂੰ ਪੂਰਨ ਆਸ ਹੈ।

ਸਤਾਰਾਂ ਕਹਾਣੀਆਂ ਵਿਚੋਂ ਪਹਿਲੀ ਕਹਾਣੀ ਦਾ ਨਾਂ 'ਖ਼ੂਨੀ ਮੈਚ' ਹੈ। ਇਹ ਜੇ. ਮਾਈਖੋਲੋਵਾ ਨੇ ਰੂਸੀ ਵਿਚ ਲਿਖੀ ਸੀ। ਕਹਾਣੀ ਯੂਕਰੇਨ ਦੇ ਸ਼ਹਿਰ ਕੀਵ ਵਿਚ ਵਾਪਰੀ ਸੀ ਜੋ ਅੱਜਕੱਲ੍ਹ ਜੰਗੀ ਖ਼ਬਰਾਂ ਵਿਚ ਹੈ। 2005 ਵਿਚ ਮੈਂ ਟੋਰਾਂਟੋ ਤੋਂ ਦਿੱਲੀ ਜਾਂਦਿਆਂ ਕੀਵ ਦਾ ਹਵਾਈ ਅੱਡਾ ਖ਼ੁਦ ਤੁਰ ਫਿਰ ਕੇ ਵੇਖਿਆ ਸੀ। ਇੰਜ 'ਖ਼ੂਨੀ ਮੈਚ' ਦੇ ਪਾਤਰਾਂ ਅਤੇ ਦਰਸ਼ਕਾਂ ਨੂੰ ਨੇੜਿਓਂ ਮਹਿਸੂਸ ਕੀਤਾ ਸੀ। ਕੀਵ ਦੇ ਹਵਾਈ ਅੱਡੇ ਵਿਚ ਇਕ ਡਿਊਟੀ ਫਰੀ ਸ਼ਾਪ ਸੀ ਜਿੱਥੋਂ ਮੈਂ ਕੀਵ ਦੀ ਨਿਸ਼ਾਨੀ ਵੀ ਖਰੀਦੀ। ਯੂਕਰੇਨ ਦੀਆਂ ਗੋਰੀਆਂ ਮੁਟਿਆਰਾਂ ਚੀਜ਼ਾਂ ਵਸਤਾਂ ਵੇਚ ਰਹੀਆਂ ਸਨ। ਉਨ੍ਹਾਂ ਦੀ ਅੰਗਰੇਜ਼ੀ ਮਸਾਂ ਈ ਡੰਗਸਾਰੂ ਸੀ। ਬੈਂਚਾਂ ਉਤੇ ਬੈਠੀਆਂ ਪੰਜਾਬੀ ਸਵਾਰੀਆਂ ਨੇ ਲੜ ਬੰਨ੍ਹੇ ਪਰੌਂਠੇ ਲੇੜ੍ਹਨੇ ਸ਼ੁਰੂ ਕਰ ਲਏ ਸਨ ਜਿਸ ਨਾਲ ਅਚਾਰ ਦੀਆਂ ਮਹਿਕਾਂ ਖਿੰਡਣ ਲੱਗ ਪਈਆਂ ਸਨ। ਸਾਡੀਆਂ ਸਵਾਰੀਆਂ ਨੇ ਕੀਵ ਦਾ ਹਵਾਈ ਅੱਡਾ ਬਠਿੰਡੇ ਦਾ ਜੰਕਸ਼ਨ ਬਣਾ ਦਿੱਤਾ ਸੀ। ਸ਼ੀਸ਼ਿਆਂ ਵਿਚੋਂ ਦੀ ਬਾਹਰ ਬਰਫ਼ ਜੰਮੀ ਹੋਈ ਵਿਖਾਈ ਦੇ ਰਹੀ ਸੀ। ਰੁੱਖ ਰੁੰਡ-ਮੁੰਡ ਖੜ੍ਹੇ ਸਨ। ਏਅਰ ਪੋਰਟ ਦੇ ਕਾਮੇ ਮੋਟੇ ਜੁੱਲਾਂ ਵਰਗੇ ਓਵਰ ਕੋਟ ਪਾਈ ਆਪਣੀਆਂ ਡਿਊਟੀਆਂ ਦੇ ਰਹੇ ਸਨ। ਦਿੱਲੀ ਨੂੰ ਜਹਾਜ਼ ਉਡਣ ਦੀ ਤਿਆਰੀ ਹੋਈ ਤਾਂ ਮੈਂ ਸਭ ਤੋਂ ਪਿੱਛੋਂ ਉਹਦੇ ਵਿਚ ਸਵਾਰ ਹੋਇਆ। ਤਦ ਤਕ ਹਵਾਈ ਅੱਡੇ ਵਿਚ ਸੁੰਨ ਵਰਤ ਗਈ ਸੀ। ਪੇਸ਼ ਹੈ ਰੂਸੀ ਕਹਾਣੀ ਦਾ ਪੰਜਾਬੀ ਅਨੁਵਾਦ:

## ਖ਼ੂਨੀ ਮੈਚ

ਕੀਵ ਨੂੰ ਆਪਣੇ ਕਬਜ਼ੇ ਵਿਚ ਕਰਨ ਤੋਂ ਬਾਅਦ ਜਰਮਨਾਂ ਨੇ ਉਥੋਂ ਦੇ ਜਿਨ੍ਹਾਂ ਵਸਨੀਕਾਂ ਨੂੰ ਬੰਦੀ ਬਣਾਇਆ, ਉਨ੍ਹਾਂ ਵਿਚ ਰੂਸ ਦੀ ਸੰਸਾਰ ਪ੍ਰਸਿੱਧ ਫੁੱਟਬਾਲ ਦੀ ਟੀਮ 'ਡਾਇਨੇਮੋ' ਦੇ ਖਿਡਾਰੀ ਵੀ ਸ਼ਾਮਲ ਸਨ। ਇਨ੍ਹਾਂ ਖਿਡਾਰੀਆਂ ਨੂੰ ਇੱਕ ਬੇਕਰੀ ਵਿਚ ਮਾਮੂਲੀ ਮਜ਼ਦੂਰਾਂ ਦੀ ਹੈਸੀਅਤ ਵਿਚ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ। ਉਹ ਭਾਵੇਂ ਲਾਚਾਰੀ ਵਿਚ ਮਜ਼ਦੂਰ ਬਣ ਗਏ ਸੀ ਪਰ ਸਨ ਤਾਂ ਮੂਲ ਰੂਪ ਵਿਚ ਫੁੱਟਬਾਲ ਖਿਡਾਰੀ ਹੀ। ਇਸ ਲਈ, ਮਜ਼ਦੂਰੀ ਦੇ ਵਕਤ ਤੋਂ ਮਗਰੋਂ ਉਹ ਬੇਕਰੀ ਦੇ ਨਾਲ ਲੱਗਦੇ ਇੱਕ ਮੈਦਾਨ ਵਿਚ ਜਾ ਕੇ ਆਪਸ ਵਿਚ ਫੁੱਟਬਾਲ ਖੇਡਦੇ। ਪਰ ਖੇਡਦੇ ਸਮੇਂ, ਉਨ੍ਹਾਂ ਦੇ ਮਨ ਵਿਚ ਇਹ ਡਰ ਬਰਾਬਰ ਬਣਿਆ ਰਹਿੰਦਾ, ਕਿਤੇ ਜਰਮਨਾਂ ਨੂੰ ਉਨ੍ਹਾਂ ਦੀ ਖੇਡ ਬਾਰੇ ਪਤਾ ਨਾ ਲੱਗ ਜਾਵੇ। ਪਤਾ ਲੱਗ ਜਾਏਗਾ ਤਾਂ ਉਨ੍ਹਾਂ ਨੂੰ ਡਰ ਸੀ ਕਿ ਉਹ ਉਨ੍ਹਾਂ ਦੀ ਖੇਡ ਤੁਰੰਤ ਬੰਦ ਕਰਵਾ ਦੇਣਗੇ।

ਜਰਮਨ ਅਧਿਕਾਰੀ ਕੀਵ ਦੇ ਸਾਧਾਰਨ ਨਿਵਾਸੀਆਂ ਦਾ ਵਿਸ਼ਵਾਸ ਜਿੱਤਣ ਦੇ ਚਾਹਵਾਨ ਸਨ। ਉਨ੍ਹਾਂ ਨੇ ਸਕੀਮ ਬਣਾਈ ਕਿ ਇਨ੍ਹਾਂ ਖਿਡਾਰੀਆਂ ਰਾਹੀਂ ਇਹ ਵਿਸ਼ਵਾਸ ਜਿੱਤਿਆ ਜਾ ਸਕਦਾ ਹੈ। ਉਨ੍ਹਾਂ ਨੇ ਇੱਕ ਦਿਨ ਰੂਸੀ ਖਿਡਾਰੀਆਂ ਨੂੰ ਬੁਲਾ ਕੇ ਕਿਹਾ, "ਤੁਸੀਂ ਲੋਕ ਉਸ ਮੈਦਾਨ ਵਿਚ ਲੁਕ ਕੇ ਫੁੱਟਬਾਲ ਕਿਉਂ ਖੇਡਦੇ ਹੋ?"

"ਉਂਈਂ ਵਕਤ ਪੂਰਾ ਕਰਨ ਲਈ।"

"ਅਸੀਂ ਜਰਮਨ ਵੀ ਫੁੱਟਬਾਲ ਦੇ ਸ਼ੌਕੀਨ ਹਾਂ ਅਤੇ ਤੁਹਾਡੇ ਜਿਹੇ ਨਾਮੀ ਅਤੇ ਅਨੁਭਵੀ ਖਿਡਾਰੀਆਂ ਤੋਂ ਖੇਡ ਦੀਆਂ ਬਾਰੀਕੀਆਂ ਨੂੰ ਜਾਨਣ ਦੇ ਇੱਛੁਕ ਹਾਂ। ਜੇ ਤੁਸੀਂ ਤਿਆਰ ਹੋ ਤਾਂ ਵੱਡੇ ਫੁੱਟਬਾਲ ਸਟੇਡੀਅਮ ਵਿਚ ਕੀਵ ਦੇ ਲੋਕਾਂ ਸਾਹਮਣੇ ਆ ਸਕਦੇ ਹੋ। ਇਸ ਤਰ੍ਹਾਂ, ਅਸੀਂ ਮਹਾਨ ਜਰਮਨ ਤੁਹਾਡੇ ਲੋਕਾਂ ਤੋਂ ਉੱਚੇ ਦਰਜੇ ਦੀ ਫੁੱਟਬਾਲ ਖੇਡਣੀ ਸਿੱਖ ਸਕਾਂਗੇ। ਅਸੀਂ ਤੁਹਾਡੇ ਲੋਕਾਂ ਨੂੰ ਆਪਣਾ ਫੁੱਟਬਾਲ-ਗੁਰੂ ਮੰਨਣ ਨੂੰ ਤਿਆਰ ਹਾਂ।"

ਰੂਸੀ ਖਿਡਾਰੀ ਹੈਰਾਨ ਹੋ ਕੇ ਇੱਕ ਦੂਜੇ ਦੇ ਮੂੰਹ ਵੱਲ ਤੱਕਣ ਲੱਗੇ।

"ਤੁਹਾਨੂੰ ਡਰਨ ਦੀ ਕੋਈ ਜ਼ਰੂਰਤ ਨਹੀਂ। ਤੁਸੀਂ ਨਿਡਰ ਹੋ ਕੇ ਖੇਡੋ। ਸਾਨੂੰ ਹਰਾਉਣ ਦੀ ਪੂਰੀ ਕੋਸ਼ਿਸ਼ ਕਰਨੀ, ਅਸੀਂ ਵੀ ਤੁਹਾਨੂੰ ਹਰਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ।" ਇੱਕ ਜਰਮਨ ਅਧਿਕਾਰੀ ਨੇ ਉਨ੍ਹਾਂ ਦੇ ਮਨ ਦਾ ਡਰ ਦੂਰ ਕਰਨ ਦੀ ਕੋਸ਼ਿਸ਼ ਕੀਤੀ।

"ਠੀਕ ਹੈ ਤੁਸੀਂ ਪਹਿਲਾਂ ਮੈਚ ਦੀ ਤਾਰੀਖ਼ ਨਿਸ਼ਚਿਤ ਕਰ ਲਵੋ। ਅਸੀਂ ਤੁਹਾਡੇ ਨਾਲ ਮੈਚ ਖੇਡਣ ਲਈ ਤਿਆਰ ਹਾਂ।" ਡਾਇਨੇਮੋ ਦੇ ਕਪਤਾਨ ਨੇ ਜਰਮਨ ਅਧਿਕਾਰੀ ਨੂੰ ਕਿਹਾ।

ਉਸੇ ਸ਼ਾਮ ਮੈਦਾਨ ਵਿਚ ਇਕੱਠੇ ਹੋ ਕੇ ਸਾਰੇ ਰੂਸੀ ਖਿਡਾਰੀਆਂ ਨੇ ਫ਼ੈਸਲਾ ਕੀਤਾ ਕਿ ਉਹ 'ਸਟਾਰਟ' ਨਾਉਂ ਦੀ ਇੱਕ ਨਵੀਂ ਟੀਮ ਬਣਾ ਕੇ ਜਰਮਨਾਂ ਖ਼ਿਲਾਫ਼ ਖੇਡਣਗੇ ਅਤੇ ਉਨ੍ਹਾਂ ਨੂੰ ਹਰਾਉਣ ਦੀ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾਂ ਨੇ ਨਵੀਂ ਟੀਮ ਨੂੰ 'ਡਾਇਨੇਮੋ' ਨਾਉਂ ਇਸ ਲਈ ਨਹੀਂ ਦਿੱਤਾ ਕਿਉਂਕਿ ਉਹ 'ਡਾਇਨੇਮੋ' ਦੇ ਕਮਾਏ ਨਾਮਣੇ ਨੂੰ ਬਰਕਰਾਰ ਰੱਖਣਾ ਚਾਹੁੰਦੇ ਸਨ।

*

ਕੀਵ ਦੇ ਫੁੱਟਬਾਲ ਸਟੇਡੀਅਮ ਵਿਚ ਹਜ਼ਾਰਾਂ ਕੀਵ ਨਿਵਾਸੀਆਂ ਸਾਹਮਣੇ ਪਹਿਲਾ ਮੈਚ 'ਸਟਾਰਟ' ਤੇ ਜਰਮਨਾਂ ਵਿਚਕਾਰ ਹੋਇਆ। ਜਰਮਨ ਫੌਜੀਆਂ ਵਿਚੋਂ ਜਿਹੜੇ ਜਰਮਨੀ ਦੀ ਟੀਮ ਵਿਚ ਸ਼ਾਮਲ ਹੋਏ ਸਨ ਉਨ੍ਹਾਂ ਨੂੰ ਦੂਜੇ ਦਰਜੇ ਦੇ ਫੁੱਟਬਾਲ ਮੈਚਾਂ ਵਿਚ ਹੀ ਖੇਡਣ ਦਾ ਕਾਫੀ ਅਨੁਭਵ ਸੀ। 'ਡਾਇਨੇਮੋ' ਜਿਹੇ ਪਹਿਲੇ ਦਰਜੇ ਦੇ ਖਿਡਾਰੀਆਂ ਨਾਲ ਭਿੜਨ ਲਈ ਉਹ ਪੂਰੀ ਤਰ੍ਹਾਂ ਤਿਆਰੀ ਕਰ ਕੇ, ਪੂਰੇ ਆਤਮ-ਵਿਸ਼ਵਾਸ ਨਾਲ ਮੈਦਾਨ ਵਿਚ ਉੱਤਰੇ ਸਨ।

ਪਰ ਮੈਚ ਸ਼ੁਰੂ ਹੁੰਦੇ ਹੀ ਰੂਸੀ ਜੇਤੂ ਅਤੇ ਜਰਮਨ ਹਾਰੇ ਹੋਏ ਖਿਡਾਰੀ ਬਣ ਗਏ। ਪਹਿਲਾ ਗੋਲ ਮੈਚ ਦੇ ਪਹਿਲੇ ਹੀ ਮਿੰਟ ਵਿਚ ਹੋ ਗਿਆ। ਜਰਮਨ ਟੀਮ ਅੰਤ ਤਕ ਇੱਕ ਗੋਲ ਵੀ ਨਾ ਕਰ ਸਕੀ ਅਤੇ 0-7 ਗੋਲਾਂ 'ਤੇ ਹਾਰ ਗਈ। ਜਰਮਨ ਇਸ ਹਾਰ ਤੋਂ ਬੜੇ ਦੁਖੀ ਹੋਏ ਅਤੇ ਉਨ੍ਹਾਂ ਦਾ ਇਹ ਦੁੱਖ ਤਦ ਹੋਰ ਵੀ ਵਧ ਗਿਆ ਜਦ ਉਨ੍ਹਾਂ ਨੇ ਦੇਖਿਆ ਕਿ ਕੀਵ ਦੇ ਦਰਸ਼ਕ ਆਪਣੇ ਖਿਡਾਰੀਆਂ ਦੀ ਜੈ-ਜੈ ਕਾਰ ਕਰ ਰਹੇ ਸੀ।


ਲਗਪਗ ਇੱਕ ਮਹੀਨੇ ਦੀ ਤਿਆਰੀ ਤੇ ਅਭਿਆਸ ਕਰਨ ਤੋਂ ਮਗਰੋਂ ਜਰਮਨਾਂ ਨੇ ਇੱਕ ਨਵੀਂ ਟੀਮ ਖੜ੍ਹੀ ਕੀਤੀ ਜਿਹੜੀ ਰੂਸੀਆਂ ਤੋਂ ਆਪਣੀ ਪਹਿਲੀ ਹਾਰ ਦਾ ਬਦਲਾ ਲੈਣ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਸੀ। 'ਸਟਾਰਟ' ਦੇ ਖਿਡਾਰੀਆਂ ਨੇ ਵੀ ਪੂਰੀ ਤਿਆਰੀ ਕੀਤੀ ਕਿਉਂਕਿ ਉਹ ਜਰਮਨਾਂ ਦੇ ਦ੍ਰਿੜ੍ਹ ਇਰਾਦੇ ਅਤੇ ਫੁੱਟਬਾਲ-ਯੋਗਤਾ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕੇ ਸਨ। ਜਦ ਫੁੱਟਬਾਲ ਸਟੇਡੀਅਮ ਵਿਚ ਦੂਜਾ ਮੈਚ ਸ਼ੁਰੂ ਹੋਇਆ ਤਾਂ ਜਰਮਨੀ ਦੀ ਟੀਮ ਦੇ ਕਪਤਾਨ ਨੇ ਆਪਣੇ ਖਿਡਾਰੀਆਂ ਨੂੰ ਕਿਹਾ, "ਤੁਹਾਨੂੰ ਸਭ ਨੂੰ ਆਪਣੇ ਪਿਆਰੇ ਨੇਤਾ ਹਿਟਲਰ ਦੀ ਸਹੁੰ ਹੈ ਸਾਥੀਓ, ਅੱਜ ਇਨ੍ਹਾਂ ਗ਼ੁਲਾਮ ਰੂਸੀਆਂ ਦੇ ਦੰਦ ਖੱਟੇ ਕਰ ਕੇ ਹੀ ਵਾਪਸ ਮੁੜਨਾ ਹੈ, 'ਹੇਲ ਹਿਟਲਰ'।

ਪਰ 'ਡਾਇਨੇਮੋ' ਦੇ ਜੋਸ਼ੀਲੇ ਤੇ ਚੁਸਤ ਖਿਡਾਰੀਆਂ ਦੇ ਸਾਹਮਣੇ ਜਰਮਨ ਖਿਡਾਰੀਆਂ ਦੀ ਇੱਕ ਨਾ ਚੱਲ ਸਕੀ। ਉਹ ਰੂਸੀਆਂ 'ਤੇ ਗੋਲ ਕਰਨਾ ਤਾਂ ਦੂਰ, ਉਨ੍ਹਾਂ ਦੇ ਅੱਧ ਮੈਦਾਨ ਵਿਚ ਦਾਖ਼ਲ ਹੋਣ ਤੋਂ ਵੀ ਅਸਫਲ ਰਹੇ। ਇਸ ਵਾਰ ਉਹ 0-6 ਗੋਲਾਂ ਦੇ ਸਕੋਰ ਨਾਲ ਹਾਰੇ।

ਮੈਚ ਖ਼ਤਮ ਹੋਣ 'ਤੇ ਜਦ ਜਰਮਨ ਕਪਤਾਨ ਆਪਣੇ ਕੈਂਪ ਵਿਚ ਵਾਪਸ ਆਇਆ ਤਾਂ ਉਸਦਾ ਚਿਹਰਾ ਭਖਿਆ ਹੋਇਆ ਸੀ। ਉਸ ਨੇ ਆਪਣੇ ਖਿਡਾਰੀਆਂ ਨੂੰ ਯਾਦ ਦਿਵਾਇਆ ਕਿ ਉਹ ਮਨੁੱਖਾਂ ਵਿਚੋਂ ਸਭ ਤੋਂ ਉਚੀ ਆਰੀਆ ਨਸਲ ਦੇ ਜੁਝਾਰੂ ਹਨ। ਭਲਾ ਇਹ ਕਿਵੇਂ ਹੋ ਸਕਦਾ ਕਿ ਉਹ ਉਨ੍ਹਾਂ ਲੋਕਾਂ ਤੋਂ ਖੇਡ ਦੇ ਮੈਦਾਨ ਵਿਚ ਹਾਰ ਜਾਣ, ਜਿਨ੍ਹਾਂ ਨੂੰ ਉਨ੍ਹਾਂ ਨੇ ਲੜਾਈ ਦੇ ਮੈਦਾਨ ਵਿਚ ਹਰਾਇਆ ਹੈ।

ਤੀਜਾ ਮੈਚ ਦੂਸਰੇ ਮੈਚ ਦੇ ਦੋ ਦਿਨ ਬਾਅਦ ਹੀ ਰੱਖਿਆ ਗਿਆ। ਇਸ ਵਾਰ ਜਰਮਨ ਟੀਮ ਪੂਰੇ ਦ੍ਰਿੜ੍ਹ ਇਰਾਦੇ ਨਾਲ ਖੇਡਣ ਲਈ ਉੱਤਰੀ। ਪਰ, ਉਨ੍ਹਾਂ ਦੀ ਖੇਡ ਯੋਗਤਾ ਉਨ੍ਹਾਂ ਦੇ ਇਰਾਦਿਆਂ ਦੀ ਬਰਾਬਰੀ ਨਾ ਕਰ ਸਕੀ। ਹਾਂ, ਆਪਣੇ ਇਰਾਦੇ ਦੇ ਬਲ ਉੱਤੇ ਉਨ੍ਹਾਂ ਨੇ ਇਸ ਮੈਚ ਲੜੀ ਵਿਚ ਪਹਿਲੀ ਵਾਰ ਰੂਸੀਆਂ 'ਤੇ ਇੱਕ ਗੋਲ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ। ਪਰ ਉਹ 1-5 ਗੋਲਾਂ 'ਤੇ ਹਾਰ ਗਏ।

ਜਦ ਇਸ ਮੈਚ ਦਾ ਵੇਰਵਾ ਜਰਮਨ ਅਖ਼ਬਾਰਾਂ ਵਿਚ ਛਪਿਆ ਤਾਂ ਉਨ੍ਹਾਂ ਨੇ ਲਿਖਿਆ, "ਰੂਸ ਦੇ ਗ਼ੁਲਾਮ ਖਿਡਾਰੀਆਂ ਨੇ ਤੀਜੀ ਵਾਰ ਜੇਤੂ ਜਰਮਨਾਂ ਦੀ ਫੁੱਟਬਾਲ ਟੀਮ ਨੂੰ ਬੁਰੀ ਤਰ੍ਹਾਂ ਹਰਾ ਕੇ ਜਰਮਨ ਟੀਮ ਦਾ ਹੀ ਨਹੀਂ ਸਗੋਂ ਸਾਰੇ ਜਰਮਨ ਰਾਸ਼ਟਰ ਅਤੇ ਬਾਦਸ਼ਾਹ ਹਿਟਲਰ ਦਾ ਅਪਮਾਨ ਕੀਤਾ ਹੈ। ਇਸ ਅਪਮਾਨ ਦਾ ਬਦਲਾ ਲਿਆ ਜਾਵੇਗਾ।"




ਇੱਕ ਹਫ਼ਤੇ ਮਗਰੋਂ ਜਰਮਨਾਂ ਨੇ ਰੂਸੀਆਂ ਨਾਲ ਚੌਥੇ ਫੁੱਟਬਾਲ ਮੈਚ ਦਾ ਐਲਾਨ ਕਰ ਦਿੱਤਾ। ਜਰਮਨਾਂ ਵੱਲੋਂ ਜ਼ੋਰਦਾਰ ਪ੍ਰਚਾਰ ਕੀਤਾ ਗਿਆ ਕਿ ਇਸ ਮੈਚ ਵਿਚ ਜਿੱਤ ਜਰਮਨਾਂ ਦੀ ਹੀ ਹੋਵੇਗੀ। ਇਸ ਮੈਚ ਵਿਚ ਜਰਮਨਾਂ ਦਾ ਖੇਡ ਪ੍ਰਦਰਸ਼ਨ ਵਾਕਈ ਉਨ੍ਹਾਂ ਦੇ ਪਿਛਲੇ ਪ੍ਰਦਰਸ਼ਨਾਂ ਤੋਂ ਵਧੀਆ ਰਿਹਾ। ਫੇਰ ਵੀ ਉਹ 1-0 ਗੋਲ ਨਾਲ ਹਾਰ ਗਏ ਤੇ ਰੂਸੀਆਂ ਨੂੰ ਹਰਾਉਣ ਵਿਚ ਪੂਰੀ ਤਰ੍ਹਾਂ ਅਸਫਲ ਰਹੇ। ਪਰ, ਜਰਮਨ ਖਿਡਾਰੀਆਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਉਹ ਛੇਤੀ ਹੀ ਰੂਸੀਆਂ ਨੂੰ ਹਰਾ ਸਕਣਗੇ ਕਿਉਂਕਿ ਹੁਣ ਉਨ੍ਹਾਂ ਦੇ ਅਤੇ ਰੂਸੀਆਂ ਦੇ ਪ੍ਰਦਰਸ਼ਨ ਦਾ ਪੱਧਰ ਲਗਪਗ ਇੱਕ ਜਿਹਾ ਹੋ ਗਿਆ ਸੀ। ਪੰਜਵੇਂ ਮੈਚ ਵਿਚ ਜਰਮਨ ਖਿਡਾਰੀ ਦ੍ਰਿੜ੍ਹ ਇਰਾਦੇ ਨਾਲ ਮੈਦਾਨ ਵਿਚ ਉੱਤਰੇ ਕਿ ਇਸ ਵਾਰ ਜਿੱਤ ਯਕੀਨੀ ਹੈ। ਉਧਰ 'ਸਟਾਰਟ' ਦੇ ਖਿਡਾਰੀਆਂ ਦੇ ਮਨ ਵਿਚ ਵੀ ਇਹੀ ਦ੍ਰਿੜ੍ਹ ਵਿਸ਼ਵਾਸ ਕੰਮ ਕਰ ਰਿਹਾ ਸੀ।

ਜਦ ਇਸ ਮੈਚ ਵਿਚ ਵੀ ਜਰਮਨਾਂ ਨੂੰ ਹਾਰ ਦਾ ਕੌੜਾ ਘੁੱਟ ਭਰਨਾ ਪਿਆ ਤਾਂ ਉਨ੍ਹਾਂ ਦੇ ਉੱਚ ਸੈਨਾ ਅਧਿਕਾਰੀਆਂ ਨੇ ਇੱਕ ਲਿਖਤੀ ਹੁਕਮ ਜਾਰੀ ਕੀਤਾ ਕਿ 'ਸਟਾਰਟ' ਟੀਮ ਦੇ ਸਾਰੇ ਖਿਡਾਰੀਆਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਜਾਵੇ। ਉਨ੍ਹਾਂ ਖ਼ਿਲਾਫ਼ ਇਹ ਜੁਰਮ ਸੀ ਕਿ ਉਨ੍ਹਾਂ ਨੇ ਜੰਗੀ ਜੇਤੂਆਂ ਨੂੰ ਫੁੱਟਬਾਲ ਦੇ ਮੈਚਾਂ ਵਿਚ ਹਰਾ ਕੇ ਉਨ੍ਹਾਂ ਦਾ ਘੋਰ ਅਪਮਾਨ ਕੀਤਾ ਹੈ।

ਪਰ ਮਗਰੋਂ ਆਪਸ ਵਿਚ ਵਿਚਾਰ-ਵਟਾਂਦਰਾ ਕਰ ਕੇ ਉਨ੍ਹਾਂ ਨੇ ਇਹ ਫ਼ੈਸਲਾ ਕੀਤਾ ਕਿ ਚਲੋ ਇਨ੍ਹਾਂ ਖਿਡਾਰੀਆਂ ਨੂੰ ਜਿਉਂਦੇ ਰਹਿਣ ਦਾ ਇੱਕ ਹੋਰ ਮੌਕਾ ਦਿੱਤਾ ਜਾਵੇ। ਹਾਂ, ਜੇ ਅੰਤਮ ਮੈਚ ਵਿਚ ਵੀ ਉਨ੍ਹਾਂ ਨੇ ਆਪਣੇ ਜੰਗੀ ਜੇਤੂਆਂ ਨੂੰ ਹਰਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਜਿਉਂਦਾ ਨਹੀਂ ਛੱਡਿਆ ਜਾਵੇਗਾ।

ਇਹ ਗੱਲ ਰੂਸੀ ਖਿਡਾਰੀਆਂ ਨੂੰ ਬੁਲਾ ਕੇ ਸਾਫ ਸ਼ਬਦਾਂ ਵਿਚ ਸਪੱਸ਼ਟ ਵੀ ਕਰ ਦਿੱਤੀ ਗਈ। ਰੂਸੀ ਖਿਡਾਰੀਆਂ ਨੇ ਮੌਤ ਦੀ ਸਜ਼ਾ ਨੂੰ ਸੁਣ ਕੇ ਕੁੱਝ ਨਹੀਂ ਕਿਹਾ ਪਰ ਜਦੋਂ ਉਹ ਆਪਣੀਆਂ ਬੈਰਕਾਂ ਵਿਚ ਵਾਪਸ ਆਏ ਤਾਂ ਸਾਰਿਆਂ ਨੇ ਇਹੀ ਫ਼ੈਸਲਾ ਕੀਤਾ ਕਿ ਮਰ ਜਾਵਾਂਗੇ, ਪਰ ਜਰਮਨਾਂ ਨੂੰ ਮੈਚ ਨਹੀਂ ਜਿੱਤਣ ਦਿਆਂਗੇ। ਹਾਂ, ਵਧੀਆ ਖੇਡ ਯੋਗਤਾ ਦਾ ਪ੍ਰਦਰਸ਼ਨ ਕਰ ਕੇ ਜਰਮਨ ਉਨ੍ਹਾਂ ਨੂੰ ਹਰਾ ਦੇਣ, ਤਾਂ ਗੱਲ ਹੋਰ ਹੈ। ਪਰ, ਡਰ ਦੇ ਮਾਰੇ ਜਾਣ ਬੁੱਝ ਕੇ ਉਨ੍ਹਾਂ ਤੋਂ ਮੈਚ ਵਿਚ ਨਹੀਂ ਹਾਰਾਂਗੇ। ਟੀਮ ਦੇ ਕਿਸੇ ਵੀ ਖਿਡਾਰੀ ਦੇ ਮਨ ਵਿਚ ਇੱਕ ਪਲ ਲਈ ਵੀ ਇਹ ਖ਼ਿਆਲ ਨਾ ਆਇਆ ਕਿ ਜਰਮਨਾਂ ਦੀ ਗੱਲ ਮੰਨ ਕੇ ਪ੍ਰਾਣ ਬਚਾ ਲਏ ਜਾਣ।

ਦੋਵਾਂ ਦੇਸ਼ਾਂ ਦੀਆਂ ਟੀਮਾਂ ਵਿਚਕਾਰ ਆਖ਼ਰੀ ਮੈਚ ਸ਼ੁਰੂ ਹੋਇਆ। ਮੈਚ ਸ਼ੁਰੂ ਹੋਏ ਨੂੰ ਇੱਕ ਮਿੰਟ ਹੀ ਹੋਇਆ ਸੀ ਕਿ 'ਸਟਾਰਟ' ਦੇ ਰੂਸੀ ਖਿਡਾਰੀਆਂ ਨੇ ਜਰਮਨ ਗੋਲਕੀਪਰ ਨੂੰ ਝਕਾਨੀ ਦੇ ਕੇ ਜਰਮਨ ਸਿਰ ਗੋਲ ਕਰ ਦਿੱਤਾ। ਅੱਧੇ ਸਮੇਂ ਤੱਕ, ਜਰਮਨਾਂ ਨੇ ਇਸ ਗੋਲ ਨੂੰ ਲਾਹੁਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਨਾਕਾਮ ਰਹੇ। ਹਾਂ, ਉਨ੍ਹਾਂ ਨੇ ਆਪਣੇ ਸਿਰ ਕੋਈ ਹੋਰ ਗੋਲ ਨਹੀਂ ਹੋਣ ਦਿੱਤਾ।

ਅੱਧੇ ਸਮੇਂ ਦੇ ਦਸ ਮਿੰਟਾਂ ਦੇ ਵਕਫ਼ੇ ਦੌਰਾਨ ਇੱਕ ਉੱਚ ਜਰਮਨ ਫੌਜੀ ਅਫ਼ਸਰ ਨੇ ਰੂਸੀ ਖਿਡਾਰੀਆਂ ਕੋਲ ਜਾ ਕੇ ਉਨ੍ਹਾਂ ਨੂੰ ਫੇਰ ਸਮਝਾਇਆ, "ਜੇ ਇਸ ਮੈਚ ਦੇ ਅੰਤ ਵਿਚ ਵੀ ਜਰਮਨਾਂ ਨੂੰ ਹਾਰ ਸਵੀਕਾਰ ਕਰਨੀ ਪਈ ਤਾਂ ਰੂਸੀ ਖਿਡਾਰੀਆਂ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ ਅਤੇ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਜਿਉਂਦਾ ਨਹੀਂ ਛੱਡਿਆ ਜਾਵੇਗਾ।" ਪਰ ਇਸ ਧਮਕੀ ਦਾ ਰੂਸੀ ਖਿਡਾਰੀਆਂ 'ਤੇ ਉਲਟਾ ਹੀ ਅਸਰ ਹੋਇਆ।

ਅੰਪਾਇਰ ਜਰਮਨ ਸੀ। ਉਹ ਆਪਣੇ ਅਧਿਕਾਰੀਆਂ ਦੇ ਹੁਕਮ ਦਾ ਪਾਲਣ ਕਰਦਾ ਆਪਣੀ ਟੀਮ ਦੇ ਖਿਡਾਰੀਆਂ ਦਾ ਹਰ 'ਫਾਊਲ' ਅਣਦੇਖਿਆ ਕਰ ਰਿਹਾ ਸੀ। ਰੂਸੀ ਖਿਡਾਰੀ ਇਸ ਗੱਲ 'ਤੇ ਨਾਰਾਜ਼ ਸਨ, ਪਰ ਕਰ ਕੁੱਝ ਨਹੀਂ ਸਕਦੇ ਸਨ। ਇਸ ਦੇ ਉਲਟ ਜਦੋਂ ਜੀਅ ਤੋੜ ਹੰਭਲਾ ਮਾਰ ਕੇ ਉਨ੍ਹਾਂ ਨੇ ਜਰਮਨ ਟੀਮ ਸਿਰ ਸਿੱਧਾ ਗੋਲ ਕਰ ਦਿੱਤਾ ਤਾਂ ਅੰਪਾਇਰ ਕੋਲ ਇਸ ਗੋਲ ਨੂੰ ਮੰਨਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਮੈਚ ਦੇ ਅੰਤ 'ਤੇ ਜਰਮਨ 2-0 ਗੋਲਾਂ ਨਾਲ ਹਾਰ ਗਿਆ। ਜਦ ਕੀਵ ਦੇ ਦਰਸ਼ਕਾਂ ਨੇ ਆਪਣੀ ਰੂਸੀ ਟੀਮ ਦੀ ਸ਼ਾਨਦਾਰ ਜਿੱਤ 'ਤੇ ਤਾੜੀਆਂ ਮਾਰਨੀਆਂ ਚਾਹੀਆਂ ਤਾਂ ਜਰਮਨ ਫੌਜੀਆਂ ਨੇ ਰਾਈਫਲਾਂ ਦਿਖਾ ਕੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਉਹ ਉਥੋਂ ਚੁੱਪਚਾਪ ਚਲੇ ਗਏ।

ਇੱਕ ਘੰਟੇ ਮਗਰੋਂ, ਸਾਰੇ ਰੂਸੀ ਖਿਡਾਰੀਆਂ ਨੂੰ ਇੱਕ ਟਰੱਕ ਵਿਚ ਬੈਠਣ ਦਾ ਹੁਕਮ ਮਿਲਿਆ। ਟਰੱਕ ਕੁੱਝ ਕਿਲੋਮੀਟਰ ਦੂਰ ਇੱਕ ਜਗ੍ਹਾ ਉੱਤੇ ਪਹੁੰਚਿਆ ਜਿਥੇ ਉਨ੍ਹਾਂ ਸਾਰਿਆਂ ਨੂੰ ਇੱਕ ਕਤਾਰ ਵਿਚ ਖੜ੍ਹੇ ਕਰ ਕੇ, ਗੋਲੀਆਂ ਨਾਲ ਭੁੰਨ ਦਿੱਤਾ ਗਿਆ!

### ਨਿਆਜ਼ ਕੁਰੈਸ਼ੀ ਦੀ ਉਰਦੂ ਕਹਾਣੀ
### ਸਭ ਤੋਂ ਵੱਡਾ ਪਹਿਲਵਾਨ

ਇਹ ਕਹਾਣੀ ਉਦੋਂ ਦੀ ਹੈ ਜਦੋਂ ਹਿੰਦੁਸਤਾਨ ਉੱਤੇ ਅੰਗਰੇਜ਼ਾਂ ਦੀ ਹਕੂਮਤ ਸੀ। ਦਿੱਲੀ ਵਿਚ ਕੁਸ਼ਤੀ ਦੇ ਸ਼ੌਕੀਨਾਂ ਨੇ ਇੱਕ ਸਰਵ ਭਾਰਤੀ ਕੁਸ਼ਤੀ ਦੰਗਲ ਦਾ ਪ੍ਰਬੰਧ ਕੀਤਾ। ਚੈਂਪੀਅਨ ਭਲਵਾਨ ਨੂੰ 25000 ਰੁਪਏ ਦੇ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਇਹ ਰਕਮ ਅੱਜ ਦੇ ਲੱਖਾਂ ਰੁਪਈਆਂ ਬਰਾਬਰ ਬਣਦੀ ਹੈ।

ਹਿੰਦੁਸਤਾਨ ਵਿਚ ਉਨ੍ਹੀਂ ਦਿਨੀਂ ਦਰਜਨਾਂ ਚੰਗੇ ਪਹਿਲਵਾਨ ਸਨ, ਜਿਹੜੇ ਨਾਮੀ ਕੁਸ਼ਤੀ ਮੁਕਾਬਲਿਆਂ ਵਿਚ ਭਾਗ ਲੈ ਕੇ ਸ਼ੋਹਰਤ ਕਮਾ ਚੁੱਕੇ ਸਨ। ਫੇਰ ਵੀ ਸਾਰਿਆਂ ਦਾ ਇਹੀ ਖ਼ਿਆਲ ਸੀ ਕਿ 25000 ਰੁਪਏ ਦਾ ਇਨਾਮ ਕਾਲੂ ਖਾਂ ਨੂੰ ਹੀ ਮਿਲੇਗਾ ਕਿਉਂਕਿ ਉਨ੍ਹੀਂ ਦਿਨੀਂ ਉਹ ਪੂਰੀ 'ਫਾਰਮ' ਵਿਚ ਸੀ। ਪਿਛਲੇ ਇੱਕ ਸਾਲ ਤੋਂ ਉਹ ਮੁਲਕ ਦੇ ਵੱਡੇ ਤੋਂ ਵੱਡੇ ਪਹਿਲਵਾਨਾਂ ਨੂੰ ਚਿੱਤ ਕਰ ਚੁੱਕਿਆ ਸੀ।

ਕਾਲੂ ਖਾਂ ਦਾ 'ਗਾਡ ਫਾਦਰ' ਸੀ, ਪੰਜਾਬ ਦੀ ਇੱਕ ਰਿਆਸਤ ਦਾ ਮਹਾਰਾਜਾ, ਜਿਸ ਦੀ ਛਤਰ ਛਾਇਆ ਹੇਠ ਉਹ ਹਰ ਰੋਜ਼ ਕੁਸ਼ਤੀ ਦਾ ਅਭਿਆਸ ਕਰਿਆ ਕਰਦਾ ਸੀ। ਉਹਦਾ ਗੱਠਿਆ ਹੋਇਆ ਫੌਲਾਦੀ ਜੁੱਸਾ ਦੇਖਣ ਵਾਲਾ ਸੀ। ਉਹਦੀ ਛਾਤੀ 54 ਇੰਚ ਦੀ ਤੇ ਡੌਲ਼ੇ 20 ਇੰਚੀ ਸਨ। ਉਹਦੀ ਖ਼ੁਰਾਕ ਵੀ ਉਹਦੇ ਪਹਾੜ ਜਿੱਡੇ ਜੁੱਸੇ ਜਿਹੀ ਸੀ। ਉਹ ਹਰ ਰੋਜ਼ ਪੱਕੀ ਸੇਰ ਦੁੱਧ, ਅੱਧਾ ਸੇਰ ਮੱਖਣ, ਦੋ ਸੇਰ ਬਦਾਮ ਅਤੇ ਪੰਜ ਹੋਰ ਫਲ ਪੀਂਦਾ ਖਾਂਦਾ ਸੀ। ਰਿਆਜ਼ ਦੇ ਤੌਰ 'ਤੇ ਚਾਰ ਹਜ਼ਾਰ ਡੰਡ ਬੈਠਕਾਂ ਕੱਢਦਾ ਸੀ। ਦਸ ਸੇਰ ਦੀ ਭਾਰੀ ਕਹੀ ਨਾਲ ਖਾੜਾ ਖੋਦਦਾ ਸੀ।

ਦੰਗਲ ਬਾਰੇ ਸੁਣ ਕੇ ਮਹਾਰਾਜੇ ਨੇ ਕਾਲੂ ਖਾਂ ਨੂੰ ਆਪਣੇ ਇੱਕ ਏ. ਡੀ. ਸੀ. ਦੇ ਨਾਲ ਦਿੱਲੀ ਨੂੰ ਤੋਰ ਦਿੱਤਾ। ਏ.ਡੀ.ਸੀ. ਨੂੰ ਖ਼ਾਸ ਹਦਾਇਤ ਸੀ ਕਿ ਕਾਲੂ ਖਾਂ ਨੂੰ ਰਾਹ ਵਿਚ ਅਤੇ ਦਿੱਲੀ ਵਿਚ ਕਿਸੇ ਵੀ ਕਿਸਮ ਦੀ ਤਕਲੀਫ਼ ਨਾ ਹੋਵੇ। ਕਾਲੂ ਖਾਂ ਏ.ਡੀ.ਸੀ. ਦੇ ਨਾਲ ਦਿੱਲੀ ਨੂੰ ਚੱਲ ਪਿਆ। ਪੰਜਾਬ ਅਤੇ ਦਿੱਲੀ ਦੀ ਹੱਦ ਨੇੜੇ ਇੱਕ ਛੋਟੀ ਜਿਹੀ ਰਿਆਸਤ ਸੀ। ਕਾਰ ਜਦ ਰਿਆਸਤ ਵਿਚ ਦਾਖ਼ਲ ਹੋਈ ਤਾਂ ਕਾਲੂ ਖਾਂ ਨੇ ਕਾਰ ਰੁਕਵਾ ਲਈ ਕਿਉਂਕਿ ਉਸ ਨੂੰ ਇਸ ਰਿਆਸਤ ਦੀ ਇੱਕ ਦੁਕਾਨ ਦੀ ਲੱਸੀ ਬਹੁਤ ਪਸੰਦ ਸੀ। ਕਾਰ ਦੁਕਾਨ ਮੂਹਰੇ ਰੁਕਦੇ ਹੀ ਕਾਲੂ ਖਾਂ ਕਾਰ 'ਚੋਂ ਬਾਹਰ ਨਿਕਲਿਆ ਤੇ ਲੱਸੀ ਦੇ ਅੱਧਾ ਦਰਜਨ ਵੱਡੇ ਗਿਲਾਸਾਂ ਦਾ ਆਰਡਰ ਦੇ ਕੇ ਲੱਸੀ ਪੀਣ ਬੈਠ ਗਿਆ।

ਗੱਲਾਂ-ਗੱਲਾਂ ਵਿਚ ਉਸ ਨੇ ਦੁਕਾਨਦਾਰ ਤੋਂ ਰਿਆਸਤ ਦੇ ਰਾਜੇ ਦਾ ਨਾਂ ਪੁੱਛਿਆ। ਨਾਂ ਦਾ ਪਤਾ ਲੱਗਣ ਉੱਤੇ ਉਹ ਉਸ ਰਾਜੇ ਦਾ ਮਖੌਲ ਉਡਾਉਣ ਲੱਗਾ ਅਤੇ ਆਪਣੀ ਰਿਆਸਤ ਦੇ ਰਾਜੇ ਦੀ ਤਾਰੀਫ਼ ਕਰਨ ਲੱਗ ਪਿਆ। ਦੁਕਾਨਦਾਰ ਨੂੰ ਆਪਣੇ ਮਹਾਰਾਜੇ ਦਾ ਮਖੌਲ ਉਡਦਾ ਸੁਣ ਕੇ ਬੁਰਾ ਤਾਂ ਲੱਗਿਆ ਪਰ ਉਸ ਦੀ ਹਿੰਮਤ ਨਾ ਹੋਈ ਕਿ ਮੁਲਕ ਦੇ ਸਭ ਤੋਂ ਵੱਡੇ ਪਹਿਲਵਾਨ ਕਾਲੂ ਖਾਂ ਨੂੰ ਟੋਕੇ।

ਪਰ ਉਸ ਦੇ ਨਾਲ ਬੈਠੇ ਇੱਕ ਆਦਮੀ ਤੋਂ ਨਹੀਂ ਰਿਹਾ ਗਿਆ। ਉਸ ਨੇ ਖ਼ਾਮੋਸ਼ੀ ਅਤੇ

(ਬਾਕੀ ਅਗਲੇ ਸਫੇ 'ਤੇ)

# ਕਿਸਾਨ ਅੰਦੋਲਨ ਵਿਚ ਪੰਜਾਬੀ ਗਾਇਕੀ ਦੀ ਭੂਮਿਕਾ

ਖੇਤੀ ਮਾਹਿਰ ਡਾ. ਦਵਿੰਦਰ ਸ਼ਰਮਾ ਅਨੁਸਾਰ "ਕਿਸਾਨ ਹੁਣ ਨਵੇਂ ਨਾਇਕ ਹਨ। ਉਨ੍ਹਾਂ ਨੇ ਸਮਕਾਲੀ ਇਤਿਹਾਸ ਵਿਚ ਆਪਣੀ ਨਵੀਂ ਛਾਪ ਛੱਡੀ ਹੈ। ਮੋਦੀ ਸਰਕਾਰ ਵੱਲੋਂ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਨੂੰ ਅਚਾਨਕ ਵਾਪਸ ਲੈਣ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਪ੍ਰਵਾਨ ਕਰਾਉਣ ਦੇ ਨਾਲ, ਭਾਰਤੀ ਕਿਸਾਨ ਅੰਦੋਲਨ ਨੇ ਅਸਲ ਵਿਚ ਖੁੱਲ੍ਹੇ ਬਾਜ਼ਾਰ (ੋਪੲਨ-ਮੳਰਕੲਟਨਿਗ) ਨੂੰ ਸੱਟ ਮਾਰੀ ਹੈ। ਮੀਡੀਆ ਨੇ ਆਰਥਿਕ ਸੰਜਮ (ਚੋਨਟਰੋਲਲੲਦ ਏਚੋਨੋਮੇ) ਦੀ ਆਵਾਜ਼ ਨੂੰ ਦੱਬ ਦਿੱਤਾ ਸੀ ਤੇ ਮਾਈਕ੍ਰੋ-ਇਨਕਲਾਬ ਦੇ ਦਮਗਜ਼ੇ ਮਾਰੇ ਜਾ ਰਹੇ ਸਨ"।

ਕਿਸਾਨ ਅੰਦੋਲਨ ਭਾਰਤ ਦਾ ਜਨ-ਅੰਦੋਲਨ ਬਣ ਚੁੱਕਾ ਸੀ। ਇਸ ਵਿਚ ਮੋਚੀ ਤੋਂ

**ਪ੍ਰੋ. ਬਲਬੀਰ ਸਿੰਘ**
**ਫੋਨ: 98880-29403**

ਦਰਜੀ ਤਕ, ਡਰਾਈਕਲੀਨਰ ਤੋਂ ਉਸਾਰੀ ਮਜ਼ਦੂਰ ਤਕ, ਵਿਦਿਆਰਥੀ, ਇੰਜੀਨੀਅਰ, ਡਾਕਟਰ, ਸਾਹਿਤਕਾਰ, ਪੰਜਾਬੀ-ਹਿੰਦੀ ਕਲਾਕਾਰ, ਐਨ.ਆਰ.ਆਈ ਵੀਰ ਤੇ ਭੈਣਾਂ, ਵਪਾਰੀ, ਉਦਯੋਗਪਤੀ, ਧਾਰਮਿਕ ਤੇ ਸਵੈ-ਸੇਵੀ ਸੰਗਠਨ, ਯੂਨੀਵਰਸਿਟੀ ਪ੍ਰੋਫੈਸਰ ਤੇ ਸਕੂਲ ਅਧਿਆਪਕ, ਮਨੁੱਖੀ ਅਧਿਕਾਰ ਸੰਗਠਨ, ਵਕੀਲ ਤੇ ਖੇਡ ਜਗਤ, ਸਾਬਕਾ ਸੈਨਿਕ ਤੇ ਪੰਜਾਬੀ ਗਾਇਕਾਂ ਨੇ ਭਰਪੂਰ ਹਾਜ਼ਰੀ ਲਵਾਈ। ਇੱਥੋਂ ਤਕ ਕਿ ਪੱਛਮੀ ਮੀਡੀਆ, ਨਿਊਯਾਰਕ ਟਾਈਮਜ਼, ਟਾਈਮ ਮੈਗਜ਼ੀਨ, ਬੀ.ਬੀ.ਸੀ ਲੰਡਨ, ਗਾਰਡੀਅਨ ਆਦਿ ਨੇ ਆਪਣੇ ਕਈ ਅੰਕਾਂ ਵਿਚ ਕਿਸਾਨ ਇਕੱਠਾਂ ਦੀਆਂ ਭਰਪੂਰ ਤਸਵੀਰਾਂ ਤੇ ਟਿੱਪਣੀਆਂ ਲਾਈਆਂ। ਵਿਸ਼ਵ ਦੀਆਂ ਅਸੈਂਬਲੀਆਂ, ਪਾਰਲੀਮੈਂਟਾਂ ਤੇ ਸੰਯੁਕਤ ਰਾਸ਼ਟਰ ਵਿਚ ਭਾਰਤੀ ਕਿਸਾਨ ਅੰਦੋਲਨ 'ਤੇ ਸਵਾਲ ਉਠੇ ਤੇ ਬਹਿਸਾਂ ਹੋਈਆਂ। ਪੰਜਾਬੀ ਗਾਇਕਾਂ ਨੇ ਇਸ ਸਥਿਤੀ ਨੂੰ ਬੜੀ ਸ਼ਿੱਦਤ ਨਾਲ ਕਲਮਬੰਦ ਕਰ ਕੇ ਗਾਇਆ। ਜਿੱਤ ਉਪਰੰਤ ਰੇਸ਼ਮ ਸਿੰਘ ਅਨਮੋਲ ਦਾ ਗਾਇਆ ਗੀਤ:

"ਬਾਡਰਾਂ 'ਤੇ ਜਿਵੇਂ ਨੀ ਜਵਾਨ ਡਟਿਆ,
ਵਿਹੜੇ ਵਿਚ ਤੇਰੇ ਨੀ ਕਿਸਾਨ ਡਟਿਆ,
ਤੇਰੀ ਹਿੱਕ ਉਤੇ ਲਿਖ ਜ਼ਿੰਦਾਬਾਦ ਚੱਲਿਆ,
ਨੀ ਓ ਦਿੱਲੀਏ,
ਜਿੱਤ ਕੇ ਨੀ ਤੈਨੂੰ ਹੈ ਪੰਜਾਬ ਚੱਲਿਆ......

ਟਰਾਲੀਆਂ-ਟਰੈਕਟਰਾਂ, ਕਾਰਾਂ-ਜੀਪਾਂ, ਟਰੱਕਾਂ, ਬੱਸਾਂ 'ਚ ਆਮ ਵੱਜ ਰਿਹਾ ਸੀ। ਲੰਘੇ ਸਾਲ ਦੀ 11 ਦਸੰਬਰ ਨੂੰ ਭੰਗੜੇ ਪਾਏ ਜਾ ਰਹੇ ਸਨ। ਪੰਜਾਬੀ ਗੀਤਾਂ ਦੀ ਕਿਸਾਨ ਅੰਦੋਲਨ ਦੇ ਸ਼ੁਰੂ ਤੋਂ ਹੀ ਇੱਕ ਲੜੀ ਚੱਲ ਰਹੀ ਸੀ। ਹਰਫ ਚੀਮਾ ਦਾ ਲਿਖਿਆ ਤੇ ਕੰਵਰ ਗਰੇਵਾਲ ਵੱਲੋਂ ਗਾਇਆ ਇਹ ਗੀਤ ਵਾਕਈ ਦਿੱਲੀ (ਕੇਂਦਰ ਸਰਕਾਰ) ਨੂੰ ਚਿਤਾਵਨੀ ਸੀ:

"ਦਿੱਲੀਏ ਇਹ 'ਕੱਠ
ਤੈਨੂੰ ਪਰੇਸ਼ਾਨ ਕਰੂਗਾ।
ਫਸਲਾਂ ਦੇ ਫੈਸਲੇ ਕਿਸਾਨ ਕਰੂਗਾ"।

ਮਨਕੀਰਤ ਔਲਖ, ਜੱਸ ਬਾਜਵਾ ਤੇ ਨਿਸ਼ਾਨ ਦਾ ਇਹ ਗੀਤ ਬੜਾ ਮਕਬੂਲ ਹੋਇਆ:

ਤੂੰ ਸਾਡੇ ਬਾਰੇ ਕੀ ਸੁਣਿਆ
ਨੱਬੇ ਨੱਬੇ ਸਾਲਾਂ ਦੇ ਬਜ਼ੁਰਗ...

ਇਸ ਗੀਤ ਨੂੰ 29 ਲੱਖ ਲੋਕਾਂ ਨੇ ਸੁਣਿਆ ਤੇ ਵੇਖਿਆ। ਕੰਵਰ ਗਰੇਵਾਲ ਦਾ 'ਪੇਚਾ ਪੈ ਗਿਆ ਸੈਂਟਰ ਨਾਲ' ਗੀਤ ਨੂੰ ਯੂ-ਟਿਊਬ 'ਤੇ ਕਰੀਬ ਇਕ ਕਰੋੜ ਲੋਕਾਂ ਨੇ ਵੇਖਿਆ। ਰਣਜੀਤ ਬਾਵਾ ਦਾ 'ਪੰਜਾਬ ਬੋਲਦਾ' ਗੀਤ:

ਇਹ ਦਰਦ ਹਮੇਸ਼ਾਂ ਨਹੀਂ ਰਹਿਣੇ
ਜੰਗ ਛਿੜ ਪਈ ਦਿਲ ਤੇ ਜ਼ਮੀਰ ਦੀ......
43 ਲੱਖ ਲੋਕਾਂ ਨੇ ਵੇਖਿਆ।
"ਪੜ੍ਹੀਂ ਇਤਿਹਾਸ,
ਕਈ ਦਿੱਲੀ ਵਾਲਿਆਂ ਦਾ ਲੱਗਣਾ ਨੀ ਦਿਲ,
ਉਹ ਕਰਨਗੇ ਯਾਦ ਦਿਲਦਾਰ ਆਏ ਸੀ।
ਮੁੜਾਂਗੇ ਪੰਜਾਬ ਜਦੋਂ ਦਿੱਲੀ ਫਤਹਿ ਕਰ,
ਦਿੱਲੀ ਰਾਜਭਾਗ ਦਸੂ ਸਰਦਾਰ ਆਏ ਸੀ।

ਵਿਰਾਸਤ ਸੰਧੂ ਦਾ 'ਫਤਹਿ ਮੋਰਚਾ' ਗੀਤ 3.5 ਕਰੋੜ ਲੋਕਾਂ ਨੇ ਵੇਖਿਆ ਤੇ ਅਜੇ ਹੋਰ ਵੇਖੀ ਜਾ ਰਹੇ ਨੇ। ਸੋ ਕਿਸਾਨ ਘੋਲ ਭਾਰਤ ਦੀਆਂ 500 ਦੇ ਕਰੀਬ ਕਿਸਾਨ ਜਥੇਬੰਦੀਆਂ ਦਾ ਸਮੂਹ ਹੈ, ਜਿਸ ਨੇ 'ਸੰਯੁਕਤ ਕਿਸਾਨ ਮੋਰਚਾ'ਦਾ ਰੂਪ ਅਖਤਿਆਰ ਕੀਤਾ।

ਜਿਵੇਂ ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਤੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ', 'ਬਚਿੱਤਰ ਨਾਟਕ' ਤੇ 'ਜ਼ਫਰਨਾਮਾ' ਵਰਗੀਆਂ ਸ਼ਾਹਕਾਰ ਕਿਰਤਾਂ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕੀਤਾ, ਉਸੇ ਤਰ੍ਹਾਂ ਪਾਉਂਟਾ ਸਾਹਿਬ ਦੀ ਧਰਤੀ 'ਤੇ 52 ਦਰਬਾਰੀ ਕਵੀ, ਭਾਈ ਨੰਦ ਲਾਲ ਜੀ ਤੇ ਭਾਈ ਸੰਤੋਖ ਸਿੰਘ ਵਰਗੇ ਵਿਦਵਾਨ ਕਵੀਆਂ ਦੀਆਂ ਕਿਰਤਾਂ ਨੇ ਪੰਜਾਬ ਦੇ ਲੋਕਾਂ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕੀਤਾ। ਉਦੋਂ ਦਾ ਬਹੁਤ ਸਾਰਾ ਜੁਝਾਰੂ ਸਾਹਿਤ ਹਮੇਸ਼ਾਂ ਖਾਲਸਾ ਪੰਥ ਤੇ ਅਗਲੀਆਂ ਨਸਲਾਂ ਦੇ ਕੰਮ ਆਇਆ। ਠੀਕ ਇਸੇ ਤਰ੍ਹਾਂ ਹੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਤੇ ਮਜ਼ਦੂਰ ਸੰਗਠਨ, 1991 ਵਿਚ ਹੋਏ ਵਿਸ਼ਵ ਵਪਾਰ ਤੇ ਗੈਟ ਸਮਝੌਤੇ ਵਿਰੁੱਧ ਘੋਲਾਂ ਤੇ ਕਲਾ ਰਾਹੀਂ ਆਪਣੀ ਆਵਾਜ਼ ਬੁਲੰਦ ਕਰਦੇ ਰਹੇ। ਕਿਸਾਨ ਅੰਦੋਲਨ ਦੇ ਸ਼ੁਰੂ ਵਿਚ ਬਹੁਤ ਸਾਰੇ ਫਿਲਮੀ ਕਲਾਕਾਰਾਂ ਤੇ ਗਾਇਕਾਂ ਨੇ ਇਸ ਸੰਘਰਸ਼ ਨਾਲ ਜੁੜ ਕੇ ਇਸ ਨੂੰ ਵਧੇਰੇ ਬਲਵਾਨ ਕੀਤਾ। ਇਨ੍ਹਾਂ ਕਲਾਕਾਰਾਂ ਨੇ ਕਿਸਾਨ ਨੂੰ ਅਮੀਰ ਵਿਰਾਸਤ ਨਾਲ ਜੋੜਿਆ। ਦੇਸ਼ਾਂ-ਵਿਦੇਸ਼ਾਂ ਤੋਂ ਚੰਗਾ ਹੁਲਾਰਾ ਮਿਲਿਆ। ਵਿੱਤੀ ਮਦਦ ਵੀ ਮਿਲੀ। ਡਾ. ਸਵੈਮਾਨ ਸਿੰਘ ਅਮਰੀਕਾ ਤੇ ਸਾਥੀ ਕਰੋੜਾਂ ਰੁਪਏ ਦੇ ਪੈਕੇਜ ਛੱਡ ਕੇ ਲੋਕ ਸੇਵਾ ਵਿਚ ਆਣ ਕੁੱਦੇ।

ਹਰਫ ਚੀਮਾ ਦਾ ਗੀਤ:

ਬਾਡਰਾਂ 'ਤੇ ਬੈਠ ਅਸੀਂ
ਫਸਲਾਂ ਦੀ ਜੰਗ ਲੜੀ,
ਆ ਜੋ ਹੁਣ ਨਸਲਾਂ ਬਚਾਲੀਏ......

'ਕਿਸਾਨ ਐਂਥਮ-1' ਅਤੇ 'ਕਿਸਾਨ ਐਂਥਮ-2' ਗਿਆਰਾਂ ਕਲਾਕਾਰਾਂ ਨੇ ਮਿਲ ਕੇ ਗਾਇਆ, ਜਿਸਨੂੰ ਇੱਕੋ ਵਾਰ 5.2 ਕਰੋੜ ਲੋਕਾਂ ਨੇ ਯੂ-ਟਿਊਬ 'ਤੇ ਵੇਖਿਆ। 'ਕਿਸਾਨ ਐਂਥਮ-2' ਨੂੰ 1.68 ਕਰੋੜ ਲੋਕਾਂ ਨੇ ਵੇਖਿਆ। ਕਿਸਾਨਾਂ ਬਾਰੇ ਕਈ ਮਧੁਰ ਗੀਤ ਬਹੁਤ ਮਕਬੂਲ ਹੋਏ। ਰਣਜੀਤ ਬਾਵਾ ਦੇ 'ਬੋਲਦਾ ਪੰਜਾਬ' ਨੂੰ 3.8 ਕਰੋੜ ਲੋਕਾਂ ਨੇ ਵੇਖਿਆ। ਗਾਇਕ ਰਾਜਵੀਰ ਜਵੰਦਾ ਦਾ ਗੀਤ 'ਸੁਣ ਦਿੱਲੀਏ' 75 ਲੱਖ ਵਾਰ ਵੇਖਿਆ ਗਿਆ। ਗਿੱਪੀ ਗਰੇਵਾਲ ਦਾ 'ਜ਼ਾਲਮ



ਸਰਕਾਰਾਂ' ਯੂ-ਟਿਊਬ 'ਤੇ 55 ਲੱਖ ਵਾਰ ਵੇਖਿਆ ਗਿਆ। ਜੱਸ ਬਾਜਵਾ ਦਾ 'ਜੱਟਾ ਤਕੜਾ ਹੋਜਾ' 63 ਲੱਖ ਵਾਰ ਵੇਖਿਆ ਗਿਆ। ਹਿੰਮਤ ਸੰਧੂ ਦਾ ਗੀਤ 'ਅਸੀਂ ਵੇਖਾਂਗੇ' 32 ਲੱਖ ਵਾਰ ਵੇਖਿਆ ਗਿਆ। ਇਸੇ ਤਰ੍ਹਾਂ ਬੱਬੂ ਮਾਨ, ਵਾਰਿਸ ਭਰਾਵਾਂ ਤੇ ਗਾਇਕਾ ਗੁਰਲੇਜ਼ ਅਖਤਰ, ਰੁਪਿੰਦਰ ਹਾਂਡਾ ਆਦਿ ਨੇ ਵੀ ਕਿਸਾਨੀ ਅੰਦੋਲਨ ਨੂੰ ਆਪਣੇ ਵਿਚਾਰਾਂ ਤੇ ਗੀਤਾਂ ਨਾਲ ਸ਼ਿੰਗਾਰਿਆ।

ਫਿਲਮ ਲੇਖਕ ਤੇ ਕਲਾਕਾਰ ਅਮਿਤੋਜ਼ ਮਾਨ ਵੱਲੋਂ ਪੰਜਾਬ ਦੀਆਂ ਕੁੱਝ ਕਿਸਾਨ ਜਥੇਬੰਦੀਆਂ ਵੱਲੋਂ ਰਾਜਨੀਤਕ ਸਰਗਰਮੀ (ਪੰਜਾਬ ਚੋਣਾਂ 2022) ਵਿਚ ਭਾਗ ਲੈਣ ਵਾਲੇ 'ਸੰਯੁਕਤ ਸਮਾਜ ਮੋਰਚਾ' ਦੀ ਮਦਦ ਦਾ ਐਲਾਨ ਵੀ ਕੀਤਾ ਹੈ। ਇਸ ਕੰਮ ਲਈ ਉਸਨੇ ਇੱਕ 'ਵਾਚ ਜਾਂ ਨਿਗਰਾਨ ਗਰੁੱਪ' ਬਣਾਇਆ ਹੈ, ਪਰ ਇਸ ਤਰ੍ਹਾਂ ਲੱਗਦਾ ਹੈ ਕਿ 'ਸੰਯੁਕਤ ਸਮਾਜ ਮੋਰਚਾ' ਨੂੰ ਸਮੇਂ ਦੀ ਘਾਟ ਤੇ ਚੋਣ ਦਾ ਮੁੱਢਲਾ ਢਾਂਚਾ ਅਤੇ ਕੇਡਰ ਘੱਟ ਹੋਣ ਕਾਰਨ ਚੋਣਾਂ ਵਿਚ ਸਫਲਤਾ ਬਹੁਤ ਘੱਟ ਮਿਲੇਗੀ। 'ਸੰਯੁਕਤ ਸਮਾਜ ਮੋਰਚਾ' ਦਾ ਪੰਜਾਬ ਚੋਣਾਂ ਵਿਚ ਭਾਗ ਲੈਣਾ ਸੰਕੇਤਕ ਹੀ ਹੋ ਸਕਦਾ ਹੈ, ਜੋ ਪੰਜਾਬ 'ਚੋਂ ਕਾਰਪੋਰੇਟ ਪੱਖੀ ਮਾਫੀਆ ਰਾਜ ਨੂੰ ਖਤਮ ਕਰਨਾ ਲੋਚਦਾ ਹੈ।

ਕੁੱਝ ਕਿਸਾਨ ਘੋਲ ਗੀਤਾਂ ਦੇ ਟੋਟਕੇ:

'ਵਿਕ ਗਿਆ ਨੈਸ਼ਨਲ ਮੀਡੀਆ,
ਬੀ.ਬੀ.ਸੀ 'ਤੇ ਜੱਟ ਝੋਟੇ ਛਾਏ ਹੋਏ ਨੇ
(ਕਿਸਾਨ ਐਂਥਮ-1, 5.2 ਕਰੋੜ ਦਰਸ਼ਨ)
ਜਿੱਤ ਕੇ ਜਾਵਾਂਗੇ ਜਾਂ ਲਾਸ਼ਾਂ ਜਾਣਗੀਆਂ'

ਕੰਵਰ ਗਰੇਵਾਲ ਦੇ ਕਿਸਾਨੀ ਗੀਤ:

ਨਾਲ ਵਾਲੇ ਟੈਂਟ ਵਿਚ,
ਕਿੰਨੇ ਦਿਨ ਕੱਢ ਤੇ ਸੀ,
ਇੱਕੋ ਮੈਲੀ ਪੈਂਟ ਵਿਚ।
ਟਰਾਲੀ ਦੀ ਰਸੋਈ ਬਣੀ,
ਬੇਬੇ ਬਾਪੂ ਨਾਲ ਸੀ,
ਕਿੰਨੀ ਵਾਰੀ ਮੀਂਹ ਦੇ ਵਿਚ
ਚੋਈ ਤਰਪਾਲ ਸੀ।
ਰੂਹ ਦੇ ਵਿਚ ਯਾਦਾਂ ਦਾ ਸਵਾਦ ਰੱਖਿਓ,
ਕੱਲੀ ਕੱਲੀ ਗੱਲ ਤੁਸੀਂ ਯਾਦ ਰੱਖਿਓ,
ਜਦੋਂ ਮੁੜਾਂਗੇ ਪੰਜਾਬ ਨੂੰ।
ਦਿੱਲੀਏ ਇਹ 'ਕੱਠ ਤੈਨੂੰ ਪਰੇਸ਼ਾਨ ਕਰੂਗਾ।
ਫਸਲਾਂ ਦੇ ਫੈਸਲੇ ਕਿਸਾਨ ਕਰੂਗਾ।

ਸੋ ਜਨ ਅੰਦੋਲਨ ਬਣ ਕੇ ਜਿੱਤਿਆ ਗਿਆ ਕਿਸਾਨੀ ਘੋਲ ਜਬਰ ਤੇ ਸਬਰ ਦੀ ਜੰਗ ਦਾ ਨਮੂਨਾ ਹੈ। ਮਾਇਆ ਨਗਰੀ ਬੰਬਈ ਦੇ ਫਿਲਮੀ ਕਲਾਕਾਰ ਵੀ ਇਸ ਘੋਲ ਪ੍ਰਤੀ ਦੋ ਭਾਗਾਂ ਵਿਚ ਵੰਡ ਗਏ। ਮੀਡੀਆ ਵੀ ਦੋ ਭਾਗਾਂ ਵਿਚ ਵੰਡਿਆ ਗਿਆ। ਆਈ.ਟੀ ਸੈਲ ਵੀ ਦੋ ਪ੍ਰਕਾਰ ਦੇ ਹੋ ਗਏ।

ਪ੍ਰੋ. ਮੋਹਨ ਸਿੰਘ ਦੇ ਕਹਿਣ ਅਨੁਸਾਰ:

ਦੋ ਭਾਗਾਂ ਵਿਚ ਧਰਤੀ ਵੰਡੀ,
ਇੱਕ ਮਹਿਲਾਂ ਦਾ ਇੱਕ ਢੋਕਾਂ ਦਾ।
ਦੋ ਧੜਿਆਂ ਵਿਚ ਖਲਕਤ ਵੰਡੀ,
ਇੱਕ ਲੋਕਾਂ ਦਾ ਇੱਕ ਜੋਕਾਂ ਦਾ।

ਸਹੀ ਗੱਲ ਹੈ ਕਿ ਇਸ ਕਿਸਾਨੀ ਸੰਘਰਸ਼ ਨੇ ਜਮਾਤੀ ਵੰਡ ਹੋਰ ਤੇਜ਼ ਕਰ ਦਿੱਤੀ ਹੈ। ਇੱਕ ਅੰਦਾਜ਼ੇ ਮੁਤਾਬਕ ਪਿਛਲੇ ਡੇਢ ਸਾਲ ਵਿਚ ਕਿਸਾਨੀ ਸੰਘਰਸ਼ ਬਾਰੇ 200 ਖੂਬਸੂਰਤ ਗੀਤ ਆ ਚੁੱਕੇ ਹਨ। ਅਖਬਾਰਾਂ, ਰਸਾਲਿਆਂ, ਯੂ-ਟਿਊਬ ਚੈਨਲ, ਇੰਸਟਾਗ੍ਰਾਮ, ਟਵਿੱਟਰ ਤੇ ਫੇਸਬੁੱਕ ਵੀਡੀਓਜ਼ ਰਾਹੀਂ ਲੋਕਾਂ ਨੇ ਇਨ੍ਹਾਂ ਗੀਤਾਂ ਦਾ ਖੂਬ ਆਨੰਦ ਲਿਆ। ਇਹ ਗੀਤ ਇੱਕੋ ਸਮੇਂ ਸਿੰਘੂ, ਟਿਕਰੀ, ਕੁੰਡਲੀ, ਪਲਵਲ, ਸ਼ਾਹਜਾਨਪੁਰ ਤੇ ਗਾਜ਼ੀਪੁਰ ਬਾਡਰਾਂ 'ਤੇ ਲਾਈਵ ਹੁੰਦੇ ਰਹੇ ਤੇ ਵੀਡੀਓਜ਼ ਰਾਹੀਂ ਲੋਕਾਂ 'ਚ ਪ੍ਰਵਾਨ ਚੜ੍ਹੇ। ਨੌਜਵਾਨ ਲੇਖਕ ਅਤੇ ਗਾਇਕ ਬੀਰ ਸਿੰਘ ਤੇ ਬੱਬੂ ਮਾਨ ਨੇ 70% ਗੀਤ ਕਿਸਾਨਾਂ, ਮਜ਼ਦੂਰਾਂ ਤੇ ਗਰੀਬਾਂ ਬਾਰੇ ਲਿਖੇ ਤੇ ਗਾਏ ਹਨ। ਜਲਦੀ ਹੀ ਇੱਕ ਫਿਲਮ 'ਦਾਸਤਾਨੇ ਕਿਸਾਨ' ਵੀ ਆ ਰਹੀ ਹੈ। ਕਰੋਨਾ ਕਾਲ ਵਿਚ ਪੈਸੇ ਦੀ ਦੌੜ ਘਟ ਗਈ ਤੇ ਉਸਾਰੂ ਕੰਮ ਜ਼ਿਆਦਾ ਹੋਏ ਹਨ।

ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਪੱਖੀ ਕਾਨੂੰਨ ਬਣਾ ਕੇ ਖੇਤੀ ਤੇ ਕਿਰਸਾਨੀ ਨੂੰ ਉਜਾੜ ਕੇ ਜ਼ਮੀਨ ਦੇ ਕਾਰਪੋਰੇਟ ਬਲਾਕ ਬਣਾ ਕੇ ਖੇਤੀ ਅਧਾਰਿਤ ਲੋਕਾਂ ਨੂੰ ਬੇਰੁਜ਼ਗਾਰ ਕਰਨ ਦੀ ਚਾਲ ਕਿਸਾਨ ਅੰਦੋਲਨ ਨੇ ਫੇਲ੍ਹ ਕਰ ਕੇ ਰੱਖ ਦਿੱਤੀ। ਇਹ ਸਾਰੀ ਵਾਰਤਾ ਬੀਰ ਸਿੰਘ ਦੇ ਖੂਬਸੂਰਤ ਗੀਤ ਨਾਲ ਖਤਮ ਕਰਦੇ ਹਾਂ:

ਹੱਕਾਂ ਦੀ ਜੰਗ ਹੈ ਵੀਰੋ
ਸਬਰਾਂ ਨਾਲ ਲੜਨੀ ਪੈਣੀ,
ਚੱਲੀ ਜੋ ਚਾਲ ਸਮੇਂ ਨੇ
ਅਕਲਾਂ ਨਾਲ ਫੜਨੀ ਪੈਣੀ।
ਤੇਗਾਂ ਨੂੰ ਤੇਗਾਂ ਮੋੜਨ,
ਨੀਤੀ ਨੂੰ ਅਕਲਾਂ ਬਈ।
ਹੋਂਦ ਦੀ ਗੱਲ ਹੈ ਸਾਰੀ,
ਸਾਂਭਣ ਲਈ ਨਸਲਾਂ ਬਈ।
ਮਹਿਲਾਂ ਦੀ ਅੱਖ ਜੇ ਮਾੜੀ,
ਫਿਕਰਾਂ ਉਸ ਬਾਗ ਦੀਆਂ।
ਜਾਤੀ ਜਾਂ ਧਰਮ ਦੀਆਂ ਨਹੀਂ,
ਮੰਗਾਂ ਪੰਜਾਬ ਦੀਆਂ।
ਪਾਉਂਦੇ ਨੇ ਉਹ ਵਖਰੇਵੇਂ,
ਇੱਕ ਹੋ ਕੇ ਤੁਸੀਂ ਦਿਖਾਓ।
ਮਿੱਟੀ ਦੇ ਪੁੱਤਰੋ ਜਾਗੋ,
ਅਕਲਾਂ ਨੂੰ ਧਾਰ ਲਗਾਓ।

---

## ਦੇਸ਼ ਵਿਦੇਸ਼ ਦੀਆਂ ਖੇਡ ਕਹਾਣੀਆਂ

*(ਪਿਛਲੇ ਸਫੇ ਦਾ ਬਾਕੀ)*

ਸੰਜੀਦਗੀ ਨਾਲ ਕਾਲੂ ਖਾਂ ਨੂੰ ਯਾਦ ਕਰਾਇਆ ਕਿ ਇਸ ਵੇਲੇ ਨਾ ਉਹ ਆਪਣੀ ਰਿਆਸਤ ਵਿਚ ਹੈ ਤੇ ਨਾ ਹੀ ਅੰਗਰੇਜ਼ਾਂ ਦੇ ਕਿਸੇ ਇਲਾਕੇ ਵਿਚ। ਉਹ ਭਾਵੇਂ ਕਿੰਨਾ ਵੀ ਵੱਡਾ ਤੇ ਨਾਮੀ ਭਲਵਾਨ ਕਿਉਂ ਨਾ ਹੋਵੇ, ਉਸ ਨੂੰ ਇਸ ਰਿਆਸਤ ਦੀ ਧਰਤੀ ਉੱਤੇ ਖੜ੍ਹੋ ਕੇ, ਉਸ ਦੇ ਰਾਜੇ ਦਾ ਮਖੌਲ ਉਡਾਉਣ ਦਾ ਕੋਈ ਅਧਿਕਾਰ ਨਹੀਂ।

ਕਾਲੂ ਖਾਂ ਉਸ ਆਦਮੀ ਦੀ ਗੱਲ ਸੁਣ ਕੇ ਜ਼ੋਰ ਦੀ ਹੱਸਿਆ ਤੇ ਫੇਰ ਉਸ ਆਦਮੀ ਅਤੇ ਰਿਆਸਤ ਦੇ ਰਾਜੇ ਨੂੰ ਇੱਕ ਗੰਦੀ ਗਾਲ੍ਹ ਦੇ ਦਿੱਤੀ। ਗਾਲ੍ਹ ਸੁਣਦੇ ਹੀ, ਉਸ ਆਦਮੀ ਨੇ ਕਾਲੂ ਖਾਂ ਦਾ ਹੱਥ ਫੜ ਕੇ ਉਸ ਨੂੰ ਹੱਥਕੜੀ ਲਾ ਦਿੱਤੀ। ਫੇਰ ਉਸ ਨੇ ਦੁਕਾਨ ਦੇ ਬਾਹਰ ਬੈਠੇ ਦੋ ਸਿਪਾਹੀਆਂ ਨੂੰ ਕਾਲੂ ਖਾਂ ਨੂੰ ਜੇਲ੍ਹ ਵਿਚ ਲੈ ਜਾਣ ਦਾ ਹੁਕਮ ਦਿੱਤਾ। ਕਾਲੂ ਖਾਂ ਨੇ ਉਸ ਆਦਮੀ ਤੋਂ ਆਪਣਾ ਹੱਥ ਛੁਡਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਉਸ ਆਦਮੀ ਨੇ ਜੋ ਉਮਰ ਵਿਚ ਕਾਲੂ ਖਾਂ ਤੋਂ ਦੁੱਗਣੀ ਉਮਰ ਦਾ ਸੀ ਪਰ ਸਰੀਰ ਵਿਚ ਅੱਧਾ ਸੀ, ਉਸ ਦਾ ਹੱਥ ਆਪਣੀ ਜਕੜ ਤੋਂ ਮੁਕਤ ਨਾ ਹੋਣ ਦਿੱਤਾ। ਉਹ ਕਾਲੂ ਖਾਂ ਨੂੰ ਖਿਚਦਾ ਹੋਇਆ ਥਾਣੇ ਵੱਲ ਲੈ ਤੁਰਿਆ।

ਏ. ਡੀ. ਸੀ. ਨੇ ਉਸ ਆਦਮੀ ਤੋਂ ਪੁੱਛਿਆ, "ਜਾਣਦਾ ਹੈਂ ਜਿਸ ਆਦਮੀ ਦੇ ਤੂੰ ਹੱਥਕੜੀ ਲਾਉਣ ਦੀ ਜੁਰਅੱਤ ਕੀਤੀ ਹੈ, ਇਹ ਕੌਣ ਹੈ?"

"ਕੋਈ ਵੀ ਹੋਵੇ, ਰਿਆਸਤ ਦਾ ਦਰੋਗਾ ਹੋਣ ਦੇ ਨਾਤੇ ਮੈਨੂੰ ਇਸ ਗੁਨਾਹਗਾਰ ਨੂੰ ਫੜਨ ਦਾ ਪੂਰਾ ਹੱਕ ਹੈ।"

"ਜਾਣਦਾ ਹੈਂ ਇਸ ਦਾ ਨਤੀਜਾ ਕੀ ਹੋਵੇਗਾ?"

"ਕੀ ਤੁਸੀਂ ਮੈਨੂੰ ਧਮਕੀ ਦੇਣ ਦੀ ਕੋਸ਼ਿਸ਼ ਕਰ ਰਹੇ ਹੋ?" ਏ.ਡੀ.ਸੀ. ਨੂੰ ਪਤਾ ਲੱਗ ਗਿਆ ਕਿ ਇਸ ਆਦਮੀ ਨੂੰ ਡਰਾਉਣ-ਧਮਕਾਉਣ ਨਾਲ ਕੋਈ ਫਾਇਦਾ ਨਹੀਂ ਹੋਵੇਗਾ। ਉਸ ਨੇ ਖ਼ੁਸ਼ਾਮਦ ਕਰਦੇ ਕਿਹਾ, "ਮਾਫ਼ ਕਰਨਾ ਦਰੋਗਾ ਸਾਹਿਬ, ਕਾਲੂ ਖਾਂ ਤੋਂ ਵਾਕਈ ਬੜੀ ਭਾਰੀ ਗ਼ਲਤੀ ਹੋ ਗਈ ਹੈ। ਪਰ ਮਿਹਰਬਾਨੀ ਕਰਕੇ ਹੁਣ ਇਸ ਨੂੰ ਛੱਡ ਦਿਓ। ਇਸ ਨੇ ਦਿੱਲੀ ਜਾ ਕੇ ਇੱਕ ਕੁਸ਼ਤੀ ਮੁਕਾਬਲੇ ਵਿਚ ਭਾਗ ਲੈਣਾ ਹੈ।"

"ਇਸ ਨੂੰ ਛੱਡਣ ਦਾ ਵੱਸ ਮੇਰਾ ਨਹੀਂ ਅਦਾਲਤ ਦਾ ਹੈ।"

"ਇਹ ਤੁਸੀਂ ਕੀ ਗ਼ਜ਼ਬ ਢਾਹ ਰਹੇ ਹੋ, ਦਰੋਗਾ ਸਾਹਿਬ! ਇੱਕ ਮਾਮੂਲੀ ਜਿਹੇ ਜੁਰਮ ਲਈ ਤੁਸੀਂ ਹਿੰਦੁਸਤਾਨ ਦੇ ਸਭ ਤੋਂ ਵੱਡੇ ਭਲਵਾਨ ਨੂੰ 25000 ਰੁਪਏ ਦਾ ਇਨਾਮ ਜਿੱਤਣ ਤੋਂ ਰੋਕ ਰਹੇ ਹੋ ਜੋ ਰੋਕ ਨਹੀਂ ਸਕਦੇ।"

ਦਰੋਗੇ ਨੇ ਹੈਰਾਨੀ ਨਾਲ ਏ.ਡੀ.ਸੀ. ਵੱਲ ਦੇਖਿਆ। ਫੇਰ ਧਰਤੀ ਉੱਤੇ ਝੁਕਦੇ ਹੋਏ ਕਿਹਾ, "ਇਹ ਜੁਰਮ ਤੁਹਾਡੀ ਨਜ਼ਰ ਵਿਚ ਮਾਮੂਲੀ ਹੋ ਸਕਦਾ ਹੈ ਪਰ ਮੇਰੀ ਨਜ਼ਰ ਵਿਚ ਇਹ ਇੱਕ ਭਾਰੀ ਜੁਰਮ ਹੈ।"

"ਤੁਹਾਡੀ ਰਿਆਸਤ ਦੇ ਅੰਗਰੇਜ਼ ਏਜੰਟ ਨੂੰ ਜਦ ਇਸ ਘਟਨਾ ਦਾ ਪਤਾ ਚੱਲੇਗਾ ਤਾਂ ਉਹ ਜ਼ਰੂਰ ਤੁਹਾਡੇ ਨਾਲ ਨਾਰਾਜ਼ ਹੋਣਗੇ। ਮੈਂ ਯਕੀਨ ਨਾਲ ਕਹਿ ਸਕਦਾ ਹਾਂ।"

"ਮੈਂ ਇੰਨੀ ਅੱਗੇ ਦੀ ਨਹੀਂ ਸੋਚਦਾ। ਸੋਚਣ ਦੀ ਜ਼ਰੂਰਤ ਵੀ ਨਹੀਂ। ਇਸ ਲਈ ਨਹੀਂ ਕਿ ਮੈਂ ਕੋਈ ਗ਼ਲਤ ਕੰਮ ਨਹੀਂ ਕਰ ਰਿਹਾ। ਗੁਨਾਹਗਾਰ ਨੂੰ ਗ੍ਰਿਫ਼ਤਾਰ ਕਰਨਾ ਮੇਰਾ ਫਰਜ਼ ਹੈ।"

ਏ. ਡੀ. ਸੀ. ਨੇ ਫੌਰਨ ਆਪਣੇ ਮਹਾਰਾਜੇ ਨੂੰ ਫੋਨ ਕੀਤਾ। ਮਹਾਰਾਜੇ ਨੇ ਫੌਰਨ ਅੰਗਰੇਜ਼ ਏਜੰਟ ਨੂੰ, ਏਜੰਟ ਨੇ ਉਸ ਰਿਆਸਤ ਦੇ ਰਾਜੇ ਨੂੰ, ਰਾਜੇ ਨੇ ਫੌਰਨ ਦਰੋਗੇ ਨੂੰ ਬੁਲਾ ਲਿਆ।

ਰਾਜੇ ਦੇ ਇਹ ਪੁੱਛਣ ਉੱਤੇ ਕਿ ਮਾਮਲਾ ਕੀ ਹੈ? ਦਰੋਗੇ ਨੇ ਸਿਰ ਝੁਕਾ ਕੇ ਅਰਜ਼ ਕੀਤੀ, "ਗੁਸਤਾਖ਼ੀ ਦੀ ਮੁਆਫ਼ੀ ਚਾਹੁੰਦਾ ਹਾਂ ਅੰਨਦਾਤਾ। ਮੈਨੂੰ ਨਹੀਂ ਪਤਾ ਕਿ ਇਹ ਦੋਵੇਂ ਆਦਮੀ, ਇਹ ਪਹਿਲਵਾਨ ਅਤੇ ਇਸ ਦਾ ਹਮਾਇਤੀ ਕੌਣ ਹਨ? ਮੈਂ ਤਾਂ ਸਿਰਫ਼ ਇਹ ਜਾਣਦਾ ਹਾਂ ਕਿ ਮੁਜ਼ਰਮ ਪਹਿਲਵਾਨ ਨੇ ਬਿਨਾਂ ਕਿਸੇ ਕਾਰਨ ਆਪ ਦਾ ਮਜ਼ਾਕ ਉਡਾ ਕੇ ਅਤੇ ਆਪ ਨੂੰ ਗਾਲ੍ਹ ਦੇ ਕੇ ਇੱਕ ਸੰਗੀਨ ਜੁਰਮ ਕੀਤਾ ਹੈ। ਉਹ ਵੀ ਮੇਰੀਆਂ ਅੱਖਾਂ ਦੇ ਸਾਹਮਣੇ। ਇਸੇ ਕਰਕੇ ਮੈਨੂੰ ਮੁਜ਼ਰਮ ਨੂੰ ਗ੍ਰਿਫ਼ਤਾਰ ਕਰਨਾ ਪਿਆ। ਮੈਂ ਹਕੀਕਤ ਆਪ ਜੀ ਦੇ ਸਾਹਮਣੇ ਬਿਆਨ ਕਰ ਦਿੱਤੀ। ਹੁਣ ਆਪ ਜਿਹੜਾ ਹੁਕਮ ਦਿਓ, ਮੈਂ ਤਾਮੀਲ ਕਰਨ ਲਈ ਤਿਆਰ ਹਾਂ।"

ਰਾਜਾ ਦਰੋਗੇ ਦਾ ਬਿਆਨ ਸੁਣ ਕੇ ਮੁਸਕਰਾਇਆ। ਫਿਰ ਸ਼ਾਂਤ ਆਵਾਜ਼ ਵਿਚ ਬੋਲਿਆ, "ਪਰ ਤੁਹਾਨੂੰ ਇਹ ਸੋਚਣਾ ਚਾਹੀਦਾ ਸੀ ਦਰੋਗਾ ਸਾਹਿਬ ਕਿ ਤੁਸੀਂ ਕਾਲੂ ਖਾਂ ਨੂੰ ਫੜ ਕੇ, ਉਸ ਨੂੰ 25000 ਰੁਪਏ ਜਿੱਤਣ ਦੇ ਮੌਕੇ ਤੋਂ ਵਾਂਝਿਆਂ ਕਰ ਰਹੇ ਸੀ। ਕੁਸ਼ਤੀ ਮੁਕਾਬਲੇ ਵਿਚ ਕਾਲੂ ਖਾਂ ਦਾ ਪਹਿਲੇ ਨੰਬਰ ਉੱਤੇ ਆਉਣਾ ਤੈਅ ਜਿਹਾ ਹੀ ਸੀ।"

ਤਦ ਦਰੋਗਾ ਸਾਹਿਬ ਮੁਸਕਰਾਏ ਅਤੇ ਬੋਲੇ, "ਹਜ਼ੂਰ! ਕਾਲੂ ਖਾਂ ਮੇਰੇ ਜਿਹੇ ਬੁੱਢੇ ਅਤੇ ਪਿੱਦੀ ਆਦਮੀ ਤੋਂ ਜਦੋਂ ਆਪਦਾ ਹੱਥ ਨਾ ਛੁਡਾ ਸਕਿਆ ਤਾਂ ਖਾੜੇ ਵਿਚ ਕੀ ਕਮਾਲ ਦਿਖਾਉਂਦਾ? ਕੋਈ ਵੀ ਇਸ ਨੂੰ ਹਰਾ ਦਿੰਦਾ!"

---

## ਕੋਈ ਜਿੱਤੇ ਕੋਈ ਹਾਰੇ

ਕੋਈ ਜਿੱਤੇ ਕੋਈ ਹਾਰੇ,
ਅਸਾਡੇ ਹੱਕ ਨਾ ਮਾਰੇ।
ਚੜ੍ਹੇ ਬਸ ਹੁਣ ਨਵਾਂ ਸੂਰਜ,
ਕਰੋ ਇਹ ਕਾਮਨਾ ਸਾਰੇ।

ਮੇਰਾ ਪੰਜਾਬ ਫ਼ਿਰ ਹੱਸੇ,
ਕਰੋ ਅਰਦਾਸ ਇਹ ਪਿਆਰੇ।
ਖੁਸ਼ੀ ਵਿਚ ਵਹਿਣ ਹੁਣ ਹੰਝੂ,
ਇਹ ਮਿੱਠੇ ਹੋਣ ਨਾ ਖਾਰੇ।

ਇਹ ਅੰਬਰ ਵੀ ਅਸਾਡਾ ਹੈ,
ਅਸਾਂ ਦੇ ਹੀ ਨੇ ਇਹ ਤਾਰੇ।
ਜੇ ਕੋਈ ਸਾੜ ਪਾ ਤੁਰਿਆ,
ਕਲੇਜਾ ਵਕ਼ਤ ਹੁਣ ਠਾਰੇ।

ਇਸਾਈ ਸਿੱਖ ਇਹ ਮੁਸਲਿਮ,
ਤੇ ਹਿੰਦੂ ਨੇ ਭਰਾ ਚਾਰੇ।
ਇਹ ਖੁੰਢੇ ਕਰ ਦਿਓ ਰਲ ਕੇ
ਜੋ ਨਫ਼ਰਤ ਦੇ ਬਣੇ ਆਰੇ।

***-ਹਰਦੀਪ ਬਿਰਦੀ***
***ਫੋਨ: 90416-00900***

# ਸਾਇੰਸ ਦਾ ਸਫਰ ਅਤੇ ਸਾਡਾ ਭਵਿੱਖ

*ਅੱਜ ਦੇ ਸੰਸਾਰ ਨੂੰ ਇਸ ਮੁਕਾਮ ਤੱਕ ਅਪੜਾਉਣ ਵਿਚ ਵਿਗਿਆਨ (ਸਾਇੰਸ) ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਹ ਔਖਾ ਸਫਰ ਅੱਜ ਵੀ ਉਤੇ ਲਗਾਤਾਰਤਾ ਨਾਲ ਜਾਰੀ ਹੈ। ਯਸ਼ਪਾਲ ਨੇ ਆਪਣੇ ਇਸ ਲੇਖ ਵਿਚ ਸਾਇੰਸ ਦੇ ਇਤਿਹਾਸ ਬਾਰੇ ਵਿਸਥਾਰ ਸਹਿਤ ਗੱਲ ਕੀਤੀ ਹੈ।*

## ਕਲਾ ਪਰਿਕਰਮਾ

**ਯਸ਼ਪਾਲ**
ਫੋਨ: +91-98145-35005

ਅਜੋਕੇ ਵਿਗਿਆਨ ਦਾ ਮੁੱਢ 15ਵੀਂ ਸਦੀ ਦੇ ਅੱਧ ਤੋਂ ਲੈ ਕੇ 17ਵੀਂ ਸਦੀ ਦੇ ਅੰਤ ਤੱਕ ਦੇ ਸਮੇਂ ਦੌਰਾਨ ਯੂਰਪ ਅੰਦਰ ਬੱਝਿਆ ਸਮਝਿਆ ਜਾਂਦਾ ਹੈ। ਇਹ ਦੌਰ ਯੂਰਪੀ ਇਤਿਹਾਸ ਅੰਦਰ ਸਿਆਸੀ, ਸਮਾਜਕ ਤੇ ਆਰਥਿਕ ਪੱਖੋਂ ਬੇਹੱਦ ਉਥਲ-ਪੁਥਲ ਭਰਿਆ ਦੌਰ ਸੀ। ਜਾਗੀਰੂ ਆਰਥਕ ਪ੍ਰਬੰਧ ਦੀ ਜਗ੍ਹਾ ਸਰਮਾਏਦਾਰੀ ਦੇ ਨਵੇਂ ਪ੍ਰਬੰਧ ਨੇ ਲੈ ਲਈ ਸੀ। ਇਸ ਨੂੰ ਪੁਨਰ-ਜਾਗਰਤੀ ਦੌਰ ਵਜੋਂ ਜਾਣਿਆ ਜਾਂਦਾ ਹੈ। ਮੱਧ ਯੁੱਗੀ ਦੌਰ ਦੇ ਵਿਚਾਰਾਂ ਤੇ ਸੰਸਥਾਵਾਂ ਨੂੰ ਪੁਨਰ-ਜਾਗਰਤੀ ਦੌਰ ਦੇ ਵਿਚਾਰਾਂ ਅਤੇ ਸੰਸਥਾਵਾਂ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਦੌਰ ਦੇ ਮੰਥਨ ਨੇ ਨਵੀਆਂ ਸਿਰਜਣਾਤਮਕ ਸ਼ਕਤੀਆਂ ਨੂੰ ਉਭਾਰਿਆ ਜਿਨ੍ਹਾਂ ਨੇ ਅਜੋਕੇ ਵਿਗਿਆਨ ਦੀ ਨੀਂਹ ਰੱਖਣ ਦੀ ਭੂਮਿਕਾ ਨਿਭਾਈ।



ਮੱਧ ਯੁੱਗ ਦਾ ਦੌਰ ਅਰਸਤੂ ਦੇ ਕੱਟੜ ਧਾਰਮਿਕ ਸੰਸਾਰ ਦ੍ਰਿਸ਼ਟੀਕੋਣ ਦੀ ਸਰਬ-ਉਚਤਾ ਦਾ ਦੌਰ ਸੀ। ਮੱਧ ਯੁੱਗੀ ਪਾਦਰੀ ਤੇ ਅਧਿਆਪਕ ਤਰਕ ਨੂੰ ਧਰਮ ਅਧੀਨ ਸਮਝਦੇ ਸਨ ਜਿਸ ਕਾਰਨ ਅਜਿਹਾ ਪੰਡਤਾਊ ਦਰਸ਼ਨ ਪੈਦਾ ਹੋ ਗਿਆ ਜਿਹੜਾ ਵਿਗਿਆਨ ਨੂੰ ਈਸਾਈ ਮੱਤ ਦੀ ਪ੍ਰੋੜਤਾ ਲਈ ਇਸਤੇਮਾਲ ਕਰਦਾ ਸੀ। ਨਵੀਂ ਵਿਚਾਰਧਾਰਾ ਲਈ ਕੋਈ ਗੁੰਜਾਇਸ਼ ਨਹੀਂ ਸੀ। ਪ੍ਰਯੋਗ ਤੇ ਨਿਰੀਖਣ ਨੂੰ ਵਿਗਿਆਨ ਵਿਧੀ ਵਜੋਂ ਮਾਨਤਾ, ਪਾਦਰੀ-ਸੰਸਥਾ ਵਲੋਂ ਅਜੇ ਨਹੀਂ ਸੀ ਦਿੱਤੀ ਜਾਣ ਲਗੀ। ਸ਼ੱਕ ਵਾਲੀ ਬਿਰਤੀ ਜੋਖਮ ਵਿਚ ਪਾ ਸਕਦੀ ਸੀ। ਧਾਰਮਿਕ ਮਹੰਤ ਸ਼ਾਹੀ ਵਿਚਾਰਧਾਰਾ ਵਾਲੇ ਸਥਾਪਿਤ ਢਾਂਚੇ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਜਾਂਦੀ ਸੀ; ਇਥੋਂ ਤੱਕ ਕਿ ਸਜ਼ਾ-ਏ-ਮੌਤ ਵੀ ਦਿੱਤੀ ਜਾਂਦੀ ਸੀ। ਵਾਫਰ ਪੈਦਾਵਾਰ ਨੇ ਨਵੇਂ ਵਿਚਾਰ ਉਭਰਨ ਅਤੇ ਪੁਰਾਣੇ ਢਾਂਚੇ ਨੂੰ ਚੁਣੌਤੀ ਦੇਣ ਲਈ ਸਮਾਜਕ ਤੇ ਆਰਥਕ ਹਾਲਾਤ ਪੈਦਾ ਕੀਤੇ। ਇਹ ਸਭ ਪੁਨਰ-ਜਾਗਰਤੀ ਦੌਰ ਦੌਰਾਨ ਵਾਪਰਿਆ।

ਵਿਗਿਆਨ ਦੇ ਇਤਿਹਾਸਕਾਰ ਪੁਨਰ-ਜਾਗਰਤੀ ਦੇ ਇਸ ਫੈਸਲਾਕੁਨ ਦੌਰ ਨੂੰ ਤਿੰਨ ਕਾਲਾਂ ਵਿਚ ਵੰਡਦੇ ਹਨ। ਪਹਿਲਾ ਕਾਲ (1440-1540) ਖੋਜੀ ਸਮੁੰਦਰੀ ਯਾਤਰਾਵਾਂ ਦਾ ਸੀ ਜਿਨ੍ਹਾਂ ਰਾਹੀਂ ਪੁਰਾਤਨ ਸੰਸਾਰ ਤੱਕ ਪੁੱਜਣ ਲਈ ਨਵੇਂ ਰਸਤਿਆਂ ਦੀ ਖੋਜ ਹੋਈ। ਦੂਜੇ ਕਾਲ (1540-1650) ਵਿਚ ਵਿਗਿਆਨ ਅੰਦਰ ਨਿਰੀਖਣ ਤੇ ਪ੍ਰਯੋਗੀ ਪਰਖ-ਪੜਤਾਲ ਵਿਧੀ ਉੱਭਰੀ। ਤੀਜਾ ਕਾਲ (1650-1690) ਨਿਊਟਨ ਤੇ ਹੋਰ ਕਈ ਵਿਗਿਆਨੀਆਂ ਦਾ ਸੀ। ਇਸ ਦੌਰ ਅੰਦਰ ਵਿਗਿਆਨ ਵਿਧੀ ਸਥਾਪਿਤ ਹੋਈ ਅਤੇ ਵਿਗਿਆਨ ਦੀਆਂ ਕਈ ਨਵੀਆਂ ਸ਼ਾਖਾਵਾਂ ਨਿਕਲੀਆਂ। ਸਰਲ ਨਿਯਮਾਂ ਰਾਹੀਂ ਕੁਦਰਤੀ ਵਰਤਾਰਿਆਂ ਦੇ ਅੰਤਰੀਵ ਕੜੀ-ਜੋੜ ਦਾ ਆਭਾਸ ਹੋਇਆ।

ਲੀਓਨਾਰਡੋ-ਦਾ-ਵਿੰਸੀ (1452-1519) ਨੂੰ ਪੁਨਰ-ਜਾਗਰਤੀ ਦੌਰ ਦਾ ਮੁਢਲਾ ਅਤੇ ਉਸ ਦੌਰ ਦੇ ਮਹਾਨਤਮ ਸ਼ਖਸ ਵਜੋਂ ਇੱਕ ਮੰਨਿਆ ਜਾਂਦਾ ਹੈ। ਉਹ ਚਿੱਤਰਕਾਰ, ਇੰਜਨੀਅਰ, ਬੁੱਤਸਾਜ਼, ਵਿਗਿਆਨੀ ਅਤੇ ਹੋਰ ਕਿੰਨਾ ਕੁਝ ਸੀ। ਉਹ ਖੋਜ, ਸੰਦੇਹ ਤੇ ਤਰਕ ਦੀ ਪੁਨਰ-ਜਾਗਰਨ ਭਾਵਨਾ ਦਾ ਪ੍ਰਤੀਕ ਸੀ। ਆਲੋਚਨਾਤਮਕ ਪਾਰਖੂ ਨਜ਼ਰ ਅਤੇ ਸੰਦੇਹਪੂਰਕ ਮਨੋਬਿਰਤੀ ਹੋਣ ਕਾਰਨ ਉਹ ਜੋ ਕੁਝ ਚਿੱਤਰਕਾਰ ਵਜੋਂ ਦੇਖਦਾ ਸੀ, ਉਸ ਦੇ ਪਾਰ ਝਾਕਣ ਦਾ ਯਤਨ ਵੀ ਕਰਦਾ ਸੀ। ਉਸ ਨੇ ਮਨੁੱਖੀ ਸਰੀਰ ਦੇ ਬਹੁਤ ਹੀ ਸਹੀ ਬਣਤਰ ਖਾਕੇ ਚਿਤਰੇ ਜਿਹੜੇ ਅੱਜ ਵੀ ਐਕਸਰੇ/ਐਮ.ਆਰ.ਆਈ. ਦੇ ਯੁੱਗ ਅੰਦਰ ਰਸ਼ਕ ਨਾਲ ਦੇਖੇ ਜਾਂਦੇ ਹਨ। ਉਸ ਨੂੰ ਸਰੀਰ ਅੰਦਰ ਖੂਨ ਦੇ ਦੌਰੇ ਦਾ ਵੀ ਕੁਝ ਕੁ ਆਭਾਸ ਸੀ ਜਿਸ ਨੂੰ ਕਾਫੀ ਦੇਰ ਬਾਅਦ ਜਾ ਕੇ ਵਿਲੀਅਮ ਹਾਰਵੇ ਨੇ ਸਿਧਾਂਤ ਵਜੋਂ ਵਿਕਸਿਤ ਕੀਤਾ। ਉਸ ਨੇ ਗਤੀ ਦੀ ਪ੍ਰਕਿਰਤੀ ਅਤੇ ਗਤੀ ਪੈਦਾ ਕਰਨ ਵਾਲੇ ਬਲ ਦੀ ਖੋਜ ਕੀਤੀ। ਉਸ ਦੀਆਂ ਕਈ ਅੰਤਰ-ਦ੍ਰਿਸ਼ਟੀਆਂ ਨੂੰ ਆਉਣ ਵਾਲੀਆਂ ਸਦੀਆਂ ਵਿਚ ਉਸ ਤੋਂ ਬਾਅਦ ਆਉਣ ਵਾਲੇ ਖੋਜੀਆਂ ਨੇ ਵਿਗਿਆਨਕ ਸਿਧਾਂਤਾਂ ਵਜੋਂ ਵਿਕਸਿਤ ਕੀਤਾ।

ਪੁਨਰ-ਜਾਗਰਤੀ ਦੌਰ ਦੌਰਾਨ ਵਿਗਿਆਨਕ ਦ੍ਰਿਸ਼ਟੀਕੋਣ ਅੰਦਰ ਪਹਿਲੀ ਮਹਾਨ ਤਬਦੀਲੀ ਕਾਪਰਨੀਕਸ (1473-1543) ਨਾਲ ਆਈ। ਉਸ ਨੇ ਮੱਧ ਯੁੱਗੀ ਵਿਗਿਆਨ ਤੇ ਦਰਸ਼ਨ ਦੀ ਮੁੱਖ ਮਨੌਤ ਨੂੰ ਚੁਣੌਤੀ ਦਿੰਦਿਆਂ ਸਿਧਾਂਤ ਪੇਸ਼ ਕੀਤਾ ਕਿ ਸੂਰਜ ਸੌਰ ਮੰਡਲ ਦੇ ਕੇਂਦਰ ਵਿਚ ਹੈ, ਪ੍ਰਿਥਵੀ ਨਹੀਂ ਪਰ ਇਹ ਸਭ ਅਜੇ ਪਾਦਰੀ ਵਰਗ ਲਈ ਹਜ਼ਮ ਕਰਨਾ ਸੌਖਾ ਨਹੀਂ ਸੀ। ਇਹ ਤਾਂ 19ਵੀਂ ਸਦੀ 'ਚ ਜਾ ਕੇ ਚਰਚ ਨੇ ਕਾਪਰਨੀਕਸ ਪ੍ਰਣਾਲੀ ਨੂੰ ਮਾਨਤਾ ਦਿੱਤੀ ਜਦ ਕਿ ਕਾਪਰਨੀਕਸ ਦੇ ਵਿਚਾਰਾਂ ਦੀ ਵਕਾਲਤ ਕਰਨ ਵਾਲੇ ਬਰੂਨੋ ਨੂੰ 16 ਫਰਵਰੀ 1600 ਨੂੰ ਕਾਫਿਰ ਗਰਦਾਨ ਕੇ ਖੰਭੇ ਨਾਲ ਬੰਨ੍ਹ ਕੇ ਜਿਊਂਦੇ ਸਾੜ ਦਿੱਤਾ ਗਿਆ ਸੀ। ਜੋਹਨ ਕੈਪਲਰ (1571-1630) ਸਭ ਤੋਂ ਪਹਿਲਾ ਸ਼ਖਸ ਸੀ ਜਿਸ ਨੇ ਗ੍ਰਹਿਆਂ ਦੀ ਗਤੀ ਦਾ ਸਹੀ ਸਿਧਾਂਤ ਪੇਸ਼ ਕੀਤਾ ਅਤੇ ਕਾਪਰਨੀਕਸ ਦ੍ਰਿਸ਼ਟੀਕੋਣ ਨੂੰ ਹੋਰ ਅੱਗੇ ਵਿਕਸਤ ਕੀਤਾ। ਇਸ ਨੂੰ ਤਿੰਨ ਨਿਯਮਾਂ ਵਿਚ ਨਿਯਮਬੱਧ ਕੀਤਾ। ਇਹ ਨਿਯਮ ਅੱਜ ਵੀ ਪ੍ਰਮਾਣਿਤ ਮੰਨੇ ਜਾਂਦੇ ਹਨ। ਗੈਲੀਲੀਓ (1564-1642) ਨੇ ਆਪਣੀ ਨਵੀਂ ਈਜਾਦ ਕੀਤੀ ਦੂਰਬੀਨ ਦੀ ਵਰਤੋਂ ਕਰਕੇ ਚੰਨ ਤੇ ਦੂਰ ਦੇ ਗ੍ਰਹਿਆਂ ਨੂੰ ਘੋਖਿਆ ਅਤੇ ਕਾਪਰਨੀਕਸ ਦੇ ਸੌਰ ਮੰਡਲ ਦੀ ਪੁਸ਼ਟੀ ਕੀਤੀ ਜਿਸ ਖਾਤਿਰ ਉਸ ਨੂੰ ਵੀ ਲੰਮੀ ਜੇਲ੍ਹ ਭੁਗਤਣੀ ਪਈ। ਗੈਲੀਲੀਓ ਨੇ ਪ੍ਰਿਥਵੀ ਦੇ ਪ੍ਰਭਾਵ ਹੇਠ ਵਸਤੂਆਂ ਦੇ ਹੇਠਾਂ ਡਿੱਗਣ ਦਾ ਅਧਿਐਨ ਕੀਤਾ ਅਤੇ ਬਲ ਤੇ ਜੜ੍ਹਤਾ ਦੇ ਸੰਕਲਪ ਨੂੰ ਲੱਭਿਆ ਜਿਹੜਾ ਕੁਝ ਸਾਲਾਂ ਬਾਅਦ ਜਾ ਕੇ ਨਿਊਟਨ ਦਾ ਗਤੀ ਦਾ ਪਹਿਲਾ ਨਿਯਮ ਬਣਿਆ।

ਕਾਪਰਨੀਕਸ ਨਾਲ ਸ਼ੁਰੂ ਹੋਈ ਵਿਚਾਰਾਂ ਦੀ ਕ੍ਰਾਂਤੀ ਨੇ ਹੋਰ ਖੇਤਰਾਂ ਅੰਦਰ ਵੀ ਜ਼ੋਰ ਫੜ ਲਿਆ। ਅੰਗਰੇਜ਼ ਦਾਰਸ਼ਨਿਕ ਫਰਾਂਸਿਸ ਬੇਕਿਨ (1561-1626) ਨੇ ਪ੍ਰਕਿਰਤੀ ਨੂੰ ਜਾਨਣ-ਬੁੱਝਣ ਦੀ ਵਿਧੀ ਲਈ ਪੁਰਾਤਨ ਦਾਰਸ਼ਨਿਕਾਂ ਦੀਆਂ ਦੱਸੀਆਂ ਸਚਾਈਆਂ ਦੀ ਬਜਾਇ ਪ੍ਰਯੋਗਾਂ ਰਾਹੀਂ ਪ੍ਰਤੱਖ ਪ੍ਰਮਾਣਿਤ ਹੋਏ ਤੱਥਾਂ ਦੀ ਮਹੱਤਤਾ ਉਪਰ ਜ਼ੋਰ ਦਿੱਤਾ। ਪਾਸਕਲ (1623-1662) ਨੇ ਦ੍ਰਵਾਂ ਸੰਬੰਧੀ ਆਪਣੀ ਖੋਜ ਤੋਂ ਬਿਨਾਂ ਸੰਸਾਰ ਨੂੰ ਸੰਭਾਵਕੀ-ਸਿਧਾਂਤ ਦਿੱਤਾ ਜਿਸ ਦੀ ਗਣਿਤ ਤੇ ਵਿਗਿਆਨ ਅੰਦਰ ਵਿਹਾਰਕ ਵਰਤੋਂ ਹੁੰਦੀ ਹੈ। ਵਿਲੀਅਮ ਗਿਲਬਰਟ (1540-1603) ਨੇ ਚੁੰਬਕਾਂ ਤੇ ਬਿਜਲੀ ਉਪਰ ਕੀਤੇ ਆਪਣੇ ਪ੍ਰਯੋਗਾਂ ਰਾਹੀਂ 1600 ਵਿਚ ਇਹ ਸਿਧਾਂਤ ਪੇਸ਼ ਕੀਤਾ ਕਿ ਪ੍ਰਿਥਵੀ ਮਹਾਨ ਚੁੰਬਕ ਹੈ। ਸਭ ਤੋਂ ਵੱਧ ਮਹੱਤਵਪੂਰਨ ਖੋਜਾਂ ਵਿਚੋਂ ਇੱਕ ਵਿਲੀਅਮ ਹਾਰਵੇ (1578-1657) ਵੱਲੋਂ ਸਰੀਰ ਅੰਦਰ ਖੂਨ ਦੇ ਦੌਰੇ ਦੀ ਖੋਜ ਸੀ ਜਿਸ ਨਾਲ ਆਧੁਨਿਕ ਸਰੀਰ ਵਿਗਿਆਨ ਦਾ ਮੁੱਢ ਬੱਝਿਆ ਅਤੇ ਚਕਿਤਸਾ ਦੇ ਖੇਤਰ ਅੰਦਰ ਪੇਸ਼ਕਦਮੀਆਂ ਲਈ ਰਾਹ ਖੁੱਲ੍ਹਿਆ।

1642 ਵਿਚ ਨਿਊਟਨ ਦੇ ਜਨਮ ਤੱਕ ਬਹੁਤ ਸਾਰੀਆਂ ਖੋਜਾਂ ਹੋ ਚੁੱਕੀਆਂ ਸਨ। ਨਿਊਟਨ (1642-1727) ਦੀ ਪ੍ਰਾਪਤੀ ਭੌਤਿਕ ਵਿਗਿਆਨਾਂ ਦਾ ਪਹਿਲਾ ਮਹਾਨ ਕੜੀ ਜੋੜਨ ਵਿਚ ਸੀ। ਬ੍ਰਹਿਮੰਡੀ ਗਿਆਨ ਦੀ ਪੰਡਤਾਊ ਬਣਤਰ ਦਾ ਖੋਖਲਾਪਨ ਨਸ਼ਰ ਹੋ ਚੁੱਕਿਆ ਸੀ। ਦੂਰਬੀਨ, ਖੁਰਦਬੀਨ ਵਰਗੀਆਂ ਮਹਾਨ ਤੇ ਕਈ ਹੋਰ ਕਾਢਾਂ ਦੇ ਸਿੱਟੇ ਵਜੋਂ ਪ੍ਰਕਿਰਤੀ ਬਾਰੇ ਨਵੇਂ ਤੱਥਾਂ ਦੀ ਖੋਜ ਹੋ ਚੁੱਕੀ ਸੀ। ਭੌਤਿਕ ਵਿਗਿਆਨ ਨੂੰ ਸਮਝਣ ਲਈ ਗਣਿਤ ਦੀ ਮਹੱਤਤਾ ਬਣ ਚੁੱਕੀ ਸੀ। ਅਰਸਤੂ ਦੇ ਗਲਤ ਪ੍ਰਭਾਸ਼ਿਤ ਪਦਾਰਥਾਂ ਅਤੇ ਲੱਛਣਾਂ ਦੇ ਮੁਕਾਬਲੇ ਪਦਾਰਥ ਤੇ ਗਤੀ ਦੀ ਪ੍ਰਮੁੱਖਤਾ ਨਵੇਂ ਵਿਗਿਆਨ ਦੇ ਆਧਾਰ ਵਜੋਂ ਸਥਾਪਿਤ ਹੋ ਚੁੱਕੀ ਸੀ। ਨਿਊਟਨ ਦੇ ਹਿੱਸੇ ਇਹ ਦਿਖਾਉਣਾ ਆਇਆ ਕਿ ਬ੍ਰਹਿਮੰਡ ਅੰਦਰ ਗਤੀ ਨੂੰ ਕੁਝ ਕੁ ਸੰਕਲਪਾਂ ਤੇ ਨਿਯਮਾਂ ਰਾਹੀਂ ਸਮਝਿਆ ਜਾ ਸਕਦਾ ਹੈ। ਉਸ ਦੇ ਗਤੀ ਦੇ ਤਿੰਨ ਨਿਯਮਾਂ ਰਾਹੀਂ ਉਹ ਪ੍ਰਸ਼ਨ ਹੱਲ ਹੋ ਗਏ ਜਿਹੜੇ ਉਸ ਤੋਂ ਪਹਿਲਾਂ ਦੀਆਂ ਦੋ ਸਦੀਆਂ ਵਿਚ ਹੱਲ ਨਹੀਂ ਸੀ ਹੋ ਸਕੇ। ਇਨ੍ਹਾਂ ਰਾਹੀਂ ਵਸਤੂਆਂ ਦੇ ਪੁੰਜ, ਭਾਰ, ਵੇਗ, ਪ੍ਰਵੇਗ, ਬਲ ਗਤੀ ਦੀ ਨਿਸ਼ਚਿਤ ਪਰਿਭਾਸ਼ਾ ਪੇਸ਼ ਕੀਤੀ ਗਈ। ਇਨ੍ਹਾਂ ਸੰਕਲਪਾਂ ਰਾਹੀਂ ਨਾ ਸਿਰਫ ਗ੍ਰਹਿਆਂ ਅਤੇ ਚੰਨ ਦੀ ਗਤੀ ਸਗੋਂ ਸਥਾਨਕ ਗਤੀ, ਤੋਪ ਦੇ ਗੋਲੇ ਦੇ ਗਤੀ-ਮਾਰਗ, ਸੇਬ ਦੇ ਡਿੱਗਣ, ਜਵਾਰਭਾਟੇ ਅਤੇ ਪ੍ਰਿਥਵੀ ਉਪਰ ਹੋਰ ਕਿੰਨੇ ਹੀ ਕੁਝ ਦੀ ਵਿਆਖਿਆ ਹੋ ਸਕੀ। ਨਿਊਟਨ ਨੇ ਆਪਣੀਆਂ ਲੱਭਤਾਂ ਨੂੰ 1687 ਵਿਚ 'ਪ੍ਰਕਿਰਤੀ ਦਰਸ਼ਨ ਦੇ ਗਣਿਤਕ ਸਿਧਾਂਤ' ਨਾਂ ਦੀ ਪੁਸਤਕ ਅੰਦਰ (ਸਿਧਾਂਤਿਕਾ ਕਰਕੇ ਜਾਣੀ ਜਾਂਦੀ) ਦਰਜ ਕੀਤਾ। ਨਿਊਟਨ ਦੀ 1701 ਵਿਚ ਪ੍ਰਕਾਸ਼ ਦੀ ਪ੍ਰਕਿਰਤੀ ਬਾਰੇ ਪੁਸਤਕ 'ਦ੍ਰਿਸ਼ਟੀ ਵਿਗਿਆਨ' ਵੀ ਓਨੀ ਹੀ ਮਹੱਤਤਾ ਰੱਖਦੀ ਸੀ।

18ਵੀਂ ਸਦੀ ਦੇ ਮੁੱਢ ਵਿਚ ਜਦ ਨਿਊਟਨ ਜਿਊਂਦਾ ਸੀ, ਆਧੁਨਿਕ ਵਿਗਿਆਨ ਦਾ ਨਿਸ਼ਚਿਤ ਆਗਾਜ਼ ਹੋ ਗਿਆ ਸੀ। ਅਨੇਕਾਂ ਵਿਗਿਆਨੀਆਂ ਨੇ ਅਰਸਤੂ ਵਿਗਿਆਨ ਦੀਆਂ ਬੇੜੀਆਂ ਤੋਂ ਆਜ਼ਾਦ ਹੋ ਕੇ ਪ੍ਰਕਿਰਤਕ ਵਰਤਾਰਿਆਂ ਨੂੰ ਸਹੀ ਵਿਗਿਆਨ ਵਿਧੀ ਰਾਹੀਂ ਖੋਜਣਾ ਸ਼ੁਰੂ ਕਰ ਦਿੱਤਾ ਸੀ। ਭੌਤਿਕ ਵਿਗਿਆਨ ਤੇਜ਼ੀ ਨਾਲ ਪੁਲਾਂਘਾਂ ਪੁੱਟ ਰਿਹਾ ਸੀ। ਰਸਾਇਣ ਵਿਗਿਆਨ ਤੇ ਜੀਵ ਵਿਗਿਆਨ ਵਰਗੇ ਵਿਗਿਆਨ ਵੀ ਵਿਕਸਤ ਹੋ ਰਹੇ ਸਨ। ਵਿਗਿਆਨ ਦਾ ਤਕਨੋਲੋਜੀ ਤੇ ਆਰਥਿਕ ਵਿਕਾਸ ਨਾਲ ਸੰਬੰਧ ਸਥਾਪਿਤ ਹੋ ਰਿਹਾ ਸੀ ਅਤੇ ਉਦਯੋਗਿਕ ਕ੍ਰਾਂਤੀ ਲਈ ਜ਼ਮੀਨ ਤਿਆਰ ਹੋ ਚੁੱਕੀ ਸੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਮਾਰਚ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-524



ਕਾਦਰ ਦੀ ਕਲਾ ਦੇਖ ਕੇ ਆਦੇਸ਼ ਆਖੀਏ ਪਿਆਰੇ
ਇਕੋ ਨਸਲ ਦੇ ਰੰਗ ਅਨੇਕਾਂ ਸਾਜਣਹਾਰੇ ਦੇ ਬਲਿਹਾਰੇ !

### ਕੈਪਸ਼ਨ ਮੁਕਾਬਲਾ-522



ਆਪਣੇ ਲਾਲਚ ਖਾਤਰ ਬੰਦਾ
ਕੁਦਰਤ ਦਾ ਸਮਤੋਲ ਵਿਗਾੜੇ।
ਪਵਨ, ਪਾਣੀ ਤੇ ਧਰਤ ਦੇ ਤਾਈਂ
ਮਨ ਦੀ ਮਰਜ਼ੀ ਨਾਲ ਲਿਤਾੜੇ।
ਬੱਚਾ, ਪੌਦਾ ਅਤੇ ਸਿਲੰਡਰ,
ਭਵਿੱਖ ਦੀ ਖਾਤਰ ਸਾਨੂੰ ਤਾੜੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਕਾਰਪੋਰੇਟ ਜਗਤ ਦਾ
ਖਾਸਾ ਮੁਨਾਫਾ ਪਹਿਲ,
ਧਨ ਰਾਸ਼ੀ ਘਟਾਓ 'ਚ
ਨਹੀਂ ਜਾਣੀ ਚਾਹੀਦੀ,
ਕੁਦਰਤ ਊਰਜਾ ਸਾਧਨ ਵੱਢ-ਕੱਟ
ਲਾਈ ਦਸਤਕਾਰੀ,
ਮਿੱਲਾਂ, ਕਾਰਖਾਨੇ
ਪ੍ਰਦੂਸ਼ਣ ਜ਼ਹਿਰ ਰਲ ਹਵਾ 'ਚ,
ਜੀਊਣਾ ਦੁੱਭਰ ਹੋਇਆ ਅੱਜ,
ਹਾਲ ਅੱਜ ਜ਼ਿੰਦਾ ਭਲਕ ਦਾ ਪਤਾ ਨੀਂ,
ਲਾਓਗੇ ਜੰਗਲਾਂ 'ਚ ਮੰਗਲ ਜੇ,
ਜੀਓਗੇ ਹਜ਼ਾਰਾਂ ਸਾਲ ਹੋਰ,
ਨਹੀਂ ਤੇ ਅੱਜ ਗਏ, ਕੱਲ੍ਹ ਗਏ
ਭਰੋਸਾ, ਹੀ ਨਹੀਂ ਜੀਊਣ ਦਾ,
ਫਰਕ ਬੜਾ ਹੈ ਬਣਾਉਟੀ ਅਤੇ
ਕੁਦਰਤੀ ਊਰਜਾ ਦਾ।
***-ਦਰਸ਼ਨ ਪਾਲ ਦੋਸਾਂਝ***

---

ਰੇਸ਼ਮ ਦਾ ਕੀੜਾ,
ਕੋਕੂਨ 'ਚ ਖਤਮ ਕਰੇ ਜ਼ਿੰਦਗੀ,
ਏਸੇ ਤਰ੍ਹਾਂ ਦੀ ਜੂਨ ਮਨੁਖ ਹੰਢਾਵੇ।
ਪਹਿਲਾਂ ਤਾਂ ਜੰਗਲ
ਕੱਟ-ਕੱਟ ਸੁੱਟੇ ਆਬਾਦੀ ਲਈ
ਉਦਯੋਗੀ ਪ੍ਰਦੂਸ਼ਣ 'ਚ
ਸਾਹ ਵੀ ਨਾ ਆਵੇ।
ਕੁਦਰਤ ਨਾਲੋਂ ਵਧਾਈ ਦੂਰੀ,
ਬੰਦਾ ਆਪਣੀ ਕੀਤੀ
ਉਤੇ ਪਛਤਾਵੇ।
ਹਰ ਮਨੁੱਖੀ ਕਿਰਿਆ ਲਈ
ਜਾਨ ਸੂਲੀ 'ਤੇ ਟੰਗੀ,
ਅੱਕ ਕੇ ਨਵੀਂ ਪੀੜ੍ਹੀ
ਮੁੜ ਪੌਦੇ ਲਗਾਵੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***
***ਫੋਨ: 98784-69639***

---

ਲੱਭ ਰਿਹਾ ਸੀ ਗਵਾਚੀ ਬਸੰਤ ਨੂੰ,
ਬੋਝਲ ਦਿਲ, ਅੱਖਾਂ ਵੀਰਾਨ,
ਮੇਰਾ ਇਹ ਖਾਲੀਪਨ,
ਲਾ ਕੇ ਮੂੰਹ 'ਤੇ ਆਕਸੀਜਨ
ਆਇਆ ਵਿਚਾਰ ਵਿਚ ਮਨ,
ਆਓ, ਬੂਟੇ ਲਾਈਏ।
***-ਬੱਲਾ ਲਬਾਣਾ***
***ਫੋਨ: 848-235-8244***

# ‘ਜਮਰੌਦ’ ਕਹਾਣੀ ਕਿਉਂ ਤੇ ਕਿਵੇਂ ਲਿਖੀ ਗਈ?

'ਚੌਥੀ ਕੂਟ' (1998) ਤੋਂ ਲਗਭਗ ਤੇਈ ਸਾਲ ਬਾਅਦ ਛਪੇ ਮੇਰੇ ਕਹਾਣੀ-ਸੰਗ੍ਰਹਿ 'ਜਮਰੌਦ' (ਦਸੰਬਰ 2021) ਵਿਚ ਕਹਾਣੀ 'ਜਮਰੌਦ' ਨੂੰ ਲਿਖੇ ਜਾਣ ਦਾ ਸਬੱਬ ਕਿਵੇਂ ਬਣਿਆ, ਉਹ ਕਿਹੜੇ ਪ੍ਰੇਰਕ ਸਨ ਜਿਨ੍ਹਾਂ ਨੇ ਮੈਨੂੰ ਕਹਾਣੀ ਲਿਖਣ ਲਈ ਮਜਬੂਰ ਕੀਤਾ, ਇਨ੍ਹਾਂ ਸਭਨਾਂ ਗੱਲਾਂ ਦਾ ਵੇਰਵਾ ਮੈਂ 'ਜਮਰੌਦ' ਕਹਾਣੀ-ਸੰਗ੍ਰਹਿ ਵਿਚ ਲਿਖੇ ਮੁੱਖ-ਬੰਧ 'ਇਹ ਕਹਾਣੀਆਂ ਕਿਵੇਂ ਬਣੀਆਂ?' ਵਿਚ ਦਰਜ ਕੀਤਾ ਹੈ। ਅਜਿਹੇ ਵੇਰਵੇ ਦੂਜੀਆਂ ਕਹਾਣੀਆਂ ਬਾਰੇ ਵੀ ਸਾਂਝੇ ਕੀਤੇ ਗਏ ਹਨ। ਪਰ ਇਥੇ ਕੇਵਲ 'ਜਮਰੌਦ' ਕਹਾਣੀ ਦੀ ਰਚਨਾ ਪ੍ਰਕਿਰਿਆ ਦੇ ਹਵਾਲੇ ਨਾਲ ਹੀ ਗੱਲ ਕੀਤੀ ਜਾ ਰਹੀ ਹੈ। ਉਹ ਵੀ ਕੇਵਲ ਅੱਧੀ ਕੁ ਹੀ। ਪੂਰੀ ਜਾਣਕਾਰੀ ਕਿਤਾਬ ਵਿਚੋਂ ਹੀ ਮਿਲ ਸਕਦੀ ਹੈ।



ਵਰਿਆਮ ਸਿੰਘ ਸੰਧੂ
ਫੋਨ: 747-535-1539

'ਜਮਰੌਦ' ਕਿਉਂ ਤੇ ਕਿਵੇਂ ਲਿਖੀ ਗਈ? ਇਸ ਬਾਰੇ ਕੁਝ ਵੇਰਵੇ ਸਾਂਝੇ ਕੀਤੇ ਜਾ ਰਹੇ ਹਨ।

ਦਸੰਬਰ ਵਿਚ ਹੋਣ ਵਾਲੇ ਇਮਤਿਹਾਨ ਚੱਲ ਰਹੇ ਸਨ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਮਹਾਰਾਜਾ ਰਣਜੀਤ ਸਿੰਘ ਬਲਾਕ ਦੀ ਦੂਜੀ ਮੰਜ਼ਿਲ 'ਤੇ ਇੱਕ ਕਮਰੇ ਵਿਚ ਮੇਰੀ ਨਿਗਰਾਨ ਵਜੋਂ ਡਿਊਟੀ ਲੱਗੀ ਹੋਈ ਸੀ। ਵਿਦਿਆਰਥੀ ਪਰਚੇ ਕਰ ਰਹੇ ਸਨ। ਮੈਂ ਕੁਰਸੀ 'ਤੇ ਬੈਠਾ ਧਿਆਨ ਰੱਖ ਰਿਹਾ ਸਾਂ। ਲਾਗਲੇ ਕਮਰੇ ਵਿਚ ਡਿਊਟੀ ਦੇ ਰਿਹਾ ਮੇਰਾ ਸਹਿਕਰਮੀ ਪ੍ਰੋ. ਹਰਬੰਸ ਸਿੰਘ ਬੋਲੀਨਾ ਪੋਲੇ ਪੈਰੀਂ ਤੁਰਦਾ ਮੇਰੇ ਕੋਲ ਆ ਗਿਆ। ਮੈਂ ਹੱਥ ਮਿਲਾ ਕੇ ਉਹਨੂੰ ਨਾਲ ਦੀ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਉਹਨੇ ਕੁਰਸੀ 'ਤੇ ਬਹਿ ਕੇ ਕੁਰਸੀ ਦਾ ਮੂੰਹ ਮੇਰੇ ਵੱਲ ਮੋੜਿਆ ਤੇ ਹੌਲੀ ਜਿਹੀ ਕਹਿੰਦਾ, 'ਭਾ ਜੀ, ਮੈਂ ਤੁਹਾਨੂੰ ਇੱਕ ਸੱਚੀ ਗੱਲ ਦੱਸਣ ਲੱਗਾ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ 'ਤੇ ਕਹਾਣੀ ਲਿਖੋ।'

ਮੈਂ ਹੱਸ ਪਿਆ। ਬੜੇ ਲੋਕਾਂ ਨੇ ਬਹੁਤ ਵਾਰ ਮੈਨੂੰ ਇਹ ਗੱਲ ਆਖੀ ਹੈ ਕਿ ਮੈਂ ਉਨ੍ਹਾਂ ਵੱਲੋਂ ਸੁਝਾਏ ਵਿਸ਼ੇ ਬਾਰੇ ਕਹਾਣੀ ਲਿਖਾਂ। ਕਹਾਣੀ ਇੰਝ ਥੋੜ੍ਹਾ ਲਿਖੀ ਜਾਂਦੀ ਹੈ ਕਿ ਕਿਸੇ ਨੇ ਕੋਈ ਗੱਲ ਸੁਣਾਈ ਤੇ ਤੁਸੀਂ ਉਸ 'ਤੇ ਕਹਾਣੀ ਲਿਖ ਦਿਓ। ਮੈਨੂੰ ਲੱਗਾ ਕਿ ਹਰਬੰਸ ਵੀ ਕੋਈ ਏਹੋ ਜਿਹੀ ਹੀ 'ਕਥਾ-ਕਹਾਣੀ' ਸੁਣਾਵੇਗਾ।


ਮੇਰੇ ਹਾਸੇ ਦਾ ਅਰਥ ਸਮਝਦਿਆਂ ਉਹ ਪੂਰੀ ਗੰਭੀਰਤਾ ਨਾਲ ਬੋਲਿਆ, 'ਭਾ ਜੀ, ਇਹ ਉਸਤਰ੍ਹਾਂ ਦੀ ਸਾਧਾਰਣ ਗੱਲ ਨਹੀਂ। ਸੁਣੋਗੇ ਤਾਂ ਤੁਸੀਂ ਵੀ ਹੈਰਾਨ ਰਹਿ ਜਾਓਗੇ।'

ਮੈਂ ਗੰਭੀਰ ਹੋ ਗਿਆ। ਉਹਨੇ ਰਹੱਸ ਉਦਘਾਟਨ ਕਰਦਿਆਂ ਕਿਹਾ, 'ਮੈਂ ਇਹ ਗੱਲ ਅੱਜ ਹੀ ਤੁਹਾਡੇ ਨਾਲ ਕਰਨ ਲੱਗਾ ਹਾਂ। ਘਰ ਦੇ ਜੀਆਂ ਤੋਂ ਇਲਾਵਾ ਹੋਰ ਕਿਸੇ ਨਾਲ ਨਹੀਂ ਕੀਤੀ। ਦਸ ਕੁ ਦਿਨ ਹੋਏ ਹੋਣਗੇ ਕਿ ਮੈਨੂੰ ਇੰਗਲੈਂਡ ਤੋਂ ਫ਼ੋਨ ਆਇਆ ਕਿ ਅਮਰ ਸਿੰਘ (ਅਸਲ ਵਿਚ ਨਾਂ ਹੋਰ ਸੀ) ਨੂੰ ਬੜਾ ਹੀ ਖ਼ਾਸ ਤੇ ਗੁਪਤ ਸੁਨੇਹਾ ਦੇਣਾ ਹੈ। ਕਿਸੇ ਹੋਰ ਨਾਲ ਇਹ ਗੱਲ ਨਹੀਂ ਕਰਨੀ।'

ਫਿਰ ਉਹਨੇ ਕਹਾਣੀ ਵਿਚਲਾ ਵੇਰਵਾ ਆਪਣੇ ਸ਼ਬਦਾਂ ਵਿਚ ਸੁਣਾਇਆ। ਅਮਰ ਸਿੰਘ ਨੂੰ ਉਹਦੇ ਪੁੱਤਰ ਨੇ ਕਨੇਡਾ ਦੀ ਸਪਾਂਸਰਸ਼ਿਪ ਭੇਜੀ ਹੋਈ ਸੀ। ਉਨ੍ਹਾਂ ਦੇ ਸਾਰੇ ਪਰਿਵਾਰ ਦਾ ਮੈਡੀਕਲ ਹੋ ਚੁਕਾ ਸੀ। ਵੀਜ਼ੇ ਲੱਗ ਕੇ ਪਾਸਪੋਰਟ ਆ ਚੁੱਕੇ ਸਨ। ਕਣਕਾਂ ਪੱਕਣ 'ਤੇ ਸਨ। ਵਾਢੀਆਂ ਦੇ ਦਿਨ ਆਉਣ ਵਾਲੇ ਸਨ। ਅਮਰ ਸਿੰਘ ਦੀ ਯੋਜਨਾ ਸੀ ਕਿ ਮਹੀਨੇ-ਖੰਡ ਵਿਚ ਕਣਕ ਸਾਂਭ ਲਈ ਜਾਵੇ। ਪਿੱਛੋਂ ਘਰ ਦੀ ਸਾਂਭ-ਸੰਭਾਲ ਦੀ ਸਪੁਰਦਗੀ ਕਰਨ ਦਾ ਕੰਮ ਵੀ ਨਿਪਟ ਜਾਵੇ। ਹੋਰ ਨਿੱਕੇ-ਮੋਟੇ ਪਰਿਵਾਰਕ ਕੰਮ ਵੀ ਨਿਬੇੜ ਲਏ ਜਾਣ। ਇਸ ਲਈ ਕੁਝ ਦਿਨ ਤਾਂ ਚਾਹੀਦੇ ਹੀ ਸਨ। ਪਰ ਫ਼ੋਨ ਕਰਨ ਵਾਲੇ ਨੇ ਆਖਿਆ ਸੀ ਕਿ ਅਮਰ ਸਿੰਘ ਦੇ ਪੁੱਤ ਦੀ ਐਕਸੀਡੈਂਟ ਵਿਚ ਮੌਤ ਹੋ ਗਈ ਹੈ। ਉਹਨੇ ਬੜਾ ਜ਼ੋਰ ਦੇ ਕੇ ਕਿਹਾ ਸੀ ਕਿ ਉਹਦੀ ਮੌਤ ਦੀ ਖ਼ਬਰ ਬਾਹਰ ਨਹੀਂ ਨਿਕਲਣੀ ਚਾਹੀਦੀ। ਇਸ ਗੱਲ ਦਾ ਡਰ ਸੀ ਕਿ ਕਿਤੇ ਕਨੇਡੀਅਨ ਅੰਬੈਸੀ ਨੂੰ ਇਸ ਗੱਲ ਪਤਾ ਨਾ ਲੱਗ ਜਾਵੇ, ਜਾਂ, ਪਤਾ ਲੱਗਣ 'ਤੇ ਕੋਈ ਦੁਸ਼ਮਣ ਹੀ ਨਾ ਮੁਖ਼ਬਰੀ ਕਰ ਦੇਵੇ। ਜਦ ਸਪਾਂਸਰਸ਼ਿਪ ਭੇਜਣ ਵਾਲਾ ਉਹਦਾ ਪੁੱਤ ਹੀ ਨਹੀਂ ਰਿਹਾ ਤਾਂ ਉਨ੍ਹਾਂ ਦੇ ਪਰਿਵਾਰ ਦੀ ਕਨੇਡਾ ਜਾਣ ਦੀ ਯੋਗਤਾ ਆਪਣੇ ਆਪ ਹੀ ਰੱਦ ਹੋ ਸਕਦੀ ਹੈ! ਸੁਨੇਹਾ ਸੀ ਕਿ ਹਰਬੰਸ ਜਾ ਕੇ 'ਅਮਰ ਸਿੰਘ' ਨੂੰ ਵੱਖਰੇ ਕਰ ਕੇ ਇਹ ਗੱਲ ਸਮਝਾ ਦੇਵੇ ਕਿ ਉਹ ਦੋ-ਤਿੰਨ ਦਿਨ ਵਿਚ ਹੀ ਟਿਕਟਾਂ ਲੈ ਕੇ ਸਹਿ-ਪਰਿਵਾਰ ਕਨੇਡਾ ਆ ਜਾਵੇ। ਪਰ ਨਾਲ ਹੀ ਇਹ ਤਾਕੀਦ ਵੀ ਕਰ ਦੇਵੇ ਕਿ 'ਅਮਰ ਸਿੰਘ' ਇਹ ਦੁਖਦਾਈ ਖ਼ਬਰ ਆਪਣੇ ਪਰਿਵਾਰ ਦੇ ਵੀ ਕਿਸੇ ਜੀਅ ਨਾਲ ਸਾਂਝੀ ਨਾ ਕਰੇ। ਕਿਸੇ ਕੋਲ ਵੀ ਇਸ ਗੱਲ ਦੀ ਧੁੱਖ ਨਹੀਂ ਨਿਕਲਣੀ ਚਾਹੀਦੀ। ਘਰ ਦੇ ਜੀਆਂ ਨੂੰ ਪਤਾ ਲੱਗਦਾ ਤਾਂ ਰੋਣ-ਪਿੱਟਣ ਪੈ ਜਾਣਾ ਸੀ ਤੇ ਸਾਰੀ ਗੱਲ ਖੁੱਲ੍ਹ ਜਾਣੀ ਸੀ। ਉਹਨੇ ਹਰਬੰਸ ਨੂੰ ਵੀ ਕਿਹਾ ਕਿ ਉਹ ਵੀ ਇਸ ਭੇਤ ਨੂੰ ਓਨਾ ਚਿਰ ਸਾਂਭ ਕੇ ਰੱਖੇ, ਜਿੰਨਾ ਚਿਰ 'ਅਮਰ ਸਿੰਘ' ਹੁਰੀਂ ਕਨੇਡਾ ਨਹੀਂ ਪਹੁੰਚ ਜਾਂਦੇ।

ਸਾਰੀ ਗੱਲ ਸੁਣਾ ਕੇ ਹਰਬੰਸ ਨੇ ਲੰਮਾਂ ਸਾਹ ਲਿਆ।

'ਸ਼ੁਕਰ ਹੈ ਭਾ ਜੀ, ਕੱਲ੍ਹ ਓਸੇ ਬੰਦੇ ਦਾ ਫ਼ੋਨ ਆਇਆ ਸੀ ਕਿ ਅਮਰ ਸਿੰਘ ਹੁਰੀਂ




ਇਮੀਗ੍ਰੇਸ਼ਨ ਦਾ ਭਵ-ਸਾਗਰ ਪਾਰ ਕੇ 'ਸੁੱਖੀ-ਸਾਂਦੀ' ਕਨੇਡਾ ਪਹੁੰਚ ਗਏ ਨੇ। ਅੱਜ ਇਹ ਭੇਤ ਪਹਿਲੀ ਵਾਰ ਸਵੇਰੇ ਘਰਦਿਆਂ ਨੂੰ ਦੱਸਿਆ ਤੇ ਹੁਣ ਤੁਹਾਡੇ ਨਾਲ ਸਾਂਝਾ ਕੀਤਾ ਹੈ।'

ਏਨਾ ਆਖ ਕੇ ਉਹ ਕੁਝ ਚਿਰ ਲਈ ਖ਼ਾਮੋਸ਼ ਹੋ ਗਿਆ। ਫਿਰ ਕਹਿੰਦਾ, 'ਭਾ ਜੀ, ਪਿਛਲੇ ਦਿਨਾਂ ਤੋਂ, ਜਦ ਦਾ ਫ਼ੋਨ ਆਇਆ ਸੀ, ਮੇਰੇ ਮਨ 'ਤੇ ਬੜਾ ਭਾਰ ਸੀ। ਸੋਚਦਾ ਹੀ ਬੌਂਦਲ ਜਾਂਦਾ ਸਾਂ ਕਿ ਇਹ ਭੇਤ ਅਮਰ ਸਿੰਘ ਨੇ ਆਪਣੇ ਅੰਦਰ ਕਿਵੇਂ ਸਾਂਭਿਆ ਹੋਵੇਗਾ!'

ਹਰਬੰਸ ਤਾਂ ਆਪਣੇ ਕਮਰੇ ਵਿਚ ਮੁੜ ਗਿਆ ਪਰ ਆਪਣਾ ਭਾਰ ਮੇਰੇ ਮਨ 'ਤੇ ਚੜ੍ਹਾ ਗਿਆ। ਅਮਰ ਸਿੰਘ ਨੇ ਪੁੱਤ ਦੀ ਮੌਤ ਦੀ ਖ਼ਬਰ ਦੀ ਅੱਗ ਆਪਣੇ ਕਲੇਜੇ ਵਿਚ ਕਿਵੇਂ ਸਾਂਭੀ ਹੋਵੇਗੀ ਕਿ ਉਹਦੀ ਲਾਟ ਤਾਂ ਕੀ ਉਸਦਾ ਧੂੰਆਂ ਵੀ ਬਾਹਰ ਨਾ ਨਿਕਲਣ ਦਿੱਤਾ!

ਇਸ ਵਿਸ਼ੇ 'ਤੇ ਕਹਾਣੀ ਲਿਖੀ ਤਾਂ ਜਾ ਸਕਦੀ ਸੀ, ਪਰ ਇਸੇ ਵਿਸ਼ੇ ਨੂੰ ਲੈ ਕੇ ਮੇਰੇ ਸਾਹਮਣੇ ਪਹਾੜ ਜਿੱਡੀ ਕਹਾਣੀ ਪਹਿਲਾਂ ਹੀ ਖਲੋਤੀ ਸੀ, 'ਧਰਤੀ ਹੇਠਲਾ ਬੌਲਦ'! ਕੁਲਵੰਤ ਸਿੰਘ ਵਿਰਕ ਦੀ ਇਸ ਮੀਲ-ਪੱਥਰ ਕਹਾਣੀ ਦਾ ਵਿਸ਼ਾ ਵੀ ਮੁੱਖ ਤੌਰ 'ਤੇ ਤਾਂ ਇਹੋ ਹੀ ਸੀ। ਪਿਉ ਆਪਣੇ ਪੁੱਤ ਦੀ ਮੌਤ ਦੀ ਖ਼ਬਰ, ਦਿਲ 'ਤੇ ਪੱਥਰ ਰੱਖ ਕੇ, ਓਨਾ ਚਿਰ ਫ਼ੌਜ 'ਚੋਂ ਛੁੱਟੀ ਆਏ ਆਪਣੇ ਪੁੱਤ ਕਰਮ ਸਿੰਘ ਦੇ ਦੋਸਤ ਮਾਨ ਸਿੰਘ ਨੂੰ ਪਤਾ ਨਹੀਂ ਲੱਗਣ ਦਿੰਦਾ, ਜਿੰਨਾਂ ਚਿਰ ਡਾਕੀਆ ਆ ਕੇ ਇਸ ਦਾ ਭੇਤ ਖੋਲ੍ਹ ਨਹੀਂ ਦਿੰਦਾ। ਇਹ ਵੱਖਰੀ ਗੱਲ ਸੀ ਕਿ ਦੋਵਾਂ ਵੱਲੋਂ ਪੁੱਤ ਦੀ ਮੌਤ ਦਾ ਦੁੱਖ ਸਹਿਣ ਦੇ ਕਾਰਨ ਵੱਖੋ-ਵੱਖਰੇ ਸਨ।

ਮੈਂ ਕਈ ਮਹੀਨੇ ਆਪਣੇ ਨਾਲ ਖੌਝਲਦਾ ਰਿਹਾ। ਅਮਰ ਸਿੰਘ ਦੇ ਦੁੱਖ ਦੀ ਲਾਟ ਮੇਰੇ ਅੰਦਰ ਬਲਦੀ ਪਈ ਸੀ। ਜਦ ਘਰਵਾਲੀ ਨੂੰ ਇਹ ਗੱਲ ਦੱਸੀ ਤਾਂ ਮੇਰਾ ਗੱਚ ਭਰ ਆਇਆ। ਕਹਿੰਦੀ, 'ਤੁਹਾਡਾ ਅੰਦਰ ਇਸ ਦੁੱਖ ਤੋਂ ਓਨਾ ਚਿਰ ਮੁਕਤ ਨਹੀਂ ਹੋਣਾ, ਜਿੰਨਾ ਚਿਰ ਕਹਾਣੀ ਲਿਖ ਕੇ ਸਿਰੋਂ ਭਾਰ ਨਹੀਂ ਲਾਹ ਲੈਂਦੇ।'

ਪਰ ਜਦ ਵੀ ਕਹਾਣੀ ਲਿਖਣ ਬਾਰੇ ਸੋਚਦਾ ਤਾਂ ਵਿਚਕਾਰ 'ਧਰਤੀ ਹੇਠਲਾ ਬੌਲਦ' ਆਣ ਖਲੋਂਦੀ।

ਇੱਕ ਦਿਨ ਮੈਂ ਆਪਣੀ ਐਮ ਏ ਦੀ ਜਮਾਤ ਨੂੰ ਅਮਰ ਸਿੰਘ ਵਾਲੀ ਗੱਲ ਸੁਣਾਈ। ਦੱਸਿਆ ਕਿ ਇਸ ਬਾਰੇ ਕਹਾਣੀ ਲਿਖਣੀ ਚਾਹੁੰਦਾ ਹਾਂ, ਪਰ 'ਧਰਤੀ ਹੇਠਲਾ ਬੌਲਦ' ਪੇਸ਼ ਨਹੀਂ ਜਾਣ ਦਿੰਦੀ। ਵਿਦਿਆਰਥੀ ਇੱਕੋ-ਸਾਹੇ ਬੋਲੇ, 'ਜੀ ਕਹਾਣੀ ਜ਼ਰੂਰ ਲਿਖਣੀ ਚਾਹੀਦੀ ਹੈ। ਇਹ ਉਸ ਨਾਲੋਂ ਵੱਖਰੀ ਗੱਲ ਹੈ।'

ਇੱਕ ਕੁੜੀ ਉਠ ਕੇ ਖਲੋ ਗਈ। ਕਹਿੰਦੀ, 'ਸਰ! ਕਹਾਣੀ ਜ਼ਰੂਰ ਲਿਖੋ। ਸਾਡੇ ਟੱਬਰ ਵਿਚ ਵੀ ਕੁਝ ਸਾਲ ਪਹਿਲਾਂ ਇਹੋ ਜਿਹਾ ਦੁਖਾਂਤ ਵਾਪਰਿਆ ਸੀ। ਮੈਂ ਆਪ ਏਸੇ ਪੀੜ ਵਿਚੋਂ ਲੰਘੀ ਹਾਂ।'

ਮੈਂ ਉਹਨੂੰ ਕਿਹਾ ਕਿ ਉਹ ਆਪਣੀ ਦੁਖਾਂਤ-ਕਹਾਣੀ ਮੈਨੂੰ ਪੂਰੇ ਵਿਸਥਾਰ ਨਾਲ ਲਿਖ ਕੇ ਦੇਵੇ। ਉਹ ਦੋ ਦਿਨ ਕਾਲਜ ਨਾ ਆਈ ਤੇ ਤੀਜੇ ਦਿਨ ਕਾਪੀ ਦੇ ਚਾਲੀ-ਪੰਜਾਹ ਸਫ਼ਿਆਂ 'ਤੇ ਲਿਖਿਆ ਬਿਰਤਾਂਤ ਮੇਰੇ ਹਵਾਲੇ ਕਰ ਦਿੱਤਾ। ਕੁੜੀ ਆਪਣੇ ਮਾਮੇ ਦੇ ਘਰ ਰਹਿ ਕੇ ਪਲੀ ਸੀ। ਮਾਮੇ ਦੇ ਪੁੱਤ ਨੇ ਉਹਨੂੰ ਛੋਟੀ ਭੈਣ ਵਾਂਗ ਲਡਿਆਇਆ ਸੀ। ਭਰਾ ਖੱਟੀ-ਕਮਾਈ ਕਰਨ ਡੁਬਈ ਚਲਾ ਗਿਆ। ਕੁਝ ਸਾਲਾਂ ਬਾਅਦ ਉਹਦੀ ਵੀ ਕਿਸੇ ਦੁਰਘਟਨਾਂ ਵਿਚ ਮੌਤ ਹੋ ਗਈ। ਉਹਦੀ ਮ੍ਰਿਤਕ ਦੇਹ ਦੇ ਪੰਜਾਬ ਲਿਆਂਦੇ ਜਾਣ ਦਾ ਬੰਦੋਬਸਤ ਹੋ ਗਿਆ ਸੀ। ਜਦ ਖ਼ਬਰ ਮਿਲੀ ਤਾਂ ਮੁੰਡੇ ਦੇ ਬਾਪ, ਉਸ ਕੁੜੀ ਦੇ ਮਾਮੇ ਨੇ ਸਭ ਨੂੰ ਕਿਹਾ ਕਿ ਉਹਦੀ ਘਰਵਾਲੀ ਨੂੰ ਇਸ ਗੱਲ ਦਾ ਓਨਾ ਚਿਰ ਪਤਾ ਨਹੀਂ ਲੱਗਣਾ ਚਾਹੀਦਾ, ਜਿੰਨਾ ਚਿਰ ਪੁੱਤ ਦੀ ਦੇਹ ਘਰ ਨਹੀਂ ਪਹੁੰਚ ਜਾਂਦੀ। ਅੱਗੇ ਇਸ ਖ਼ਬਰ ਨੂੰ ਲੁਕਾਉਣ ਲਈ ਕੀਤੇ ਯਤਨਾਂ ਦੇ ਦੁਖਾਂਤਕ ਵੇਰਵੇ ਦਰਜ ਸਨ। ਭੈਣ-ਭਰਾ ਦੇ ਪਿਆਰ ਦੀਆਂ ਕਹਾਣੀਆਂ ਸਨ। ਅਗਲੇ ਦਿਨ ਮੈਂ ਕੁੜੀ ਨੂੰ ਕੋਲ ਬੁਲਾ ਕੇ ਉਹਦੇ ਸਿਰ 'ਤੇ ਪਿਆਰ ਨਾਲ ਹੱਥ ਫੇਰ ਕੇ ਗਲ ਨਾਲ ਲਾਇਆ, ਜਿਸਨੂੰ ਖ਼ੁਦ ਇਸ ਖ਼ਬਰ ਨੂੰ ਲੁਕਾਉਣ ਲਈ ਭਾਰੀ ਮਾਨਸਿਕ ਪੀੜ ਵਿਚੋਂ ਗੁਜ਼ਰਨਾ ਪਿਆ ਸੀ। ਕਹਾਣੀ ਵਿਚ ਅਮਰੀਕ ਵੱਲੋਂ ਆਪਣੀ ਭੈਣ ਛਿੰਦਰ ਨੂੰ ਲਸੂੜੇ 'ਤੇ ਚੜ੍ਹਾ ਕੇ ਲਾਡਲੀ ਤੇ ਪਿਆਰੀ ਛੇੜ-ਛਾੜ ਵਾਲਾ ਬਿਰਤਾਂਤ ਉਸ ਕੁੜੀ ਦੀ ਲਿਖਤ ਦਾ ਹੀ ਸੋਧਿਆ ਰੂਪ ਹੈ।

ਦਸ-ਬਾਰਾਂ ਸਾਲ ਇਹ ਦੁੱਖ ਮੇਰੇ ਅੰਦਰ ਰਿੱਝਦਾ ਰਿਹਾ। ਮੈਂ ਮਨ ਵਿਚ ਲਿਖੇ ਜਾਣ ਵਾਲੀ ਕਹਾਣੀ ਦੀ ਭੰਨ-ਤੋੜ ਕਰਦਾ ਰਿਹਾ। ਆਖ਼ਰਕਾਰ ਕਹਾਣੀ ਲਿਖਣ ਲਈ ਪ੍ਰੇਰਕ ਨੁਕਤਾ ਮੇਰੇ ਮਨ ਵਿਚ ਲਿਸ਼ਕਿਆ। 'ਧਰਤੀ ਹੇਠਲਾ ਬੌਲਦ' ਦਾ ਬਿਰਤਾਂਤ 'ਮਾਨਵੀ ਦਾਇਰੇ' ਵਿਚ ਵਿਚਰਨ ਵਾਲਾ ਸੀ ਪਰ ਮੈਂ ਆਪਣੀ ਕਹਾਣੀ ਨੂੰ ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਦੀ ਲੰਮੀ ਪ੍ਰਕਿਰਿਆ ਦੇ ਇਤਿਹਾਸ ਨਾਲ ਜੋੜ ਕੇ 'ਇਤਿਹਾਸਕ ਦਾਇਰੇ' ਵਿਚ ਸਿਰਜਣ ਦਾ ਮਨ ਬਣਾ ਲਿਆ। ਪਰ ਅਜਿਹਾ ਕਰਦਿਆਂ ਮੈਂ 'ਧਰਤੀ ਹੇਠਲਾ ਬੌਲਦ' ਤੋਂ ਅੱਖ ਚੁਰਾ ਕੇ ਨਹੀਂ ਸਾਂ ਲੰਘ ਸਕਦਾ। 'ਅਰਜਨ' ਨੂੰ 'ਆਪਣਾ ਯੁੱਧ' ਸ਼ੁਰੂ ਕਰਨ ਤੋਂ ਪਹਿਲਾਂ ਦ੍ਰੋਣਾਚਾਰਯ ਦੇ ਪੈਰਾਂ ਵਿਚ ਨਮਸਕਾਰੀ ਤੀਰ ਚਲਾਉਣਾ ਚਾਹੀਦਾ ਸੀ! ਮੈਂ ਕੁਲਵੰਤ ਸਿੰਘ ਵਿਰਕ ਨੂੰ ਨਮਸਕਾਰ ਕੀਤੀ ਤੇ ਆਪਣੀ ਕਹਾਣੀ ਨੂੰ ਵੀ 'ਧਰਤੀ ਹੇਠਲਾ ਬੌਲਦ' ਵਾਲੇ ਪਿੰਡ ਅਤੇ ਪਰਿਵਾਰ ਨਾਲ ਜੋੜ ਦਿੱਤਾ।

ਧਿਆਨ ਨਾਲ ਵੇਖਿਆਂ ਪਤਾ ਚੱਲ ਜਾਵੇਗਾ ਕਿ ਕਹਾਣੀ ਵਿਚ ਜਰਨੈਲ ਸਿੰਘ ਦਾ ਪਾਤਰ ਉਸ ਮੁੰਡੇ ਨੂੰ ਬਣਾਇਆ ਗਿਆ ਹੈ, ਜੋ 'ਧਰਤੀ ਹੇਠਲਾ ਬੌਲਦ' ਵਾਲੇ 'ਕਰਮ ਸਿੰਘ' ਦਾ ਪੁੱਤਰ ਹੈ, ਜਿਹੜਾ ਮਾਨ ਸਿੰਘ ਦੇ ਆਉਣ 'ਤੇ ਡਿਊੜ੍ਹੀ ਵਿਚ ਖੇਡਦਾ ਫਿਰਦਾ ਸੀ। 'ਧਰਤੀ ਹੇਠਲਾ ਬੌਲਦ' ਵਾਲਾ ਕਰਮ ਸਿੰਘ 'ਜਮਰੌਦ' ਵਿਚ ਵੀ 'ਕਰਮ ਸਿੰਘ' ਹੀ ਰਹਿੰਦਾ ਹੈ, ਪਰ, 'ਧਰਤੀ ਹੇਠਲਾ ਬੌਲਦ' ਵਿਚਲੇ ਕਰਮ ਸਿੰਘ ਦੇ ਛੋਟੇ ਭਰਾ ਜਸਵੰਤ ਦਾ ਨਾਂ ਮੈਂ 'ਜਮਰੌਦ' ਵਿਚ ਜਾਣ-ਬੁੱਝ ਕੇ ਸਾਹਿਤਕ ਓਹਲਾ ਰੱਖਣ ਲਈ ਧਰਮ ਸਿੰਘ ਰੱਖਿਆ ਹੈ। ਬਰ੍ਹਮਾਂ ਦੇ ਫ਼ਰੰਟ 'ਤੇ ਕਰਮ ਸਿੰਘ ਦੇ ਮਾਰੇ ਜਾਣ ਦਾ ਬਿਰਤਾਂਤ ਅਤੇ ਜਦ ਉਹ ਜਿਉਂਦੇ-ਜੀਅ ਛੁੱਟੀ ਆਉਂਦਾ ਸੀ, ਤਾਂ, ਉਹਦਾ ਖੂਹੀ 'ਤੇ ਨਹਾਉਣ ਦਾ ਬਿਰਤਾਂਤ, ਵਿਰਕ ਦੀ ਕਹਾਣੀ ਨਾਲ ਜੁੜਦੇ ਸੰਕੇਤ ਹੀ ਨੇ। ਜਿਵੇਂ ਵਿਰਕ ਦੀ ਕਹਾਣੀ ਵਿਚ ਤਰਨਤਾਰਨ ਮੱਥਾ ਟੇਕਣ ਦਾ ਹਵਾਲਾ ਹੈ, 'ਜਮਰੌਦ' ਵਿਚ ਵੀ ਇਹ ਹਵਾਲਾ ਮਿਲਦਾ ਹੈ। ਸੋ ਉਨੀ-ਇੱਕੀ ਦੇ ਫ਼ਰਕ ਨਾਲ ਇਹ ਓਹੋ ਪਰਿਵਾਰ ਹੈ, ਚੜ੍ਹਤ ਸਿੰਘ ਦਾ, ਜੋ ਵਿਰਕ ਦੀ ਕਹਾਣੀ ਵਿਚਲਾ ਦੁੱਖ ਸਹਿਣ ਵਾਲਾ ਬਜ਼ੁਰਗ ਵੀ ਹੈ; ਭਾਵੇਂ ਆਪਣੀ ਕਹਾਣੀ ਦੀਆਂ ਆਪਣੀਆਂ ਲੋੜਾਂ ਮੁਤਾਬਕ ਇਸ ਵਿਚ ਕਈ ਤਬਦੀਲੀਆਂ ਵੀ ਕਰਨੀਆਂ ਪਈਆਂ। ਮਸਲਨ: ਕਰਮ ਸਿੰਘ ਦੀ ਮੌਤ ਵੇਲੇ ਮੇਰਾ ਪਾਤਰ ਚੜ੍ਹਤ ਸਿੰਘ ਜੇਲ੍ਹ ਵਿਚ ਹੈ ਤੇ ਵਿਰਕ ਦੀ ਕਹਾਣੀ ਵਾਲਾ ਬਜ਼ੁਰਗ ਬਾਪ ਘਰ ਵਿਚ ਹੀ ਹੈ। ਉਝ ਫ਼ੌਜੀ ਗਾਰਦ ਕੋਲੋਂ ਹਥਿਆਰ ਖੋਹਣ ਲਈ 'ਵੱਲੋਂ' ਪਿੰਡ ਦੀ ਨਹਿਰ ਦੇ ਪੁਲ 'ਤੇ ਮਾਰੇ ਡਾਕੇ ਵਿਚ ਹੋਰਨਾਂ ਗ਼ਦਰੀਆਂ ਨਾਲ ਜਿਹੜੇ ਗ਼ਦਰੀ ਗਏ ਸਨ, ਉਨ੍ਹਾਂ ਵਿਚ ਠੱਠੀ ਖਾਰੇ ਪਿੰਡ ਦੇ ਗ਼ਦਰੀ ਹਰਨਾਮ ਸਿੰਘ ਤੇ ਆਤਮਾ ਸਿੰਘ ਵੀ ਸਨ, ਜਿਹੜੇ ਫੜੇ ਜਾਣ ਬਾਅਦ ਆਪਣੇ ਤਿੰਨ ਹੋਰ ਸਾਥੀਆਂ ਨਾਲ ਫਾਂਸੀ ਲਾ ਦਿੱਤੇ ਗਏ। ਸੋ ਮੂਲ ਰੂਪ ਵਿਚ ਇਹ ਮਾਝੇ ਦਾ ਉਹੋ ਪਿੰਡ ਹੈ, ਜੋ ਵਿਰਕ ਦੀ ਕਹਾਣੀ ਵਾਲਾ ਪਿੰਡ ਹੀ ਹੈ, 'ਠੱਠੀ ਖਾਰਾ'।

ਵਿਰਕ ਦੀ ਕਹਾਣੀ ਵਿਚ ਕਰਮ ਸਿੰਘ ਦੇ ਪਿਤਾ ਦਾ ਧਰਤੀ ਜੇਡਾ ਜੇਰਾ ਹੈ, ਤੇ, ਇਸ ਜੇਰੇ ਦਾ ਆਧਾਰ ਤੇ ਪ੍ਰੇਰਨਾ-ਸ੍ਰੋਤ ਵੀ ਇਹ 'ਧਰਤੀ' ਅਤੇ ਇਹਦਾ ਵੱਡੇ ਜੇਰੇ ਵਾਲੇ ਸੂਰਮਿਆਂ ਦਾ ਇਤਿਹਾਸ ਹੈ। ਇਸ ਇਤਿਹਾਸ ਵੱਲ ਵਿਰਕ ਨੇ ਕਹਾਣੀ ਦੇ ਆਖ਼ਰੀ ਪੈਰੇ ਵਿਚ ਸੰਕੇਤਕ ਜ਼ਿਕਰ ਕੁਝ ਇਸਤਰ੍ਹਾਂ ਕੀਤਾ ਹੈ: 'ਮੁੜਦੇ ਹੋਏ ਮਾਨ ਸਿੰਘ ਨੇ ਮਾਝੇ ਦੇ ਪਿੰਡ ਵੇਖੇ, ਜਿਨ੍ਹਾਂ ਦਾ ਬਾਬਾ ਜੰਮਪਲ ਸੀ। ਇਨ੍ਹਾਂ ਦੁਆਲੇ ਬਚਾਅ ਲਈ ਕਿਲ੍ਹੇ ਕੋਟ ਉਸਰੇ ਹੋਏ ਸਨ, ਥਾਂ ਥਾਂ ਮੜ੍ਹੀਆਂ ਅਤੇ ਸਮਾਧਾਂ ਸਨ, ਜਿਹੜੀਆਂ ਪਿਛਲੀਆਂ ਪੀੜ੍ਹੀਆਂ ਵਿਚ ਇਨ੍ਹਾਂ ਲੋਕਾਂ ਦੀ ਭਾਰਤ 'ਤੇ ਧਾਵਾ ਕਰਨ ਵਾਲਿਆਂ ਨਾਲ ਲੜਨ-ਮਰਨ ਦੀਆਂ ਕਹਾਣੀਆਂ ਦੱਸਦੀਆਂ ਸਨ। ਇਸੇ ਕਰ ਕੇ ਬਾਬੇ ਦੀ ਸਹਿਣ-ਸ਼ਕਤੀ ਇੰਨੀ ਵਧੀ ਹੋਈ ਸੀ। ਉਹ ਦੂਜਿਆਂ ਨੂੰ ਹੌਲਾ ਰੱਖਣ ਲਈ ਆਪ ਹੋਰ ਭਾਰ ਚੁੱਕਣਾ ਚਾਹੁੰਦਾ ਸੀ।'

ਵਿਰਕ ਦੀ ਕਹਾਣੀ ਦੇ ਅੰਤ 'ਤੇ ਸੁਝਾਈ ਗਈ ਇਤਿਹਾਸ ਦੀ ਇਸ ਸੰਕੇਤਕ ਸ਼ਕਤੀ ਨੂੰ ਮੈਂ ਇਤਿਹਾਸਕ ਪ੍ਰਸੰਗਾਂ ਦੀ ਪ੍ਰਕਿਰਿਆ ਵਿਚ ਫੈਲਾਉਣਾ ਅਤੇ ਬਿਆਨਣਾ ਸੀ। ਮਾਝੇ ਦੇ ਪਿੰਡਾਂ ਦੁਆਲੇ ਭਾਰਤ 'ਤੇ ਧਾਵਾ ਕਰਨ ਵਾਲਿਆਂ ਨਾਲ ਲੜਨ-ਮਰਨ ਦੀਆਂ ਕਹਾਣੀਆਂ ਦੱਸਣ ਵਾਲੇ ਕਿਲ੍ਹੇ-ਕੋਟਾਂ, ਮੜ੍ਹੀਆਂ ਅਤੇ ਸਮਾਧਾਂ ਨਾਲ ਜੋੜ ਕੇ ਸਜਿੰਦ ਬਿਰਤਾਂਤ ਉਸਾਰਨਾ ਮੇਰੀ ਸਿਰਜਣਾਤਮਕ ਜ਼ਿੰਮੇਵਾਰੀ ਸੀ।

ਅਸਲ ਵਿਚ 'ਜਮਰੌਦ' ਵਿਚ 'ਠੱਠੀ ਖਾਰਾ' ਪਿੰਡ ਨੂੰ ਜਾਣ-ਬੁੱਝ ਕੇ ਬੇਨਾਮ ਰੱਖਿਆ ਗਿਆ ਹੈ। ਇਹ ਇਸ ਕਰ ਕੇ, ਕਿਉਂਕਿ, ਇਹ ਇੱਕ ਪਿੰਡ ਹੀ ਨਹੀਂ, ਪੂਰਾ ਪੰਜਾਬ ਹੈ, ਪੰਜਾਬ ਦਾ ਕਈ ਸਦੀਆਂ ਦਾ ਗਤੀਸ਼ੀਲ ਇਤਿਹਾਸ ਹੈ। ਰਾਜਨੀਤਕ, ਸਮਾਜਿਕ, ਸਭਿਆਚਾਰਕ ਜਾਂ ਆਰਥਿਕ ਹੀ ਨਹੀਂ, ਸਾਹਿਤਕ-ਇਤਿਹਾਸ ਵੀ ਹੈ। ਪੰਜਾਬ ਦੀਆਂ ਰਗਾਂ ਵਿਚ ਵਹਿੰਦਾ ਹੋਇਆ ਲਹੂ ਹੈ। ਕਹਾਣੀ ਵਿਚ ਇਸ ਇਤਿਹਾਸਕ ਨਿਰੰਤਰਤਾ ਦੇ ਸੰਕੇਤ ਸਾਫ਼ ਲੱਭਦੇ ਹਨ। ਇਹ ਕਹਾਣੀ 'ਧਰਤੀ ਹੇਠਲਾ ਬੌਲਦ' ਵਾਲੀ ਪਰੰਪਰਾ ਦੀ ਵਾਰਿਸ ਕਹਾਣੀ ਹੈ, ਜਿਸ ਦੇ ਨਾਇਕ ਅਸਲੋਂ ਸਾਧਾਰਨ ਮਨੁੱਖ ਹੋਣ ਦੇ ਬਾਵਜੂਦ, ਸਿਰ ਤੇ ਪਈ ਬਿਪਤਾ ਵੇਲੇ ਅਸਾਧਾਰਨ ਜਿਗਰੇ ਵਾਲੇ ਹੋ ਨਿੱਬੜਦੇ ਨੇ। ਇਹੋ ਬੰਦੇ ਪੰਜਾਬੀ ਬੰਦੇ ਦੀ ਪ੍ਰਮਾਣਿਕ ਪਛਾਣ ਨੇ; ਜਿਹੜੇ ਡਿੱਗਣ-ਡਿੱਗਣ ਕਰਦੇ ਪੰਜਾਬ ਨੂੰ ਆਪਣੇ ਮੋਢਿਆਂ ਤੇ ਚੁੱਕ ਕੇ ਮੁੜ ਖੜ੍ਹਾ ਕਰ ਸਕਦੇ ਸਨ।

ਇੰਝ ਹਾਲਾਤ ਅਤੇ ਇਤਿਹਾਸ ਦੇ ਦਬਾਵਾਂ ਅਧੀਨ ਇਕੋ ਪਿੰਡ ਅਤੇ ਦੋ ਭਰਾਵਾਂ (ਮੋਹਣ ਸਿੰਘ ਉਰਫ਼ ਚੜ੍ਹਤ ਸਿੰਘ ਅਤੇ ਸੋਹਣ ਸਿੰਘ) ਦੇ ਇੱਕੋ ਪਰਿਵਾਰ ਦੀ ਨਾਭੀ ਵਿਚੋਂ ਸੌ-ਡੇਢ ਸੌ ਸਾਲਾਂ ਵਿਚ ਬਦਲ ਰਹੇ ਪੰਜਾਬੀ ਬੰਦੇ ਅਤੇ ਪੰਜਾਬੀ ਬੰਦੇ ਦੀ ਹਸਤੀ ਤੇ ਹੋਣੀ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਹੀ ਹੈ ਇਹ ਕਹਾਣੀ। ਏਸੇ ਕੋਸ਼ਿਸ਼ ਵਿਚੋਂ ਮੈਂ ਇਸ ਸਵਾਲ ਨਾਲ ਦਸਤਪੰਜਾ ਲੈਣਾ ਸੀ ਕਿ ਅਸਾਧਾਰਨ ਜਿਗਰਿਆਂ ਵਾਲੇ ਇਹ ਲੋਕ ਹੁਣ ਡਿੱਗ ਰਹੇ ਪੰਜਾਬ ਨੂੰ ਮੋਢਾ ਦੇਣ ਤੋਂ ਅਸਮਰੱਥ ਕਿਉਂ ਹੁੰਦੇ ਜਾ ਰਹੇ ਨੇ! ਹੁਣ ਇਹ 'ਧਰਤੀ ਹੇਠਲੇ ਬੌਲਦ' ਕਿੱਥੇ ਤੇ ਕਿਉਂ ਗ਼ਰਕਦੇ ਜਾ ਰਹੇ ਨੇ ਤੇ ਇਨ੍ਹਾਂ ਹੇਠਲੇ ਪੈਰਾਂ ਹੇਠਲੀ ਜ਼ਮੀਨ ਅਮਰੀਕਾ-ਕਨੇਡਾ ਕਿਉਂ ਖੋਹ ਕੇ ਲੈ ਚੱਲਿਆ ਏ! ?

ਇੰਝ ਇਹ ਕਹਾਣੀ ਜਿੱਥੇ ਪੰਜਾਬ ਦੇ ਇਤਿਹਾਸ ਦੇ ਹੋਰ ਪੱਖਾਂ ਨਾਲ ਜੁੜਦੀ ਹੈ, ਓਥੇ ਪੰਜਾਬੀ ਕਹਾਣੀ ਦੇ ਇਤਿਹਾਸ ਨਾਲ ਵੀ ਜੁੜਦੀ ਹੈ। ਏਥੇ ਮਕਸਦ ਸਿਰਫ਼ ਏਸ ਤੱਥ ਵੱਲ ਧਿਆਨ ਦਿਵਾਉਣਾ ਹੈ ਕਿ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਦੋਵਾਂ ਕਹਾਣੀਆਂ ਦੇ ਮਿਲਣ ਬਿੰਦੂ ਤੇ ਵਿਛੜਨ ਬਿੰਦੂ ਦੇ ਦਰਮਿਆਨ ਪੰਜਾਬ ਦੇ ਇਤਿਹਾਸ ਵਿਚ ਤੇ ਸਾਹਿਤ ਦੇ ਇਤਿਹਾਸ ਵਿਚ (ਕਹਾਣੀ-ਵਿਧਾ ਦੇ ਨਿਰੋਲ 'ਮਾਨਵੀ ਦਾਇਰੇ' ਵਿਚੋਂ ਨਿਕਲ ਕੇ 'ਇਤਿਹਾਸਕ ਦਾਇਰੇ' ਦੀ ਯਾਤਰਾ ਤੱਕ) ਵੀ, ਕੀ-ਕੁਝ ਤੇ ਕਿੰਨਾ-ਕੁਝ ਵਾਪਰ/ਬਦਲ ਗਿਆ ਏ ਤੇ ਕਿਉਂ ਵਾਪਰ/ਬਦਲ ਗਿਆ ਏ!

# ਪੀੜਤ ਕਰਦਾ ਹੈ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਪੀੜਾਂ ਦਾ ਜ਼ਿਕਰ ਕੀਤਾ ਹੈ , ਜੋ ਹਰੇਕ ਇਨਸਾਨ ਦੇ ਹਿੱਸੇ ਆਉਂਦੀਆਂ ਹਨ। ਕਿਸੇ ਦੇ ਹਿੱਸੇ ਇਹ ਘੱਟ ਆਉਂਦੀਆਂ ਹਨ ਤੇ ਕਿਸੇ ਦੇ ਵੱਧ ਪਰ ਪੀੜ ਵਿਚ ਜਿਊਣ ਦੀ ਜਾਚ ਸਿਖ ਕੇ ਹੀ ਵਧੀਆ ਜੀਵਨ ਜੀਵਿਆ ਜਾ ਸਕਦਾ ਹੈ ਕਉਂਕਿ ਪੀੜ ਨੇ ਤਾਂ ਕਿਸੇ ਨਾ ਕਿਸੇ ਰੂਪ ਵਿਚ ਜੀਵਨ ਬਰੂਹਾਂ 'ਤੇ ਮਿਲਦੇ ਹੀ ਰਹਿਣਾ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕੁਝ ਲੋਕਾਂ ਦੇ ਪੱਲਿਆਂ ਵਿਚ ਪੀੜਾਂ ਹੁੰਦੀਆਂ। ਉਹ ਪੀੜਾਂ ਦਾ ਵਣਜ ਕਰਦੇ, ਪੀੜਾਂ ਵੰਡਦੇ, ਪੀੜਾਂ ਹੰਢਾਉਂਦੇ, ਪੀੜਾਂ 'ਚ ਜਿਉਂਦੇ ਅਤੇ ਪੀੜਾਂ ਨਾਲ ਹੀ ਟੁੱਟੇ ਹੋਏ ਸਾਹਾਂ ਦੀ ਤੰਦ ਸਿਉਂਦੇ।

ਪੀੜਾਂ ਵਿਚੋਂ ਹੋਰ ਬਹੁਤ ਸਾਰੀਆਂ ਪੀੜਾਂ ਜਨਮ ਲੈਂਦੀਆਂ। ਇਹ ਪੀੜਾਂ ਦੀ ਨਗਰੀ ਵਸਾਉਂਦੀਆਂ। ਪੀੜਾਂ ਦਾ ਹੋਕਰਾ ਦਿੰਦੀਆਂ, ਪੀੜਾਂ ਦੇ ਗੀਤ ਗਾਉਂਦੀਆਂ ਅਤੇ ਜੀਵਨ ਦੀ ਝੋਲੀ ਵਿਚ ਪੀੜਾਂ ਦਾ ਪਰਾਗਾ ਪਾਉਂਦੀਆਂ। ਪੀੜਾਂ ਦੀ ਵਹਿੰਗੀ ਢੋਣਾ ਸਭ ਤੋਂ ਔਖਾ ਅਤੇ ਸਭ ਤੋਂ ਆਸਾਨ ਵੀ। ਇਹ ਇਸ 'ਤੇ ਨਿਰਭਰ ਕਰਦਾ ਕਿ ਇਹ ਪੀੜਾਂ ਕਿਸ ਨੇ ਦਿੱਤੀਆਂ, ਕਿਉਂ ਦਿੱਤੀਆਂ ਅਤੇ ਇਨ੍ਹਾਂ ਪੀੜਾਂ ਨੂੰ ਮਨਸਣ ਵਾਲੇ ਦੀ ਕੀ ਏ ਮਨਸ਼ਾ?

ਪੀੜਾਂ ਆਪਣੇ ਵੀ ਦਿੰਦੇ ਅਤੇ ਪਰਾਏ ਵੀ। ਕੋਲ ਕੋਲ ਰਹਿੰਦੇ ਵੀ ਅਤੇ ਦੂਰ ਰਹਿੰਦਿਆਂ ਵੀ। ਸਾਹਮਣੇ ਨਜ਼ਰ ਆਉਂਦੇ ਵੀ ਅਤੇ ਅਦਿੱਖ ਵੀ। ਸਪੱਸ਼ਟ ਰੂਪ ਵਿਚ ਵੀ ਅਤੇ ਸੂਖਮ ਰੂਪ ਵਿਚ ਵੀ। ਸਮਝਦਾਰੀ ਨਾਲ ਵੀ ਤੇ ਸ਼ਰਾਰਤ ਨਾਲ ਵੀ। ਬੇਧਿਆਨੀ ਨਾਲ ਵੀ ਅਤੇ ਜਾਣਬੁੱਝ ਕੇ ਵੀ। ਇਹ ਤਾਂ ਪੀੜਾਂ ਦੀ ਤਾਸੀਰ ਨੇ ਸਾਬਤ ਕਰਨਾ ਹੁੰਦਾ ਕਿ ਇਨ੍ਹਾਂ ਪੀੜਾਂ ਵਿਚ ਪਿੰਝ ਕੇ ਮਨੁੱਖ ਨੇ ਪਿੰਜਰ ਬਣਨਾ ਜਾਂ ਇਨ੍ਹਾਂ ਪੀੜਾਂ ਨੂੰ ਪਤੁੱਲ ਬਣਾ ਕੇ ਨਵੀਆਂ ਸਿਦਕ-ਰਾਹਾਂ ਅਤੇ ਸਾਧਨਾ-ਸੰਗਰਾਮ ਨੂੰ ਪੇਸ਼ਕਦਮੀਆਂ ਦਾ ਨਾਮ ਦੇਣਾ।

ਕਈ ਵਾਰ ਪੀੜਾਂ ਪ੍ਰਾਹੁਣੀਆਂ ਬਣ ਕੇ ਆਉਂਦੀਆਂ ਅਤੇ ਪੱਕੇ ਡੇਰੇ ਲਾ ਲੈਂਦੀਆਂ। ਆਪਣੀ ਹੋਂਦ ਨਾਲ ਵਕਤ ਦੇ ਵਿਹੜੇ ਚੀਸ ਪੈਦਾ ਕਰਦੀਆਂ, ਜਿਸ ਵਿਚ ਧੁਖ-ਧੁਖ ਕੇ ਮਰਦੇ ਨੇ ਚਾਅ, ਘੁੱਟਦਾ ਏ ਹਰ ਸਾਹ, ਉਠਦੀ ਹੈ ਹਿੱਕ 'ਚੋਂ ਆਹ ਅਤੇ ਜੀਵਨ ਦੀ ਹਰ ਖੁਸ਼ੀ ਬਣ ਜਾਂਦੀ ਇਕ ਸਜ਼ਾ। ਇਸ ਸਜ਼ਾ ਨੂੰ ਕੱਟਦਿਆਂ, ਜੀਵਨ-ਤਰਾਸਦੀਆਂ ਵਿਚੋਂ ਨਵੀਂ ਆਸ/ਉਮੀਦ ਜਗਾਉਣ ਲਈ ਬਹੁਤ ਕੁਝ ਜ਼ੀਰਨਾ ਅਤੇ ਜ਼ਰਨਾ ਪੈਂਦਾ।

ਪੀੜਾਂ ਹਰ ਇਕ ਦੇ ਹਿੱਸੇ ਆਉਂਦੀਆਂ। ਕੁਝ ਦੇ ਥੋੜ੍ਹੀਆਂ ਤੇ ਕੁਝ ਦੇ ਜ਼ਿਆਦਾ। ਕੁਝ ਇਨ੍ਹਾਂ ਪੀੜਾਂ ਨੂੰ ਜੀਵਨ ਦਾ ਪੈਗਾਮ ਬਣਾਉਂਦੇ ਅਤੇ ਕੁਝ ਇਨ੍ਹਾਂ ਪੀੜਾਂ ਨੂੰ ਨਵੀਂ ਰਾਹਤ ਦਾ ਮਾਰਗ ਦਰਸਾਉਂਦੇ।

ਪੀੜਾਂ ਦਾ ਕੋਈ ਪੈਮਾਨਾ ਨਹੀਂ ਹੁੰਦਾ। ਹਾਂ, ਇਹ ਕਈ ਵਾਰ ਪੈਗੰਬਰੀ ਜ਼ਰੂਰ ਹੁੰਦੀਆਂ ਅਤੇ ਫਿਰ ਇਕ ਨਵਾਂ ਨਿਵੇਕਲਾ ਪੈਗਾਮ ਬਣ ਕੇ ਮਾਨਵਤਾ ਦੇ ਪੀੜਤ ਹਿਰਦੇ 'ਤੇ ਮਰ੍ਹਮ ਲਗਾਉਣ ਅਤੇ ਪੀੜਾਂ ਨੂੰ ਘਟਾਉਣ ਲਈ ਹਰ ਹਰਬਾ ਵਰਤਦੀਆਂ। ਮਹਾਂ ਬਲਿਦਾਨੀ, ਗੁਰੂ, ਪੀਰ-ਪੈਗੰਬਰ ਅਤੇ ਰਿਸ਼ੀ ਦੁਨਿਆਵੀ ਪੀੜਾਂ ਨੂੰ ਦੇਖ ਕੇ ਉਪਰਾਮ ਹੋਏ। ਇਸ ਉਪਰਾਮਤਾ ਵਿਚੋਂ ਹੀ ਨਵੀਂ ਸੋਚ ਦਾ ਸੂਰਜ ਉਗਾਉਣ ਲਈ ਉਹ ਲੋਕ ਉਦਾਸੀਆਂ 'ਤੇ ਨਿਕਲੇ। ਉਨ੍ਹਾਂ ਵਿਚ ਸਮੇਂ ਦੇ ਹਾਕਮਾਂ ਅਤੇ ਇਥੋਂ ਤੀਕ ਕਿ ਰੱਬ ਨੂੰ ਵੀ ਉਲਾਹਮਾ ਦੇਣ ਦਾ ਜੇਰਾ ਸੀ।

ਪੀੜਾਂ ਵਿਚੋਂ ਹੀ ਮਹਾਨ ਕਿਰਤਾਂ ਜਨਮ ਲੈਂਦੀਆਂ। ਸ਼ਖਸੀ ਵਿਕਾਸ ਨੂੰ ਨਵੇਂ ਦਿਸਹੱਦਿਆਂ ਦੀ ਸੋਝੀ ਹੁੰਦੀ। ਇਨ੍ਹਾਂ ਪੀੜਾਂ ਦੇ ਰਾਹਾਂ 'ਤੇ ਚੱਲਦਿਆਂ ਹੀ ਪਤਾ ਲੱਗਦਾ ਕਿ ਠੇਡਿਆਂ ਦੀ ਸੱਟ ਕੀ ਹੁੰਦੀ ਏ? ਖਾਈਆਂ ਅਤੇ ਖੱਡਿਆਂ ਨੂੰ ਟੱਪਣ ਲੱਗਿਆਂ ਕਿਹੜੀ ਮਾਨਸਿਕਤਾ ਦਾ ਚੀਰ-ਹਰਨ ਹੁੰਦਾ ਏ? ਤਿੱਖੜ ਦੁਪਹਿਰਾਂ ਵਿਚ ਪਿੰਡਾ ਲੂਹਣਾ ਅਤੇ ਯੱਖ਼ ਰਾਤਾਂ ਵਿਚ ਪਾਣੀ ਲਾਉਂਦਿਆਂ, ਸੀਤ ਨੂੰ ਨੰਗੇ ਪਿੰਡੇ 'ਤੇ ਜਰਨ ਦੇ ਕੀ ਅਰਥ ਹੁੰਦੇ? ਭੁੱਖੇ ਪੇਟ ਸੌਣ ਦਾ ਅਸਫਲ ਆਹਰ ਕਰਨਾ ਅਤੇ ਤਾਰਿਆਂ ਦੀਆਂ ਖਿੱਤੀਆਂ ਵਿਚੋਂ ਵੀ ਰੋਟੀ ਦਾ ਟੁੱਕ ਕਿਆਸਣ ਦੇ ਕੀ ਮਾਅਨੇ ਨੇ? ਅਲਾਣੀ ਮੰਜੀ 'ਤੇ ਪਈਆਂ ਪਿੰਡੇ 'ਤੇ ਪਈਆਂ ਵਾਣ ਦੀਆਂ ਲਾਸਾਂ ਦੀ ਚਸਕ ਕੀ ਹੁੰਦੀ? ਪਾਣੀ ਦੇ ਘੁੱਟ ਲਈ ਤਰਸਦਿਆਂ ਹਾੜੇ ਕੱਢਣੇ ਅਤੇ ਆਪਣਿਆਂ ਦੀ ਬੇਗਾਨਗੀ ਨੂੰ ਝੱਲਣਾ ਅਤੇ ਪਲ-ਪਲ ਜੀਵਨ ਤੋਂ ਦੂਰ ਜਾਣ ਦੀ ਤਰਾਸਦੀ ਕੀ ਹੁੰਦੀ ਏ?

ਬਹੁਤ ਪੀੜਤ ਕਰਦਾ ਹੈ ਕਿਸਾਨ ਨੂੰ ਜਦ ਖੇਤਾਂ ਵਿਚ ਮੌਲਦੀਆਂ ਫਸਲਾਂ ਕੋਰੇ ਦਾ ਸ਼ਿਕਾਰ ਹੁੰਦੀਆਂ। ਗੜਿਆਂ ਦੀ ਮਾਰ ਪੁੱਤਾਂ ਵਾਗ ਪਾਲੀਆਂ ਫ਼ਸਲਾਂ ਨੂੰ ਜ਼ਮੀਨ 'ਤੇ ਵਿਛਾ ਦਿੰਦੀ। ਪਲਦੀਆਂ ਫ਼ਸਲਾਂ ਵਿਚ ਖੁਦਕੁਸ਼ੀ ਦਾ ਆਲਮ ਤਾਰੀ ਹੁੰਦਾ। ਆੜ ਦੇ ਵੱਗਦੇ ਪਾਣੀ ਵਿਚੋਂ ਜ਼ਹਿਰ ਦਾ ਵਣਜ ਦਿਖਾਈ ਦਿੰਦਾ। ਹਰੀਆਂ ਕਚੂਰ ਫਸਲਾਂ 'ਤੇ ਛਾਈ ਪਲੱਤਣ ਵਿਚੋਂ ਕਿਸਾਨ ਕਿਹੜੀ ਖੁਸ਼ਹਾਲੀ ਦੀ ਆਸ ਰੱਖ ਸਕਦਾ? ਕਿਵੇਂ ਉਹ ਆਪਣੇ ਮਨ ਵਿਚ ਪਾਲੇ ਸੁਪਨਿਆਂ, ਰੀਝਾਂ ਅਤੇ ਇਛਾਵਾਂ ਦੀ ਪੂਰਤੀ ਕਰ ਸਕਦਾ?

ਬਹੁਤ ਪੀੜਤ ਕਰਦਾ ਹੈ ਇਕ ਬੱਚੇ ਨੂੰ ਜਦ ਉਸਦੇ ਬਸਤੇ ਵਿਚ ਅੱਖਰ ਗਵਾਚ ਜਾਂਦੇ। ਉਸ ਦੇ ਕਾਇਦਿਆਂ ਵਿਚ ਚੁੱਪ ਦਾ ਵਾਸ ਹੁੰਦਾ ਅਤੇ ਉਸਦੇ ਪੂਰਨਿਆਂ ਵਿਚ ਅੰਦਰ ਦੀ ਕਸਕ ਜਨਮ ਲੈਂਦੀ ਹੈ। ਬਸਤੇ ਦੀ ਪੀੜ ਵਿਚ ਪੀੜ-ਪੀੜ ਹੋ ਜਾਂਦੇ ਨੇ ਕੋਮਲ ਮਨ ਵਿਚ ਪਲ ਰਹੇ ਅਲੂਏਂ ਚਾਅ। ਸ਼ਬਦਾਂ ਦੀ ਗੁਫ਼ਤਗੂ ਕਰਨ ਦੀ ਚਾਹਨਾ ਅਤੇ ਹਰਫ਼ਾਂ ਵਿਚ ਖੁਦ ਨੂੰ ਉਤਾਰਨ ਦਾ ਚਾਅ। ਕੁੱਲੀ ਦੀ ਕੁੱਖ ਵਿਚ ਉਗਮਦਾ ਚੰਨ ਧਾਅ ਮਾਰ ਕੇ ਚੁੱਪ ਦੀ ਆਗੋਸ਼ ਵਿਚ ਸੁਆ ਦਿਤਾ ਜਾਂਦਾ।

ਬਹੁਤ ਪੀੜਤ ਕਰਦਾ ਹੈ ਬਾਪ ਨੂੰ ਜਦ ਉਹ ਆਪਣੀ ਜਵਾਨ ਧੀ ਨੂੰ ਬਿਗਾਨੇ ਦੇਸ਼ ਵਿਚ ਆਪਣਾ ਭਵਿੱਖ ਸੰਵਾਰਨ ਅਤੇ ਨਵੀਂ ਉਡਾਣ ਭਰਨ ਲਈ ਮਹਿਫ਼ੂਜ਼ ਘਰ ਦੀ ਚਾਰਦੀਵਾਰੀ ਤੋਂ ਬਾਹਰ ਤੋਰਦਾ ਹੈ। ਉਸਦੇ ਮਨ ਵਿਚ ਦਰਿੰਦਿਆਂ ਦੀ ਦੁਨੀਆਂ ਵਿਚ ਵਿਚਰਦੀ ਧੀ ਦਾ ਚੇਤਾ ਆਉਣਾ ਹੀ ਉਸਨੂੰ ਉਦਾਸ ਕਰ ਦਿੰਦਾ। ਉਹ ਜਾਣਦਾ ਹੈ ਕਿ ਲੀਰਾਂ ਲੀਰਾਂ ਹੋਈ ਪੱਤ ਕਦੇ ਵੀ ਸਿਊਤੀ ਨਹੀਂ ਜਾਂਦੀ ਅਤੇ ਚੇਤਨਾ ਵਿਚ ਉਗੇ ਦਰਦ ਨੂੰ ਕਦੇ ਵੀ ਰਾਹਤ ਨਹੀਂ ਮਿਲਦੀ। ਇਹ ਨਾਸੂਰ ਬਣ ਕੇ ਅੰਤਰੀਵ ਵਿਚ ਸਦਾ ਲਈ ਬੈਠ ਜਾਂਦਾ ਹੈ।

ਬਹੁਤ ਦਰਦਮਈ ਹੁੰਦਾ ਏ ਜਦ ਕਿਸੇ ਕਲਮ ਨੂੰ ਰੋਣ ਦਾ ਵਰਦਾਨ ਮਿਲਦਾ ਹੈ। ਉਸਦੀ ਨੋਕ 'ਤੇ ਪੀੜਾਂ ਦਾ ਪੁੰਗਾਰਾ ਉਗਦਾ। ਉਹ ਪੀੜ ਦੀ ਬਾਰਸ਼ ਵਿਚ ਭਿੱਜ ਕੇ ਖੁਦ ਨੂੰ ਅਤੇ ਇਸ ਵਿਚ ਉਗਣ ਵਾਲੀ ਕਿਰਤ ਨੂੰ ਸਦਾ ਲਈ ਸਲਾਬ ਦਿੰਦੀ। ਇਹ ਸਲਾਬ ਹੀ ਹੁੰਦੀ ਜੋ ਕਿਤਾਬਾਂ, ਕਾਪੀਆਂ, ਕਲਮਾਂ ਅਤੇ ਕਿਰਤਾਂ ਨੂੰ ਜ਼ਰਜ਼ਰੀ ਕਰ, ਵਕਤ ਦੀ ਵੱਖੀ ਵਿਚ ਦਰਦ ਧਰ ਜਾਂਦੀ। ਇਸਦੀ ਵਿਲਕਣੀ ਵਿਚ ਬੰਦੇ ਕੋਲ ਵਿਲਕਣ ਅਤੇ ਆਪਣੇ ਅੰਦਰ ਨੂੰ ਇਸ ਪੀੜਾ ਵਿਚ ਧੋਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਰਹਿੰਦਾ।

ਬਹੁਤ ਦੁੱਖਦਾਈ ਹੁੰਦਾ ਹੈ ਜਦ ਹਾਸਿਆਂ ਦੀ ਬਸਤੀ ਵਿਚ ਹੰਝੂਆਂ ਦੀ ਕਾਂਗ ਚੜ੍ਹਦੀ ਹੈ। ਸੁੱਖਾਂ ਦੇ ਚੁਬਾਰੇ ਵਿਚ ਦੁੱਖਾਂ ਦੀਆਂ ਮੋਰੀਆਂ ਹੁੰਦੀਆਂ। ਤਾਰਿਆਂ ਦੀ ਛੱਤ ਵਿਚ ਕਾਲਖਾਂ ਦੇ ਮਘੋਰੇ ਹੁੰਦੇ। ਰੁਮਕਦੀ ਪੌਣ ਨੂੰ ਹੁਸੜ ਨਸੀਬ ਹੁੰਦਾ ਅਤੇ ਬਹਾਰਾਂ ਦੇ ਮੱਥੇ 'ਤੇ ਪੱਤਝੜਾਂ ਦੀ ਕਲਾਕਾਰੀ ਹੁੰਦੀ। ਕਰੂਨਾ ਦੀ ਕਸ਼ੀਦਕਾਰੀ ਕਾਰਨ ਬੰਦੇ ਵਿਚ ਵੱਸਦੀ ਕਲਾ ਨੂੰ ਕੰਗਾਲੀ ਦਾ ਸਾਹਮਣਾ ਕਰਨਾ ਪੈਂਦਾ।

ਬਹੁਤ ਔਖਾ ਹੁੰਦਾ ਏ ਜਦ ਆਵੇਸ਼ ਨੂੰ ਅਣਦੇਖਿਆ ਕੀਤਾ ਜਾਵੇ। ਕਿਸੇ ਦੀ ਮਚਲਦੀ ਤੋਰ ਵਿਚ ਰੋੜਿਆਂ ਦੀ ਵਿਛਾਈ ਕੀਤੀ ਜਾਵੇ। ਕਿਸੇ ਸੁਪਨਈ ਦੇਸ਼ ਦੀ ਯਾਤਰਾ 'ਤੇ ਤੁਰਿਆਂ ਨੂੰ ਧਰਤੀ 'ਤੇ ਪਟਕਾ ਦਿਤਾ ਜਾਵੇ ਜਾਂ ਕਿਸੇ ਦੇ ਹਿੱਸੇ ਦੇ ਅੰਬਰ ਨੂੰ ਬੱਦਲਾਂ ਵਿਚ ਛੁਪਾ ਦਿਤਾ ਜਾਵੇ।

ਬਹੁਤ ਹੀ ਕਰੁਣਾਮਈ ਹੁੰਦਾ ਏ ਉਸਲਵਾਟੇ ਲੈਂਦੀ ਰਾਤ ਵਿਚ ਦੋ ਰੂਹਾਂ ਦੇ ਮਿਲਾਪ ਵਿਚ ਖਲਲ ਪਾਇਆ ਜਾਵੇ। ਚਾਨਣੀ ਵਿਚ ਭਿੱਜੇ ਜਿਸਮਾਂ ਨੂੰ ਓਹਲੇ ਦੀ ਆਗੋਸ਼ ਵਿਚ ਜਾਣ ਲਈ ਮਜਬੂਰ ਕਰ ਦਿੱਤਾ ਜਾਵੇ। ਇਕ ਦੂਜੇ ਵਿਚ ਰੂਹ-ਰੇਜ਼ਤਾ ਮਾਣਦੀਆਂ ਰੂਹਾਂ ਵਿਚ ਨਫ਼ਰਤ ਦੀ ਕੰਧ ਉਸਾਰੀ ਜਾਵੇ ਜਾਂ ਪਿਆਰੇ ਦੇ ਦੀਦਿਆਂ ਵਿਚ ਉਤਰੀ ਰੂਹ-ਰੰਗੀ ਨੂੰ ਰਾਖ਼ਰੰਗਤਾ ਦਾ ਨਾਮਕਰਨ ਦਿੱਤਾ ਜਾਵੇ।

ਬਹੁਤ ਦੁਖੀ ਕਰਦਾ ਹੈ ਜਦ ਅੰਧ-ਅਸਮਾਨੇ ਉਡਦੇ ਕਿਸੇ ਪਰਿੰਦੇ ਦੇ ਖੰਭਾਂ ਨੂੰ ਮਰੋੜਿਆ ਜਾਵੇ। ਉਸਦੇ ਅੰਦਾਜ਼ ਤੇ ਪ੍ਰਵਾਜ਼ ਨੂੰ ਅਜ਼ਾਬ ਬਣਾ ਦਿੱਤਾ ਜਾਵੇ। ਉਸਦੇ ਨੈਣਾਂ ਵਿਚ ਉਤਰੀ ਵਿਸ਼ਾਲਤਾ ਅਤੇ ਨੀਲੱਤਣ ਨੂੰ ਗਹਿਰੇ ਧੁੰਧਲਕੇ ਵਿਚ ਡੁੱਬ ਜਾਣ ਲਈ ਮਜਬੂਰ ਕੀਤਾ ਜਾਵੇ ਜਾਂ ਉਸ ਦੀਆਂ ਸਿਸਕੀਆਂ ਨੂੰ ਸਮਝਣ ਤੋਂ ਆਨਾਕਾਨੀ ਕਰਦਿਆਂ, ਹਉਕਿਆਂ ਦਾ ਹਾਸਲ ਹੀ ਬਣਾ ਦਿੱਤਾ ਜਾਵੇ।

ਬਹੁਤ ਪੀੜਤ ਕਰਦਾ ਹੈ ਮਾਂ ਮਾਛੋਰ ਨੂੰ ਜਦ ਰੋਟੀ ਮੰਗਣ 'ਤੇ ਝਿੜਕਾਂ ਮਿਲਦੀਆਂ। ਅੱਖਰ-ਜੂਹੇ ਪੈਣ ਦੀ ਰਿਆੜ ਕਰਦਿਆਂ ਦੁਰਕਾਰ ਦਿਤਾ ਜਾਵੇ ਜਾਂ ਮਮਤਈ ਲੋਰ ਦੀ ਆਸ ਵਿਚ ਉਸਦੀ ਝੋਲੀ ਵਿਚ ਤੁਹਮਤਾਂ ਅਤੇ ਤਾਅਨਿਆਂ ਦੀ ਤੌਣੀ ਲਾਈ ਜਾਵੇ। ਉਸਦੀ ਝੱਬੀ ਹੋਈ ਘਿੱਗੀ ਵਿਚ ਬੋਲ ਕੁਝ ਵੀ ਕਹਿਣ ਤੋਂ ਆਕੀ ਹੋ ਜਾਣ। ਉਹ ਮਾਤਮੀ ਚੁੱਪ ਦਾ ਲਿਬਾਸ ਪਾ ਕੇ ਰੋਬੋਟ ਦੀ ਤਰ੍ਹਾਂ ਕਿਸੇ ਦੇ ਇਸ਼ਾਰਿਆਂ 'ਤੇ ਜੀਵਨ ਦੀ ਮੁਥਾਜੀ ਨੂੰ ਹੰਢਾਉਣ ਲਈ ਮਜਬੂਰ ਹੋਵੇ।

ਬਹੁਤ ਪੀੜਤ ਕਰਦਾ ਹੈ ਪੈਦਲ ਜਾ ਰਹੇ ਉਸ ਸ਼ਖ਼ਸ ਨੂੰ ਜਦ ਕੋਈ ਕਾਰ ਵਾਲਾ ਜਾਣ ਬੁੱਝ ਕੇ ਉਸ 'ਤੇ ਚਿੱਕੜ ਸੁੱਟ ਜਾਂਦਾ ਜਾਂ ਉਸਨੂੰ ਧੁੰਧਲ ਦੇ ਗੁਬਾਰ ਵਿਚ ਲਪੇਟ ਕੇ ਅਗਾਂਹ ਤੁਰ ਜਾਂਦਾ। ਕੀੜੇ ਮਕੌੜਿਆਂ ਵਾਂਗ ਮਨੁੱਖਾਂ ਨੂੰ ਸਮਝਣ ਵਾਲੇ ਇਨ੍ਹਾਂ ਭੋਲੇ-ਭਾਲੇ ਪਰ ਮਿਹਨਤਕਸ਼ ਲੋਕਾਂ ਦੀ ਅਮੀਰ ਮਾਨਸਿਕ ਅਵਸਥਾ ਅਤੇ ਸੋਚ ਕਦੇ ਵੀ ਕਾਰਾਂ ਵਿਚ ਜਾ ਰਹੇ ਬੌਣੀ ਮਾਨਸਿਕਤਾ ਵਾਲੇ ਲੋਕਾਂ ਦੇ ਕਿਵੇਂ ਹਾਣ ਦੀ ਹੋਵੇਗੀ? ਬਹੁਤ ਹੀ ਪੀੜਤ ਹੁੰਦਾ ਏ ਸਭ ਕੁਝ ਹੁੰਦਿਆਂ ਵੀ ਕੰਗਾਲੀ ਦੀ ਜੂਨ ਹੰਢਾਉਣ ਦੀ ਮਜਬੂਰੀ ਹੋਵੇ, ਬੰਗਲਿਆਂ ਵਿਚ ਰਹਿੰਦਿਆਂ ਵੀ ਅੰਬਰ ਨੂੰ ਨਿਹਾਰਨ ਦੀ ਚਾਹਨਾ ਦਾ ਪੂਰੀ ਨਾ ਹੋਣਾ ਅਤੇ ਰੁਮਕਦੀ ਪੌਣ ਦਾ ਸੰਗੀਤ ਸੁਣਨ ਲਈ ਤਰਸ ਜਾਣਾ।

ਬਹੁਤ ਪੀੜਤ ਕਰਦਾ ਹੈ ਅਮੀਰ ਆਦਮੀ ਨੂੰ ਕਿ ਉਸ ਕੋਲ ਨਵੇਂ ਮਾਡਲ ਦੀ ਕਾਰ ਕਿਉਂ ਨਹੀਂ? ਆਲੀਸ਼ਾਨ ਮਹਿਲ ਹੁੰਦਿਆਂ ਵੀ ਨੀਂਦ ਕਿਉਂ ਨਹੀਂ ਆਉਂਦੀ? ਮਹਿੰਗੀ ਤੋਂ ਮਹਿੰਗੀ ਸ਼ਰਾਬ ਪੀਂਦਿਆਂ ਵੀ ਸਰੂਰ ਕਿਉਂ ਨਹੀਂ ਚੜ੍ਹਦਾ? ਬਰਾਂਡਡ ਕੱਪੜੇ ਪਹਿਨਿਆਂ ਵੀ ਕੋਈ ਉਸ ਵੱਲ ਉਚੇਚ ਨਾਲ ਕਿਉਂ ਨਹੀਂ ਦੇਖਦਾ? ਹਵਾਈ ਜਹਾਜ਼ ਵਿਚ ਸਫ਼ਰ ਕਰਨ ਦੇ ਬਾਵਜੂਦ ਸਾਈਕਲ ਦੀ ਸਵਾਰੀ ਕਰਨ ਵਾਲੇ ਉਸਦੀ ਅਹਿਮੀਅਤ ਕਿਉਂ ਨਹੀਂ ਸਮਝਦੇ? ਵੱਡੇ ਰੁੱਤਬੇ 'ਤੇ ਹੁੰਦਿਆਂ ਵੀ ਉਸਦੇ ਹੇਠਾਂ ਕੰਮ ਕਰਨ ਵਾਲੇ ਕਰਮਚਾਰੀ ਜ਼ਿਆਦਾ ਖੁਸ਼ ਤੇ ਸੰਤੁਸ਼ਟ ਕਿਉਂ ਹਨ? ਉਹ ਆਪਣੇ ਸਾਥੀਆਂ ਨਾਲ ਖਿੜਖਿੜਾ ਕੇ ਕਿਉਂ ਹੱਸਦੇ ਨੇ? ਉਹ ਤਾਂ ਇਕ ਕੱਪ ਚਾਹ ਦੇ ਚਾਰ ਹਿੱਸੇ ਕਰ ਕੇ ਪੀਂਦਿਆਂ ਲੱਜਤਾ ਵਿਚ ਬਾਦਸ਼ਾਹ ਬਣ ਬਹਿੰਦੇ। ਰੁੱਖੀ-ਮਿੱਸੀ ਖਾ ਕੇ ਵੀ ਡਕਾਰ ਮਾਰਦੇ। ਆਪਣੇ ਜੀਵਨ ਨੂੰ ਪੂਰਨ ਸਮਰਪਿਤਾ, ਸਾਦਗੀ ਅਤੇ ਸੰਪੂਰਨਤਾ ਨਾਲ ਜਿਉਂਦੇ ਨੇ।

ਬਹੁਤ ਦੁਖੀ ਕਰਦਾ ਹੈ ਸ਼ਖਸ ਨੂੰ ਕਾਰ ਵਿਚ ਆਪਣੀ ਜੀਵਨ ਸਾਥਣ ਨਾਲ ਗੁੰਮਸੁੰਮ ਜਾਂਦਿਆਂ ਜਦ ਉਹ ਕਿਸੇ ਜੋੜੇ ਨੂੰ ਸਾਈਕਲ ਦੀ ਸਵਾਰੀ ਕਰਦਿਆਂ ਚੋਹਲ-ਮੋਹਲ ਕਰਦਿਆਂ ਦੇਖਦਾ। ਸੁੱਖ-ਸੁਵਿਧਾਵਾਂ ਵਿਚੋਂ ਸਕੂਨ, ਸਹਿਜ ਅਤੇ ਸੁਖਨ ਤਲਾਸ਼ਣ ਵਾਲਿਆਂ ਦੀ ਪੀੜਾ ਹੋਰ ਦੂਣ ਸਵਾਈ ਹੋ ਜਾਂਦੀ ਜਦ ਉਹ ਸੀਮਤ ਸਾਧਨਾਂ ਨਾਲ ਸੀਮਤ ਜਿਹੀਆਂ ਲੋੜਾਂ ਦੀ ਪੂਰਤੀ ਵਿਚ ਜੀਵਨ ਦੇ ਅਨਹਦੀ ਨਾਦ ਨੂੰ ਮਾਣਦਿਆਂ ਆਮ ਲੋਕਾਂ ਨੂੰ ਦੇਖਦਾ ਹੈ। ਕੱਖਾਂ ਦੀ ਕੁੱਲੀ ਵਿਚ ਰਹਿੰਦੇ ਲੋਕਾਂ ਦੀ ਪਿਆਰ ਭਿੱਜੀ ਘੁਸਰ-ਮੁਸਰ ਅਤੇ ਰਹੱਸਮਈ ਹਿੱਲਜੁੱਲ ਬਹੁਤ ਪੀੜਤ ਕਰਦੀ ਹੈ ਖੁਦ ਨਾਲ ਜਦੋ-ਜਹਿਦ ਕਰ ਰਹੇ ਅਤੇ ਜੀਵਨ ਦਾ ਮਕਸਦ ਭਾਲ ਰਹੇ ਉਸ ਸ਼ਖ਼ਸ ਨੂੰ ਜਿਸ ਲਈ ਸਿਰਫ਼ ਧਨ ਇਕੱਠਾ ਕਰਨਾ ਹੀ ਇਕੋ ਇਕ ਮਕਸਦ ਹੈ। ਉਹ ਇਸ ਮਕਸਦ ਵਿਚ ਉਲਝਿਆ ਹੀ ਜ਼ਿੰਦਗੀ ਦਾ ਸਫ਼ਰ ਪੂਰਾ ਕਰ ਜਾਂਦਾ। ਉਹ



ਸਿਰਫ਼ ਸਾਹ ਪੂਰੇ ਕਰਨ ਹੀ ਆਇਆ ਹੁੰਦਾ। ਜ਼ਿੰਦਗੀ ਨੂੰ ਪੂਰਨ ਰੂਪ ਵਿਚ ਦਿਲਦਾਰੀ ਅਤੇ ਮਨਮਰਜ਼ੀ ਨਾਲ ਜਿਊਣ ਦੀ ਤਮੰਨਾ ਮਨ ਵਿਚ ਦਫ਼ਨ ਕਰ ਕੇ ਹੀ ਇਸ ਜਹਾਨ ਤੋਂ ਕੂਚ ਕਰ ਜਾਂਦਾ ਏ। ਜ਼ਿੰਦਗੀ ਸਿਰਫ਼ ਇਕ ਵਾਰ ਹੀ ਮਿਲਦੀ ਹੈ। ਇਸਨੂੰ ਅਜਿਹਾ ਜੀਵੋ ਕਿ ਮਰਨ ਲੱਗਿਆਂ ਕੋਈ ਪਛਤਾਵਾ ਨਾ ਰਹੇ। ਪ੍ਰਸੰਨ ਚਿੱਤ ਹੋ ਕੇ ਜ਼ਿੰਦਗੀ ਨੂੰ ਅਲਵਿਦਾ ਕਹੋ ਅਤੇ ਦੁਨੀਆ ਵੀ ਕਹੇ ਕਿ ਜ਼ਿੰਦਗੀ ਤੁਸੀਂ ਇੰਝ ਹੀ ਜੀਵੀ ਹੈ ਜਿਸ ਤਰ੍ਹਾਂ ਜੀਣੀ ਚਾਹੀਦੀ ਹੈ।

ਕੁਝ ਲੋਕ ਪੀੜਾਂ ਵਿਹਾਜਦੇ। ਕੁਝ ਪੀੜਾਂ ਦੀ ਤਰਫ਼ਦਾਰੀ ਕਰਦੇ। ਕੁਝ ਪੀੜਾਂ ਵਿਚੋਂ ਜੀਣ ਦੀ ਜਾਚ ਸਿੱਖਦੇ। ਕੁਝ ਪੀੜਾਂ ਵਿਚੋਂ ਅਜਿਹੀ ਪ੍ਰਮੁੱਖਤਾ ਹਾਸਲ ਕਰਦੇ ਕਿ ਪੀੜ ਹੀ ਉਨ੍ਹਾਂ ਦੀ ਜੀਵਨੀ ਪਸੰਦ ਹੋ ਜਾਂਦੀ।

ਪੀੜ-ਅੰਬਰ ਦੀ ਪਾਟੇ ਲੋਈ
ਤਾਂ ਚਾਨਣ ਝੀਤ ਥਿਆਵੇ
ਤੇ ਜ਼ਿੰਦਗੀ ਦੀ ਮੱਸਿਆ ਰਾਤੇ
ਚਾਨਣ ਦੀ ਛਿੱਟ ਆਵੇ
ਪੀੜ-ਸਮੁੰਦਰ ਦੀ ਰਿੜਕਣੀ ਵਿਚੋਂ
ਅੰਮ੍ਰਿਤ ਬੂੰਦ ਪ੍ਰਗਟਾਵੇ
ਜੋ ਜਿੰਦ ਦੇ ਸਿਸਕੇ ਸਾਹੀਂ
ਜੀਵਨ-ਨਾਦ ਬਣ ਜਾਵੇ
ਪੀੜ-ਪੌਣ ਦਾ ਪੀਹੜਾ ਡਾਹਣਾ
ਕੇਹਾ ਜੋਗ ਅਵੱਲਾ
ਕਿ ਪੀੜਾਂ ਦੇ ਵਿਚ ਘਿਰਿਆ ਬੰਦਾ
ਫਿਰ ਵੀ ਕੱਲ-ਮੁਕੱਲਾ
ਪੀੜ-ਧਰਾਤਲ ਵਿਚੋਂ ਉਗੇ
ਜੇ ਆਸਾਂ ਦੀ ਸਰਘੀ
ਤਾਂ ਮਨ ਦੇ ਪੀੜਾਂ ਵਿਹੜੇ
ਜਾਵੇ ਹਾਸੀ ਅਰਘੀ
ਪੀੜ-ਪਾਣੀ ਤੇ ਮਾਰੀਆਂ ਲੀਕਾਂ
ਨਕਸ਼ ਨਜ਼ਰ ਨਾ ਆਵੇ
ਬਹੁਤੇ ਕੋਈ ਪੀਰ ਔਲੀਆ
ਲਹਿਰ ਦਾ ਰੂਪ ਵਟਾਵੇ
ਪੀੜ-ਸ਼ਬਦ ਦੀ ਜੂਨੇ ਪੈ ਕੇ
ਹਰਫ਼ੀਂ ਚਹਿਕੇ ਚਾਅ
ਤਾਂ ਅਰਥਾਂ ਦੀ ਹਿੱਕੜੀ ਵਿਚੋਂ
ਚਮਕੇ ਸੂਹੀ ਭਾਅ
ਪੀੜ-ਸਫ਼ਰ ਦੀਆਂ ਜੂਹਾਂ ਦੇ ਵਿਚ
ਕੋਚਰੀ ਕਦੇ ਨਾ ਬੋਲੇ
ਤਾਂ ਹੀ ਪੈਰੀਂ ਉਗਦੀਆਂ ਪੈੜਾਂ
ਸਿਰਨਾਵਾਂ ਮੰਜ਼ਲ ਫਰੋਲੇ
ਪੀੜ-ਪੈਗੰਬਰੀ ਸਭ ਤੋਂ ਉਚੀ
ਸਭ ਕੋਈ ਮਾਨਣਾ ਚਾਹੇ
ਰੂਹ ਦੀ ਬੀਹੀ ਫੱਕਰਾਂ ਵਾਂਗੂੰ
ਅਨਹਦੀ ਨਾਦ ਵਜਾਵੇ
ਪੀੜੇ ਨੀ ਤੇਰੀ ਪੈਰੀਂ ਝੁਕ ਗਏ
ਦੁਨੀਆਂ ਝੁਕਾਵਨ ਵਾਲੇ
ਤਾਂ ਹੀ ਤੇਰੀ ਸਰਦਲੇ ਢੁੱਕਦੇ
ਜੀਵਨ ਸੰਵਾਰਨ ਵਾਲੇ।

ਬਾਹਰਲੀ ਪੀੜ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦੀ ਹੈ ਅੰਦਰ ਬੈਠੀ ਹੋਈ ਪੀੜਾ ਜੋ ਬੰਦਾ ਅਣਦੱਸਦਿਆਂ ਖੁਦ ਹੰਢਾਉਂਦਾ। ਪੀੜ ਪੀੜ ਹੋ ਕੇ ਜਿਉਂਦਾ ਅਤੇ ਪੀੜ ਵਿਚ ਜਿਊਣ ਦੀ ਅਕਾਰਥਾ ਹੰਢਾਉਂਦਾ ਮਰਨਾ ਚਾਹੁੰਦਾ ਵੀ ਨਾ ਮਰ ਸਕਦਾ। ਇਹ ਪੀੜ ਅਕਸਰ ਹੀ ਸੰਵੇਦਨਸ਼ੀਲ ਲੋਕਾਂ ਦੇ ਹਿੱਸੇ ਆਉਂਦੀ ਕਿਉਂਕਿ ਸੰਵੇਦਨਹੀਣ ਲੋਕਾਂ ਵਿਚ ਘਿਰਿਆ ਕੌਣ ਸਮਝ ਸਕਦਾ ਏ ਸੰਵੇਦਨਾ। ਇਸਦੀ ਸਾਰਥਿਕਤਾ ਵਿਚੋਂ ਹੀ ਜੀਵਨ ਨੂੰ ਨਵੀਆਂ ਧਰਾਤਲਾਂ ਦਾ ਮਾਣ ਬਣਾਉਣ ਦੀ ਤਤਪਰਤਾ।

ਕਦੇ ਵੀ ਆਪਣੀ ਪੀੜ ਨੂੰ ਵੱਡਾ ਨਾ ਸਮਝੋ। ਹੋ ਸਕਦਾ ਹੈ ਕਿ ਦੂਸਰੇ ਦੀ ਪੀੜ ਤੁਹਾਡੇ ਨਾਲੋਂ ਕਈ ਗੁਣਾ ਜ਼ਿਆਦਾ ਕਸ਼ਟਦਾਇਕ ਹੋਵੇ, ਅੰਦਰ ਨੂੰ ਹਰ ਪਲ ਖੋਰਦੀ ਹੋਵੇ ਤੇ ਹਰ ਸਾਹੇ ਅੰਤਰੀਵ ਨੂੰ ਕੋਹਦੀ ਹੋਵੇ। ਬੰਦਾ ਹਰਦਮ ਆਪਣਾ ਸਿਵਾ ਸੇਕਦਾ ਹੋਵੇ। ਕਦੇ ਕਬਰ ਦੀ ਖੁਦਾਈ ਕਰਦਾ ਹੋਵੇ ਅਤੇ ਕਦੇ ਆਪਣੀ ਅਰਥੀ ਨੂੰ ਖੁਦ ਹੀ ਮੋਢਾ ਦੇ ਕੇ ਸਿਵਿਆਂ ਵੱਲ ਜਾ ਰਿਹਾ ਹੋਵੇ।

ਅੱਖਾਂ ਥੀਂ ਪੀੜ ਵਹਿਣ ਲੱਗ ਪਵੇ ਤਾਂ ਲੋਕ ਕਾਇਰ ਕਹਿ ਦਿੰਦੇ। ਪਰ ਜਦ ਕੋਈ ਇਸ ਨੂੰ ਸ਼ਬਦਾਂ ਦੇ ਹਵਾਲੇ ਕਰੇ ਤਾਂ ਲੋਕ ਸ਼ਾਇਰ ਕਹਿਣਾ ਸ਼ੁਰੂ ਕਰ ਦਿੰਦੇ। ਦੱਸੋ ਬੰਦਾ ਕਰੇ ਤਾਂ ਕੀ ਕਰੇ? ਕਿੰਝ ਉਹ ਜਿਉਂਦੇ ਜੀਅ ਮਰੇ ਅਤੇ ਹੰਝੂਆਂ ਦਾ ਦਰਿਆ ਤਰੇ?

ਪੀੜ ਵਿਚ ਪਹੁੰਚੇ ਦੀ ਚੀਖ਼ ਹੀ ਸੀ ਕਿ ਉਜੜੇ ਮਨ ਦੇ ਬਗੀਚੇ ਨੂੰ ਹੁਣ ਆਬਾਦ ਕਿੰਜ ਕਰਾਂ? ਬੀਤੇ ਹੋਏ ਪਲਾਂ ਨੂੰ ਭਲਾ ਯਾਦ ਕਿੰਝ ਕਰਾਂ? ਭੁੱਲ ਚੁੱਕਾਂ ਹਾਂ ਮਨ ਦੀ ਪ੍ਰਵਾਜ਼ ਸਦਾ ਲਈ ਹੁਣ ਕੈਦੀ-ਮਨ ਨੂੰ ਆਜ਼ਾਦ ਕਿੰਜ ਕਰਾਂ?

ਪੀੜ ਵਿਚ ਰੱਤੇ ਹੋਇਆਂ ਨੂੰ ਪਿਘਲਣਾ ਚੰਗਾ ਲੱਗਦਾ। ਤਾਂ ਹੀ ਬਲਦੀ ਮੋਮਬੱਤੀ ਨੂੰ ਉਸ ਵਿਚਲੇ ਧਾਗੇ ਨੇ ਕਿਹਾ ਕਿ ਜਦ ਮੈਂ ਜਲਦਾ ਹਾਂ ਤੂੰ ਕਿਉਂ ਪਿਘਲਦੀ ਏਂ? ਤਾਂ ਉਸਦਾ ਜਵਾਬ ਸੀ ਕਿ ਜਦ ਕੋਈ ਅੰਦਰ ਵਿਚ ਵੱਸਿਆ ਦੂਰ ਜਾਂਦਾ ਏ ਤਾਂ ਅੱਥਰੂ ਖੁਦ-ਬ-ਖੁਦ ਆ ਹੀ ਜਾਂਦੇ ਨੇ। ਮੋਮਬੱਤੀਆਂ ਵਰਗੇ ਇਹ ਲੋਕ ਹੀ ਹੁੰਦੇ ਜੋ ਆਪਣੀ ਹੋਂਦ ਗਵਾ ਕੇ ਚਾਨਣ ਦਾ ਨਿਰ-ਸੁਆਰਥ ਵਪਾਰ ਕਰਦੇ।

ਪੀੜ ਆਪੋ ਆਪਣੀ ਹੁੰਦੀ ਅਤੇ ਇਸਦੇ ਅਰਥ ਵੀ ਹਰੇਕ ਲਈ ਵੱਖੋ-ਵੱਖਰੇ। ਇਹ ਕਿਸੇ ਨਾਲ ਵਟਾਈ ਵੀ ਨਹੀਂ ਜਾ ਸਕਦੀ। ਉਧਾਰ ਵੀ ਨਹੀਂ ਦਿੱਤੀ ਜਾ ਸਕਦੀ ਅਤੇ ਨਾ ਹੀ ਇਸਨੂੰ ਮੈਲ ਵਾਂਗ ਸਾਬਣ ਨਾਲ ਧੋ ਕੇ ਲਾਹਿਆ ਜਾ ਸਕਦਾ। ਸਿਰਫ਼ ਪੀੜ ਵਿਚ ਜਿਊਣ ਦੀ ਜਾਚ ਸਿਖ ਕੇ ਅਤੇ ਪੀੜ ਵਿਚੋਂ ਹੀ ਆਪਣੀਆਂ ਤਰਜੀਹਾਂ ਅਤੇ ਤਮੰਨਾਵਾਂ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਲੋੜ ਹੈ। ਇਸ ਨਾਲ ਅਸੀਂ ਪੀੜ ਦੀ ਪਵਿੱਤਰਤਾ ਨੂੰ ਜੀਵਨ-ਮਾਰਗ ਦਾ ਸੱਚ ਬਣਾ, ਇਸ 'ਤੇ ਤੁਰਨ ਦੀ ਆਦਤ ਪਾ ਸਕਦੇ ਹਾਂ। ਇਹ ਆਦਤ ਜਿੰਨੀ ਜਲਦੀ ਪਾ ਲਈ ਜਾਵੇ ਚੰਗਾ ਹੈ ਕਿਉਂਕਿ ਪੀੜ ਨੇ ਤਾਂ ਕਿਸੇ ਨਾ ਕਿਸੇ ਰੂਪ ਵਿਚ ਜੀਵਨ ਬਰੂਹਾਂ 'ਤੇ ਮਿਲਦੇ ਹੀ ਰਹਿਣਾ ਹੈ।

# ਇੱਦਾਂ ਵੀ ਹੁੰਦਾ ਹੈ ਪੰਜਾਬੀ ਭਾਸ਼ਾ ਦੇ ਲੇਖਕਾਂ ਦਾ ਸਨਮਾਨ !


**ਡਾ: ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਜਦੋਂ ਮਾਤ ਭਾਸ਼ਾ ਦੇ ਮਾਣ-ਸਨਮਾਨ ਦਾ ਜ਼ਿਕਰ ਚਲਦਾ ਹੈ ਤਾਂ ਮਾਤ ਭਾਸ਼ਾ ਨੂੰ ਪ੍ਰਫੁਲਿਤ ਕਰਨ ਵਾਲੇ ਲੇਖਕ ਤੇ ਸਾਹਿਤਕਾਰ ਕੋਈ ਪਿੱਛੇ ਨਹੀਂ ਰਹਿ ਜਾਂਦੇ। ਇਹੀ ਮਾਤ ਭਾਸ਼ਾ ਦੇ ਅਸਲੀ ਸਤੰਭ ਹੁੰਦੇ ਹਨ, ਜਿਨ੍ਹਾਂ ਦੇ ਮੋਢਿਆਂ 'ਤੇ ਇਸ ਦੀ ਬਹੁ-ਮਿਨਾਰੀ ਇਮਾਰਤ ਟਿਕੀ ਹੁੰਦੀ ਹੈ। ਸਾਰੇ ਦੇਸ਼ਾਂ ਵਿਚ ਲੋਕ ਆਪਣੀ ਮਾਂ ਬੋਲੀ ਦੇ ਨਾਲ-ਨਾਲ ਇਸ ਵਿਚ ਸਾਹਿਤ ਸਿਰਜਣਾ ਕਰਨ ਵਾਲਿਆਂ ਦਾ ਵੀ ਭਰਪੂਰ ਸਨਮਾਨ ਕਰਦੇ ਹਨ। ਪਰ ਪੰਜਾਬੀ ਬੋਲੀ ਦੇ ਪ੍ਰਸ਼ੰਸਕਾਂ ਵਿਚ ਕਦੇ-ਕਦੇ ਇਸ ਤੋਂ ਉਲਟ ਪਰੰਪਰਾ ਵੀ ਚੱਲ ਪੈਂਦੀ ਹੈ। ਇੱਥੇ ਕਈ ਦਰਜਨਾਂ ਪੰਜਾਬੀ ਪੁਸਤਕਾਂ ਦੇ ਲੇਖਕ, ਦਰਜਨਾਂ ਹੀ ਪੰਜਾਬੀ ਯੂ ਟਿਊਬ ਵੀਡੀਓਜ਼ ਦੇ ਨਿਰਮਾਤਾ, ਦਰਜਨਾਂ ਅੰਤਰਰਾਸ਼ਟਰੀ ਗੋਸ਼ਟੀਆਂ ਦੇ ਭਾਗੀਦਾਰ ਤੇ ਗੁਰਮਤਿ ਕਾਲਜਾਂ ਵਿਚ ਅਧਿਆਪਕ ਰਹੇ ਗੁਰਬਾਣੀ ਦੇ ਜਾਣੇ-ਮਾਣੇ ਵਿਆਖਿਆਕਾਰ ਨੂੰ 'ਅਨਪੜ੍ਹ' ਕਹਿ ਕੇ 'ਸਨਮਾਨਤ' ਕੀਤਾ ਜਾਂਦਾ ਹੈ!

ਇਸ ਵਿਲੱਖਣ ਸਨਮਾਨ ਦੇ ਪਾਤਰ ਪ੍ਰੋਫੈਸਰ ਇੰਦਰ ਸਿੰਘ ਘੱਗਾ ਹਨ। ਹੈਰਾਨੀ ਦੀ ਗੱਲ ਇਹ ਕਿ ਅੱਜ ਤੀਕ ਪੰਜਾਬੀ ਬੋਲੀ ਦੇ ਕਿਸੇ ਵੀ ਸਰਦੇ-ਪੁੱਜਦੇ ਅਲੰਬਰਦਾਰ ਨੇ ਇਸ ਗੱਲ ਦਾ ਵਿਰੋਧ ਨਹੀਂ ਕੀਤਾ। ਕਈ ਤਾਂ ਚੁੱਪ ਰਹਿ ਕੇ ਇਸ ਗੱਲ ਦੀ ਪ੍ਰੋੜਤਾ ਵੀ ਕਰਦੇ ਹੋਣਗੇ। ਉਨ੍ਹਾਂ ਨੂੰ ਇਸ ਸਨਮਾਨ ਦਾ ਹੱਕਦਾਰ ਮੰਨਣ ਦੇ ਕਈ ਕਾਰਨ ਹੋ ਸਕਦੇ ਹਨ। ਕਈਆਂ ਨੂੰ ਉਨ੍ਹਾਂ ਦੇ ਯੂਨੀਵਰਸਿਟੀ ਡਿਗਰੀਆਂ ਤੋਂ ਵਿਹੀਨ ਹੋਣ 'ਤੇ ਇਤਰਾਜ਼ ਹੈ, ਕਈ ਉਨ੍ਹਾਂ ਦੇ ਨਾਂ ਅੱਗੇ ਸ਼ਬਦ 'ਪ੍ਰੋਫੈਸਰ' ਲਾਉਣ ਨੂੰ ਭਾਰਤੀ ਸਿਖਿਆ ਪ੍ਰਣਾਲੀ ਦੇ ਕਿਸੇ ਲਿਖੇ-ਅਣਲਿਖੇ ਅਸੂਲ ਦੀ ਕੁਤਾਹੀ ਸਮਝਦੇ ਹੋਣਗੇ ਤੇ ਕਈ ਇਨ੍ਹਾਂ ਦੋਹਾਂ ਕਾਰਨਾਂ ਕਾਰਨ ਵੀ ਅਜਿਹਾ ਫਤਵਾ ਦੇਣਾ ਵਾਜਬ ਸਮਝਦੇ ਹੋਣਗੇ। ਪਰ ਇਹ ਗੱਲ ਤੈਅ ਲਗਦੀ ਹੈ ਕਿ ਕਿਸੇ ਨੇ ਵੀ ਉਨ੍ਹਾਂ ਦੀ ਕੋਈ ਰਚਨਾ ਪੜ੍ਹੀ ਤੇ ਵਿਚਾਰੀ ਨਹੀਂ ਹੈ।

ਉਧਰ ਪ੍ਰੋ. ਘੱਗਾ ਦੀ ਵਡਿਆਈ ਇਹ ਹੈ ਕਿ ਕਈ ਵਾਰ ਤਾਂ ਕਟਾਕਸ਼-ਵਸ ਉਹ ਆਪਣੇ ਆਪ ਨੂੰ ਆਪ ਹੀ ਅਨਪੜ੍ਹ ਕਹਿ ਦਿੰਦੇ ਹਨ। ਪਰ ਇੰਨਾ ਸਭ ਕੁਝ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਪੰਜਾਬੀ ਮਾਂ ਬੋਲੀ ਤੇ ਉਸ ਵਿਚ ਲਿਖੀ ਗੁਰਬਾਣੀ ਦੀ ਸੇਵਾ ਕਰਨੀ ਬੰਦ ਨਹੀਂ ਕੀਤੀ।

ਉਨ੍ਹਾਂ ਨੂੰ 'ਅਨਪੜ੍ਹ' ਕਹਿਣ ਵਾਲੇ ਵਿਦਵਾਨਾਂ ਤੇ ਬਹਿਸਕਾਰਾਂ ਦੀ ਦਲੀਲ ਹੈ ਕਿ ਉਨ੍ਹਾਂ ਨੇ ਕੋਈ ਉਪਚਾਰਕ ਵਿਦਿਅਕ ਡਿਗਰੀ ਨਹੀਂ ਹਾਸਲ ਕੀਤੀ ਹੋਈ ਅਤੇ ਬਿਨਾਂ ਕਿਸੇ ਯੂਨੀਵਰਸਿਟੀ ਡਿਗਰੀ ਤੋਂ ਕੋਈ ਵਿਅਕਤੀ ਪ੍ਰੋਫੈਸਰ ਤਾਂ ਕੀ ਸਾਧਾਰਨ ਅਧਿਆਪਕ ਵੀ ਨਹੀਂ ਹੋ ਸਕਦਾ। ਇਸ ਗੱਲ ਦਾ ਸੱਚ ਵੀ ਪ੍ਰੋਫੈਸਰ ਘੱਗਾ ਨੇ ਖ਼ੁਦ ਹੀ ਕਈ ਵਾਰ ਦੱਸਣ ਦੀ ਕੋਸ਼ਿਸ਼ ਕੀਤੀ ਹੈ।



ਇਕ ਇੰਟਰਵਿਊ ਵਿਚ ਮੀਡੀਆ ਸਾਹਮਣੇ ਉਨ੍ਹਾਂ ਆਪ ਦੱਸਿਆ ਹੈ ਕਿ ਉਹ ਕਦੇ ਸਕੂਲ ਨਹੀਂ ਗਏ। ਇਸ ਲਈ ਇਹ ਸਾਫ ਹੈ ਕਿ ਉਨ੍ਹਾਂ ਨੇ ਸਕੂਲੀ ਪੜ੍ਹਾਈ ਨਹੀਂ ਕੀਤੀ। ਉਨ੍ਹਾਂ ਅਨੁਸਾਰ ਉਨ੍ਹਾਂ ਨੇ ਊੜਾ-ਐੜਾ ਵੀ ਬਹੁਤ ਲੇਟ ਸਿੱਖਣਾ ਸ਼ੁਰੂ ਕੀਤਾ ਤੇ ਉਹ ਵੀ ਉਦੋਂ, ਜਦੋਂ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਆਈ ਕਿ ਪੜ੍ਹਾਈ-ਲਿਖਾਈ ਬਿਨਾਂ ਕੋਈ ਜੀਵਨ ਨਹੀਂ ਹੈ। ਚੰਗੇ ਕਿਰਤ ਕਰਨ ਵਾਲਿਆਂ ਵਾਂਗ ਉਹ ਆਪਣਾ ਕੰਮ ਵੀ ਕਰਦੇ ਰਹੇ ਤੇ ਵਿਹਲੇ ਸਮੇਂ ਵਿਚ ਪੜ੍ਹਦੇ ਵੀ ਰਹੇ। ਉਨ੍ਹਾਂ ਦੱਸਿਆ ਕਿ ਪਰਿਵਾਰ ਵਿਚ ਸਭ ਤੋਂ ਵਡੀ ਸੰਤਾਨ ਹੋਣ ਕਾਰਨ ਉਨ੍ਹਾਂ ਉਤੇ ਘਰ ਦੇ ਗੁਜ਼ਾਰੇ ਲਈ ਮਾਤਾ-ਪਿਤਾ ਨਾਲ ਹੱਥ ਵਟਾਉਣ ਦੀ ਜ਼ਿੰਮੇਵਾਰੀ ਸੀ। ਸਕੂਲ ਜਾਣ ਦੀ ਥਾਂ ਉਹ ਵੱਡੀ ਉਮਰ ਤੀਕਰ ਡੰਗਰ ਚਾਰਦੇ ਤੇ ਖੇਤੀ ਕਰਦੇ ਰਹੇ। ਉਨ੍ਹਾਂ ਆਪਣਾ ਸਕੂਲ ਜਾਣ ਦਾ ਸਮਾਂ ਤਾਂ ਗਵਾ ਦਿੱਤਾ ਸੀ ਪਰ ਆਪਣੇ ਛੋਟੇ ਭਰਾਵਾਂ ਨੂੰ ਪੜ੍ਹਾਉਣ ਦੀ ਪੂਰੀ ਕੋਸ਼ਿਸ਼ ਕਰਦੇ ਸਨ। ਉਹ ਹਰ ਰੋਜ਼ ਸ਼ਾਮ ਨੂੰ ਆਪਣੇ ਭਰਾਵਾਂ ਨੂੰ ਟਿਊਸ਼ਨ ਪੜ੍ਹਨ ਲਈ ਇਕ ਅਧਿਆਪਕ ਕੋਲ ਲੈ ਕੇ ਜਾਂਦੇ, ਟਿਊਸ਼ਨ ਦੇ ਸਮੇਂ ਘੰਟਾ ਦੋ ਘੰਟਾ ਉਥੇ ਹੀ ਬੈਠੇ ਰਹਿੰਦੇ ਤੇ ਉਨ੍ਹਾਂ ਨੂੰ ਨਾਲ ਲੈ ਕੇ ਵਾਪਸ ਮੁੜਦੇ। ਇਕ ਦਿਨ ਅਧਿਆਪਕ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਆਪਣੇ ਭਰਾਵਾਂ ਨੂੰ ਪੜ੍ਹਾਉਣ ਲਈ ਤਾਂ ਇੰਨੀ ਮਿਹਨਤ ਕਰਦਾ ਹੈ ਪਰ ਆਪ ਕਿਉਂ ਨਹੀਂ ਪੜ੍ਹਦਾ। ਉਨ੍ਹਾਂ ਨੇ ਦੱਸਿਆ ਕਿ ਉਹ ਤਾਂ ਸ਼ੁਰੂ ਤੋਂ ਹੀ ਪੜ੍ਹਨੇ ਨਹੀਂ ਪਿਆ ਇਸ ਲਈ ਪੜ੍ਹ ਨਹੀਂ ਸਕਦਾ। ਮਾਸਟਰ ਨੇ ਹੱਲਾਸ਼ੇਰੀ ਦੇ ਕੇ ਉਨ੍ਹਾਂ ਨੂੰ ਪੈਂਤੀ ਅੱਖਰੀ ਸਿਖਾਉਣੀ ਅਰੰਭ ਕਰ ਦਿੱਤੀ। ਇਕ ਵਾਰ ਪੜ੍ਹਨ ਦਾ ਵਲ ਆਇਆ ਕਿ ਉਹ ਆਪਣੀ ਲਗਨ ਨਾਲ ਆਪ ਹੀ ਪੜ੍ਹਦੇ ਚਲੇ ਗਏ। ਮੁੜ ਪਿੱਛੇ ਨਾ ਪਰਤੇ। ਕਈਆਂ ਨੇ ਇਸ ਵਾਰਤਾ ਨੂੰ ਥੋੜੇ ਫਰਕ ਨਾਲ ਵੀ ਬਿਆਨ ਕੀਤਾ ਹੈ ਪਰ ਉਨ੍ਹਾਂ ਦੇ ਵਰਣਨ ਨਾਲ ਗੱਲ ਬਹੁਤੀ ਬਦਲਦੀ ਨਹੀਂ।

ਪੱਛੜ ਕੇ ਪੜ੍ਹਾਈ ਸ਼ੁਰੂ ਕਰਨ ਨਾਲ ਸਗੋਂ ਪ੍ਰੋਫੈਸਰ ਘੱਗਾ ਵਿਚ ਉਹ ਊਣਤਾਈਆਂ ਨਾ ਆਈਆਂ ਜੋ ਸਕੂਲਾਂ-ਯੂਨੀਵਰਸਿਟੀਆਂ ਦੀ ਉਪਚਾਰਕ ਪੜ੍ਹਾਈਆਂ ਕਰਨ ਵਾਲਿਆਂ ਦੀ ਸੋਚ ਵਿਚ ਆ ਜਾਂਦੀਆਂ ਹਨ। ਮੇਰੇ ਖਿਆਲ ਅਨੁਸਾਰ ਸਕੂਲੀ ਵਿਦਿਆਰਥੀ ਵਿਦਿਅਕ ਢਾਂਚੇ ਦੀ ਇਕਸਾਰਤਾ ਵਾਲੀ ਨਿਯਮਾਵਲੀ ਤੇ ਕਾਰਗੁਜ਼ਾਰੀ ਵਿਚ ਉਲਝ ਕੇ ਰਹਿ ਜਾਂਦੇ ਹਨ। ਇਸ ਲਈ ਉਹ ਵਿਦਿਆਰਥੀ ਆਪਣੀਆਂ ਮੌਲਿਕ ਸਿਰਜਣਾਤਮਿਕ ਰੁਚੀਆਂ ਨੂੰ ਬਹੁਤਾ ਉਨਤ ਨਹੀਂ ਕਰ ਸਕਦੇ। ਦੂਜੇ ਅਰਥਾਂ ਵਿਚ ਯੂਨੀਵਰਸਿਟੀ ਸਿੱਖਿਆ ਦੀ ਦਿਨਚਰਿਆ ਨਾਲ ਉਹ ਇੰਨੇ ਘਸ ਜਾਂਦੇ ਹਨ ਕਿ ਆਪਣੀ ਸਿਖਿਆ ਦੇ ਔਜ਼ਾਰਾਂ ਨੂੰ ਆਤਮਿਕ ਬਲ ਨਾਲ ਨਹੀਂ ਵਰਤ ਸਕਦੇ। ਇਸੇ ਲਈ ਸਕੂਲ-ਯੂਨੀਵਰਸਿਟੀ ਸਿੱਖਿਆ ਪ੍ਰਣਾਲੀ ਉਚ ਕੋਟੀ ਦੇ ਆਲੋਚਕ, ਵਿਗਿਆਨੀ ਤੇ ਹਿਸਾਬਦਾਨ ਤਾਂ ਪੈਦਾ ਕਰ ਸਕਦੀ ਹੈ ਪਰ ਉਚ ਕੋਟੀ ਦੇ ਮੌਲਿਕ ਸੋਚ ਵਾਲੇ ਚਿੰਤਕ, ਕਵੀ, ਸਾਹਿਤਕਾਰ ਤੇ ਸਮਾਜ ਸੁਧਾਰਕ ਪੈਦਾ ਨਹੀਂ ਕਰ ਸਕਦੀ। ਕੋਈ ਅਪਵਾਦ ਹੋਵੇ ਤਾਂ ਵੱਖਰੀ ਗੱਲ ਹੈ।

ਪ੍ਰੋਫੈਸਰ ਇੰਦਰ ਸਿੰਘ ਘੱਗਾ ਵਿਚ ਵਿਦਵਤਾ ਦਾ ਝਰਨਾ ਆਪ ਮੁਹਾਰੇ ਫੁੱਟਿਆ ਹੈ। ਇਸ ਲਈ ਉਨ੍ਹਾਂ ਦੇ ਵਿਚਾਰਾਂ ਵਿਚ ਉਪਚਾਰਿਕਤਾ ਦੀ ਥਾਂ ਮੌਲਿਕਤਾ ਤੇ ਰੂੜ੍ਹੀਵਾਦ ਦੀ ਥਾਂ ਬੇਬਾਕ ਪ੍ਰਗਤੀਸ਼ੀਲਤਾ ਭਾਰੂ ਹੈ। ਇਸ ਗੱਲ ਵਿਚ ਉਹ ਇਕੱਲੇ ਨਹੀਂ ਹਨ। ਕਈ ਹੋਰ ਉਘੀਆਂ ਸਾਹਿਤਕ ਸ਼ਖ਼ਸੀਅਤਾਂ ਨੇ ਵੀ ਉਨ੍ਹਾਂ ਵਾਂਗ ਹੀ ਅਲਪ-ਸਿਖਿਅਕ ਹੋਣ ਜਾਂ ਸਕੂਲੀ ਸਿੱਖਿਆ ਤੋਂ ਵਾਂਝੇ ਰਹਿਣ ਦੇ ਬਾਵਜੂਦ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿਚ ਨਾਨਕ ਸਿੰਘ ਨਾਵਲਕਾਰ ਦਾ ਨਾਂ ਵੀ ਸ਼ਾਮਲ ਹੈ ਜੋ ਘਰ ਦੀ ਗਰੀਬੀ ਕਾਰਨ ਚਾਰ-ਪੰਜ ਜਮਾਤਾਂ ਤੀਕਰ ਹੀ ਸਕੂਲ ਗਏ ਸਨ। ਉਨ੍ਹਾਂ ਦਰਜਨਾਂ ਮੌਲਿਕ ਤੇ ਕਈ ਅਨੁਵਾਦਿਤ ਨਾਵਲ ਪੰਜਾਬੀ ਜਗਤ ਦੀ ਝੋਲੀ ਪਾਏ। ਇਸ ਲਈ ਉਨ੍ਹਾਂ ਨੂੰ ਪੰਜਾਬੀ ਨਾਵਲਕਾਰੀ ਦਾ ਮੋਢੀ ਕਿਹਾ ਜਾਂਦਾ ਹੈ। ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਜਿਨ੍ਹਾਂ ਨੂੰ ਆਪਣੀਆਂ ਲਿਖਤਾਂ ਲਈ ਪੰਜਾਬ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ, ਵੀ ਕੇਵਲ ਅੱਠ ਕੁ ਜਮਾਤਾਂ ਤੀਕਰ ਹੀ ਸਕੂਲ ਗਏ ਸਨ। ਪੰਜਾਬੀ ਦਾ ਉਘਾ ਨਾਵਲਕਾਰ ਤੇ ਬੁੱਧੀਜੀਵੀ ਜਸਵੰਤ ਸਿੰਘ ਕੰਵਲ ਤਾਂ ਸਕੂਲ ਦੀ ਪੜ੍ਹਾਈ ਅਧੂਰੀ ਛੱਡ ਕੇ ਮਲਾਇਆ ਚਲਾ ਗਿਆ ਸੀ। ਉਹ ਆਪਣੀ ਮਿਹਨਤ ਸਦਕਾ ਪੜ੍ਹ ਕੇ ਹੀ ਸਾਹਿਤ ਅਕਾਦਮੀ ਅਵਾਰਡ ਜਿੱਤਣ ਵਾਲਾ ਬਹੁ-ਚਰਚਿਤ ਸਾਹਿਤਕਾਰ ਬਣਿਆ। ਉਸ ਦੇ ਨਾਵਲ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿਚ ਪੜ੍ਹਾਏ ਜਾਂਦੇ ਹਨ। ਇਨ੍ਹਾਂ ਸ਼ਖ਼ਸੀਅਤਾਂ ਨੂੰ ਤਾਂ ਕਦੇ ਕਿਸੇ ਨੇ ਅਨਪੜ੍ਹ ਕਿਹਾ ਨਹੀਂ।

ਸਭ ਤੋਂ ਵਿਲੱਖਣ ਉਦਾਹਰਨ ਤਾਂ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਕਿਰਪਾਲ ਸਿੰਘ ਕਜ਼ਾਕ ਦੀ ਹੈ ਜੋ ਕਥਿਤ ਤੌਰ 'ਤੇ ਕੇਵਲ ਨੌਂ ਜਮਾਤਾਂ ਤੀਕਰ ਹੀ ਸਕੂਲ ਗਿਆ ਸੀ। ਉਹ ਪੇਸ਼ੇ ਵਜੋਂ ਤਰਖਾਣ ਮਿਸਤਰੀ ਸੀ ਤੇ ਸਾਰੀ ਉਮਰ ਮਕਾਨ ਉਸਾਰੀ ਦਾ ਕੰਮ ਕਰਦਾ ਰਿਹਾ। ਪਰ ਉਹ ਆਪਣੇ ਜੱਦੀ-ਪੁਸ਼ਤੀ ਕੰਮ ਦੇ ਨਾਲ ਨਾਲ ਸਾਹਿਤ ਰਚਨਾ ਲਈ ਵੀ ਸਮਾਂ ਕੱਢਦਾ ਰਿਹਾ। ਉਸ ਦੇ ਕੰਮ ਦੀ ਪਾਇਦਾਰੀ ਤੇ ਸ਼ਲਾਘਾ ਦੇਖ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਸ ਨੂੰ ਉਸ ਦੇ ਲਿਖਤ ਕੰਮ ਦੇ ਆਧਾਰ 'ਤੇ ਪੀ ਐਚ ਡੀ ਦੀ ਡਿਗਰੀ ਪ੍ਰਦਾਨ ਕੀਤੀ ਤੇ ਫਿਰ ਇਸੇ ਡਿਗਰੀ ਦੇ ਆਧਾਰ 'ਤੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਲਾਇਆ ਜਿੱਥੇ ਉਸ ਨੇ ਅਧਿਕਾਰਿਤ ਅਰਥਾਂ ਵਿਚ ਪੋਸਟ-ਗ੍ਰੈਜੂਏਟ ਕਲਾਸਾਂ ਪੜ੍ਹਾਈਆਂ। ਇਹੀ ਨਹੀਂ 2019 ਵਿਚ ਉਸ ਨੂੰ ਪੰਜਾਬ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਮੇਰਾ ਖਿਆਲ ਨਹੀਂ, ਦੋ-ਚਾਰਾਂ ਨੂੰ ਛੱਡ ਕੇ ਬਹੁਤੇ ਉਚ-ਸਿਖਿਅਕ ਯੂਨੀਵਰਸਿਟੀ ਅਧਿਆਪਕਾਂ ਨੂੰ ਇਹ ਪੁਰਸਕਾਰ ਮਿਲਿਆ ਹੋਵੇ।

ਹੋਰ ਤਾਂ ਹੋਰ ਪੰਜਾਬੀ ਸਾਹਿਤ ਵਿਚ ਬੁਲੰਦੀਆਂ ਛੂਹਣ ਵਾਲੀ ਪੁਰਸਕਾਰਾਂ ਦੀ ਮਲਿਕਾ ਅੰਮ੍ਰਿਤਾ ਪ੍ਰੀਤਮ ਨੇ ਵੀ ਬਹੁਤੀ ਉਪਚਾਰਕ ਸਕੂਲੀ ਪੜ੍ਹਾਈ ਨਹੀਂ ਸੀ ਕੀਤੀ ਹੋਈ। ਘੱਟੋ ਘੱਟ ਉਸ ਦੀ ਜੀਵਨੀ ਦੇ ਪ੍ਰਕਾਸ਼ਿਤ ਦਸਤਾਵੇਜ਼ਾਂ ਤੇ ਵੈੱਬ-ਜਾਣਕਾਰੀ ਤੋਂ ਤਾਂ ਇਹੀ ਜਾਪਦਾ ਹੈ। ਗਿਆਰਾਂ ਸਾਲਾਂ ਦੀ ਉਮਰ ਵਿਚ ਮਾਂ ਦੇ ਮਰਨ ਤੋਂ ਬਾਅਦ ਉਸ ਨੇ ਜੋ ਪੜ੍ਹਿਆ ਉਹ ਘਰ ਰਹਿ ਕੇ ਆਪਣੇ ਪਿਤਾ ਦੀ ਛਤਰ ਛਾਇਆ ਹੇਠ ਹੀ ਪੜ੍ਹਿਆ। ਉਸ ਦੇ ਸਾਹਿਤਿਕ ਕੱਦ ਸਾਹਮਣੇ ਉਸ ਦੀ ਸਿੱਖਿਆ ਦੀ ਗੱਲ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਬਰਾਬਰ ਹੈ। ਫਿਰ ਵਾਰਸ ਸ਼ਾਹ ਜਿਸ ਨੂੰ ਗੁਹਾਰ ਲਾ ਕੇ ਉਹ ਲਿਖਦੀ ਰਹੀ, ਵੀ ਕਿਹੜਾ ਕਿਸੇ ਕਾਲਜ ਜਾਂ ਯੂਨੀਵਰਸਿਟੀ ਤੋਂ ਪੜ੍ਹਿਆ ਸੀ।

ਪੰਜਾਬ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਕਈ ਅਜਿਹੇ ਸਾਹਿਤਕਾਰ ਹੋਏ ਹਨ, ਜਿਨ੍ਹਾਂ ਨੂੰ ਸਕੂਲੀ ਪੜ੍ਹਾਈ ਬਿਲਕੁਲ ਨਸੀਬ ਨਾ ਸੀ ਹੋਈ। ਰੂਸ ਦਾ ਸੰਸਾਰ ਪ੍ਰਸਿੱਧ ਸਾਹਿਤਕਾਰ, 'ਮਾਂ' ਨਾਵਲ ਦਾ ਲੇਖਕ ਅਤੇ ਨੋਬਲ ਪੁਰਸਕਾਰ ਵਿਜੇਤਾ ਮੈਕਸਿਮ ਗੋਰਕੀ ਤਾਂ ਇਕ ਦਿਨ ਵੀ ਸਕੂਲ ਨਹੀਂ ਗਿਆ। ਯਤੀਮੀ ਦੀ ਹਾਲਤ ਵਿਚ ਬਚਪਨ ਤੋਂ ਹੀ ਉਹ ਢਾਬਿਆਂ ਤੇ ਰੈਸਟੋਰੈਂਟਾਂ ਵਿਚ ਬਾਲ ਕਾਮੇ ਵਜੋਂ ਕੰਮ ਕਰਦਾ ਰਿਹਾ। ਉਥੇ ਰਹਿ ਕੇ ਹੀ ਉਸ ਨੇ ਪੜ੍ਹਨਾ-ਲਿਖਣਾ ਸਿੱਖਿਆ ਤੇ ਸਾਹਿਤ ਰਚਨਾ ਨੂੰ ਹੱਥ ਪਾਇਆ। ਆਪਣੀ ਜੀਵਨ ਕਥਾ ਨਾਲ ਸਬੰਧਿਤ ਦੋ ਪੁਸਤਕਾਂ 'ਮਾਈ ਯੂਨੀਵਰਸਿਟੀਜ਼' ਅਤੇ 'ਮਾਈ ਐਪਰੈਂਟਿਸਸ਼ਿਪਜ਼' ਵਿਚ ਗੋਰਕੀ ਨੇ ਲਿਖਿਆ ਹੈ ਕਿ ਢਾਬੇ ਉਸ ਦੇ ਸਕੂਲ ਤੇ ਯੂਨੀਵਰਸਿਟੀਆਂ ਸਨ ਤੇ ਭਾਂਡੇ ਮਾਂਜਣਾ ਉਸ ਦੀਆਂ ਕੰਮ-ਕਾਜੀ ਸਿਖਲਾਈ ਸੰਸਥਾਵਾਂ ਦਾ ਮੁੱਖ ਵਿਸ਼ਾ ਸੀ। ਸਾਡੇ ਕੋਲ ਸਾਰੇ ਪੁਰਾਣੇ ਸਾਹਿਤਕਾਰਾਂ ਦੀਆਂ ਜੀਵਨੀਆਂ ਉਪਲੱਬਧ ਨਹੀਂ ਹਨ ਇਸ ਲਈ ਕਿਹਾ ਨਹੀਂ ਜਾ ਸਕਦਾ ਕਿ ਕਿੰਨੇ ਕੁ ਹੋਰ ਲੇਖਕ ਅਜਿਹੀਆਂ ਹੀ ਯੂਨੀਵਰਸਿਟੀਆਂ ਦੇ ਵਿਦਿਆਰਥੀ ਰਹੇ ਹੋਣਗੇ।

ਇਸ ਸਬੰਧ ਵਿਚ ਦੂਜੇ ਪ੍ਰਸਿੱਧ ਸਾਹਿਤਕਾਰਾਂ ਦੇ ਜ਼ਿਕਰ ਕਰਨ ਦਾ ਮਕਸਦ ਕੇਵਲ ਤੇ ਕੇਵਲ ਇਹ ਦਰਸਾਉਣਾ ਹੈ ਕਿ ਜਦੋਂ ਇੰਨੇ ਸਾਰੇ ਲੋਕ ਬਿਨਾਂ ਸਕੂਲ ਜਾਇਆਂ ਜਾਂ ਕੁਝ ਕੁ ਦੇਰ ਸਕੂਲ ਜਾ ਕੇ ਸਾਹਿਤ ਦੇ ਖੇਤਰ ਵਿਚ ਚਾਨਣ-ਮੁਨਾਰੇ ਬਣ ਸਕਦੇ ਹਨ ਤਾਂ ਪ੍ਰੋਫੈਸਰ ਇੰਦਰ ਸਿੰਘ ਘੱਗਾ ਅਨਪੜ੍ਹ ਕਿਵੇਂ ਹੋਏ? ਉਨ੍ਹਾਂ ਨੇ ਗੁਰਬਾਣੀ, ਸਿੱਖ ਧਰਮ ਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕਰਦਿਆਂ ਉਮਰ ਭਰ ਘਾਲਣਾ ਘਾਲੀ ਹੈ। ਆਪਣੇ ਤਰਕ ਤੇ ਖੋਜ ਨਾਲ ਉਨ੍ਹਾਂ ਨੇ ਇਸ ਕਾਰਜ ਖੇਤਰ ਤੇ ਵਿਸ਼ੇ ਨੂੰ ਨਿੱਗਰ ਬਣਾਇਆ। ਉਨ੍ਹਾਂ ਦੀਆਂ ਲਿਖਤਾਂ ਵਿਗਿਆਨਕ, ਬੌਧਿਕਤਾ ਭਰਪੂਰ ਤੇ ਅਗਾਂਹਵਧੂ ਦਲੀਲਾਂ ਨਾਲ ਭਰੀਆਂ ਹੋਈਆਂ ਹਨ ਜਿਨ੍ਹਾਂ ਨੂੰ ਅੱਗੇ ਤਾਂ ਵਧਾਇਆ ਜਾ ਸਕਦਾ ਹੈ ਪਰ ਕੱਟਿਆ ਨਹੀਂ ਜਾ ਸਕਦਾ। ਇਸ ਦਾ ਸਬੂਤ ਉਨ੍ਹਾਂ ਦੀਆਂ ਦੂਜੇ ਵਿਦਵਾਨਾਂ ਨਾਲ ਕੀਤੀਆਂ ਗੋਸ਼ਟੀਆਂ ਹਨ। ਆਪਣੀ ਵਿਦਵਤਾ ਤੇ ਇਸ ਦੀ ਕੁਸ਼ਲ ਪੇਸ਼ਕਾਰੀ ਦੇ ਆਧਾਰ 'ਤੇ ਹੀ ਉਨ੍ਹਾਂ ਨੇ ਪ੍ਰੋਫੈਸਰ ਦੀ ਉਪਾਧੀ ਪਾਈ ਤੇ ਕਾਲਜਾਂ ਵਿਚ ਪੜ੍ਹਾਇਆ।

ਪ੍ਰੋਫੈਸਰ ਘੱਗਾ ਦੀਆਂ ਪ੍ਰਾਪਤੀਆਂ ਨੂੰ ਦੇਖ ਕੇ ਲਗਦਾ ਹੈ ਕਿ ਉਹ ਸਕੂਲੀ ਵਿਦਿਆ ਤੋਂ ਵਾਂਝੇ ਹੋ ਕੇ ਵੀ ਉਚ ਪੱਧਰ ਦੇ ਲੇਖਕ ਤੇ ਵਿਦਵਾਨ ਹਨ। ਉਨ੍ਹਾਂ ਦਾ ਥਾਂ ਸੰਸਾਰ ਦੇ ਉਨ੍ਹਾਂ ਪ੍ਰਸਿੱਧ ਲੇਖਕਾਂ, ਸਾਹਿਤਕਾਰਾਂ ਤੇ ਬੁੱਧੀਜੀਵੀਆਂ ਵਿਚ ਹੈ, ਜਿਨ੍ਹਾਂ ਦੀ ਕਲਮ ਵਿਚੋਂ ਵਿਦਵਤਾ ਆਪ ਮੁਹਾਰੀ ਫੁੱਟ ਕੇ ਵਗਦੀ ਹੈ। ਉਨ੍ਹਾਂ ਜਿਹਾ ਸਥਾਨ ਤਾਂ ਯੂਨੀਵਰਸਿਟੀ ਪਾਰਿਤ ਕਈ ਕਈ ਡਿਗਰੀਆਂ ਦੇ ਮਾਲਕ ਵਿਦਵਾਨਾਂ ਨੂੰ ਵੀ ਹਾਸਲ ਨਹੀਂ ਹੈ। ਜਿਸ ਯੂ-ਟਿਊਬ 'ਤੇ ਉਨ੍ਹਾਂ ਦੇ ਵੀਡੀਓਜ਼ ਪਏ ਹਨ ਉਥੇ ਹੀ ਨਾਲ ਕਈ ਵੀਡੀਓਜ਼ ਆਪਣੇ ਆਪ ਨੂੰ ਉਘੇ ਇਤਿਹਾਸਕਾਰ ਤੇ ਸਿੱਖ ਬੁੱਧੀਜੀਵੀ ਕਹਾਉਣ ਵਾਲੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰਾਂ ਦੇ ਵੀ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਤਰਕਹੀਣ ਤੇ ਤੱਥਹੀਣ ਗੱਲਾਂ ਲਿਖੀਆਂ ਹਨ। ਉਨ੍ਹਾਂ ਵਲ ਵੇਖ ਕੇ ਤਾਂ ਪ੍ਰੋਫੈਸਰ ਘੱਗਾ ਦਾ ਰੁਤਬਾ ਹੋਰ ਵੀ ਨਿੱਖਰਿਆ ਲਗਦਾ ਹੈ।

ਪ੍ਰੋਫੈਸਰ ਘੱਗਾ ਨੂੰ ਪੰਜਾਬੀ ਸ਼ਬਦਾਵਲੀ ਤੇ ਮੁਹਾਵਰੇ ਦਾ ਪੂਰਾ ਗਿਆਨ ਹੈ। ਉਹ ਮੁਸ਼ਕਿਲ ਤੋਂ ਮੁਸ਼ਕਿਲ ਗੱਲ ਨੂੰ ਵੀ ਸਹਿਜਤਾ ਨਾਲ ਸਮਝਾ ਸਕਦੇ ਹਨ। ਮੈਂ ਦੇਖਿਆ ਹੈ ਕਿ ਉਨ੍ਹਾਂ ਨੇ ਮਨੁੱਖੀ ਵਿਕਾਸ, ਮਨੁੱਖੀ ਪ੍ਰਜਣਨ ਕਿਰਿਆ ਤੇ ਕਈ ਮੈਡੀਕਲ ਮਸਲਿਆਂ 'ਤੇ ਵੀ ਅਜਿਹੇ ਸਰਲ ਤੇ ਸੰਕੇਤਕ ਤਰੀਕੇ ਨਾਲ ਜਾਣਕਾਰੀ ਦਿੱਤੀ ਹੈ ਜੋ ਕਈ ਬਹੁਤੇ ਪੜ੍ਹੇ ਨਹੀਂ ਦੇ ਸਕਦੇ। ਉਨ੍ਹਾਂ ਨੂੰ ਆਪਣੇ ਵਿਸ਼ੇ ਦਾ ਡੂੰਘਾ ਗਿਆਨ ਤੇ ਆਧੁਨਿਕ ਜਾਣਕਾਰੀ ਹੁੰਦੀ ਹੈ ਇਸ ਲਈ ਉਹ ਲਿਖਦੇ ਜਾਂ ਬੋਲਦੇ ਹੋਏ ਕਿਸੇ ਪਾਸਿਓਂ ਬਚਣ ਜਾਂ ਲਿਫਣ ਦੀ ਕੋਸ਼ਿਸ਼ ਨਹੀਂ ਕਰਦੇ। ਉਨ੍ਹਾਂ ਵਿਚ ਬੁੱਧੀਜੀਵੀਆਂ ਵਾਲੀ ਇਕ ਹੋਰ ਵੱਡੀ ਖੂਬੀ ਇਹ ਹੈ ਕਿ ਉਹ ਹਮੇਸ਼ਾ ਆਪਣੇ ਵਿਸ਼ੇ ਨਾਲ ਜੁੜੇ ਰਹਿੰਦੇ ਹਨ, ਆਪਣੀ ਤਾਰੀਫ ਦੇ ਪੁਲ ਬੰਨ੍ਹ ਕੇ ਆਪਣੀ ਮਸ਼ਹੂਰੀ ਨਹੀਂ ਕਰਦੇ।

ਵਿਚਾਰ ਆਪੋ-ਆਪਣੇ ਹੁੰਦੇ ਹਨ। ਕੋਈ ਸਹਿਮਤ ਹੋਵੇ ਜਾਂ ਨਾ ਹੋਵੇ ਇਹ ਚਲਦਾ ਹੈ, ਪਰ ਕਿਸੇ ਲਈ ਤਹਿਜ਼ੀਬ-ਰਹਿਤ ਸ਼ਬਦਾਵਲੀ ਵਰਤਣਾ ਗਲਤ ਹੈ। ਪ੍ਰੋਫੈਸਰ ਘੱਗਾ ਜਿਹੇ ਵਿਦਵਾਨ ਹਰ ਥਾਂ ਸਚੀਂ-ਮੁਚੀਂ ਸਨਮਾਨ ਦੇ ਪਾਤਰ ਹੁੰਦੇ ਹਨ। ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਹਰ ਪੰਜਾਬੀ ਨੂੰ ਮਾਣ ਹੋਣਾ ਚਾਹੀਦਾ ਹੈ। ਨਵੀਆਂ ਪੁਰਾਣੀਆਂ ਸਭ ਪੀੜ੍ਹੀਆਂ ਨੂੰ ਉਨ੍ਹਾਂ ਦੀ ਲਗਨ ਤੋਂ ਪ੍ਰੇਰਣਾ ਲੈਣੀ ਬਣਦੀ ਹੈ। ਉਨ੍ਹਾਂ ਦੇ ਪੜ੍ਹਾਈ-ਲਿਖਾਈ ਦੇ ਸਕੂਲੀ ਮਿਆਰ ਨੂੰ ਪਰਖਣਾ ਨਾਦਾਨੀ ਹੈ। ਜੋ ਅਜਿਹਾ ਕਰਦੇ ਹਨ ਉਹ ਸ਼ਾਇਦ ਉਨ੍ਹਾਂ ਦੀਆਂ ਭਾਰੂ ਦਲੀਲਾਂ ਤੇ ਕੱਦਾਵਰ ਰੁਤਬੇ ਸਾਹਮਣੇ ਆਪਣੀ ਲਾਚਾਰੀ ਦਾ ਪ੍ਰਗਟਾਵਾ ਕਰਦੇ ਹਨ।

## ਸੰਪਾਦਕ ਦੇ ਨਾਂ ਖ਼ਤ

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਵਿਚ ਸਾਰੇ ਹੀ ਵਧੀਆ ਲੇਖਕਾਂ ਦੀਆ ਵਧੀਆ ਰਚਨਾਵਾਂ ਛਪਦੀਆਂ ਹਨ। ਗੁਰਬਚਨ ਸਿੰਘ ਭੁੱਲਰ ਅਤੇ ਭੰਡਾਲ ਸਾਹਿਬ ਦਾ ਲਿਖਣ ਢੰਗ ਰੂਹ ਨੂੰ ਝੰਜੋੜ ਜਾਂਦਾ ਹੈ। ਇਸ ਦੇ 12 ਫਰਵਰੀ ਦੇ ਅੰਕ ਵਿਚ ਪ੍ਰੋ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਬਹੁਤ ਕੁੱਝ ਰਹਿ ਗਿਆ ਬਾਕੀ' ਬੜਾ ਦਿਲਚਸਪ, ਗਹਿਰੀ ਸੋਚ ਤੇ ਰੋਜ਼ਾਨਾ ਜ਼ਿੰਦਗੀ ਵਿਚ ਵਾਪਰਦੀਆਂ ਘਟਨਾਵਾਂ ਵਿਚੋਂ ਨਿਕਲਦੇ ਫ਼ਲਸਫ਼ੇ ਨੂੰ ਆਮ ਸ਼ਬਦਾਂ ਵਿਚ ਇਓਂ ਪਰੋਂਦਾ ਹੈ, ਜਿਵੇਂ ਸੂਤ ਦਾ ਧਾਗਾ ਵੰਨ-ਸੁਵੰਨੇ ਫੁੱਲਾਂ ਨੂੰ ਪਰੋਅ ਕੇ ਸ਼ਾਨਦਾਰ ਮਾਲਾ ਦਾ ਰੂਪ ਲੈ ਲੈਂਦਾ ਹੈ। ਬਚਪਨ ਤੋਂ ਲੈ ਕੇ ਜਵਾਨੀ, ਬੁਢਾਪਾ, ਨੌਕਰੀ, ਸੇਵਾਮੁਕਤੀ, ਘਰ, ਪਰਿਵਾਰ, ਸ਼ਾਦੀ, ਬੱਚੇ, ਪਿੰਡ, ਸ਼ਹਿਰ, ਦੇਸ, ਪ੍ਰਦੇਸ, ਮਾਪਿਆਂ ਤੋਂ ਵਿਛੋੜਾ ਆਦਿ ਇਨਸਾਨ ਅਨੇਕਾਂ ਵਾਰ ਜ਼ਿੰਦਗੀ ਦੇ ਅਦਲ-ਬਦਲ ਨਾਲ ਆਪਣੇ ਪਰਿਵਾਰ, ਘਰ, ਚੀਜ਼ਾਂ ਤੇ ਰਿਸ਼ਤਿਆਂ ਨੂੰ ਛੱਡ ਨਵੀਂ ਥਾਂ ਜਾ ਵਸਦਾ ਹੈ ਤੇ ਬਹੁਤ ਕੁੱਝ ਬਾਕੀ ਪਿੱਛੇ ਛੱਡ ਜਾਂਦਾ ਹੈ। ਪਿੱਛੇ ਛੱਡਣ ਦੀ ਗੱਲ ਜਿਸ ਅੰਦਾਜ਼ ਤੇ ਸੁੰਦਰ ਸ਼ਬਦਾਂ ਨਾਲ ਪ੍ਰੋਫੈਸਰ ਭੰਡਾਲ ਨੇ ਕੀਤੀ ਹੈ, ਬਾ-ਕਮਾਲ ਹੈ। ਜੋ ਕੁਝ ਉਨ੍ਹਾਂ ਨੇ ਕਿਹਾ, ਮਹਿਸੂਸ ਅਸੀਂ ਸਭ ਕਰਦੇ ਹਾਂ ਪਰ ਆਪਣੇ ਅਨੁਭਵ ਨੂੰ ਏਨੀ ਵਿਲੱਖਣਤਾ ਤੇ ਗਹਿਰਾਈ ਨਾਲ ਬਿਆਨ ਕਰਨਾ ਬੜਾ ਮੁਸ਼ਕਲ ਕੰਮ ਹੈ। ਭੰਡਾਲ ਜੀ ਦੇ ਸ਼ਬਦ ਸਾਨੂੰ ਤੇਜ਼ੀ ਨਾਲ ਬੀਤ ਰਹੀ ਜ਼ਿੰਦਗੀ ਨੂੰ ਘੋਖਣ ਤੇ ਪੀੜ੍ਹੀ-ਦਰ-ਪੀੜ੍ਹੀ ਤੋਂ ਚਲੀ ਆ ਰਹੀ ਵਿਰਾਸਤ ਨੂੰ ਸੰਭਾਲਣ ਤੇ ਆਕਾਸ਼ਾਂ-ਵੰਨੀ ਤੱਕਦੇ ਹੋਏ ਇਹ ਵਿਚਾਰਦੇ ਹੋਏ ਅੱਗੇ ਵਧਣ ਦੀ ਪ੍ਰੇਰਣਾ ਦੇਂਦੇ ਹਨ ਕਿ ਬਾਕੀ ਜੋ ਪਿੱਛੇ ਅਸੀਂ ਛੱਡ ਰਹੇ ਹਾਂ ਉਹ 'ਨੇਕੀ, ਬੰਦਿਆਈ, ਭਲਾਈ ਤੇ ਸੱਜਣਤਾ' ਨਾਲ ਭਰਪੂਰ ਹੋਵੇ।

ਆਮ ਇਨਸਾਨ ਜਾਇਦਾਦ ਤੇ ਰੁਪਏ-ਪੈਸੇ ਨੂੰ ਹੀ ਵਿਰਾਸਤ ਸਮਝ ਕੇ ਸਾਰੀ ਉਮਰ ਹਫ਼ਦਾ ਹੋਇਆ ਦਿਨ-ਰਾਤ ਕੰਮ ਕਰਦਾ ਹੈ ਤਾਂ ਕਿ ਆਪਣੇ ਪਰਿਵਾਰ ਤੇ ਬੱਚਿਆਂ ਲਈ ਬਹੁਤ ਕੁੱਝ ਪਿੱਛੇ ਛੱਡ ਜਾਵੇ। ਇਹ ਵਿਚਾਰਧਾਰਾ ਅਕਸਰ ਕਲੇਸ਼, ਈਰਖਾ ਤੇ ਲੜਾਈ-ਝਗੜੇ ਨੂੰ ਜਨਮ ਦਿੰਦੀ ਹੈ। ਸਾਡੇ ਪਿੰਡ ਤੇ ਕਚਹਿਰੀਆਂ ਇਸ ਸੋਚ ਦੇ ਗਵਾਹ ਹਨ। ਜਿਵੇਂ ਹੈਨਰੀ ਡੇਵਿਡ ਥੋਰੋ ਆਪਣੀ ਕਿਤਾਬ 'ਵਾਲਡਨ' ਵਿਚ ਲਿਖਦਾ ਹੈ ਕਿ 'ਸੋਚਣਾ ਮਨੁੱਖ ਲਈ ਬੜਾ ਔਖਾ ਕੰਮ ਹੈ।' ਥੋਰੋ ਭਾਰਤ ਦੇ ਪ੍ਰਾਚੀਨ ਸਾਹਿਤ ਦੀ ਮਹਿਮਾ ਕਰਦਾ ਹੋਇਆ ਲਿਖਦਾ ਹੈ: 'ਸਵੇਰ ਸਾਰ ਮੈਂ ਆਪਣੇ ਮਨ ਨੂੰ ਭਗਵਦ ਗੀਤਾ ਦੇ ਵਿਸ਼ਾਲ ਤੇ ਬ੍ਰਹਿਮੰਡੀ ਫ਼ਲਸਫ਼ੇ ਵਿਚ ਨਹਾਉਂਦਾ ਹਾਂ। ਇਹ ਫ਼ਿਲਸਫ਼ਾ ਸ਼ਾਇਦ ਸਾਡੀ ਕਿਸੇ ਬੀਤ ਚੁੱਕੀ ਹੋਂਦ ਦੇ ਅਨੁਭਵਾਂ ਨੂੰ ਸਾਕਾਰ ਕਰਦਾ ਹੈ ਅਤੇ ਇਹ ਸਾਡੇ ਅੱਜ ਦੇ ਵਿਚਾਰਾਂ ਤੋਂ ਕਿਤੇ ਮਹਾਨ ਤੇ ਉਚਾ ਹੈ।' ਥੋਰੋ ਦੀ ਇਹ ਕਿਤਾਬ 1854 ਵਿਚ ਪ੍ਰਕਾਸ਼ਿਤ ਹੋਈ। ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਥੋਰੋ ਦਸ ਸਾਲ ਵਾਲਡਨ ਨਾਂ ਦੇ ਵਣ ਵਿਚ ਇਕ ਫ਼ਕੀਰ ਦੀ ਤਰ੍ਹਾਂ ਆਪਣੇ ਹੱਥਾਂ ਨਾਲ ਬਣਾਈ ਕੁੱਲੀ ਵਿਚ ਰੱਬ ਤੇ ਕੁਦਰਤ ਦੀ ਉਪਾਸਨਾ ਕਰਦਾ ਹੋਇਆ ਰਿਹਾ। ਇਸ ਦੀ ਪਹਿਲੀ ਛਾਪ ਦੀਆਂ 2000 ਕਾਪੀਆਂ ਜਲਦੀ ਵਿਕ ਗਈਆਂ ਤੇ ਦੂਜੀ ਛਾਪ ਥੋਰੋ ਦੀ ਮੌਤ ਮਗਰੋਂ ਛਾਪੀ ਗਈ। ਥੋਰੋ ਦੀ ਇੱਕ ਹੋਰ ਛੋਟੀ ਜਿਹੀ ਪੁਸਤਕ 'ਸੱਤਿਆਗ੍ਰਹਿ' (CIVIL DISOBEDIENCE) ਨੇ ਮਹਾਤਮਾ ਗਾਂਧੀ ਨੂੰ ਸ਼ਾਂਤਮਈ ਨਾ-ਮਿਲਵਰਤਨ ਦੀ ਨੀਤੀ ਤੇ ਵਿਚਾਰਧਾਰਾ ਨੂੰ ਜਨਮ ਦਿਤਾ। ਥੋਰੋ ਤੇ ਗਾਂਧੀ ਬੇਸ਼ੱਕ ਸਾਡੇ ਦਰਮਿਆਨ ਨਹੀਂ ਹਨ ਪਰ ਉਨ੍ਹਾਂ ਦੇ ਪਿੱਛੇ ਛੱਡੇ ਸ਼ਬਦ, ਅਮਰ ਵਿਚਾਰ ਤੇ ਮਨੁੱਖੀ ਕਾਰਨਾਮੇ ਅੱਜ ਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਵੀ ਰਹਿਨੁਮਾਈ ਕਰਦੇ ਰਹਿਣਗੇ।

ਪ੍ਰੋ. ਭੰਡਾਲ ਜੀ ਦਾ ਇਹ ਲੇਖ ਸਾਡੀ ਜੀਵਨ-ਯਾਤਰਾ ਦੇ ਹਰ ਪਹਿਲੂ ਨੂੰ ਸੰਜੀਦਗੀ ਨਾਲ ਵੇਖਣ ਤੇ ਪਰਖਣ ਦੀ ਕਸੌਟੀ ਦਾ ਪ੍ਰਮਾਣ ਹੀ ਨਹੀਂ, ਬਲਕਿ ਅਸੀਂ ਕਿਸ ਵਿਰਾਸਤ ਨੂੰ ਛੱਡ ਕੇ ਵਿਦਾ ਹੋ ਰਹੇ ਹਾਂ? ਇਸ ਪ੍ਰਸ਼ਨ ਨੂੰ ਸਾਡੇ ਜ਼ਿਹਨ ਵਿਚ ਮੰਜੇ ਦੇ ਪਾਵੇ ਵਿਚ ਲੱਗੀ ਚੂਲ ਦੀ ਤਰ੍ਹਾਂ ਠੋਕਦਾ ਵੀ ਹੈ। ਅਸੀਂ ਬੜੇ ਵਡਭਾਗੀ ਹਾਂ ਕਿ ਅਸੀਂ ਗੁਰੂਆਂ ਦੀ ਧਰਤੀ 'ਤੇ ਪੈਦਾ ਹੋਏ, ਪਿੰਡਾਂ ਦੇ ਸਰਕਾਰੀ ਸਕੂਲਾਂ 'ਚ ਪੜ੍ਹੇ ਤੇ ਜ਼ਿੰਦਗੀ ਨੂੰ ਬਹੁਤ ਬਰੀਕੀ ਨਾਲ ਦੇਖਿਆ। ਗੁਰਮੁਖੀ ਲਿੱਪੀ ਤੇ ਗੁਰਬਾਣੀ ਸਾਡਾ ਸਾਂਝਾ ਵਿਰਸਾ ਹੈ। ਸਾਡੇ ਗ੍ਰੰਥ ਸਾਡਾ ਸੁਹਜ-ਸ਼ਾਸਤਰ, ਸ਼ਬਦ-ਕਲਾ, ਮੁੱਲਾਂ ਤੇ ਸਰੋਕਾਰਾਂ ਦੇ ਪ੍ਰਤੱਖ ਸਰੋਤ ਹਨ। ਭੰਡਾਲ ਜੀ ਦੀ ਲੇਖਣੀ ਜੀਵਨ ਦੇ ਅਨੁਭਵ, ਦ੍ਰਿਸ਼ਟੀ ਤੇ ਵਿਅਕਤੀਗਤ ਗੁਣਾਂ ਵਿਚੋਂ ਪੈਦਾ ਹੋਈ ਹੈ। ਉਨ੍ਹਾਂ ਦੀ ਵਿਚਾਰਧਾਰਾ, ਸ਼ਬਦ ਬੋਧ ਤੇ ਭਾਵ ਦੀ ਰਵਾਨਗੀ ਪਰਿਵਾਰਕ ਮੇਲ-ਜੋਲ ਤੇ ਭਾਈਚਾਰਕ ਨਜ਼ਦੀਕੀਆਂ ਨੂੰ ਰੂਹਾਨੀ ਛੋਹ ਨਾਲ ਟੁੰਬਦੀ ਹੈ। ਪਾਠਕ-ਜਗਤ ਭੰਡਾਲ ਜੀ ਦਾ ਰਿਣੀ ਹੈ।

***-ਸਤ ਪਾਲ ਗੋਇਲ***

# ਮਾਇਆ ਤਾਂ ਵਿਹੁ-ਭਰੀ ਨਾਗਣ ਹੈ ਭਾਈ

**ਮਾਨਸ ਤੋਂ ਦੇਵਤਾ**

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਤਿਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਸਾਧਾਂ-ਸਨਿਆਸੀਆਂ ਦਾ 'ਤਿਆਗ' ਅੱਜ-ਕੱਲ੍ਹ ਖ਼ੂਬ ਚਰਚਾ ਵਿਚ ਹੈ। ਗ੍ਰੰਥਾਂ ਅਤੇ ਸਿਆਣਿਆਂ ਨੇ ਸਾਧਾਰਨ ਮਨੁੱਖ ਦੇ ਜੋ ਪੰਜ ਵਿਕਾਰ ਦੱਸੇ ਹਨ, ਉਨ੍ਹਾਂ ਵਿਚ ਲੋਭ ਵੀ ਸ਼ਾਮਲ ਹੈ। ਮੰਨਿਆ ਇਹ ਜਾਂਦਾ ਹੈ ਕਿ ਜਦੋਂ ਕੋਈ ਮਨੁੱਖ ਦੁਨੀਆਦਾਰੀ ਤਿਆਗ ਕੇ ਸਾਧੂ ਹੋ ਜਾਂਦਾ ਹੈ, ਉਹ ਇਨ੍ਹਾਂ ਵਿਕਾਰਾਂ ਤੋਂ ਵੀ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਉਸ ਵਿਚ ਉਹ ਲੋਭ ਵੀ ਨਹੀਂ ਰਹਿਣਾ ਚਾਹੀਦਾ, ਜਿਸ ਵਿਚ ਸੰਸਾਰੀ ਜੀਵ ਅਨੇਕ ਵਾਰ ਫਸਣ ਵਾਸਤੇ ਮਜਬੂਰ ਹੋ ਜਾਂਦਾ ਹੈ। ਕਈ ਸਾਧੂ ਅਜਿਹੇ ਵੀ ਦੇਖੇ ਹਨ ਜੋ ਭੋਜਨ ਦੀ ਤਲਬ ਹੋਈ ਤੋਂ ਕਿਸੇ ਇਕ ਘਰੋਂ ਮੰਗ ਕੇ ਖਾ-ਪੀ ਲੈਂਦੇ ਹਨ ਤੇ ਫੇਰ ਅਗਲੀ ਭੁੱਖ ਤੱਕ ਹੋਰ ਕਿਸੇ ਘਰ ਤੋਂ ਕੁਛ ਨਹੀਂ ਮੰਗਦੇ।



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਸਾਡੇ ਪਿੰਡ ਵਾਲਾ ਬਾਬਾ ਲੱਕੜ ਦਾਸ ਇਸੇ ਤਰ੍ਹਾਂ ਦਾ ਬਹੁਤ ਭਲਾ ਸਾਧੂ ਸੀ, ਲੋਭ ਸਮੇਤ ਸਭ ਵਿਕਾਰਾਂ ਤੋਂ ਮੁਕਤ।

ਅੱਜ-ਕੱਲ੍ਹ ਟੀਵੀ ਉੱਤੇ ਜਦੋਂ ਕਈ ਆਧੁਨਿਕ ਸਾਧੂਆਂ ਦੀ ਧਨ-ਸੰਪਤੀ ਬਾਰੇ ਦੱਸਿਆ-ਦਿਖਾਇਆ ਜਾਂਦਾ ਹੈ ਤਾਂ ਦਰਸ਼ਕ ਦੰਗ ਰਹਿ ਜਾਂਦਾ ਹੈ। ਅਸਲ ਵਿਚ ਤਾਂ ਹੁਣ ਹਾਲਤ ਇਹ ਹੈ ਕਿ ਜਿਸ ਦੀ ਜਾਇਦਾਦ ਕਰੋੜਾਂ-ਅਰਬਾਂ ਵਿਚ ਨਹੀਂ, ਉਹਨੂੰ 'ਸਫ਼ਲ ਤਿਆਗੀ ਸਾਧ' ਨਹੀਂ ਮੰਨਿਆ ਜਾਂਦਾ। ਕੁਛ ਮਿਸਾਲਾਂ ਦੇਖਣੀਆਂ ਦਿਲਚਸਪ ਰਹਿਣਗੀਆਂ।

ਕੁਛ ਸਾਲ ਪਹਿਲਾਂ ਗੁਜ਼ਰੇ ਸ੍ਰੀ ਸਤਿਆ ਸਾਈਂ ਬਾਬਾ ਦੇ ਚਲਾਣੇ ਮਗਰੋਂ ਜਦੋਂ ਉਹਦਾ ਨਿੱਜੀ ਕਮਰਾ ਖੋਲ੍ਹਿਆ ਗਿਆ, ਉਸ ਵਿਚ ਬਾਰਾਂ ਕਰੋੜ ਨਕਦ, ਕੁਇੰਟਲ ਸੋਨਾ ਅਤੇ ਸਵਾ ਤਿੰਨ ਕੁਇੰਟਲ ਚਾਂਦੀ ਰੱਖੀ ਹੋਈ ਸੀ। ਹੋਰ ਅਨੇਕ ਦੇਸਾਂ ਵਿਚਲੇ ਉਹਦੇ ਡੇਰਿਆਂ ਸਮੇਤ ਉਹਦੀ ਸੰਪਤੀ ਦਾ ਅੰਦਾਜ਼ਾ ਚਾਰ ਖ਼ਰਬ ਰੁਪਏ ਸੀ। ਵੱਡੇ ਲੋਕਾਂ ਦੇ ਸਾਧੂ ਮੰਨੇ ਜਾਂਦੇ ਅਰਬਪਤੀ ਸ੍ਰੀ ਸ੍ਰੀ ਰਵੀ ਸ਼ੰਕਰ ਦੇ ਡੇਢ ਸੌ ਦੇਸਾਂ ਵਿਚ ਡੇਰੇ ਅਤੇ ਤੀਹ ਕਰੋੜ ਤੋਂ ਵੱਧ ਸ਼ਰਧਾਲੂ ਹਨ। ਭਗਤਾਂ ਨੂੰ ਬੁੱਕਲ ਵਿਚ ਲੈ ਕੇ ਆਸ਼ੀਰਵਾਦ ਦੇਣ ਲਈ ਪ੍ਰਸਿੱਧ, ਦੇਸ਼ ਦੀ ਸਭ ਤੋਂ ਧਨਾਡ ਸਾਧਵੀ, ਮਾਤਾ ਅੰਮ੍ਰਿਤਆਨੰਦਮਾਈ ਦੀ ਸੰਪਤੀ ਦਾ ਮੁੱਲ ਦਸ ਅਰਬ ਰੁਪਏ ਦਸਦੇ ਹਨ।

ਬਲਾਤਕਾਰੀ ਸੰਤ ਆਸਾਰਾਮ ਬਾਪੂ ਦੇ ਵੀ ਅਰਬਾਂ ਦੇ ਮੁੱਲ ਦੇ ਸਾਢੇ ਤਿੰਨ ਸੌ ਆਸ਼ਰਮ ਅਤੇ ਸਤਾਰਾਂ ਹਜ਼ਾਰ ਬਾਲ ਸੰਸਕਾਰ ਕੇਂਦਰ ਸਨ। ਉਹਦੇ ਨਿੱਤ-ਕਰਮ ਵਿਚ ਸ਼ਰਧਾਲੂ ਲੜਕੀਆਂ ਦੀ ਬੇਪਤੀ ਵੀ ਸ਼ਾਮਲ ਸੀ। ਇਨ੍ਹਾਂ ਲੜਕੀਆਂ ਨੂੰ ਭਰਮਾ-ਫੁਸਲਾ ਕੇ, ਡਰਾ-ਧਮਕਾ ਕੇ, ਲੋਭ-ਲਾਲਚ ਦੇ ਕੇ ਉਹਦੇ ਕਮਰੇ ਵਿਚ ਲਿਆਉਣ ਲਈ ਉਹਦੀਆਂ ਵਿਸ਼ਵਾਸ-ਪਾਤਰ ਕਈ ਚੁਸਤ-ਚਲਾਕ ਜਨਾਨੀਆਂ ਸਨ ਜੋ ਸਿਰਫ਼ ਇਹੋ ਕੰਮ ਕਰਦੀਆਂ ਸਨ। ਆਖ਼ਰ ਜਦੋਂ ਦੋ ਕੁੜੀਆਂ ਨੇ ਹਿੰਮਤ ਕਰ ਕੇ ਉਸ ਵਿਰੁੱਧ ਬਲਾਤਕਾਰ ਦਾ ਮੁਕੱਦਮਾ ਕੀਤਾ, ਉਹ ਗੱਜਿਆ, "ਦੁਨੀਆ ਵਿਚ ਕੋਈ ਜਿਹਲ ਨਹੀਂ ਬਣੀ ਜੋ ਬਾਪੂ ਨੂੰ ਕੈਦ ਰੱਖ ਸਕੇ। ਕੰਧਾਂ ਢਹਿ ਜਾਣਗੀਆਂ ਤੇ ਪਰਲੋ ਆ ਜਾਵੇਗੀ।" ਹੁਣ ਉਹ ਕਈ ਸਾਲਾਂ ਤੋਂ ਕੈਦ ਵਿਚ ਹੈ, ਨਾ ਜਿਹਲ ਦੀਆਂ ਕੰਧਾਂ ਢਹੀਆਂ ਹਨ ਤੇ ਨਾ ਪਰਲੋ ਆਈ ਹੈ!

ਵੀਹ ਕੁ ਸਾਲ ਪਹਿਲਾਂ ਆਪਣੀਆਂ ਬਣਾਈਆਂ ਆਯੁਰਵੈਦਿਕ ਦਵਾਈਆਂ ਘਰ ਘਰ ਜਾ ਕੇ ਵੇਚਣ ਵਾਲੇ ਤੇ ਯੋਗ ਦੀਆਂ ਟਿਊਸ਼ਨਾਂ ਲੈਣ ਵਾਲੇ ਸਾਈਕਲ-ਸਵਾਰ, ਪਰ ਹੁਣ ਦੇਸ ਵਿਚ ਰਾਮਰਾਜ ਲਿਆਉਣ ਤੁਰੇ ਸਾਧ ਬਾਬਾ ਰਾਮਦੇਵ ਦੇ ਸਿਰਫ਼ ਦੋ ਟਰੱਸਟਾਂ ਦੀ ਜਾਇਦਾਦ ਹੀ ਕਈ ਸਾਲ ਪਹਿਲਾਂ ਗਿਆਰਾਂ ਅਰਬ ਰੁਪਏ ਸੀ। ਭਾਂਤ-ਭਾਂਤ ਦਾ ਤਿਆਰ ਮਾਲ ਵੇਚਣ ਵਾਲ਼ੀ ਉਹਦੀ ਕੰਪਨੀ ਇਸ ਸਮੇਂ ਭਾਰਤ ਦੀ ਸਭ ਤੋਂ ਵੱਧ ਵਧ-ਫੁੱਲ ਰਹੀ ਕੰਪਨੀ ਹੈ। "ਭਾਰਤ ਦੀ ਗ਼ਰੀਬ-ਦੁਖਿਆਰੀ ਜਨਤਾ ਦੇ ਕਲਿਆਣ ਲਈ" ਇਕ ਵਾਰ ਉਹ ਦਿੱਲੀ ਵਿਚ ਮਰਨ-ਵਰਤ ਰੱਖਣ ਆਇਆ ਤਾਂ ਦੋ ਲੱਖ ਸੱਤਰ ਹਜ਼ਾਰ ਰੁਪਏ ਪ੍ਰਤੀ ਘੰਟਾ ਕਿਰਾਏ ਵਾਲੇ ਸਾਲਮ ਹਵਾਈ ਜਹਾਜ਼ ਉੱਤੇ ਸਵਾਰ ਹੋ ਕੇ ਆਇਆ। ਇੰਗਲੈਂਡ ਕੋਲ ਇਕ ਪੂਰੇ ਦਾ ਪੂਰਾ ਟਾਪੂ ਉਹਦੇ ਇਕ ਪਰਵਾਸੀ ਭਾਰਤੀ ਸ਼ਰਧਾਲੂ ਨੇ ਅਠਾਰਾਂ ਕਰੋੜ ਰੁਪਏ ਵਿਚ ਖਰੀਦ ਕੇ ਉਹਨੂੰ ਭੇਟ ਕੀਤਾ ਹੈ।

ਸਨਿਆਸੀ ਉਹਨੂੰ ਮੰਨਿਆ ਜਾਂਦਾ ਸੀ ਜੋ ਦੁਨਿਆਵੀ ਲੋਭ-ਲਾਲਚ ਤੇ ਚੌਧਰ ਦੀ ਲਾਲਸਾ ਦਾ ਪੂਰਨ ਤਿਆਗ ਕਰ ਦੇਵੇ। ਹਾਲਤ ਇਹ ਹੋ ਗਈ ਹੈ ਕਿ ਸਨਿਆਸੀ ਹੁਣ ਜੀਵਨ ਦੀਆਂ ਸਾਧਾਰਨ ਸੁਖ-ਸਹੂਲਤਾਂ ਨਾਲ ਹੀ ਸਬਰ-ਸੰਤੋਖ ਨਹੀਂ ਕਰਦੇ। ਉਨ੍ਹਾਂ ਦੀ ਚਾਹ ਦਾ ਕਿਤੇ ਅੰਤ ਨਹੀਂ ਹੁੰਦਾ ਤੇ ਉਹ ਹੋਰ-ਹੋਰ ਦੀ ਪ੍ਰਾਪਤੀ ਦੀ ਆਮ ਦੁਨਿਆਵੀ ਦੌੜ ਵਿਚ ਸਾਧਾਰਨ ਲੋਕਾਂ ਤੋਂ ਵੀ ਵੱਧ ਸਾਹੋ-ਸਾਹ ਹੋ ਕੇ ਸ਼ਾਮਲ ਹੋਏ ਦਿਸਦੇ ਹਨ। ਆਧੁਨਿਕ ਸਨਿਆਸੀ ਸਭ ਸੁਖ-ਸਹੂਲਤਾਂ ਨਾਲ ਲੈਸ ਕਰੋੜਾਂ ਰੁਪਏ ਮੁੱਲ ਦੇ ਡੇਰੇ ਤਾਂ ਬਣਾਉਂਦੇ ਹੀ ਹਨ, ਛੋਟੀ-ਵੱਡੀ ਰਾਜਨੀਤਕ ਕੁਰਸੀ ਹਾਸਲ ਕਰਨ ਵਾਸਤੇ ਵੀ ਹਾਲੋਂ-ਬੇਹਾਲ ਹੋਏ ਰਹਿੰਦੇ ਹਨ। ਉਹ ਪੈਸਾ ਖਰਚ ਕੇ, ਚੋਣਾਂ ਲੜ ਕੇ, ਸਿਆਸਤਦਾਨਾਂ ਵਾਲ਼ੇ ਪੁੱਠੇ-ਸਿੱਧੇ ਰਾਹ ਅਪਣਾ ਕੇ ਵਿਧਾਇਕ, ਸਾਂਸਦ, ਮੰਤਰੀ ਤੇ ਮੁੱਖ ਮੰਤਰੀ ਬਣਦੇ ਹਨ।

ਇਹ ਸਾਧ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ, ਟੀਵੀ ਚੈਨਲਾਂ ਅਤੇ ਭਾਂਤ-ਭਾਂਤ ਦੇ ਵਣਜੀ ਕਾਰੋਬਾਰਾਂ ਦੇ ਮਾਲਕ ਹਨ। ਜੇ ਭਾਰਤ ਦੇ ਇਨ੍ਹਾਂ ਧਨਾਡ ਸਾਧਾਂ ਦੀ ਸੂਚੀ ਤਿਆਰ ਕਰਨੀ ਹੋਵੇ, ਗਿਣਤੀ ਸੈਂਕੜਿਆਂ ਵਿਚ ਨਹੀਂ, ਹਜ਼ਾਰਾਂ ਵਿਚ ਹੋਵੇਗੀ। ਇਨ੍ਹਾਂ ਹਜ਼ਾਰਾਂ ਵਿਚੋਂ ਇਕ-ਇਕ ਦੀ ਮਹਿਮਾ ਦੇ ਵਰਨਨ ਲਈ ਪੂਰੀ-ਪੂਰੀ ਪੋਥੀ ਚਾਹੀਦੀ ਹੈ। ਸ਼ਾਇਦ ਇਨ੍ਹਾਂ ਸਾਧਾਂ ਬਾਰੇ ਹੀ ਕਹਾਵਤ ਹੈ, "ਵਾਹ ਸੰਤ ਜੀ ਵਾਹ! ਭਗਵਾਂ ਬਾਣਾ ਤੇ ਕਾਰੇ ਆਹ!"

ਬਾਬਾ ਲੱਕੜ ਦਾਸ ਦਾ ਡੇਰਾ ਸਾਡੇ ਪਿੰਡ ਪਿੱਥੋ ਤੋਂ ਕੋਹ, ਡੇਢ ਕੋਹ ਵਾਟ ਇਕ ਦੂਜੇ ਨੂੰ ਕਟਦੇ ਦੋ ਰਾਹਾਂ ਦੇ ਚੁਰਸਤੇ ਉੱਤੇ ਸੀ। ਉਥੋਂ ਇਕ ਸ਼ਹਿਰ, ਮੰਡੀ ਫੂਲ ਅਤੇ ਤਿੰਨ ਪਿੰਡ, ਪਿੱਥੋ, ਗਿੱਲ ਕਲਾਂ ਤੇ ਰਾਮਪੁਰਾ ਇਕੋ ਜਿੰਨੇ ਦੂਰ ਸਨ। ਬਾਬੇ ਉੱਤੇ ਮੇਰ ਪਰ ਸਾਡਾ ਪਿੰਡ ਪਿੱਥੋ ਬਹੁਤੀ ਸਮਝਦਾ।

ਭਾਰਤ ਹੀ ਨਹੀਂ, ਦੁਨੀਆ ਭਰ ਵਿਚ ਸਾਧੂਆਂ ਦੇ ਜਲ-ਜਲੌਅ ਦੇ ਹੁਣ ਵਾਲੇ ਇਸ ਮਾਹੌਲ ਵਿਚ ਬਾਬਾ ਲੱਕੜ ਦਾਸ ਦਾ ਚੇਤਾ ਆਉਣਾ ਸੁਭਾਵਿਕ ਹੈ। ਜਦੋਂ ਅਸੀਂ ਮੰਡੀ ਫੂਲ ਪੜ੍ਹਨ ਜਾਂਦੇ ਸੀ, ਉਹ ਡੇਰੇ ਦਾ ਮੁਖੀ ਸੀ। ਇਹ ਡੇਰਾ ਉਹਦੇ ਗੁਰੂ ਨੇ ਕਾਇਮ ਕੀਤਾ ਸੀ, ਭਾਵ ਇਕ ਪੀੜ੍ਹੀ ਪੁਰਾਣਾ ਸੀ।

ਬਾਬੇ ਦੇ ਸਿਰ ਉੱਤੇ ਛੋਟਾ ਜਿਹਾ ਪਰਨਾ ਲਪੇਟਿਆ ਹੋਇਆ ਹੁੰਦਾ, ਸਾਧਾਰਨ ਖੱਦਰ ਦਾ ਕੁੜਤਾ ਪਾਇਆ ਹੋਇਆ ਹੁੰਦਾ ਤੇ ਖੱਦਰ ਦੀ ਉੱਚੀ ਜਿਹੀ ਧੋਤੀ ਬੰਨ੍ਹੀ ਹੁੰਦੀ। ਹੱਥ ਵਿਚ ਹਮੇਸ਼ਾ ਉਹ ਕਿਸੇ ਬਿਰਛ ਤੋਂ ਵੱਢੀ ਹੋਈ ਵਿੰਗੀ ਜਿਹੀ ਸੋਟੀ ਰਖਦਾ। ਡੇਰੇ ਦੇ ਨਾਂ ਕੋਈ ਜ਼ਮੀਨ-ਜਾਇਦਾਦ ਨਹੀਂ ਸੀ। ਉਹਦਾ ਪੋਤਾ-ਚੇਲਾ, ਧੰਨਾ ਵਾਰੀ ਨਾਲ ਆਲੇ-ਦੁਆਲੇ ਦੇ ਪਿੰਡਾਂ ਤੋਂ ਦੁੱਧ ਤੇ ਰੋਟੀ ਦਾ ਗਜਾ ਕਰ ਲਿਆਉਂਦਾ।

ਲੋਕ, ਪਤਾ ਨਹੀਂ ਕਿਉਂ, ਕੱਚੀਆਂ-ਪੱਕੀਆਂ ਕੋਠੜੀਆਂ ਵਾਲੇ ਇਸ ਡੇਰੇ ਨੂੰ ਸਾਧਾਂ ਦੀ ਕੋਠੀ ਆਖਦੇ ਸਨ। ਕੋਠੀ ਦੇ ਚੁਫੇਰੇ ਭਾਂਤ-ਭਾਂਤ ਦੇ ਛਾਂਦਾਰ ਤੇ ਫਲਦਾਰ ਬਿਰਛ-ਬੂਟੇ ਲੱਗੇ ਹੋਏ ਸਨ। ਬੂਹੇ ਤੋਂ ਬਾਹਰ ਠੰਢੀ ਖੂਹੀ ਸੀ ਅਤੇ ਅੰਦਰ ਬਿਰਛਾਂ ਦੇ ਵਿਚਕਾਰ ਪਾਣੀ ਦੀ ਡਿੱਗੀ। ਅਸੀਂ ਵਿਦਿਆਰਥੀ ਗਰਮੀਆਂ ਵਿਚ ਤਿੱਖੜ ਦੁਪਹਿਰੇ ਮੰਡੀ ਫੂਲ ਦੇ ਸਕੂਲੋਂ ਪਰਤਦੇ ਤਾਂ ਪਹਿਲਾਂ ਖੂਹੀ ਗੇੜ ਕੇ ਠੰਢਾ-ਮਿੱਠਾ ਪਾਣੀ ਪੀਂਦੇ ਤੇ ਫੇਰ ਅੰਦਰ ਡਿੱਗੀ ਦੇ ਕਿਨਾਰੇ ਦਮ ਲੈਂਦੇ। ਕਈ ਵਾਰ ਤਾਂ ਡਿੱਗੀ ਦੁਆਲ਼ੇ ਦੇ ਸੰਘਣੇ ਬਿਰਛਾਂ ਦੀ ਛਾਂ ਹੇਠ ਹਰੇ-ਹਰੇ ਘਾਹ ਉੱਤੇ ਬੈਠ ਕੇ ਅਸੀਂ ਘਰੇ ਕਰਨ ਲਈ ਮਿਲਿਆ ਹੋਇਆ ਸਕੂਲ ਦਾ ਕੰਮ ਵੀ ਕੁਛ-ਨਾ-ਕੁਛ ਮੁਕਾ ਲੈਂਦੇ।

ਦੁੱਧ-ਰੋਟੀ ਦਾ ਗਜਾ ਰਾਹੀਆਂ-ਪਾਂਧੀਆਂ ਦੇ ਕੰਮ ਆਉਂਦਾ। ਜੇ ਰੋਟੀਆਂ ਮੁੱਕ ਜਾਂਦੀਆਂ, ਬਾਬਾ ਲੱਕੜ ਦਾਸ ਦੀ ਸਦਾ ਭਰੀ ਰਹਿੰਦੀ ਭੁੱਜੇ ਛੋਲਿਆਂ ਦੀ ਮੱਟੀ ਕੰਮ ਆਉਂਦੀ। ਲੋਕ ਮਾਇਆ ਮੱਥਾ ਟੇਕਣ ਤੋਂ ਇਲਾਵਾ ਹਾੜ੍ਹੀ-ਸਾਉਣੀ ਅਨਾਜ ਵੀ ਭੇਟ ਕਰਦੇ। ਜਦੋਂ ਲੱਕੜ ਦਾਸ ਨੂੰ ਲਗਦਾ, ਭੇਟਾ ਦੇ ਪੈਸੇ ਕਾਫ਼ੀ ਜੁੜ ਗਏ ਹਨ, ਉਹ ਮੰਡੀ ਤੋਂ ਚੌਲ ਤੇ ਗੁੜ ਮੰਗਵਾਉਂਦਾ, ਪਿੰਡਾਂ ਵਿਚ ਜੱਗ ਦਾ ਹੋਕਾ ਦਿਵਾਉਂਦਾ ਅਤੇ ਮਿੱਠੇ ਚੌਲਾਂ ਦੇ ਕੜਾਹੇ ਕਢਵਾ ਦਿੰਦਾ। ਸਕੂਲੋਂ ਮੁੜਦੇ ਅਸੀਂ ਵੀ ਪੰਗਤਾਂ ਵਿਚ ਕਿਤੇ ਸਜ ਜਾਂਦੇ। ਉਹੋ ਜਿਹੇ ਸੁਆਦੀ ਚੌਲ ਮੁੜ ਕੇ ਜੀਵਨ ਵਿਚ ਕਦੀ ਘੱਟ ਹੀ ਮਿਲੇ ਹਨ।

ਅਮਰੂਦ ਦੇ ਬੂਟਿਆਂ ਨੂੰ ਬੱਗੂਗੋਸ਼ੇ ਦੀ ਸ਼ਕਲ ਦੇ ਮਿੱਠੇ ਫਲ ਲਗਦੇ। ਪੱਕ ਕੇ ਉਹ ਬਾਹਰੋਂ ਕੇਸਰੀ ਤੇ ਅੰਦਰੋਂ ਗੁਲਾਬੀ ਹੋ ਜਾਂਦੇ। ਲੱਕੜ ਦਾਸ ਉਨ੍ਹਾਂ ਨੂੰ ਵੇਚਦਾ ਨਹੀਂ ਸੀ, ਰਾਹੀਆਂ-ਪਾਂਧੀਆਂ ਨੂੰ ਪ੍ਰਸ਼ਾਦਿ ਵਜੋਂ ਵੰਡਦਾ ਰਹਿੰਦਾ। ਕਦੀ-ਕਦਾਈਂ ਸਾਨੂੰ ਵੀ ਆਖਦਾ, "ਲਓ ਬਈ ਮੁੰਡਿਓ, ਸਾਰੇ ਜਣੇ ਦੋ-ਦੋ ਅਮਰੂਦ ਤੋੜ ਲਓ। ਧਿਆਨ ਰੱਖਿਓ, ਕੋਈ ਡਾਹਣੀ-ਪੱਤਾ ਨਾ ਟੁੱਟੇ। ਹਾਂ, ਜੇ ਕਿਸੇ ਨੇ ਤੀਜਾ ਅਮਰੂਦ ਤੋੜਿਆ, ਅੱਗੇ ਤੋਂ ਉਹਦਾ ਡੇਰੇ ਆਉਣਾ ਬੰਦ! ਥੋਨੂੰ ਇਹ ਤਾਂ ਪਤਾ ਹੀ ਐ, ਮੈਨੂੰ ਅੰਦਰ ਬੈਠੇ ਨੂੰ ਵੀ ਕੰਧਾਂ ਵਿਚੋਂ ਦੀ ਸਭ ਕੁਛ ਦਿਸਦੈ।" ਅਸੀਂ ਡਰ ਜਾਂਦੇ, ਜੇ ਤੀਜਾ ਅਮਰੂਦ ਤੋੜਿਆ, ਬਾਬਾ ਅੰਦਰ ਬੈਠਾ ਹੀ ਕਰਾਮਾਤ ਨਾਲ ਦੇਖ ਲਊ!

ਡੇਰੇ ਦੇ ਵਿਹੜੇ ਵਿਚ ਦੋ ਮਟੀਆਂ ਬਣੀਆਂ ਹੋਈਆਂ ਸਨ। ਇਕ ਮਟੀ ਤਾਂ ਲੱਕੜ ਦਾਸ ਦੇ ਗੁਰੂ ਦੀ ਸੀ ਜੀਹਨੇ ਡੇਰਾ ਸਥਾਪਤ ਕੀਤਾ ਸੀ, ਦੂਜੀ ਮਟੀ ਦੀ ਕਹਾਣੀ ਬੜੀ ਵਚਿੱਤਰ ਸੀ।

ਦਸਦੇ ਸਨ ਕਿ ਇਕ ਵਾਰ ਪੱਕੀ ਉਮਰ ਦਾ ਇਕ ਬਿਮਾਰ ਰਮਤਾ ਸਾਧ ਕਿਧਰੋਂ ਡੇਰੇ ਵਿਚ ਆ ਗਿਆ। ਸਾਂਭ-ਸੰਭਾਲ ਤੇ ਦਵਾ-ਦਾਰੂ, ਉਹ ਵੀ ਸਾਧੂ ਦੀ, ਕਰਨੀ ਤਾਂ ਸੁਭਾਵਿਕ ਸੀ। ਪਰ ਇਹ ਸਭ ਬੇਅਸਰ ਰਹੀ ਅਤੇ ਉਹਦੀ ਹਾਲਤ ਖ਼ਰਾਬ ਹੁੰਦੀ ਗਈ। ਆਖ਼ਰ ਉਹ ਅਧ-ਸੁਰਤੀ ਜਿਹੀ ਵਿਚ ਚਲਿਆ ਗਿਆ ਅਤੇ ਬੋਲਣੋਂ ਵੀ ਰਹਿ ਗਿਆ। ਇਸ ਹਾਲਤ ਵਿਚ, ਸ਼ਾਇਦ ਆਪਣਾ ਅੰਤ ਨਿਸ਼ਚਿਤ ਅਤੇ ਨੇੜੇ ਦੇਖ ਕੇ ਉਹ ਵਾਰ-ਵਾਰ ਪਰ੍ਹੇ ਪਈ ਆਪਣੀ ਪੁਰਾਣੀ, ਟਾਕੀਆਂ ਵਾਲ਼ੀ ਗੋਦੜੀ ਵੱਲ ਇਸ਼ਾਰੇ ਕਰਨ ਲੱਗਿਆ। ਛੇਤੀ ਹੀ ਉਹਦੇ ਪ੍ਰਾਣ-ਪੰਖੇਰੂ ਉਡਾਰੀ ਲਾ ਗਏ।

ਕੋਈ ਉਹਦੇ ਗੋਦੜੀ ਵੱਲ ਇਸ਼ਾਰੇ ਦਾ ਅਰਥ ਕੁਛ ਕੱਢੇ, ਕੋਈ ਕੁਛ। ਕੋਈ ਕਹੇ, "ਉਹ ਕਹਿੰਦਾ ਹੋਣਾ ਐ ਕਿ ਇਹ ਕਿਸੇ ਮੜੇ-ਮੰਗਤੇ ਨੂੰ ਦੇ ਦਿਉ।" ਕੋਈ ਕਹੇ, "ਇਹ ਕਿਸੇ ਨੂੰ ਦੇਣ ਜੋਗੀ ਕਿਥੇ ਹੈ, ਉਹ ਕਹਿੰਦਾ ਹੋਣਾ ਹੈ, ਕੂੜੇ ਵਿਚ ਸੁੱਟ ਦਿਉ।" ਆਖ਼ਰ ਉਨ੍ਹਾਂ ਨੇ ਬਾਬਾ ਲੱਕੜ ਦਾਸ ਨੂੰ ਉਹਦੇ ਗੋਦੜੀ ਦੇ ਇਸ਼ਾਰਿਆਂ ਬਾਰੇ ਤੇ ਆਪਣੀਆਂ ਅਟਕਲਾਂ ਬਾਰੇ ਦੱਸਿਆ।

ਬਾਬੇ ਨੇ ਆਪਣੀ ਸੋਟੀ ਦੀ ਹੁੱਜ ਨਾਲ ਟਾਕੀਆਂ ਵਾਲੀ ਪੁਰਾਣੀ ਗੋਦੜੀ ਉਲਟੀ-ਪਲਟੀ ਅਤੇ ਬੋਲਿਆ, "ਇਹ ਸੁੱਟਣ ਜਾਂ ਦੇਣ ਬਾਰੇ ਉਹਨੂੰ ਮਰਨ-ਘੜੀ ਦੀ ਅਧ-ਸੁਰਤੀ ਵਿਚੋਂ ਇਸ਼ਾਰੇ ਕਰਨ ਦੀ ਕੀ ਲੋੜ ਸੀ! ਗੱਲ ਕੋਈ ਹੋਰ ਹੈ!"

ਸਭ ਹੈਰਾਨ ਹੋਏ, ਹੋਰ ਕੀ ਗੱਲ ਹੋ ਸਕਦੀ ਹੈ! ਫੇਰ ਸੋਚ-ਸੋਚ ਕੇ ਉਹਨੂੰ ਜਿਵੇਂ ਕੋਈ ਚਾਨਣ ਹੋ ਗਿਆ ਹੋਵੇ। ਉਹ ਕਹਿੰਦਾ, "ਇਹਦੀ ਇਕ ਟਾਕੀ ਉਧੇੜੋ।"

ਪਹਿਲੀ ਹੀ ਟਾਕੀ ਉਧੇੜੀ ਤਾਂ ਉਸ ਹੇਠੋਂ ਨੋਟ ਨਿੱਕਲ ਆਏ। ਟਾਕੀਆਂ ਉਧੇੜਦੇ ਗਏ ਤੇ ਹਰ ਟਾਕੀ ਹੇਠੋਂ ਨੋਟ ਨਿੱਕਲਦੇ ਗਏ।

ਜਿਉਂ-ਜਿਉਂ ਨੋਟ ਨਿੱਕਲਦੇ ਗਏ, ਲੱਕੜ ਦਾਸ ਦਾ ਚਿਹਰਾ ਭਖਦਾ ਗਿਆ। ਆਪਣੇ ਸ਼ਾਂਤ ਸੁਭਾਅ ਦੇ ਉਲਟ ਉਹ ਕ੍ਰੋਧ ਨਾਲ ਕੜਕਿਆ, "ਸਾਧੂ ਵਾਲੇ ਬਾਣੇ ਵਿਚ ਗ੍ਰਿਸਤੀ ਤੋਂ ਵੱਧ ਲੋਭ-ਲਾਲਚ! ਇਸ ਪਾਪੀ ਨੂੰ ਇਕ ਪਲ ਵੀ ਮੇਰੇ ਡੇਰੇ ਵਿਚ ਨਾ ਰੱਖੋ। ਇਹਨੂੰ ਬਾਹਰ ਖੇਤਾਂ ਵਿਚ ਸਿੱਟੋ, ਗਿਰਝਾਂ-ਗਿੱਦੜ ਇਹਦਾ ਮਾਸ ਖਾਣ!"

ਬੜੀ ਮੁਸ਼ਕਿਲ ਨਾਲ ਉਹਨੂੰ ਇਹ ਸਮਝਾ ਕੇ ਸ਼ਾਂਤ ਕੀਤਾ ਗਿਆ ਕਿ ਭਾਵੇਂ ਕਿਹੋ ਜਿਹਾ ਵੀ ਸੀ, ਆਖ਼ਰ ਸਾਧੂ ਭੇਖ ਵਿਚ ਸੀ। ਇਕ ਜਣਾ ਭੱਜ ਕੇ ਮੰਡੀ ਤੋਂ ਦੋ ਬੋਰੀਆਂ ਲੂਣ ਲੈ ਆਇਆ। ਧਰਤੀ ਵਿਚ ਡੂੰਘਾ ਟੋਆ ਪੁੱਟ ਕੇ ਉਹਨੂੰ ਲੂਣ ਦੇ ਵਿਚਕਾਰ ਭੋਇੰ-ਸਮਾਧੀ ਦੇ ਦਿੱਤੀ ਗਈ ਤੇ ਉਸ ਥਾਂ ਉੱਤੇ ਛੋਟੀ ਜਿਹੀ ਪੱਕੀ ਮਟੀ ਬਣਾ ਦਿੱਤੀ ਗਈ।

**ਉਹਦੀ ਮਿੱਟੀ ਦੀ ਸਮੇਟਾ-ਸਮੇਟੀ ਦਾ ਕੰਮ ਮੁੱਕਣ ਦੀ ਦੇਰ ਸੀ ਕਿ ਬਾਬਾ ਲੱਕੜ ਦਾਸ ਨੇ ਚੇਲਿਆਂ ਨੂੰ ਆਖਿਆ, "ਇਸ ਪਾਪੀ ਦੇ ਪੈਸੇ ਇਕ ਦਿਨ ਵੀ ਮੇਰੇ ਡੇਰੇ ਵਿਚ ਨਹੀਂ ਰਹਿਣੇ ਚਾਹੀਦੇ। ਮੰਡੀ ਜਾ ਕੇ ਇਨ੍ਹਾਂ ਪੈਸਿਆਂ ਦੀ ਰਸਦ ਲਿਆਉ, ਪਿੰਡਾਂ ਵਿਚ ਜੱਗ ਦਾ ਹੋਕਾ ਦੁਆਉ ਤੇ ਭਲਕੇ ਹੀ ਮਿੱਠੇ ਚੌਲਾਂ ਦੇ ਕੜਾਹੇ ਕੱਢ ਕੇ ਸੰਗਤਾਂ ਨੂੰ ਵਰਤਾ ਦਿਓ!**

# ਦਾਸਤਾਂ-ਏ-ਸ਼ਹੀਦ ਨਗਰ

**ਹਰਜੀਤ ਦਿਓਲ ਬਰੈਂਪਟਨ**

ਪਰਲੋਕ ਵਿਚ ਵੱਸੇ ਸ਼ਹੀਦਨਗਰ ਵਿਚ ਜਦ ਇਹ ਸੰਵਾਦਦਾਤਾ ਉਥੋਂ ਦਾ ਹਾਲ ਚਾਲ ਜਾਨਣ ਲਈ ਅਪੜਿਆ ਤਾਂ ਉਸ ਨੂੰ ਬੜਾ ਹੈਰਾਨੀਜਨਕ ਤਜ਼ਰਬਾ ਹੋਇਆ। ਪਹਿਲਾਂ ਤਾਂ ਉਸ ਦੇਖਿਆ ਕਿ ਸਾਰੀ ਆਬਾਦੀ ਮੁੱਖ ਰੂਪ 'ਚ ਦੋ ਹਿੱਸਿਆਂ ਵਿਚ ਵੰਡੀ ਹੈ। ਇਕ ਪਾਸੇ ਹਨ ਵਤਨਪਰਸਤ ਸ਼ਹੀਦੇਆਜਮ ਭਗਤ ਸਿੰਘ ਦੇ ਪੈਰੋਕਾਰ ਜੋ ਨਾਸਤਕ ਹੋਣ ਸਦਕਾ ਦੂਜੇ ਗਰੁਪ, ਭਾਵ ਧਰਮੀ ਸ਼ਹੀਦਾਂ ਤੋਂ ਦੂਰ ਰਹਿਣਾ ਪਸੰਦ ਕਰਦੇ ਹਨ ਕਿਉਂਕਿ ਇਨ੍ਹਾਂ ਦਾ ਨਜ਼ਰੀਆ ਆਪਸ ਵਿਚ ਮੇਲ ਨਹੀਂ ਖਾਂਦਾ। ਧਰਮੀ ਸ਼ਹੀਦਾਂ ਵੱਲ ਵੀ ਘੱਟ ਰੇੜਕਾ ਨਹੀਂ ਦੇਖਿਆ ਗਿਆ। ਗੱਲਬਾਤ ਕਰਨ 'ਤੇ ਪਤਾ ਲੱਗਿਆ ਕਿ ਧਰਮਾਂ ਦੀ ਆਪਸੀ ਖਹਿਬਾਜੀ ਮਾਤਲੋਕ ਵਿਚ ਵੀ ਮੌਜੂਦ ਹੈ। ਇੱਕ ਪਾਸੇ ਰਾਮ ਮੰਦਰ ਦੇ ਕਾਰਸੇਵਕ ਜੋ ਮੁਸਲਮ ਧਰਮੀ ਜਨੂੰਨੀਆਂ ਹੱਥੋਂ ਜਿਉਂਦੇ ਸਾੜ ਦਿੱਤੇ ਗਏ ਸਨ, ਹਰ ਹਰ ਮਹਾਦੇਵ ਦੇ ਜੈਕਾਰੇ ਛੱਡ ਰਹੇ ਸਨ, ਤਾਂ ਦੂਜੇ ਪਾਸੇ ਜਨੂੰਨੀ ਹਿੰਦੂਆਂ ਦੁਆਰਾ ਪਰਤਾਵੀਂ ਹਿੰਸਾ ਵਿਚ ਮਾਰੇ ਗਏ ਮੁਸਲਮ ਅੱਲਾ ਹੋ ਅਕਬਰ ਦੇ ਨਾਰੇ ਲਾ ਰਹੇ ਸਨ। ਮਾਹੌਲ ਵਾਹਵਾ ਤਣਾਅਪੂਰਨ ਸੀ।

ਇੱਕ ਹੋਰ ਇਲਾਕੇ ਦੇ ਦੌਰੇ ਵਿਚ ਬਲੂਸਟਾਰ ਦੌਰਾਨ ਸ਼ਹੀਦ ਹੋਏ ਜੁਝਾਰੂ ਸਨ ਜੋ ਹਾਲੇ ਵੀ ਏ ਕੇ ਸੰਤਾਲੀ ਨਾਲ ਲੈਸ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡਦੇ ਹੋਏ ਦਗੜ ਦਗੜ ਕਰਦੇ ਫਿਰਦੇ ਸਨ। ਸੰਵਾਦਦਾਤਾ ਨੇ ਇਨ੍ਹਾਂ ਤੋਂ ਜਾਨਣਾ ਚਾਹਿਆ ਕਿ ਇੱਥੇ ਹਥਿਆਰਾਂ ਦੀ ਕੀ ਲੋੜ ਹੈ? ਪਰ ਉਨ੍ਹਾਂ ਦੇ ਤੱਤੇ ਤੇਵਰ ਦੇਖ ਇਰਾਦਾ ਬਦਲ ਲਿਆ ਕਿਉਂਕਿ ਬਹਿਸ ਕਰਨ ਨਾਲ ਸੰਵਾਦਦਾਤਾ ਆਪ ਸ਼ਹੀਦ ਹੋ ਜਾਣਾ ਸੀ। ਨਗਰ ਦੇ ਇੱਕ ਹਿੱਸੇ ਵਿਚ ਇਸਤਰੀ ਸ਼ਹੀਦਾਂ ਦਾ ਕਬਜ਼ਾ ਸੀ ਜਿੱਥੇ ਪਤੀ ਨਾਲ ਸਤੀ ਹੋਈਆਂ ਇਸਤਰੀਆਂ ਦਾ ਬੋਲਬਾਲਾ ਸੀ। ਤਾਜ਼ਾ ਬਣੇ ਇੱਕ ਮੁਹੱਲੇ ਵਿਚ ਕਿਸਾਨ ਅੰਦੋਲਨ ਦੇ ਸ਼ਹੀਦਾਂ ਦਾ ਜਮਘਟ ਦੇਖਿਆ ਗਿਆ ਜਿਨ੍ਹਾਂ ਨੂੰ ਟਰੈਕਟਰ ਨਾਲ ਬੈਰੀਕੇਡ ਨੂੰ ਟੱਕਰ ਮਾਰ ਸ਼ਹੀਦ ਹੋਇਆ ਨੌਜਵਾਨ ਸੰਬੋਧਨ ਕਰ ਰਿਹਾ ਸੀ। ਇੱਥੇ ਇੱਕ ਹੋਰ ਨੌਜਵਾਨ ਸ਼ਹੀਦ ਅਪੜ ਗਿਆ ਸੀ ਜਿਸ ਦਾ ਕਹਿਣਾ ਸੀ ਕਿ ਉਸ ਨੂੰ ਐਕਸੀਡੈਂਟ ਕਰਵਾ ਕੇ ਮਾਰਿਆ ਗਿਆ ਹੈ ਇਸ ਲਈ ਉਸ ਨੂੰ ਵੀ ਇਸ ਗਰੁਪ ਵਿਚ ਉਚਾ ਰੁਤਬਾ ਮਿਲਣਾ ਚਾਹੀਦਾ ਹੈ। ਇਸ ਉਪਰੰਤ ਸੰਵਾਦਦਾਤਾ ਇੱਕ ਬਿਲਕੁਲ ਸ਼ਾਂਤ ਇਲਾਕੇ ਵਿਚ ਅਪੜਿਆ ਜਿੱਥੇ ਕੁਝ ਵਿਗਿਆਨਕ ਸ਼ਹੀਦ ਸਨ ਜੋ ਮਾਨਵਤਾ ਦੀ ਸੇਵਾ ਲਈ ਖੋਜ ਕਾਰਜ ਕਰਦੇ ਮਾਰੇ ਗਏ ਸਨ। ਇਨ੍ਹਾਂ ਇੱਥੇ ਵੀ ਖੋਜ ਕਾਰਜ ਜਾਰੀ ਰੱਖਿਆ ਹੋਇਆ ਸੀ। ਪੁੱਛਣ 'ਤੇ ਇਨ੍ਹਾਂ ਖੁਲਾਸਾ ਕੀਤਾ ਪਈ ਅਸੀਂ ਇੱਕ ਵਿਕਟ ਸਮੱਸਿਆ ਦੇ ਸਮਾਧਾਨ ਲਈ ਕੰਮ ਕਰ ਰਹੇ ਹਾਂ। ਦਰਅਸਲ ਹੁਣ ਪਰਲੋਕ ਵਿਚ ਆਏ ਜਾਨਵਰ ਵੀ ਸ਼ਹੀਦੀ ਦਰਜਾ ਮੰਗ ਰਹੇ ਹਨ। ਜਿਨ੍ਹਾਂ ਜਾਨਵਰਾਂ ਉਪਰ ਤਜਰਬੇ ਕਰ ਅਸੀਂ ਇਨਸਾਨਾਂ ਲਈ ਦਵਾਈਆਂ ਬਣਾਈਆਂ, ਉਸ ਦੌਰਾਨ ਮਾਰੇ ਗਏ ਜਾਨਵਰ ਸ਼ਹੀਦ ਕਿਉਂ ਨਾ ਹੋਏ। ਹੋਰ ਤਾਂ ਹੋਰ ਇਨਸਾਨਾਂ ਦੁਆਰਾ ਖਾਧੇ ਜਾਣ ਵਾਲੇ ਜਾਨਵਰ ਵੀ ਕਹਿ ਰਹੇ ਹਨ ਕਿ ਅਸੀਂ ਧਾਡੇ ਢਿੱਡ ਭਰਨ ਲਈ ਸ਼ਹੀਦ ਹੋਏ ਹਾਂ। ਦੱਸੋ ਹੁਣ ਇਸ ਹਿਸਾਬ ਨਾਲ ਤਾਂ ਇਹ ਸ਼ਹੀਦਨਗਰ ਬਹੁਤ ਛੋਟਾ ਪੈ ਜਾਵੇਗਾ। ਤਾਂ ਅਸੀਂ ਕੋਈ ਵੱਡਾ ਗ੍ਰਹਿ ਲੱਭ ਰਹੇ ਹਾਂ ਜਿੱਥੇ ਸਾਰੇ ਸ਼ਹੀਦਾਂ ਨੂੰ ਅਡਜਸਟ ਕੀਤਾ ਜਾ ਸਕੇ। ਸੰਵਾਦਦਾਤਾ ਪੁੱਛਿਆ ਕਿ ਜੇਕਰ ਉਹ ਗ੍ਰਹਿ ਵੀ ਹਾਊਸਫੁਲ ਹੋ ਗਿਆ ਤਾਂ ਕੀ ਕਰੋਗੇ? ਵਿਗਿਆਨਕ ਮੁਸਕਰਾਉਂਦਿਆਂ ਬੋਲਿਆ 'ਉਦੋਂ ਤੱਕ ਧਰਤੀ ਬਲੈਕ ਹੋਲ ਵਿਚ ਸਮਾ ਜਾਵੇਗੀ ਅਤੇ ਧਾਡਾ 'ਸ਼ਹੀਦ' ਲਫਜ਼ ਵੀ ਸ਼ਹੀਦ ਹੋ ਜਾਵੇਗਾ'।

# ਕੋਠੇ ਵਾਲੀ

ਜਗਜੀਤ ਨੇ ਜਦ ਦੇਖਿਆ ਕਿ ਸਵੇਰੇ-ਸਵੇਰੇ ਹੀ ਨਰਗਿਸ ਮੂੰਹ ਜਿਹਾ ਫੁਲਾ ਕੇ ਪਲੰਘ 'ਤੇ ਬੈਠੀ ਹੋਈ ਸੀ ਤਾਂ ਉਸਨੇ ਗੱਲ ਛੇੜੀ....

'ਤੈਨੂੰ ਕੀ ਹੋ ਗਿਆ ਸਵੇਰੇ-ਸਵੇਰੇ?

'ਨਹੀਂ ਹੋਣਾ ਤਾਂ ਕੀ ਆ ਕੁਝ ਵੀ ਨੀਂ ਸਭ ਠੀਕ ਆ।'

''ਫਿਰ ਐਦਾਂ ਮੂੰਹ ਕਿਉਂ ਲਟਕਾਈ ਬੈਠੀਂ ਰਾਤ ਮੈਂ ਕੁਝ ਜ਼ਿਆਦਾ ਈ ਤਾਂ ਨੀ?

'ਨਹੀਂ-ਨਹੀਂ ਐਸੀ ਗੱਲ ਨੀ। ''ਅੱਛਾ ਪੈਸੇ ਗਿਣ ਲਏ ਤੂੰ ਲੱਗਦਾ ਮੇਰੇ ਤੋਂ ਘੱਟ ਦੇ ਹੋ ਗਏ ਹੁਣੇ ਤਾਂ ਹੀ ਤੂੰ ਐਦਾਂ ਬੈਠੀ ਆਂ।

'ਮੈਨੂੰ ਇਸ ਗੱਲ ਦਾ ਕੋਈ ਰੋਸਾ ਨੀ।

'ਹਾ-ਹਾ-ਹਾ ਫਿਰ ਕਿਸ ਗੱਲ ਦਾ ਰੋਸਾ ਆ?'

'ਯਾਦ ਕਰੋ ਤੁਸੀਂ ਕੁਝ ਸਮੇਂ ਪਹਿਲਾਂ ਕੀ ਕਿਹਾ ਸੀ....'

'ਕੀ ਕਿਹਾ ਸੀ ਮੈਨੂੰ ਤਾਂ ਚੇਤੇ ਨੀ ਯਾਦ ਕਰਾਦੇ ਤੂੰ।'

'ਤੁਸੀਂ ਕਿਹਾ ਸੀ ਕਿ ਜਿੱਦਾਂ ਨਾ ਕਿੱਦਾਂ ਕਰ ਕੇ ਇੱਕ ਨਾ ਇੱਕ ਦਿਨ ਤੁਸੀਂ ਮੈਨੂੰ ਇਸ ਜੰਜਾਲ ਵਿਚੋਂ ਕੱਢ ਕੇ ਕਿਤੇ ਦੂਰ ਲੈ ਜਾਉਂਗੇ।'

'ਲੈ ਦੱਸ ਭਲਾ ਹੱਦ ਕਰਦੀ ਆਂ ਤੂੰ ਮੈਂ ਐਦਾਂ ਕਦੋਂ ਕਿਹਾ ਮੈਨੂੰ ਤਾਂ ਕੁਝ ਯਾਦ ਨਹੀਂ...'

'ਪਰ ਮੈਨੂੰ ਤਾਂ ਯਾਦ ਆ ਨਾ।'

'ਫਿਰ ਮੈਂ ਕੀ ਕਰਾਂ ਯਾਦ ਆ ਤਾਂ ਯਾਦ ਰਵੇ।' 'ਤੁਸੀਂ ਸਾਰੇ ਮਰਦ ਐਸੇ ਹੀ ਹੋ ਪਹਿਲਾਂ ਪਤਾ ਨੀ ਕੀ-ਕੀ ਕਹਿੰਦੇ ਰਹੋਗੇ ਫਿਰ ਜ਼ੁਬਾਨ ਤੋਂ ਫਿਰ ਜਾਓਗੇ।'

'ਉਹ ਹੈਲੋ ਕੋਠੇ ਵਾਲੀ ਆਂ ਨਾ ਕੋਠੇ ਵਾਲੀ ਬਣ ਕੇ ਰਹਿ ਸਿਰ 'ਤੇ ਨਾ ਚੜ੍ਹ...'

'ਤੇ ਤੁਸੀਂ ਜਿੱਥੇ ਮਰਜ਼ੀ ਚੜ੍ਹਦੇ ਰਹੋ ਤੁਹਾਡੀ ਕੋਈ ਹੱਦ ਨਹੀਂ ਹੁਣ ਸੱਚੀਆਂ ਸੁਣਾਤੀਆਂ ਤਾਂ ਪਲਾਂ ਵਿਚ ਮੈਂ 'ਜਾਨ' ਤੋਂ ਕੋਠੇ ਵਾਲੀ ਬਣ ਗਈ?'

**-ਰੋਹਿਤ**

# ਧਰਤ ਪਰਾਈ 'ਤੇ ਵੱਸਦੇ ਆਪਣੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਸਾਂਝ ਪਾਉਂਦੀਆਂ ਕਹਾਣੀਆਂ: 'ਪਰਾਈ ਧਰਤੀ ਆਪਣੇ ਲੋਕ'

ਉਤਰੀ ਅਮਰੀਕਾ ਦੀ ਪੰਜਾਬੀ ਕਹਾਣੀ ਸਮੁੱਚੀ ਪੰਜਾਬੀ ਕਹਾਣੀ ਦਾ ਹਿੱਸਾ ਹੋਣ 'ਤੇ ਵੀ ਪਰਵਾਸ ਨਾਲ ਜੁੜੇ ਆਪਣੇ ਨਿਵੇਕਲੇ ਅਨੁਭਵਾਂ ਕਾਰਨ ਆਪਣੀ ਵੱਖਰੀ ਵਿਸ਼ਾਗਤ ਤੇ ਰੂਪਗਤ ਪਛਾਣ ਰੱਖਦੀ ਹੈ। ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਵੱਲੋਂ ਪ੍ਰਬੁੱਧ ਕਹਾਣੀਕਾਰਾ ਅਮਰਜੀਤ ਕੌਰ ਪੰਨੂ, ਸੁਰਜੀਤ (ਟੋਰਾਂਟੋ) ਤੇ ਲਾਜ ਨੀਲਮ ਸੈਣੀ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਕੀਤੇ ਗਏ ਕਹਾਣੀ ਸੰਗ੍ਰਹਿ 'ਧਰਤ ਪਰਾਈ ਆਪਣੇ ਲੋਕ' ਰਾਹੀਂ ਉਘੜਦੀ ਇਸ ਖੇਤਰ ਦੀ ਕਹਾਣੀ ਦੀ ਪਛਾਣ ਦੋ-ਤਿੰਨ ਦਹਾਕੇ ਪਹਿਲੋਂ ਲਿਖੀ ਜਾਂਦੀ ਰਹੀ ਪਰਵਾਸੀ ਕਹਾਣੀ ਨਾਲੋਂ ਬਹੁਤ ਵੱਖਰੀ ਹੈ। ਹੁਣ ਪਰਵਾਸੀ ਭਾਰਤੀ ਲੋਕਾਂ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਭੂ-ਹੇਰਵੇ ਤੱਕ ਸੀਮਤ


**ਨਿਰੰਜਣ ਬੋਹਾ**
**ਫੋਨ: 89682-82700**

ਨਹੀਂ ਰਹੀਆਂ, ਸਗੋਂ ਨਵੀਂ ਧਰਤੀ ਵਿਚ ਆਪਣੀਆਂ ਸਮਾਜਿਕ ਤੇ ਆਰਥਿਕ ਜੜ੍ਹਾਂ ਲਾਉਣ ਨਾਲ ਅੰਤਰ-ਸੰਬੰਧਤ ਹਨ। ਇਥੇ ਜਨਮੀ ਨਵੀਂ ਪੀੜ੍ਹੀ ਨਾ ਤਾਂ ਆਪਣੇ ਪੁਰਖਿਆਂ ਦੇ ਮੁਲਕ ਨਾਲ ਕੋਈ ਮਾਨਸਿਕ ਲਗਾਓ ਰੱਖਦੀ ਹੈ, ਤੇ ਨਾ ਹੀ ਉਹ ਉਥੋਂ ਦੀਆਂ ਸਮਾਜਿਕ ਕੀਮਤਾਂ ਨੂੰ ਸਵੀਕਾਰਦੀ ਹੈ।

ਦੂਸਰੇ ਪਾਸੇ ਪੁਰਾਣੀ ਪੀੜ੍ਹੀ ਪਰਵਾਸ ਕਰਨ ਤੋਂ ਬਾਅਦ ਵੀ ਪੂਰੀ ਤਰ੍ਹਾਂ ਆਪਣੀਆਂ ਪੂਰਵਜੀ ਮਾਨਤਾਵਾਂ ਤੇ ਸੰਸਕਾਰਾਂ ਤੋਂ ਮੁਕਤ ਹੋਣ ਲਈ ਤਿਆਰ ਨਹੀਂ ਹੋਈ। ਇਸ ਤਰ੍ਹਾਂ ਪਰਵਾਸੀ ਭਾਰਤੀਆਂ ਦੀਆਂ ਦੋ ਪੀੜ੍ਹੀਆਂ ਦੇ ਵਿਚਾਰਧਾਰਕ ਪਾੜੇ ਨੇ ਨਵੇਂ ਕਿਸਮ ਦੇ ਸਮਾਜਿਕ ਤੇ ਪਰਿਵਾਰਕ ਸੰਕਟ ਪੈਦਾ ਕਰ ਦਿੱਤੇ ਹਨ। ਸੰਗ੍ਰਹਿ ਦੀਆਂ ਕਹਾਣੀਆਂ ਇਨ੍ਹਾਂ ਸੰਕਟਾਂ ਦੀਆਂ ਵਿਭਿੰਨ ਪਰਤਾਂ ਉਘੇੜ ਕੇ ਇਨ੍ਹਾਂ ਦੇ ਨਿਵਾਰਨ ਲਈ ਵੀ ਨਵੀਂ ਸੰਵਾਦਕ ਚਰਚਾ ਦੀ ਸ਼ੁਰੂਆਤ ਕਰਦੀਆਂ ਹਨ।

ਸੰਗ੍ਰਹਿ ਵਿਚ ਸ਼ਾਮਿਲ ਗੁਰਮੀਤ ਪਨਾਗ ਦੀ ਕਹਾਣੀ 'ਕਾਸ਼ਨੀ ਸੁਪਨੇ' ਢਲਦੀ ਉਮਰ ਵਿਚ ਇਕੱਲਤਾ ਦਾ ਸੰਤਾਪ ਭੋਗਣ ਵਾਲੇ ਬਜ਼ੁਰਗਾਂ ਦੇ ਮਨੁੱਖੀ ਹੱਕਾਂ ਦੀ ਵਕਾਲਤ ਕਰਦਿਆਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨੂੰ ਅੱਗੇ ਤੋਰਨ ਲਈ ਨਵੇਂ ਰਿਸ਼ਤੇ ਜੋੜਨ ਦਾ ਹੱਕ ਪ੍ਰਦਾਨ ਕਰਦੀ ਹੈ। ਕਹਾਣੀ ਵਿਚਲੀ ਕੁਲਦੀਪ ਕੌਰ ਆਪਣੇ ਪੁੱਤਰ-ਨੂੰਹ ਦੇ ਮੋਹ ਰਹਿਤ ਵਤੀਰੇ ਕਾਰਨ ਆਪਣੇ ਅੰਦਰ ਪੈਦਾ ਹੋਏ ਮਾਨਸਿਕ ਖਲਾਅ ਨੂੰ ਆਪਣੀ ਗੁਆਂਢਣ ਰੂਬੀ ਤੇ ਉਸਦੇ ਬੱਚਿਆਂ ਨਾਲ ਨੇੜਤਾ ਪੈਦਾ ਕਰ ਕੇ ਭਰਨ ਦੀ ਕੋਸ਼ਿਸ਼ ਕਰ ਰਹੀ ਹੈ। ਜ਼ਿੰਦਗੀ ਦੇ ਇਕ ਮੋੜ 'ਤੇ ਆਪਣੇ ਹਮ ਉਮਰ ਤੇ ਆਪਣੇ ਵਰਗੀ ਹੀ ਮਾਨਸਿਕ ਸਥਿਤੀ ਵਿਚੋਂ ਲੰਘ ਰਹੇ ਮਿਸਟਰ ਗਿੱਲ ਨਾਲ ਹੋਇਆ ਉਸਦਾ ਮੇਲ ਦੋਸਤੀ ਵਿਚ ਬਦਲਦਾ ਹੈ ਤਾਂ ਦੋਵਾਂ ਦੇ ਮਨ ਵਿਚਲੇ ਕਾਸ਼ਨੀ ਸੁਪਨੇ ਫਿਰ ਤੋਂ ਅੰਗੜਾਈ ਲੈਣ ਲੱਗਦੇ ਹਨ। ਜਤਿੰਦਰ ਰੰਧਾਵਾ ਦੀ ਕਹਾਣੀ 'ਪ੍ਰਾਈਵੇਸੀ' ਵਿਚਲੀ ਰੀਤ ਪੂਰਬੀ ਤਰਜ਼ ਦੇ ਸਮਾਜਿਕ ਤੇ ਪਰਿਵਾਰਕ ਜਾਬਤਿਆਂ ਤੋਂ ਆਜ਼ਾਦ ਹੋ ਕੇ ਵਿਅਕਤੀਗਤ ਆਜ਼ਾਦੀ ਮਾਨਣ ਦੀ ਇੱਛਾ ਪੂਰੀ ਕਰਨਾ ਚਾਹੁੰਦੀ ਹੈ ਤਾਂ ਉਸਨੂੰ ਆਪਣੀ ਮਾਂ ਦੀ ਉਸ ਬਾਰੇ ਪ੍ਰਗਟਾਈ ਚਿੰਤਾ ਵੀ ਆਪਣੀ ਪ੍ਰਾਈਵੇਸੀ ਵਿਚ ਦਖਲ ਅੰਦਾਜ਼ੀ ਲੱਗਦੀ ਹੈ। ਆਪਣੇ ਘਰ ਨੂੰ ਛੱਡ ਜਾਣ ਤੋਂ ਬਾਅਦ ਜਦੋਂ ਉਸਨੂੰ ਮਾਂ ਦੀ ਚਿੰਤਾ ਵਿਚ ਛੁਪੀ ਮਮਤਾ ਦਾ ਅਹਿਸਾਸ ਹੁੰਦਾ ਹੈ, ਤਾਂ 'ਆਈ ਐਮ ਸਾਰੀ ਮਾਮ' ਦੇ ਬੋਲ ਇਸ ਕਹਾਣੀ ਦੀ ਉਦੇਸ਼ਾਤਮਕ ਪਛਾਣ ਬਣ ਜਾਂਦੇ ਹਨ। ਮਨੁੱਖ ਤੇ ਕੁਦਰਤ ਦੇ ਪਰਸਪਰ ਸੰਬੰਧਾਂ ਨੂੰ ਪਰਿਭਾਸ਼ਤ ਕਰਦੀ ਸੁਰਜੀਤ (ਟੋਰਾਂਟੋ) ਦੀ ਕਹਾਣੀ 'ਤੂੰ ਭਰੀਂ ਹੁੰਗਾਰਾ' ਪਰਾਈ ਧਰਤੀ 'ਤੇ ਨਵੇਂ ਸਿਰੇ ਤੋਂ ਆਪਣੀਆਂ ਸਮਾਜਿਕ ਤੇ ਸਭਿਆਚਾਰਕ ਜੜ੍ਹਾਂ ਲਾਉਣ ਸਮੇਂ ਆਉਂਦੀਆਂ ਮੁਸ਼ਕਲਾਂ ਨੂੰ ਇਕ ਰਬੜ ਪਲਾਂਟ ਦੇ ਇਕ ਥਾਂ ਤੋਂ ਦੂਜੀ ਥਾਂ 'ਤੇ ਪੁੱਟ ਕੇ ਲਾਏ ਜਾਣ ਦੀ ਘਟਨਾ ਰਾਹੀਂ ਸੰਕੇਤਕ ਰੂਪ ਵਿਚ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੀ ਹੈ। ਇਕ ਥਾਂ ਤੋਂ ਪੁੱਟ ਕੇ ਦੂਜੀ ਥਾਂ 'ਤੇ ਲਾਇਆ ਇਹ ਬੂਟਾ ਕਮਲਾਉਣ ਲੱਗਦਾ ਹੈ ਤਾਂ ਕਹਾਣੀ ਵਿਚਲੀ ਮਾਂ ਦਾ ਉਦਰੇਵਾਂ ਵੀ ਹੋਰ ਵਧਣ ਲੱਗਦਾ ਹੈ। ਬੂਟੇ ਨੂੰ ਨਵੇਂ ਸਿਰੇ ਤੋਂ ਜੜ੍ਹਾਂ ਫੈਲਾਉਂਦੇ ਵੇਖ ਕੇ ਉਸਨੂੰ ਇਹ ਸੋਚ ਕੇ ਵਿਸ਼ੇਸ਼ ਰਾਹਤ ਮਿਲਦੀ ਹੈ ਕਿ ਕੁਦਰਤ ਹਰ ਸਥਾਨ ਸਥਾਨ 'ਤੇ ਜ਼ਿੰਦਗੀ ਨੂੰ ਵਿਗਸਣ ਤੇ ਵਧਣ-ਫੁੱਲਣ ਦੇ ਮੌਕੇ ਪ੍ਰਦਾਨ ਕਰਦੀ ਹੈ।

ਅਮਰਜੀਤ ਕੌਰ ਪੰਨੂ ਦੀ ਕਹਾਣੀ 'ਕੰਡਿਆਲੀਆਂ ਥੋਹਰਾਂ' ਤੇ ਪਰਵੇਜ਼ ਸੰਧੂ ਦੀ ਕਹਾਣੀ 'ਟੁਕੜੇ' ਔਰਤ ਵੱਲੋਂ ਆਪਣੀ ਸਮਾਜਿਕ ਹੋਂਦ ਨੂੰ ਸਥਾਪਿਤ ਕਰਨ ਦੀ ਸਮੱਸਿਆ ਨਾਲ ਸੰਬੰਧਤ ਹਨ। ਕਹਾਣੀ 'ਕੰਡਿਆਲੀਆਂ ਥੋਹਰਾਂ' ਦੀ ਪਾਤਰ ਸੁੱਖੀ ਤੇ ਗਲੋਰੀਆ ਦਾ ਸਹੇਲਪੁਣਾ ਤੇ ਲੈਜ਼ਬੀਨ ਰਿਸ਼ਤਾ ਉਨ੍ਹਾਂ ਦੋਵਾਂ ਦੀ ਉਤਪੀੜਤ ਹੋਈ ਮਾਨਸਿਕਤਾ ਵਿਚੋਂ ਜਨਮ ਲੈਂਦਾ ਹੈ। ਸੁੱਖੀ ਆਪਣੇ ਪਤੀ ਗੈਰੀ ਦੀ ਬੇਵਫਾਈ ਕਾਰਨ ਬਿਗਾਨੀ ਧਰਤੀ 'ਤੇ ਮਾਨਸਿਕ ਸੰਤਾਪ ਭੋਗ ਰਹੀ ਹੈ ਤਾਂ ਗੁਲੇਰੀਆ ਉਥੋਂ ਦੇ ਭੋਗੀ ਸਭਿਆਚਾਰ ਤੋਂ ਮਾਨਸਿਕ ਤੌਰ 'ਤੇ ਪੀੜਤ ਹੈ। ਗੁਲੇਰੀਆ ਗੈਰੀ ਨਾਲ ਜੁੜ ਕੇ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੀ ਇੱਛਾ ਰੱਖਦੀ ਹੈ ਪਰ ਜਦੋਂ ਪਤਨੀ 'ਤੇ ਜ਼ੁਲਮ ਕਰਨ ਵਾਲਾ ਉਸਦਾ ਅਸਲ ਚਿਹਰਾ ਵੇਖਦੀ ਹੈ, ਤਾਂ ਉਸਦੀ ਮਾਨਸਿਕ ਬੇਚੈਨੀ ਵਿਚ ਹੋਰ ਵੀ ਵਧ ਜਾਂਦੀ ਹੈ ਤੇ ਇਸ ਤਰ੍ਹਾਂ ਇਕ ਕੰਡਿਆਲੀ ਥੋਹਰ ਦੂਜੀ ਥੋਹਰ ਦਾ ਸਹਾਰਾ ਬਣ ਜਾਂਦੀ ਹੈ। ਪਰਵੇਜ਼ ਸੰਧੂ ਦੀ ਕਹਾਣੀ 'ਟੁਕੜੇ' ਔਰਤ ਵੱਲੋਂ ਆਜ਼ਾਦ ਹਸਤੀ ਕਾਇਮ ਕਰਨ ਦੇ ਰਾਹ ਵਿਚਲੀਆਂ ਰੁਕਾਵਟਾਂ ਨੂੰ ਰੂਪਮਾਨ ਕਰਦਿਆਂ ਪਲ-ਪਲ ਬਦਲਦੇ ਸਮਾਜਿਕ ਸਮੀਕਰਨਾਂ ਦੀ ਸ਼ਨਾਖ਼ਤ ਵੀ ਕਰਦੀ ਹੈ। ਇਹ ਬਦਲਦੇ ਸਮੀਕਰਨ ਔਰਤ ਅੰਦਰ ਅਸੁਰੱਖਿਆ ਦਾ ਭੈਅ ਵੀ ਪੈਦਾ ਕਰਦੇ ਹਨ ਤੇ ਉਸਦੀ ਮਾਨਸਿਕ ਦ੍ਰਿੜ੍ਹਤਾ ਨੂੰ ਵੀ ਪਰਖਦੇ ਹਨ। ਟੁਕੜਿਆਂ ਵਿਚ ਵੰਡੀ ਗਈ ਆਪਣੀ ਹੋਂਦ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਦੀ ਕਹਾਣੀ ਦੀ ਬਿਰਤਾਂਤਕਾਰ ਨੂੰ ਅਨੇਕਾਂ ਵਾਰ ਕੱਚ ਦੇ ਟੁਕੜਿਆਂ 'ਤੇ ਤੁਰਨਾ ਪੈਂਦਾ ਹੈ।




*ਪੁਸਤਕ ਧਰਤ ਪਰਾਈ ਆਪਣੇ ਲੋਕ ਦਾ ਮੁਖੜਾ*

ਸੰਗ੍ਰਹਿ ਦੀਆਂ ਕਹਾਣੀਆਂ ਪੱਛਮੀ ਮੁਲਕਾਂ ਵੱਲੋਂ ਆਪਣੇ ਸਭਿਅਕ ਤੇ ਨਿਆਂਕਾਰੀ ਹੋਣ ਬਾਰੇ ਸਿਰਜੇ ਭੁਲੇਖੇ ਨੂੰ ਬੇ-ਕਿਰਕੀ ਨਾਲ ਤੋੜਦੀਆਂ ਹਨ। ਪ੍ਰੋ. ਹਰਭਜਨ ਸਿੰਘ ਦੀ ਕਹਾਣੀ 'ਪਾਗਲ ਮੌਸਮ ਠੱਗ ਨਿਜ਼ਾਮ' ਇਸ ਧਾਰਨਾ ਦੀ ਪੁਸ਼ਟੀ ਕਰਦੀ ਹੈ ਕਿ ਉਚੀ ਸੁਰ ਮਨੁੱਖੀ ਹੱਕਾਂ ਦੀ ਰਾਖੀ ਕਰਨ ਦਾ ਦਾਅਵਾ ਕਰਨ ਵਾਲਾ ਅਮਰੀਕਾ ਕਹਿਣ ਨੂੰ ਹੀ ਵੈੱਲਫੇਅਰ ਸਟੇਟ ਹੈ, ਪਰਵਾਸੀ ਲੋਕਾਂ ਤੋਂ ਬੰਧੂਆ ਮਜ਼ਦੂਰੀ ਕਰਾਉਣ ਤੇ ਉਨ੍ਹਾਂ ਦੀ ਮਿਹਨਤ ਦੀ ਲੁੱਟ ਕਰਨ ਦੇ ਮਾਮਲੇ ਵਿਚ ਇਸ ਮੁਲਕ ਦਾ ਵਿਹਾਰ ਅਮਾਨਵੀ ਤੇ ਅਨਿਆਂਸ਼ੀਲ ਹੀ ਨਹੀਂ ਸਗੋਂ ਗੈਰ-ਲੋਕਤੰਤਰੀ ਵੀ ਹੈ। ਜਰਨੈਲ ਸਿੰਘ ਦੀ ਕਹਾਣੀ 'ਪੱਤਿਆਂ ਨਾਲ ਢਕੇ ਜਿਸਮ' ਵਿਸ਼ਵ ਬਾਜ਼ਾਰ ਦੀ ਲੋੜ ਅਨੁਸਾਰ ਔਰਤ ਨੂੰ ਇਕ ਭੋਗੀ ਵਸਤੂ ਵਜੋਂ ਉਭਾਰਨ ਲਈ ਕਰਵਾਏ ਜਾਂਦੇ ਸੁੰਦਰਤਾ ਮੁਕਾਬਲਿਆਂ ਦੇ ਕੱਚ-ਸੱਚ ਨੂੰ ਬਿਆਨਦੀ ਹੈ। ਇਨ੍ਹਾਂ ਮੁਕਾਬਲਿਆਂ ਦੀ ਚਕਾਚੌਂਧ ਤੇ ਆਰਥਿਕਤਾ ਭਾਰਤੀ ਮੂਲ ਦੀਆਂ ਮਨੀਸ਼ਾ ਵਰਗੀਆਂ ਮਾਡਲਾਂ ਨੂੰ ਆਪਣੇ ਵੱਲ ਖਿਚਦੀ ਹੈ ਪਰ ਪੱਛਮੀ ਮਾਡਲ ਕੁੜੀ ਮੀਸ਼ੈਲ ਵਾਂਗ ਆਪਣੀ ਨਗਨਤਾ ਨੂੰ ਬਾਜ਼ਾਰੀ ਵਸਤ ਨਾ ਬਣਾ ਸਕਣ ਕਾਰਨ ਅੰਤ ਉਹ ਮੁਕਾਬਲੇ ਤੋਂ ਬਾਹਰ ਹੋ ਜਾਂਦੀਆਂ ਹਨ। ਤਾਰਾ ਸਿੰਘ ਸਾਗਰ ਦੀ ਕਹਾਣੀ 'ਬੇਵਸੀ' ਅਨੁਸਾਰ ਸਮੇਂ-ਸਮੇਂ 'ਤੇ ਆਉਣ ਵਾਲਾ ਆਰਥਿਕ ਮੰਦਵਾੜਾ ਇਸ ਮੁਲਕ ਦੇ ਲੋਕਾਂ ਦੀ ਆਰਥਿਕ ਖੁਸ਼ਹਾਲੀ ਦੇ ਭਰਮ ਨੂੰ ਤੋੜ ਕੇ ਇੱਥੋਂ ਦੇ ਵਸਨੀਕਾਂ ਨੂੰ ਐਨਾ ਬੇਵਸ ਬਣਾ ਦਿੰਦਾ ਹੈ ਕਿ ਉਹ ਆਪਣੇ ਸਿਰ ਉਪਰਲੀ ਛੱਤ ਵੀ ਵੇਚਣ ਲਈ ਮਜਬੂਰ ਹੋ ਜਾਂਦੇ ਹਨ।

ਜਿੱਥੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਅਮਰੀਕੀ ਤੇ ਕੈਨੇਡੀਅਨ ਵਿਵਸਥਾ ਦੇ ਮਾਨਵਤਾ ਵਿਰੋਧੀ ਵਰਤਾਰਿਆਂ ਦੀ ਬੇ-ਕਿਰਕ ਆਲੋਚਨਾ ਕਰਦੀਆਂ ਹਨ, ਉਥੇ ਇਨ੍ਹਾਂ ਮੁਲਕਾਂ ਦੀਆਂ ਮਾਨਵਤਾਵਾਦ ਦਾ ਪੱਖ ਪੂਰਨ ਵਾਲੀਆਂ ਕਦਰਾਂ-ਕੀਮਤਾਂ ਦੀ ਖੁਲ੍ਹੇ ਮਨ ਨਾਲ ਪ੍ਰਸ਼ੰਸਾ ਵੀ ਕਰਦੀਆਂ ਹਨ। ਕਰਮ ਸਿੰਘ ਮਾਨ ਦੀ ਕਹਾਣੀ 'ਮੁਤਬੰਨਾ' ਰੰਗ-ਭੇਦ ਤੇ ਜਾਤ-ਪਾਤ ਦੀਆਂ ਹੱਦਾਂ ਲੰਘ ਕੇ ਇੱਕ ਨਵੇਂ ਮਾਨਵੀ ਸਮਾਜ ਦੀ ਸਿਰਜਣਾ ਵੱਲ ਸੇਧਤ ਹੈ। ਇਹ ਕਹਾਣੀ ਮਨੁੱਖੀ ਸਾਂਝ ਦੇ ਅਰਥਾਂ ਨੂੰ ਵਿਆਪਕਤਾ ਪ੍ਰਦਾਨ ਕਰਦਿਆਂ ਇਸ ਧਾਰਨਾ ਨੂੰ ਪੱਕੇ ਪੈਰੀਂ ਕਰਦੀ ਹੈ ਕਿ ਮਨੁੱਖਤਾ ਨੂੰ ਆਪਣਾ ਧਰਮ ਸਮਝਣ ਵਾਲੇ ਵਾਲੇ ਲੋਕ ਹਮੇਸ਼ਾ ਰੰਗ ਭੇਦ ਤੇ ਜਾਤ-ਪਾਤ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਹੀ ਸੋਚਦੇ ਹਨ। ਰਬਿੰਦਰ ਅਟਵਾਲ ਦੀ ਕਹਾਣੀ 'ਤੇਰੀ ਮੇਰੀ ਧਰਤੀ' ਤੇਰ-ਮੇਰ ਦਾ ਭੇਦ ਮੇਟਣ ਦੀ ਗੱਲ ਕਰਦਿਆਂ ਧਰਤੀ ਦੇ ਸਾਰਿਆਂ ਲਈ ਸਾਂਝੀ ਹੋਣ ਦੇ ਸਕੰਲਪ ਨੂੰ ਉਭਾਰਦੀ ਹੈ। ਕਹਾਣੀ ਵਿਚਲਾ ਜਸਵੰਤ ਗੈਰ-ਕਾਨੂੰਨੀ ਢੰਗ ਨਾਲ ਪੱਛਮੀ ਮੁਲਕਾਂ ਦੀਆਂ ਸਰਹੱਦਾਂ ਵਿਚ ਦਾਖਲ ਹੋਇਆ ਹੈ ਪਰ ਪੁਲੀਸ ਅਫ਼ਸਰ ਸੈਰਿਫ ਵੱਲੋਂ ਮਾਨਵੀ ਅਧਾਰ 'ਤੇ ਉਸਦੀ ਮੱਦਦ ਕੀਤੇ ਜਾਣ ਨਾਲ ਆਪਣੇ-ਪਰਾਏ ਦਾ ਭੇਦ ਖਤਮ ਹੋ ਜਾਂਦਾ ਹੈ। ਲਾਜ ਨੀਲਮ ਸੈਣੀ ਦੀ ਕਹਾਣੀ 'ਚੀਸ' ਸੰਸਾਰ ਅਮਨ ਦੇ ਹੱਕ ਵਿਚ ਉਭਰਨ ਵਾਲੀਆਂ ਆਵਾਜ਼ਾਂ ਦੇ ਹੱਕ ਵਿਚ ਆਪਣੀ ਆਵਾਜ਼ ਮਿਲਾਉਂਦੀ ਹੈ। ਕਿਸੇ ਸਮੇਂ ਖਾੜਕੂ ਰਹੇ ਕਹਾਣੀ ਦੇ ਪਾਤਰ ਗੁਰਜੋਤ ਦੇ ਅੰਦਰ ਉਠੀ ਪਛਤਾਵੇ ਦੀ ਇਹ ਚੀਸ 'ਸਾਨੂੰ ਨਹੀਂ ਚਾਹੀਦਾ ਇਹ ਖੂਨ ਖਰਾਬਾ...ਨਹੀਂ ਚਾਹੀਦਾ ਕੋਈ ਹੋਰ ਬਟਵਾਰਾ' ਕਹਾਣੀ ਦੇ ਮਾਨਵੀ ਪੱਖ ਨੂੰ ਮਜ਼ਬੂਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ।

ਕੁਲਜੀਤ ਮਾਨ ਦੀ ਕਹਾਣੀ 'ਵਰਜਿਤ ਫਲ' ਔਰਤ-ਮਰਦ ਦੇ ਰਿਸ਼ਤੇ ਦੀ ਵਿਆਖਿਆ ਅਰਧ ਸੰਕਲਪ ਦੀ ਇਸ ਮਿੱਥਤ ਧਾਰਨਾ ਅਨੁਸਾਰ ਕਰਦੀ ਹੈ ਕਿ ਹਰ ਪੁਰਸ਼ ਵਿਚ ਅਰਧ ਨਾਰੀ ਤੇ ਹਰ ਨਾਰੀ ਵਿਚ ਅਰਧ ਪੁਰਸ਼ ਦਾ ਵਾਸਾ ਹੁੰਦਾ ਹੈ। ਮਨੁੱਖੀ ਮਨੋ-ਵਿਗਿਆਨ ਦੀਆਂ ਡੂੰਘੀਆਂ ਤੈਹਾਂ ਵਿਚ ਉਤਰਦੀ ਇਹ ਕਹਾਣੀ ਔਰਤ-ਮਰਦ ਦੇ ਮੇਲ ਨੂੰ ਉਨ੍ਹਾਂ ਦੋਵਾਂ ਵੱਲੋਂ ਆਪ ਨਾਲ ਹੀ ਕੀਤੇ ਮੇਲ ਦੇ ਅਰਥਾਂ ਵਿਚ ਲੈਂਦਿਆਂ ਪਤੀ-ਪਤਨੀ ਦੇ ਰਿਸ਼ਤੇ ਨੂੰ ਇਕ ਦੂਜੇ ਦਾ ਪੂਰਕ ਵਜੋਂ ਸਵੀਕਾਰਦੀ ਹੈ। ਦੋਵੇਂ ਧਿਰਾਂ ਦੇ ਸਰੀਰਕ ਮੇਲ ਨੂੰ ਪੂਰਨ ਸਮਰਪਣ ਤੇ ਸੁੰਨ ਸਮਾਧੀ ਵਰਗੀ ਮਾਨਸਿਕ ਇਕਾਗਰਤਾ ਨਾਲ ਤੁਲਨਾਉਂਦਿਆਂ ਇਹ ਕਹਾਣੀ ਇਹ ਸਤੁੰਲਨ ਵਿਗੜਨ 'ਤੇ ਪੈਦਾ ਹੋ ਸਕਦੀਆਂ ਮਨੋ-ਸਮਾਜਿਕ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੀ ਕਰ ਜਾਂਦੀ ਹੈ। ਚਰਨਜੀਤ ਸਿੰਘ ਪੰਨੂ ਦੀ ਕਹਾਣੀ 'ਸ਼ਗਨਾਂ ਦਾ ਲਿਫਾਫਾ' ਪੱਛਮ ਤੇ ਪੂਰਬ ਦੀ ਧਰਤੀ ਨਾਲ ਜੁੜੇ ਰਿਸ਼ਤਿਆਂ ਨੂੰ ਇੱਕੋ ਵੇਲੇ ਨਿਭਾਉਣ ਦੀ ਕੋਸ਼ਿਸ਼ ਵਿਚੋਂ ਮਿਲਣ ਵਾਲੀ ਅਸਫਲਤਾ ਨੂੰ ਪਰਵਾਸੀ ਜੀਵਨ ਦੇ ਕੌੜੇ ਸੱਚ ਵਜੋਂ ਉਭਾਰਦੀ ਹੈ। ਆਪਣੇ ਭਾਰਤ ਰਹਿੰਦੇ ਬਜ਼ੁਰਗ ਬਾਪ ਦੀ ਸੇਵਾ ਸੰਭਾਲ ਦੀ ਚਿੰਤਾ ਕਹਾਣੀ ਦੀ ਪਾਤਰ ਗੁਰਵਿੰਦਰ ਨੂੰ ਵਾਰ-ਵਾਰ ਭਾਰਤ ਖਿੱਚ ਲਿਆਉਂਦੀ ਹੈ ਤਾਂ ਕੈਨੇਡਾ ਵਿਚ ਰਹਿ ਰਿਹਾ ਉਸਦਾ ਪਤੀ ਡੇਵਿਡ ਉਸ ਨਾਲ ਆਪਣਾ ਰਿਸ਼ਤਾ ਪੂਰੀ ਤਰ੍ਹਾਂ ਤੋੜ ਲੈਂਦਾ ਹੈ।

ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਆਖਿਰ ਉਹ ਜਿੱਤ ਗਿਆ' ਵਿਚਲਾ ਹਾਰ ਵਿਚੋਂ ਜਿੱਤ ਦੀਆਂ ਸੰਭਾਵਨਾਵਾਂ ਤਲਾਸ਼ਣ ਵਾਲਾ ਮਨੋ-ਵਿਗਿਆਨਕ ਫ਼ਲਸਫਾ ਮਨੁੱਖੀ ਜੀਵਨ ਤੋਰ ਨੂੰ ਅੱਗੇ ਲਿਜਾਣ ਵਿਚ ਲਾਹੇਵੰਦ ਸਾਬਤ ਹੋਣ ਵਾਲਾ ਹੈ। ਕਹਾਣੀ ਵਿਚਲੇ ਕੁਲਦੀਪ ਨੂੰ ਬੁਰਾਈ ਦੀ ਇੰਤਹਾ 'ਤੇ ਪਹੁੰਚ ਕੇ ਹੀ ਆਪਣੇ ਬੁਰੇਪਣ ਦਾ ਤੀਖਣ ਅਹਿਸਾਸ ਹੁੰਦਾ ਹੈ। ਭਾਵੇਂ ਉਹ ਆਪਣਾ ਘਰ ਪਰਿਵਾਰ ਗੁਆ ਚੁੱਕਾ ਹੈ ਤੇ ਆਪਣੇ ਆਪ ਨੂੰ ਮੁਆਫ ਕੀਤੇ ਦੀ ਉਮੀਦ ਵੀ ਨਹੀਂ ਰੱਖਦਾ, ਫਿਰ ਵੀ ਉਸਦੀ ਕੋਸ਼ਿਸ਼ ਹੈ ਕਿ ਇਹ 'ਨਫਰਤ ਦੀ ਪਰੰਪਰਾ' ਉਸਦੇ ਪਰਿਵਾਰ ਦੀ ਵਿਰਾਸਤ ਨਾ ਬਣੇ। ਮੇਜਰ ਮਾਂਗਟ ਦੀ ਕਹਾਣੀ 'ਲੱਕੜ ਦੀ ਲੱਤ' ਵਿਚਲਾ ਮਨੋ-ਵਿਗਿਆਨ ਥੱਕੇ ਟੁੱਟੇ ਤੇ ਆਪਣੇ ਖਾਤਮਾ ਚਾਹੁਣ ਵਾਲੇ ਨਿਰਾਸ਼ ਜੀਵਨ ਵਿਚ ਫਿਰ ਤੋਂ ਜਿਉਣ ਦਾ ਨਵਾਂ ਉਤਸ਼ਾਹ ਪੈਦਾ ਕਰਨ ਵਾਲਾ ਹੈ। ਕਹਾਣੀ ਦੀ ਮੁੱਖ ਪਾਤਰ ਜੀਤ ਭਾਰਤ ਤੋਂ ਮੰਗਵਾਏ ਆਪਣੇ ਪਤੀ ਜਤਿੰਦਰ ਨੂੰ ਇੰਜੀਨੀਅਰ ਬਣਾਉਣ ਲਈ ਨਿਰਸੁਆਰਥ ਕੁਰਬਾਨੀਆਂ ਕਰਦੀ ਹੈ। ਜਦੋਂ ਜਤਿੰਦਰ ਆਪਣੇ ਪਰਿਵਾਰਕ ਫਰਜ਼ਾਂ ਨੂੰ ਭੁੱਲ ਕੇ ਗੋਰੀ ਕੁੜੀ ਅਲੀਸਾ ਨਾਲ ਵਿਆਹ ਕਰਵਾ ਲੈਂਦਾ ਹੈ, ਤਾਂ ਉਸਨੂੰ ਆਤਮ ਘਾਤ ਤੋਂ ਇਲਾਵਾ ਜੀਵਨ ਦਾ ਕੋਈ ਹੋਰ ਬਦਲ ਹੀ ਨਹੀਂ ਵਿਖਾਈ ਦਿੰਦਾ। ਸੋਚਾਂ ਦੇ ਇਸ ਪੜਾਅ 'ਤੇ ਹਸਪਤਾਲ ਵਿਚ ਉਸਦੇ ਨੇੜਲੇ ਬੈਡ 'ਤੇ ਬਿਹਤਰ ਜ਼ਿੰਦਗੀ ਲਈ ਲੜ ਰਹੀ ਔਰਤ ਉਸ ਲਈ ਪ੍ਰੇਰਣਾ ਦਾ ਸਰੋਤ ਬਣ ਕੇ ਉਸਨੂੰ ਆਪਣੇ-ਆਪ ਤੋਂ ਸਵਾਲ ਪੁੱਛਣ ਲਈ ਪ੍ਰੇਰਿਤ ਕਰਦੀ ਹੈ ਕਿ ਜੇ ਇਹ ਔਰਤ ਆਪਣੀ ਇਕ ਲੱਤ ਕੱਟੇ ਜਾਣ ਤੋਂ ਬਾਅਦ ਵੀ ਜਿਉਂਦੀ ਹੈ ਤਾਂ ਉਹ ਸਾਬਤ-ਸਬੂਤੇ ਜਿਸਮ ਦੇ ਹੁੰਦਿਆਂ ਕਿਉਂ ਨਹੀਂ ਜਿਉਂ ਸਕਦੀ?

ਇਸ ਕਹਾਣੀ ਸੰਗ੍ਰਹਿ ਰਾਹੀਂ ਉਤਰੀ ਅਮਰੀਕਾ ਦੀ ਕਹਾਣੀ ਬਾਰੇ ਬਣਦਾ ਸਮੁੱਚਾ ਪ੍ਰਭਾਵ ਲੇਖਕਾਂ-ਪਾਠਕਾਂ ਨੂੰ ਵੱਡੀ ਮਾਨਸਿਕ ਰਾਹਤ ਦੇਣ ਵਾਲਾ ਹੈ ਕਿ ਪਰਾਈ ਧਰਤੀ 'ਤੇ ਬੈਠੇ ਕਹਾਣੀਕਾਰ ਪੰਜਾਬੀ ਕਹਾਣੀ ਦੀ ਅਮੀਰੀ ਵਿਚ ਵਾਧਾ ਕਰਨ ਲਈ ਇਧਰਲੇ ਕਹਾਣੀਕਾਰਾਂ ਦੇ ਬਰਾਬਰ ਦਾ ਹੀ ਯੋਗਦਾਨ ਪਾ ਰਹੇ ਹਨ। ਕਹਾਣੀਆਂ ਦੇ ਸੰਪਾਦਨ ਦੀ ਜ਼ਿੰਮੇਵਾਰੀ ਭਾਵੇਂ ਔਰਤ ਸੰਪਾਦਕਾਂ ਨੂੰ ਦਿੱਤੀ ਗਈ ਹੈ ਪਰ ਇਸ ਵਿਚਲੀਆਂ ਕਹਾਣੀਆਂ ਕੇਵਲ ਨਾਰੀ ਮਨ ਤੇ ਉਸ ਨਾਲ ਨਾਲ ਅੰਤਰ ਸਬੰਧਤ ਸਰੋਕਾਰਾਂ ਦਾ ਬਿਰਤਾਂਤ ਸਿਰਜਣ ਤੱਕ ਸੀਮਤ ਨਾ ਰਹਿ ਕੇ ਪਰਾਈ ਧਰਤ 'ਤੇ ਬੈਠੇ ਹਰ ਵਰਗ ਦੇ ਲੋਕਾਂ ਦੇ ਦੁੱਖਾ-ਸੁੱਖਾਂ ਨਾਲ ਸਾਂਝ ਪਾਉਂਦੀਆਂ ਹਨ। ਕੈਨੇਡਾ ਤੇ ਉਤਰੀ ਅਮਰੀਕਾ ਲੋਕਾਂ ਦੇ ਜੀਵਨ ਨੂੰ ਨਿਯਮਬੱਧ ਕਰਨ ਵਾਲੀ ਉਥੋਂ ਦੀ ਸਮਾਜਿਕ, ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਵਿਵਸਥਾ ਦਾ ਯਥਾਰਥਕ ਚਿਤਰਨ ਕਰਨ ਦੇ ਦ੍ਰਿਸ਼ਟੀਕੋਣ ਤੋਂ ਵੀ ਇਸ ਸੰਗ੍ਰਹਿ ਦੇ ਪ੍ਰਕਾਸ਼ਿਤ ਕੀਤੇ ਜਾਣ ਦਾ ਆਪਣਾ ਵੱਖਰਾ ਮਹੱਤਵ ਹੈ। ਪੁਸਤਕ ਲਈ ਚੁਣੀਆਂ ਗਈਆਂ ਸਾਰੀਆਂ ਕਹਾਣੀਆਂ ਸੰਪਾਦਕੀ ਮੰਡਲ ਦੀ ਚੋਣ ਕਸਵੱਟੀ 'ਤੇ ਪਰਖੇ ਜਾਣ ਤੋਂ ਬਾਅਦ ਹੀ ਇਸ ਪੁਸਤਕ ਵਿਚ ਆਪਣਾ ਸਥਾਨ ਗ੍ਰਹਿਣ ਕਰ ਸਕੀਆਂ ਹਨ, ਇਸ ਲਈ ਇਨ੍ਹਾਂ ਦਾ ਕਲਾਤਮਿਕ ਮਿਆਰ ਨਵੀਂ ਪੰਜਾਬੀ ਕਹਾਣੀ ਨਾਲ ਵਰ ਮੇਚਣ ਵਾਲਾ ਹੈ। ਭਾਵੇਂ ਕੁਝ ਕਹਾਣੀਆਂ ਦੀਆਂ ਸੰਗਠਾਤਮਕ ਤੇ ਕਲਾਤਮਿਕ ਜੁਗਤਾਂ ਦੁਹਰਾਓ ਦਾ ਪ੍ਰਭਾਵ ਦਿੰਦੀਆਂ ਹਨ, ਪਰ ਕੁਲ ਮਿਲਾ ਕੇ ਇਹ ਸੰਗ੍ਰਹਿ ਪਰਵਾਸੀ ਸਮਾਜਕਿਤਾ ਦੇ ਗੁਣਾਂ-ਦੋਸ਼ਾਂ ਬਾਰੇ ਪਾਠਕੀ ਮਾਨਸਿਕਤਾ 'ਤੇ ਬੱਝਵਾਂ ਪ੍ਰਭਾਵ ਪਾਉਣ ਵਾਲਾ ਹੈ। 272 ਪੰਨਿਆਂ 'ਤੇ ਅਧਾਰਿਤ 300 ਮੁੱਲ ਦੀ ਇਸ ਪੁਸਤਕ ਨੂੰ ਤਰਕ ਭਾਰਤੀ ਪ੍ਰਕਾਸ਼ਨ,

---

**ਮਿੰਨੀ ਕਹਾਣੀ**

# ਚਿੱਚੜ

**ਰਿਪੁਦਮਨ ਸਿੰਘ ਰੂਪ**
**ਫੋਨ: 98767 68960**

ਪ੍ਰੇਮ ਸਿੰਘ ਆਪਣੇ ਵੱਡੇ ਭਰਾਵਾਂ ਵਰਗੇ ਪਰਮ ਮਿੱਤਰ ਨਿਰਮਲ ਸਿੰਘ ਦਾ ਬਹੁਤ ਸਤਿਕਾਰ ਕਰਦਾ ਸੀ ਕਿਉਂਕਿ ਨਿਰਮਲ ਸਿੰਘ ਫਿਲਮੀ ਜਗਤ ਦਾ ਵੱਡਾ ਨਾਂ ਸੀ। ਪਿਛਲੇ ਕੁਝ ਕੁ ਸਾਲਾਂ ਤੋਂ ਪ੍ਰੇਮ ਸਿੰਘ ਕੈਨੇਡਾ ਵੱਸ ਗਿਆ ਸੀ। ਇਸ ਵਾਰ ਇੰਡੀਆ ਜਾਣ ਵੇਲੇ ਉਹਨੇ ਸੋਚਿਆ ਕਿ ਜਾਂਦਾ ਹੋਇਆ ਆਪਣੇ ਪਰਮ ਮਿੱਤਰ ਲਈ ਕੋਈ ਗਿਫ਼ਟ ਲੈ ਕੇ ਜਾਵੇ।

ਇੰਡੀਆ ਪਹੁੰਚ ਕੇ ਇੱਕ ਦਿਨ ਉਹ ਆਪਣੇ ਮਿੱਤਰ ਨਿਰਮਲ ਸਿੰਘ ਨੂੰ ਮਿਲਣ ਗਿਆ। ਅਗੋਂ ਨਿਰਮਲ ਸਿੰਘ ਕੋਲ ਉਹਦਾ ਗੁਆਂਢੀ ਕਿਦਾਰ ਨਾਥ ਬੈਠਾ ਸੀ, ਜੋ ਰਾਮ ਲੀਲਾ ਵਿਚ ਰੋਲ ਕਰਦਾ ਰਹਿੰਦਾ ਸੀ ਅਤੇ ਨਿਰਮਲ ਸਿੰਘ ਉਸ ਨੂੰ ਫਿਲਮਾਂ ਅਤੇ ਸੀਰੀਅਲਾਂ ਵਿਚ ਮਾੜੇ-ਮੋਟੇ ਰੋਲ ਦਿਵਾ ਦਿੰਦਾ ਸੀ। ਕਿਦਾਰ ਨਾਥ ਲਗਭਗ ਰੋਜ਼ ਹੀ ਸ਼ਾਮ ਨੂੰ ਨਿਰਮਲ ਸਿੰਘ ਕੋਲ ਆ ਬੈਠਦਾ ਸੀ ਕਿਉਂਕਿ ਉਸ ਕੋਲ ਵੱਡੇ-ਵੱਡੇ ਡਾਇਰੈਕਟਰ ਅਤੇ ਪ੍ਰੋਡਿਊਸਰ ਅਕਸਰ ਆਉਂਦੇ-ਜਾਂਦੇ ਰਹਿੰਦੇ ਸਨ ਅਤੇ ਕਿਦਾਰ ਨਾਥ ਜਤਾਉਣਾ ਚਾਹੁੰਦਾ ਸੀ ਕਿ ਉਹ ਨਿਰਮਲ ਸਿੰਘ ਦੇ ਜਿਵੇਂ ਘਰ ਦਾ ਹੀ ਬੰਦਾ ਹੋਵੇ। ਅੱਜ ਪ੍ਰੇਮ ਸਿੰਘ ਦੇ ਆਉਣ ਮਗਰੋਂ ਵੀ ਕਿਦਾਰ ਨਾਥ ਉਠਣ ਦਾ ਨਾਂਅ ਹੀ ਨਹੀਂ ਸੀ ਲੈ ਰਿਹਾ। ਪ੍ਰੇਮ ਸਿੰਘ ਗਿਫ਼ਟ ਤਾਂ ਨਿਰਮਲ ਸਿੰਘ ਇਕੱਲੇ ਹੁੰਦੇ ਨੂੰ ਹੀ ਦੇਣਾ ਚਾਹੁੰਦਾ ਸੀ ਪਰ ਕਿਦਾਰ ਨਾਥ ਤਾਂ ਜਿਵੇਂ ਚਿੱਚੜ ਹੀ ਬਣਿਆ ਬੈਠਾ ਸੀ ਅਤੇ ਹਰ ਗੱਲ ਵਿਚ ਦਖ਼ਲ ਦੇ ਰਿਹਾ ਸੀ। ਕੁੱਝ ਸਮੇਂ ਮਗਰੋਂ ਕਿਦਾਰ ਨਾਥ ਦਾ ਪੁੱਤਰ ਉਸ ਨੂੰ ਉਠਾ ਕੇ ਲੈ ਗਿਆ ਕਿਉਂਕਿ ਘਰ ਉਸ ਨੂੰ ਕੋਈ ਮਿਲਣ ਆਇਆ ਸੀ।

ਉਸ ਦੇ ਜਾਣ ਮਗਰੋਂ ਪ੍ਰੇਮ ਸਿੰਘ ਨੇ ਬੜੇ ਪ੍ਰੇਮ ਨਾਲ ਆਪਣੇ ਬੈਗ ਵਿਚੋਂ ਕੈਨੇਡਾ ਤੋਂ ਲਿਆਂਦੀ ਬਰਾਂਡੀ ਕੱਢੀ ਅਤੇ ਬੜੇ ਹੀ ਅਦਬ ਨਾਲ ਨਿਰਮਲ ਸਿੰਘ ਨੂੰ ਭੇਟ ਕਰਦਿਆਂ ਕਿਹਾ, "ਭਾਅ ਜੀ, ਇਹ ਕੈਨੇਡਾ ਦੀ ਸਭ ਤੋਂ ਵਧੀਆ ਬਰਾਂਡੀ ਹੈ...। ਇਹਨੂੰ ਕਦੇ-ਕਦੇ ਬਹੁਤੀ ਠੰਢ ਵਿਚ ਲੈਣਾ.. ਐਵੇਂ ਦਵਾਈ ਵਾਂਗ ਕੋਸੇ ਪਾਣੀ ਨਾਲ। ਬਹੁਤ ਗਰਮ ਹੈ, ਐਤਕੀਂ ਤੁਹਾਡਾ ਸਿਆਲ ਕਢਵਾ ਦੇਵੇਗੀ...।"

ਕੁਝ ਕੁ ਦਿਨਾਂ ਮਗਰੋਂ ਪ੍ਰੇਮ ਸਿੰਘ ਇਕ ਵਾਰ ਫਿਰ ਨਿਰਮਲ ਸਿੰਘ ਨੂੰ ਮਿਲਣ ਆਇਆ ਤਾਂ ਕੀ ਦੇਖਦਾ ਹੈ ਕਿ ਨਿਰਮਲ ਸਿੰਘ ਅਤੇ ਕਿਦਾਰ ਨਾਥ ਬੈਠੇ ਬਰਾਂਡੀ ਪੀ ਰਹੇ ਹਨ। ਬੋਤਲ ਵਿਚ ਸਿਰਫ ਪਊਆ ਹੀ ਬਚਿਆ ਦੇਖ ਉਹ ਅਵਾਕ ਰਹਿ ਗਿਆ "ਹੈਂ, ਐਨੀ ਗਰਮ ਬਰਾਂਡੀ ਦਿਨਾਂ ਵਿਚ ਹੀ ਨਿਪਟਾ ਦਿਤੀ।" ਕਿਦਾਰ ਨਾਥ ਚਾਂਬਲ-ਚਾਂਬਲ ਤੁਤਲਾ ਰਿਹਾ ਸੀ, "ਪ੍ਰੇਮ ਸਿੰਘ...ਬਈ ਬਹੁਤ ਕਮਾਲ ਦੀ ਹੈ, ਤੁਹਾਡੀ ਆਹ ਕੈਨੇਡਾ ਵਾਲੀ ਬਰਾਂਡੀ... ਅਜਿਹੀ ਚੀਜ਼ ਲਿਆਇਆ ਕਰੋ ਕੈਨੇਡਾ ਤੋਂ। ਇਕ ਅੱਧੀ ਮੇਰੇ ਲਈ ਵੀ ਲਿਆਇਆ ਕਰੋ..।"

ਪ੍ਰੇਮ ਸਿੰਘ ਇਹ ਗੱਲ ਜਾਣਦਾ ਸੀ ਕਿ ਨਿਰਮਲ ਸਿੰਘ ਤਾਂ ਬਹੁਤ ਥੋੜ੍ਹੀ ਪੀਣ ਵਾਲਾ ਹੈ ਤੇ ਇਹ ਸਮਝਦਿਆਂ ਉਸ ਨੂੰ ਦੇਰ ਨਾ ਲੱਗੀ ਕਿ ਲਗਭਗ ਸਾਰੀ ਬਰਾਂਡੀ ਕਿਦਾਰ ਨਾਥ ਹੀ ਡਕਾਰ ਗਿਆ ਸੀ। ਅੱਜ ਪ੍ਰੇਮ ਸਿੰਘ ਆਪਣੇ ਨਾਲ ਇੱਕ ਵਧੀਆ ਰਮ ਦੀ ਬੋਤਲ ਨਿਰਮਲ ਸਿੰਘ ਨੂੰ ਦੇਣ ਲਈ ਲਿਆਇਆ ਸੀ। ਪਰ ਉਹਨੇ ਇਹ ਬੋਤਲ ਨਿਰਮਲ ਸਿੰਘ ਨੂੰ ਨਹੀਂ ਦਿੱਤੀ ਕਿਉਂਕਿ ਉਹ ਜਾਣ ਗਿਆ ਸੀ ਕਿ ਚਿੱਚੜ ਨਿਰਮਲ ਸਿੰਘ ਨੂੰ ਹਰ ਸ਼ਾਮ ਹੀ ਚਿੰਬੜ ਜਾਂਦਾ ਹੈ ਅਤੇ ਇਹ ਰਮ ਵੀ ਸੜ੍ਹਾਕ ਜਾਵੇਗਾ।

# ਲਾਹੌਰ ਦਾ ਕੰਜਰ ਮੁਹੱਲਾ-ਹੀਰਾ ਮੰਡੀ ਤੇ ਸ਼ਾਹੀ ਮੁਹੱਲਾ

ਇਤਿਹਾਸ ਨਾਮਾ

*'ਸਰੀ, ਕੈਨੇਡਾ ਵਾਸੀ ਸੰਤੋਖ ਸਿੰਘ ਮੰਡੇਰ ਪਿਛਲੇ 30 ਸਾਲਾਂ ਤੋਂ ਲਗਾਤਾਰ ਲਾਹੌਰ ਆ-ਜਾ ਰਿਹਾ ਹੈ। ਪਾਕਿਸਤਾਨ ਦੇ ਖੇਡ ਮੇਲੇ, ਵਿਆਹਾਂ ਤੇ ਧਾਰਮਿਕ ਸਮਾਗਮਾਂ ਵਿਚ ਉਸਦਾ ਆਉਣ-ਜਾਣ ਆਮ ਹੈ। ਲਾਹੌਰ ਦੇ ਰੰਗੀਨ ਤੇ ਹੁਸੀਨ ਸ਼ਾਹੀ ਮੁਹੱਲੇ ਵਿਚ ਉਹ ਸ਼ੇਰਾਂ ਵਾਲੇ 'ਬੱਗੀ ਪਹਿਲਵਾਨ, ਚਾਂਦ ਪਹਿਲਵਾਨ', ਟੀਪੂ ਟਰੱਕਾਂ ਵਾਲਾ ਤੇ ਖਲੀਫਾ ਨਸੀਰ ਪਹਿਲਵਾਨ ਉਰਫ ਸ਼ੀਰੋ ਨਾਲ ਲਾਹੌਰ ਦੀ ਹੀਰਾ ਮੰਡੀ ਵੀ ਜਾਂਦਾ-ਆਉਂਦਾ ਰਿਹਾ ਹੈ। ਲਾਹੌਰ ਦੇ ਸ਼ਾਹੀ ਮੁਹੱਲੇ ਤੇ ਹੀਰਾ ਮੰਡੀ ਬਾਰੇ ਇਹ ਦਿਲਚਸਪ ਲੇਖ ਵੀ ਉਥੋਂ ਦੀ ਹੀ ਉਪਜ ਹੈ, ਜਿਸਦੀ ਦੂਜੀ ਤੇ ਆਖਰੀ ਕਿਸ਼ਤ ਪਾਠਕਾਂ ਲਈ ਹਾਜ਼ਰ ਹੈ।'*

ਹਿੰਦੋਸਤਾਨ ਦੇ ਦੂਜੇ ਮੁਗ਼ਲ ਬਾਦਸ਼ਾਹ ਹੁਮਾਯੂੰ (1530 ਤੋਂ 1556) ਦੇ ਪੁੱਤਰ ਤੇ ਹਿੰਦੋਸਤਾਨ ਦੇ ਤੀਜੇ ਮੁਗ਼ਲ ਬਾਦਸ਼ਾਹ ਅਕਬਰ ਮਹਾਨ (1556 ਤੋਂ 1605) 'ਅਬੂ-ਅਲ-ਫਤਿਹ ਮੁਹੰਮਦ ਜਲਾਲੂਦੀਨ ਅਕਬਰ' ਨੂੰ ਲਾਹੌਰ ਦਾ ਇਹ ਕੰਜਰ ਘਾਟ ਚੰਗਾ ਨਾ ਲੱਗਾ ਤਾਂ ਬੁੱਢੇ ਦਰਬਾਰੀਆਂ ਨੇ ਬਾਜ਼ਾਰੇ ਹੁਸਨ ਸ਼ਾਹੀ ਕਿਲੇ ਕੋਲੋਂ ਪੁਟਵਾ ਕੇ ਸ਼ਹਿਰੋਂ ਬਾਹਰ ਵਸਾਉਣ ਦੀ ਸਲਾਹ ਦਿੱਤੀ ਤੇ ਉਸ ਮੁਹੱਲੇ ਦਾ ਨਾਂ ਸੁਲਤਾਨਪੁਰੀ 'ਸ਼ੈਤਾਨਪੁਰਾ' ਰੱਖਿਆ ਗਿਆ ਸੀ। ਸਮੇਂ ਦੀ ਤੋਰ ਨਾਲ ਇਰਾਨ ਦੇ ਬਾਦਸ਼ਾਹ ਨਾਦਰ ਸ਼ਾਹ ਨੇ ਦਿੱਲੀ ਦੀ ਬਾਦਸ਼ਾਹਤ ਵਿਚੋਂ ਮੁਗ਼ਲਾਂ ਦੀ ਜੜ੍ਹ ਉਖੇੜ ਦਿੱਤੀ। ਲਾਹੌਰ ਦੇ ਮੁਗ਼ਲ ਨਵਾਬ ਤੇ ਸਿੱਖਾਂ ਦੇ ਦੁਸ਼ਮਣ, ਨਵਾਬ ਜ਼ਕਰੀਆ ਖਾਨ (1726 ਤੋਂ 1745) ਨੇ ਆਪਣਾ ਅਫ਼ਸਰ ਖਾਨਾ (ਬੇਗਮਪੁਰਾ)

**ਸੰਤੋਖ ਸਿੰਘ ਮੰਡੇਰ-ਸਰੀ**
**ਫੋਨ: 604-505-7000**

ਬਣਾਇਆ ਅਤੇ ਆਪਣੀ ਰਖੇਲ ਕੱਲੂ ਬਾਈ ਨੂੰ ਯੱਕੀ ਦਰਵਾਜ਼ੇ ਅੰਦਰ ਹਵੇਲੀ ਦੇ ਦਿੱਤੀ। ਇਸ ਮਗਰੋਂ ਲਾਹੌਰ ਦੇ ਨਵਾਬਾਂ ਵਿਚ 'ਰਖੇਲ' ਨੂੰ ਲਾਂਭੇ ਖਾਸ ਹਵੇਲੀ ਵਿਚ ਰੱਖਣ ਦਾ ਰਿਵਾਜ ਪੈ ਗਿਆ ਸੀ। ਸੰਨ 1739 ਵਿਚ ਇਰਾਨੀ ਬਾਦਸ਼ਾਹ ਨਾਦਰ ਸ਼ਾਹ ਨੇ ਲਾਹੌਰ ਉਪਰ ਹਮਲਾ ਕੀਤਾ, ਲਾਹੌਰ ਦੇ ਹਾਕਮ ਸ਼ਾਹੀ ਹਵੇਲੀਆਂ ਵਿਚ ਬਾਈਆਂ ਕੋਲ ਸੁੱਤੇ ਰਹੇ ਤੇ ਲਾਹੌਰ ਉੱਜੜਦਾ ਰਿਹਾ। ਅਹਿਮਦ ਸ਼ਾਹ ਅਬਦਾਲੀ ਦੇ ਪਠਾਣ ਬਾਈਆਂ ਨੂੰ 'ਬੱਚੂ' ਸੱਦਦੇ ਸਨ। ਸੰਨ 1762 ਵਿਚ ਭੰਗੀ ਮਿਸਲ ਦੇ ਸਿੱਖ ਸਰਦਾਰਾਂ ਨੇ ਜਦੋਂ ਲਾਹੌਰ ਉਪਰ ਕਬਜ਼ਾ ਕੀਤਾ ਤਾਂ ਉਨ੍ਹਾਂ ਵੀ 'ਖਵਾਸਪੁਰਾ' ਦੀਆਂ ਬਾਈਆਂ ਦੇ ਮੁਜਰੇ ਦਾ ਪੂਰਾ ਆਨੰਦ ਮਾਣਿਆ ਸੀ। ਇਸ ਉਥਲ-ਪੁਥਲ ਦੇ ਜ਼ਮਾਨੇ ਵਿਚ ਲਾਹੌਰ ਦੇ ਸ਼ਾਹੀ ਮੁਹੱਲੇ ਦੀਆਂ ਬਾਈਆਂ ਪੂਰੇ ਲਾਹੌਰ ਵਿਚ ਰੁਲਦੀਆਂ ਰਹੀਆਂ ਅਤੇ ਉਨ੍ਹਾਂ ਦਾ ਕਿਧਰੇ ਵੀ ਘਰ ਘਾਟ ਨਾ ਬਣ ਸਕਿਆ। ਇਨ੍ਹਾਂ ਵਿਚੋਂ ਕੁਝ ਅਨਾਰਕਲੀ ਦੀ ਮਜ਼ਾਰ ਵਿਚ ਜਾ ਲੁਕੀਆਂ ਅਤੇ ਬਾਕੀ ਨੂੰ ਆਪਣੀ ਜਾਨ ਬਚਾਉਣ ਲਈ ਲਾਹੌਰੋਂ ਬਾਹਰ ਜਾਣਾ ਪਿਆ ਸੀ।

ਸੰਨ 1799 ਵਿਚ ਸੁਕਰਚੱਕੀਆ ਸਿੱਖ ਮਿਸਲ ਦੇ ਨੌਜਵਾਨ ਸਰਦਾਰ ਰਣਜੀਤ ਸਿੰਘ ਨੇ ਲਾਹੌਰ ਉਪਰ ਕਬਜ਼ਾ ਕੀਤਾ ਅਤੇ ਬਾਅਦ ਵਿਚ ਲਾਹੌਰ ਦਰਬਾਰ ਦਾ ਬਾਦਸ਼ਾਹ ਬਣ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਜਗਤ ਪ੍ਰਸਿੱਧ ਹੋਇਆ। ਸ਼ਾਹੀ ਮੁਹੱਲੇ ਦੀ ਬਾਈ 'ਬੇਗਮ' ਨਾਂ ਦੀ ਇਕ ਤਵਾਇਫ ਜੋ ਕਦੀ ਖਵਾਸਪੁਰਾ ਉੱਜੜਨ ਸਮੇਂ ਡਰਦੀ ਲਾਹੌਰ ਤੋਂ ਦੁਆਬੇ ਵਿਚ ਜਾ ਵਸੀ ਸੀ, ਵੀ ਰਣਜੀਤ ਸਿੰਘ ਦੇ ਸਾਫ-ਸੁਥਰੇ ਰਾਜ ਪ੍ਰਬੰਧ ਦੀ ਪ੍ਰਸ਼ੰਸਾ ਸੁਣ ਕੇ ਵਾਪਸ ਲਾਹੌਰ ਆ ਗਈ ਸੀ, ਜਿਸ ਦੀ ਨੱਚਣ ਵਾਲੀ ਖ਼ੂਬਸੂਰਤ ਧੀ 'ਮੋਰਾਂ' ਮਹਾਰਾਜਾ ਰਣਜੀਤ ਸਿੰਘ ਦੇ ਸੰਪਰਕ ਵਿਚ ਆਉਣ ਨਾਲ 'ਮਾਈ ਮੋਰਾਂ' ਬਣੀ ਤੇ ਫਿਰ ਮਹਾਰਾਣੀ ਮੋਰਾਂ ਤੋਂ 'ਮੋਰਾਂ ਸਰਕਾਰ' ਬਣ ਗਈ ਸੀ। ਮਹਾਰਾਜਾ ਰਣਜੀਤ ਸਿੰਘ ਨੇ ਮੋਰਾਂ ਸਰਕਾਰ ਦੇ ਕਹਿਣ 'ਤੇ ਅੰਦਰੂਨ ਲਾਹੌਰ ਸ਼ਹਿਰ ਦੇ ਸ਼ਾਹ ਆਲਮ ਦਰਵਾਜ਼ੇ ਨਜ਼ਦੀਕ ਬਾਜ਼ਾਰ ਪਾਪੜ ਮੰਡੀ ਵਿਚ 'ਮਸਜਿਦ-ਏ-ਤਵਾਇਫ' ਤਾਮੀਰ ਕਰਵਾਈ, ਜੋ ਹੁਣ 'ਮਾਈ ਮੋਰਾਂ ਮਸਜਿਦ' ਕਰਕੇ ਜਾਣੀ ਜਾਂਦੀ ਹੈ। ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਵਾਹਗਾ ਬਾਰਡਰ ਦੇ ਪੈਰਾਂ ਵਿਚ 'ਪੁਲ ਕੰਜਰੀ' ਹਾਲੀ ਵੀ ਕਾਇਮ ਹੈ, ਜੋ ਹੁਣ 'ਪੁਲ ਮੋਰਾਂ' ਆਖਿਆ ਜਾਂਦਾ ਹੈ। ਮੋਰਾਂ ਸਰਕਾਰ ਨੇ ਲਾਹੌਰ ਦੇ ਸੂਫੀ ਫਕੀਰ ਮਾਧੋ ਲਾਲ ਹੁਸੈਨ ਦੀ ਯਾਦ ਵਿਚ ਲਾਹੌਰ ਦੇ ਸ਼ਾਲਾਮਾਰ ਬਾਗ ਵਿਚ ਬਸੰਤ ਦਿਹਾੜੇ ਹਰ ਸਾਲ 'ਮੇਲਾ ਰਾਗਾਂ ਦਾ' ਮਨਾਉਣ ਦਾ ਆਹਰ ਵੀ ਕੀਤਾ ਸੀ।

ਲਾਹੌਰ ਵਿਚ ਸਿੱਖ ਰਾਜ ਦੇ ਪਤਨ ਮਗਰੋਂ 1849 ਵਿਚ ਅੰਗਰੇਜ਼ਾਂ ਦੇ ਸਮੇਂ, ਅਨਾਰਕਲੀ ਦੇ ਮਜ਼ਾਰ ਵਿਚ ਲੁਕੀਆਂ ਬਾਈਆਂ ਵਿਚੋਂ ਜਿਹੜੀਆਂ ਅੰਗਰੇਜ਼ ਜਰਨੈਲਾਂ ਤੇ ਅਫ਼ਸਰਾਂ ਨੇ ਪਸੰਦ ਕੀਤੀਆਂ, ਉਨ੍ਹਾਂ ਅੱਗੋਂ ਚਿੱਟੀਆਂ ਦੁੱਧ ਵਰਗੀਆਂ, ਬਿੱਲੀਆਂ ਅੱਖੀਆਂ ਵਾਲੀਆਂ, ਸੁਨਹਿਰੀ ਵਾਲਾਂ ਵਾਲੀਆਂ, ਕੁੜੀਆਂ ਜੰਮੀਆਂ, ਜਿਹੜੀਆਂ ਲਾਹੌਰ ਦੇ 'ਕੁੜੀ ਬਾਗ' ਵਿਚ ਖੇਡ ਕੇ ਜਵਾਨ ਹੋਈਆਂ। ਇਨ੍ਹਾਂ ਬਿੱਲੋ ਰਾਣੀਆਂ ਵਿਚੋਂ ਇਕ 'ਬਿੱਲੋ' ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਬਾਹਰੋਂ ਆਏ ਸ਼ਾਹੀ ਮਹਿਮਾਨਾਂ ਦੇ ਮਨੋਰੰਜਨ ਲਈ ਨੱਚਣ ਗਾਉਣ ਦਾ ਪ੍ਰਬੰਧ ਕਰਦੀ ਸੀ। ਲਾਹੌਰ ਦੀਆਂ ਦੋ ਬਾਈਆਂ ਹਜ਼ਰੂ ਤੇ ਢੇਰੂ, ਮੋਰਾਂ ਸਰਕਾਰ ਦੀ ਮਾਂ ਬੇਗਮ ਦੀ ਸਿਫਾਰਸ਼ ਨਾਲ ਮਹਾਰਾਣੀ ਮੋਰਾਂ ਅੱਗੇ ਦਰਖਾਸਤ ਲੈ ਕੇ ਉਸ ਦੀ ਹਵੇਲੀ 'ਚ ਪੇਸ਼ ਹੋਈਆਂ ਅਤੇ ਬਾਲਾਖਾਨੇ ਲਈ ਥਾਂ ਮੰਗੀ। ਮੋਰਾਂ ਸਰਕਾਰ ਦਾ ਬਾਗ ਤੇ ਹਵੇਲੀ ਉਸ ਜਗ੍ਹਾ ਸੀ, ਜਿੱਥੇ ਲਾਹੌਰ ਦਾ ਪਹਿਲਾ ਡਾਕ ਬੰਗਲਾ ਬਣਿਆ ਤੇ ਫਿਰ ਇਸ ਥਾਂ ਵਿਚ ਅੰਗਰੇਜ਼ਾਂ ਨੇ ਪੰਜਾਬ ਵਿਚ ਉਚੇਰੀ ਵਿਦਿਆ ਲਈ ਪਹਿਲਾ ਗੌਰਮਿੰਟ ਕਾਲਜ ਲਾਹੌਰ ਸਥਾਪਤ ਕੀਤਾ, ਜੋ ਉਸ ਵਕਤ ਬੰਗਾਲ ਦੀ ਕਲਕੱਤਾ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਸੀ।

ਲਾਹੌਰ ਵਿਚ ਸਿੱਖਾਂ ਦਾ ਸ਼ਾਹੀ ਦਰਬਾਰ 40 ਸਾਲ ਰਿਹਾ ਅਤੇ ਲਾਹੌਰ ਦਾ ਕੰਜਰਘਾਟ ਵੀ ਇਧਰ ਉਧਰ ਪੁਰਾਣੇ ਸਮਿਆਂ ਵਾਂਗ ਚੱਲਦਾ ਰਿਹਾ। 1849 ਵਿਚ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਕੇ ਪੁਰਾਣੀ ਅਨਾਰਕਲੀ ਤੇ ਇਲਾਕਾ ਮੁਜ਼ੰਗ ਨੂੰ ਬ੍ਰਿਟਿਸ਼ ਫੌਜ ਲਈ ਅਨਾਰਕਲੀ ਛਾਉਣੀ ਵਿਚ ਤਬਦੀਲ ਕਰ ਦਿੱਤਾ ਸੀ। ਇਸ ਜ਼ਮਾਨੇ ਵਿਚ ਅੰਗਰੇਜ਼ ਫੌਜੀਆਂ ਤੇ ਅਫ਼ਸਰਾਂ ਦੇ ਮਨਪ੍ਰਚਾਵੇ ਤੇ ਕਾਮੁਕ ਜ਼ਰੂਰਤਾਂ ਲਈ, ਅਨਾਰਕਲੀ ਛਾਉਣੀ ਵਿਚ ਕੰਜਰਾਂ ਦੇ ਜਿਹੜੇ ਪਹਿਲੇ ਦੋ ਕੋਠੇ ਬਣੇ, ਉਨ੍ਹਾਂ ਦੇ ਬਾਲ ਬੱਚੇ ਅੱਗੇ ਬੱਚੇ ਬੱਚੀਆਂ ਸੂੰਦੇ ਗਏ, ਜੰਮਦੇ ਗਏ। ਲਾਹੌਰ ਵਿਚ ਅਨਾਰਕਲੀ ਛਾਉਣੀ ਇਕ ਪੂਰਾ ਕੰਜਰ ਮੁਹੱਲਾ ਬਣ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਦੀ ਸਰਕਾਰੀ ਭਾਸ਼ਾ ਫਾਰਸੀ ਸੀ ਪਰ ਆਮ ਜਨਤਾ ਠੇਠ ਪੰਜਾਬੀ ਬੋਲਦੀ ਸੀ। ਕੰਜਰ ਪੰਜਾਬੀ ਜ਼ੁਬਾਨ ਦਾ ਲਫ਼ਜ਼ ਕੰਨ-ਜਰ, ਮਤਲਬ ਜਿਸ ਇਨਸਾਨ ਦੇ ਕੰਨ ਖੁਸ਼ੀ ਨਾਲ ਬਦਨਾਮੀ ਸਹਿੰਦੇ ਹੋਣ ਹੈ। ਅਨਾਰਕਲੀ ਫੌਜੀ ਛਾਉਣੀ ਦਾ ਮੁਖਤਾਰ ਅੰਗਰੇਜ਼ ਅਫਸਰ 'ਲਾਟ ਸਾਹਿਬ' ਲਾਹੌਰੀ ਮੁਜਰੇ ਦਾ ਪੂਰਾ ਸ਼ੌਕੀਨ ਸੀ। ਅੰਗਰੇਜ਼ ਅਫਸਰਾਂ ਲਈ ਅੰਗਰੇਜ਼ ਦੌਰ ਵਿਚ ਉਚੇਚੇ ਨਾਚ ਘਰ ਬਣੇ, ਜਿਨ੍ਹਾਂ ਵਿਚ 'ਬਿੱਲੋ ਰਾਣੀਆਂ' ਨੱਚਦੀਆਂ, ਜਿਨ੍ਹਾਂ ਦੇ ਪਿਓ ਜਾਂ ਬਾਪ ਅੰਗਰੇਜ਼ ਜਾਂ ਯੂਰਪੀ ਅਫ਼ਸਰ ਹੁੰਦੇ ਤੇ ਮਾਵਾਂ ਹਿੰਦੋਸਤਾਨੀ, ਈਰਾਨੀ ਜਾਂ ਮਿਸਰੀ ਹੁੰਦੀਆਂ ਸਨ। ਬ੍ਰਿਟਿਸ਼ ਸਰਕਾਰ ਦੇ ਇਕ ਹੁਕਮ ਨਾਲ ਪੂਰੀ ਅਨਾਰਕਲੀ ਦਾ ਕੰਜਰ ਮੁਹੱਲਾ ਬੰਦ ਕਰ ਦਿੱਤਾ ਗਿਆ ਅਤੇ ਇਥੇ ਫੌਜੀਆਂ ਤੇ ਅਫ਼ਸਰਾਂ ਦੇ ਕੱਪੜੇ ਧੋਣ ਲਈ 'ਧੋਬੀ ਘਾਟ' ਬਣਾ ਦਿੱਤਾ ਗਿਆ। ਅਨਾਰਕਲੀ ਛਾਉਣੀ ਦੀਆਂ ਕੰਜਰੀਆਂ ਤੇ ਉਨ੍ਹਾਂ ਦੇ ਪਰਿਵਾਰ ਲਾਹੌਰ ਵਿਚ ਜਿੱਥੇ ਥਾਂ ਲੱਭਾ ਮੱਲ ਕੇ ਬੈਠ ਗਏ ਤੇ 'ਕੰਜਰ ਘਾਟ' ਵੀ ਚੱਲਦਾ ਰਿਹਾ। ਕੰਜਰਾਂ ਦਾ ਦੱਲਾ ਨੂਰਾ ਕੰਬੋਹ, ਧੰਨੋ ਕੰਜਰੀ ਨੂੰ ਅੰਦਰੂਨ ਲਾਹੌਰ ਦੇ ਗੰਜ ਮੁਹੱਲੇ ਲੈ ਗਿਆ। ਭੰਡੀ ਕੰਜਰੀ ਮੋਜ਼ਾ ਚਾਹ ਮੀਰਾਂ ਦੇ ਬਾਗ ਵਿਚ ਡੇਰਾ ਜਾ ਜਮਾਇਆ। ਕਿਰਨ ਕੰਜਰੀ ਮੁਨਸ਼ੀ ਲੱਧੇ ਦੇ ਬਾਗ ਵਿਚ ਕਾਬਜ਼ ਹੋ ਗਈ। ਮੋਚੀ ਦਰਵਾਜ਼ੇ ਅੰਦਰ ਤਕੀਆ ਮਹਿਤਰਾਂ ਵਿਚ ਜਿਹੜੀ ਕੰਜਰੀ ਨੂੰ ਥਾਂ ਲੱਭਾ ਉਸਦਾ ਨਾਂ ਚੂੜੀ ਕੰਜਰੀ ਪੈ ਗਿਆ। ਬਾਂਦੀ ਕੰਜਰੀ ਨਵਾਂ ਕੋਟ ਜਾ ਵਸੀ। ਅੰਦਰੂਨ ਟਕਸਾਲੀ ਦਰਵਾਜ਼ੇ ਮੁਹੱਲਾ ਤਲਬ ਗਾਹ ਵਿਚ ਮਮੋਲਾਂ, ਬੁਢਾ, ਦਾਰਾ ਤੇ ਫੌਜਾਂ ਜਾ ਕੇ ਘੁਸ ਗਏ ਤੇ ਆਪਣਾ ਰੈਣ ਬਸੇਰਾ ਬਣਾ ਲਿਆ।

ਅੰਗਰੇਜ਼ ਹਕੂਮਤ ਸਮੇਂ ਲਾਹੌਰ ਵਿਚ 'ਰੈਡ ਲਾਈਟ ਡਿਸਟ੍ਰਿਕਟ' ਹੀਰਾ ਮੰਡੀ ਦਾ ਵਿਸਥਾਰ ਹੋਣਾ ਸ਼ੁਰੂ ਹੋਇਆ ਸੀ। ਹੀਰਾ ਮੰਡੀ ਦਾ ਨਾਮ ਮਾਲਵੇ ਦੀ 'ਫੂਲਕੀਆ ਰਿਆਸਤ ਨਾਭਾ' ਦੇ ਮਹਾਰਾਜਾ ਹੀਰਾ ਸਿੰਘ ਦੇ ਨਾਮ ਉਪਰ ਪਿਆ, ਜਿਸ ਨੇ ਲਾਹੌਰ ਦੇ ਸ਼ਾਹੀ ਮੁਹੱਲੇ ਵਿਚ ਇਸ ਜਗ੍ਹਾ 'ਦਾਣਾ ਮੰਡੀ' ਸ਼ੁਰੂ ਕੀਤੀ ਸੀ, ਜਿਸ ਨੂੰ 'ਹੀਰਾ ਸਿੰਘ ਦੀ ਦਾਣਾ ਮੰਡੀ' ਕਿਹਾ ਜਾਂਦਾ ਸੀ। ਸ. ਹੀਰਾ ਸਿੰਘ ਦੀ ਦਾਣਾ ਮੰਡੀ ਦਾ ਨਾਂ ਹੌਲੀ ਹੌਲੀ ਸਿਰਫ 'ਹੀਰਾ ਮੰਡੀ' ਹੀ ਰਹਿ ਗਿਆ, ਜੋ ਸਮੇਂ ਦੀ ਤੋਰ ਨਾਲ ਲਾਹੌਰ ਵਿਚ ਤਵਾਇਫਾਂ, ਕੰਜਰੀਆਂ, ਵੇਸਵਾਵਾਂ, ਬਾਈਆਂ ਤੇ ਕੰਜਰਾਂ ਦਾ ਗੜ੍ਹ ਬਣ ਗਿਆ ਸੀ। ਇਸ ਹੀਰਾ ਮੰਡੀ ਦਾ ਕੰਜਰ, ਮੀਆਂ ਬੁੱਢਾ, ਕੰਜਰਾਂ ਦਾ ਆਗੂ ਬਣ ਨਿੱਤਰਿਆ ਸੀ। ਲਾਹੌਰ ਦੇ ਹਿੰਦੂ ਸ਼ਾਹੂਕਾਰ ਹੀਰਾ ਚੰਦ ਸਰਾਫ ਜਿਸ ਕੰਜਰੀਆਂ ਦੀ ਮੰਡੀ ਲਾਈ, ਉਥੇ ਹਰ ਕੰਜਰ ਉਸ ਦੇ ਕਰਜ਼ੇ 'ਤੇ ਮਿਲੇ ਕੋਠੇ ਦਾ ਵਿਆਜ ਤਾਰਦਾ ਹੰਢ ਵਰਤ ਗਿਆ ਸੀ। ਅੰਦਰੂਨ ਲਾਹੌਰ ਦਾ ਇਹ ਇਲਾਕਾ ਜੋ 'ਹੀਰਾ ਮੰਡੀ' ਬਣਿਆ, ਬਾਜ਼ਾਰ ਸ਼ੇਖੂ ਪੁਰੀਆ ਤੋਂ ਹੀਰਾ ਮੰਡੀ ਚੌਕ ਤਕ, ਹੀਰਾ ਮੰਡੀ ਚੌਕ ਤੋਂ ਪੀਰ ਨੌਂਗਜ਼ੇ ਚੌਕ ਤਾਈਂ ਤੇ ਨੌਂਗਜ਼ੇ ਪੀਰ ਤੋਂ ਖਾਈ ਤਕ ਤੇ ਅੱਗੇ ਬਾਜ਼ਾਰ ਬਾਰੂਦ ਖਾਨਾ ਤਕ, ਜਿਸ ਵਿਚ ਕਈ



ਸੜਕਾਂ, ਗਲੀਆਂ ਤੇ ਬਾਜ਼ਾਰ ਸ਼ਾਮਲ ਹਨ। ਇਸ ਸਾਰੇ ਨੂੰ ਹੁਣ 'ਬਾਜ਼ਾਰ ਹੀਰਾ ਮੰਡੀ' ਤੇ ਲਾਹੌਰ ਦਾ 'ਸ਼ਾਹੀ ਮੁਹੱਲਾ' ਕਿਹਾ ਜਾਂਦਾ ਹੈ।

ਹੀਰਾ ਮੰਡੀ ਵਿਚ ਹਰ ਡੇਰੇ ਦੇ ਪੱਕੇ ਮਰਾਸੀ ਤੇ ਪੱਕਾ ਮੁਨਸ਼ੀ ਹੁੰਦਾ ਹੈ। ਇਥੇ ਕੰਜਰਾਂ ਦੀ ਕੁੜੀ ਤੇ ਮਰਾਸੀਆਂ ਦੇ ਮੁੰਡੇ ਦੀ ਕਦਰ ਘਿਓ ਵਾਂਗ ਹੁੰਦੀ ਹੈ ਕਿਉਂਕਿ ਇਹ ਦੋਨੋਂ ਹੀਰਾ ਮੰਡੀ ਵਿਚ ਕਮਾਊ ਧੀ ਪੁੱਤ ਮੰਨੇ ਜਾਂਦੇ ਹਨ। ਮਰਾਸੀਆਂ ਦੇ ਮੁੰਡੇ ਸਾਜ਼ ਵਜਾਉਂਦੇ ਨੇ ਤੇ ਕੰਜਰਾਂ ਦੀਆਂ ਕੁੜੀਆਂ ਕੰਜਰਪੁਣਾ ਕਰਦੀਆਂ, ਨੱਚਦੀਆਂ, ਗਾਉਂਦੀਆਂ ਤੇ ਧੰਦਾ ਕਰਦੀਆਂ ਹਨ। ਹੀਰਾ ਮੰਡੀ ਦੇ ਕੋਠੇ ਦੀ ਪਛਾਣ ਪੁੱਤਰ ਨਹੀਂ ਧੀ ਹੁੰਦੀ ਹੈ। ਲਾਹੌਰ ਦੀ ਹੀਰਾ ਮੰਡੀ ਦੇ ਕੋਠਿਆਂ ਵਿਚ ਦੋ ਨਾਵਾਂ ਦਾ ਬਹੁਤ ਜ਼ਿਕਰ ਰਿਹਾ ਹੈ, ਬੁਲਾਕੀ ਸ਼ਾਹ ਤੇ ਮੋਤੀ ਲਾਲ ਚਮਰੀਆ। 1947 ਵਿਚ ਭਾਰਤ-ਪਾਕਿਸਤਾਨ ਬਣਨ ਤੋਂ ਪਹਿਲਾਂ ਸੇਠ ਮੋਤੀ ਲਾਲ ਚਮਰੀਆ (1934 ਤੋਂ 2007) ਦੀ ਹੀਰਾ ਮੰਡੀ ਦੇ ਕੋਠਿਆਂ ਵਿਚ ਇਕ ਲਾੜੇ ਵਾਂਗ ਉਡੀਕ ਰਹਿੰਦੀ ਸੀ, ਕਿਉਂਕਿ ਕੋਠੇ ਦੀ ਕੁਆਰੀ ਕੰਜਰੀ ਦੀ ਨੱਥ ਲੁਹਾਈ ਵਿਚ ਉਹ ਸਾਰੇ ਹਿੰਦੋਸਤਾਨ ਵਿਚ ਮਸ਼ਹੂਰ ਸੀ। ਸੇਠ ਰਾਏ ਬਹਾਦਰ ਮੋਤੀ ਲਾਲ ਚਮਰੀਆ ਬਿਹਾਰ ਦੇ ਜ਼ਿਲ੍ਹਾ ਮੁੰਗੇਰ ਦਾ ਖਾਨਦਾਨੀ ਰਈਸ ਸੀ, ਜੋ ਹਿੰਦੋਸਤਾਨ ਦੇ ਚੱਕਲਿਆਂ ਵਿਚ ਰੁਪਈਆਂ ਦਾ ਬਿਸਤਰਾ ਵਿਛਾਂਦਾ, ਰਾਤ ਗੁਜ਼ਾਰਦਾ, ਨੱਥ ਜੇਬ ਪਾਉਂਦਾ ਤੇ ਸਵੇਰ ਨੂੰ ਤੁਰ ਜਾਂਦਾ ਸੀ। ਸੁਣਨ ਵਿਚ ਆਇਆ ਕਿ ਸੇਠ ਮੋਤੀ ਲਾਲ ਕੋਲ ਕੰਜਰੀਆਂ ਦੀਆਂ ਲਾਹੀਆਂ ਨੱਥਾਂ ਦਾ ਸੰਦੂਕ ਭਰਿਆ ਪਿਆ ਹੈ।

ਬ੍ਰਿਟਿਸ਼ ਰਾਜ ਸਮੇਂ ਲਾਹੌਰ ਦਾ ਕੰਜਰ ਘਾਟ ਹੀਰਾ ਮੰਡੀ, ਸ਼ਾਹੀ ਮੁਹੱਲਾ ਜਦੋਂ ਚੰਗੀ ਤਰ੍ਹਾਂ ਆਬਾਦ ਹੋ ਗਿਆ ਤਾਂ ਸ਼ਾਮ ਨੂੰ ਲੋਹਾਰੀ ਦਰਵਾਜ਼ੇ ਬਾਹਰ ਸ਼ਾਨਦਾਰ ਚਾਰ ਪਹੀਆਂ ਵਾਲੇ ਚਿੱਟੇ ਸ਼ਾਨਦਾਰ ਸ਼ਿੰਗਾਰੇ ਹੋਏ ਪਸ਼ੌਰੀ ਟਾਂਗਿਆਂ ਦੀ ਲਾਈਨ ਲੱਗ ਜਾਂਦੀ ਸੀ। ਕਾਬੁਲ ਕੰਧਾਰ ਦੇ ਨਵੇਂ ਨਰੋਏ ਸਫੈਦ, ਲਾਖੇ, ਸੁਰਮਈ, ਭੂਰੇ ਤੇ ਡੱਬ ਖੜੱਬੇ ਘੋੜੇ ਹੀਰਾ ਮੰਡੀ ਦੇ ਗਾਹਕਾਂ ਨੂੰ ਲੈ ਕੇ ਟਕਸਾਲੀ ਦਰਵਾਜ਼ੇ ਨੂੰ ਰਾਵੀ ਰੋਡ ਉਪਰ ਭੱਜ ਰਹੇ ਹੁੰਦੇ ਸਨ। ਲਾਇਲਪੁਰ ਦੇ ਜ਼ਿਮੀਂਦਾਰ, ਲੰਡਨ ਦੇ ਪੜ੍ਹੇ-ਲਿਖੇ ਸਾਡੇ ਤਾਇਆ ਜੀ ਸਰਦਾਰ ਮੇਹਰ ਸਿੰਘ ਗਰੇਵਾਲ ਦੱਸਦੇ ਹੁੰਦੇ ਸੀ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਲਾਹੌਰ ਦੀ ਪੰਜਾਬ ਅਸੈਂਬਲੀ ਦੇ ਸੈਸ਼ਨ ਦੇ ਦਿਨਾਂ ਵਿਚ ਹੀਰਾ ਮੰਡੀ ਦੀ ਰੌਣਕ ਤੇ ਸ਼ਰਾਫ਼ਤ ਹੋਰ ਵਧ ਜਾਂਦੀ ਸੀ। ਹੀਰਾ ਮੰਡੀ ਵਿਚ ਲੰਮੀਆਂ ਲੰਮੀਆਂ ਮੋਟਰਕਾਰਾਂ ਸ਼ਾਹੀ ਮੁਹੱਲੇ ਦੇ ਕੰਜਰ ਬੜੇ ਮਾਣ ਨਾਲ ਆਪਣੇ ਕੋਠੇ ਅੱਗੇ ਉਚੀ ਉਚੀ ਬੋਲ ਕੇ ਪਾਰਕ ਕਰਵਾਉਂਦੇ ਸਨ। ਲਾਹੌਰ ਦੀ ਮਾਲ ਰੋਡ ਉਪਰ ਬਣੇ ਪੰਜਾਬ ਅਸੈਂਬਲੀ ਹਾਲ ਦਾ ਨੀਂਹ ਪੱਥਰ ਬ੍ਰਿਟਿਸ਼ ਸਰਕਾਰ ਸਮੇਂ, ਪੰਜਾਬ ਦੇ ਖੇਤੀਬਾੜੀ ਮੰਤਰੀ ਜੋਗਿੰਦਰ ਸਿੰਘ ਨੇ ਸੰਨ 1935 ਵਿਚ ਰੱਖਿਆ ਸੀ। ਲਗਭਗ 87 ਸਾਲ ਪਹਿਲਾਂ ਰੱਖਿਆ ਇਹ ਨੀਂਹ ਪੱਥਰ ਹਾਲੀ ਵੀ ਲਾਹੌਰ ਦੀ ਪੰਜਾਬ ਅਸੈਂਬਲੀ ਦੇ ਬਾਹਰ ਮੌਜੂਦ ਹੈ।

ਲਾਹੌਰ ਦੀ ਹੀਰਾ ਮੰਡੀ ਦੀਆਂ ਕੰਜਰੀਆਂ ਵਿਚ ਖ਼ੂਬਸੂਰਤੀ ਦੇ ਨਾਲ ਨਾਲ ਇਨਸਾਨੀਅਤ, ਘਰੇਲੂ ਪਰਿਵਾਰਕ ਗੁਣ ਤੇ ਰਹਿਣ-ਸਹਿਣ ਦਾ ਸਲੀਕਾ ਅੱਤ ਦਰਜੇ ਦਾ ਹੁੰਦਾ ਸੀ, ਜਿਸ ਕਰਕੇ ਵੱਡੇ ਵੱਡੇ ਹਿੰਦੂ, ਮੁਸਲਮਾਨ ਤੇ ਸਿੱਖ ਰਈਸਾਂ ਦੇ ਘਰ ਹੀਰਾ ਮੰਡੀ ਵਿਚੋਂ ਵਹੁਟੀਆਂ, ਬੇਗਮਾਂ ਤੇ ਘਰਵਾਲੀਆਂ ਗਈਆਂ। ਸਾਂਝੇ ਪੰਜਾਬ ਦਾ ਵਜ਼ੀਰੇ ਆਲਾ, ਮਲਿਕ ਖਿਜ਼ਰ ਹਯਾਤ ਟਿਵਾਣਾ ਹੀਰਾ ਮੰਡੀ ਦਾ ਜਵਾਈ ਬਣਿਆ, ਉਸ ਨੇ ਹੀਰਾ ਮੰਡੀ ਦੀ ਅਲਮਾਸ ਬਾਈ ਨਾਲ ਨਿਕਾਹ ਕੀਤਾ ਸੀ। ਜਨਾਬ ਟਿਵਾਣਾ ਦੇ ਪਿਓ ਖਾਨ ਬਹਾਦਰ ਅਹਿਮਦ ਯਾਰ ਖਾਨ ਦੌਲਤਾਨੇ ਨੂੰ ਹੀਰਾ ਮੰਡੀ 'ਚੋਂ ਆਈ ਨੂੰਹ ਇੰਨੀ ਪਸੰਦ ਆਈ ਕਿ ਉਸਨੇ ਅਲਮਾਸ ਬਾਈ ਦੀ ਨਿੱਕੀ ਭੈਣ ਦਾਰੀ ਨੂੰ ਆਪਣੇ ਘਰ ਲਈ ਰੱਖ ਲਿਆ। ਲਾਹੌਰ ਦੀ ਹੀਰਾ ਮੰਡੀ ਜਨਾਨਾ 'ਮੈਨਰਜ਼' 'ਐਟੀਕੇਟਸ' ਲਈ ਸਕੂਲ ਸੰਸਥਾ ਵਜੋਂ ਮਸ਼ਹੂਰ ਹੋ ਗਈ ਸੀ। ਹਿੰਦੋਸਤਾਨ ਦੇ ਇੱਜ਼ਤਦਾਰਾਂ ਦੇ ਘਰਾਂ ਨੂੰ ਹੀਰਾ ਮੰਡੀ ਸ਼ਾਹੀ ਮੁਹੱਲੇ ਦੀਆਂ ਕੰਜਰੀਆਂ ਨੇ ਭਾਗ ਲਾਏ ਹਨ।

ਪਾਕਿਸਤਾਨ ਬਣਨ ਨਾਲ ਹੀਰਾ ਮੰਡੀ ਦੀ ਕੰਜਰੀ ਤੇ ਲਾਹੌਰ ਦੇ ਬਦਮਾਸ਼ਾਂ ਦਾ ਨਿਵੇਕਲਾ ਜੋੜ ਬਣ ਗਿਆ ਸੀ। ਹੀਰਾ ਮੰਡੀ ਦੇ ਜਿਸ ਕੋਠੇ ਅੱਗੇ ਲਾਹੌਰੀ ਬਦਮਾਸ਼ ਦਾ ਯੱਕਾ ਖੜ੍ਹਾ ਹੁੰਦਾ, ਉਥੇ ਕੋਈ ਹੋਰ ਵੜਨ ਦਾ ਹੀਆ ਨਾ ਕਰਦਾ। ਪਾਕਿਸਤਾਨ ਵਿਚ ਜਨਰਲ ਅਯੂਬ ਖਾਨ ਨੇ ਮਾਰਸ਼ਲ ਲਾਇਆ ਪਰ ਹੀਰਾ ਮੰਡੀ ਵਿਚ ਆਉਣ ਜਾਣ ਦੀ ਆਜ਼ਾਦੀ ਸੀ। ਲਾਹੌਰ ਦੇ ਕਾਲਜਾਂ, ਪੰਜਾਬ ਯੂਨੀਵਰਸਿਟੀ ਅਤੇ ਹੋਰ ਸ਼ਹਿਰਾਂ ਵਿਚ ਵੀ ਧੜਾਧੜ ਮੁਜਰੇ ਹੁੰਦੇ ਰਹੇ। ਇਹ ਮੁਜਰੇ ਇੰਨੇ ਭੜਕਾਊ ਸਨ ਕਿ ਪਾਕਿਸਤਾਨ ਦੇ ਮੌਲਵੀ ਤੜਫ ਉਠੇ ਕਿਉਂਕਿ ਨੱਚਣ ਗਾਉਣ ਵਾਲੀਆਂ 'ਚ ਮਸ਼ਹੂਰ ਸੁਲਤਾਨਾ ਪਸ਼ੌਰੀ ਤੇ ਹਮੀਰਾ ਚੌਧਰੀ ਜਾਲੀਦਾਰ ਕੱਪੜੇ ਪਾ ਕੇ ਸਟੇਜ ਉਪਰ ਨੱਚਦੀਆਂ ਸਨ, ਨਤੀਜੇ ਵਜੋਂ 1961 ਵਿਚ ਮੁਜਰਾ ਕਲਚਰ ਉਪਰ ਪੂਰਨ ਪਾਬੰਦੀ ਲੱਗ ਗਈ। ਪਾਕਿਸਤਾਨ ਦੇ ਗਵਰਨਰ ਮਲਿਕ ਅਮੀਰ ਮੁਹੰਮਦ ਖਾਨ, ਨਵਾਬ ਕਾਲਾ ਬਾਗ ਨੇ ਲਾਹੌਰ ਦੇ ਸ਼ਾਹੀ ਮੁਹੱਲੇ ਵਿਚ ਸਖਤੀ ਦਾ ਐਲਾਨ ਕਰ ਦਿੱਤਾ। ਲਾਹੌਰ ਦੀ ਹੀਰਾ ਮੰਡੀ ਵਿਚ ਸਿਰਫ ਰਾਤ ਦੇ 10 ਵਜੇ ਤੋਂ ਰਾਤ ਦੇ ਇਕ ਵਜੇ ਤਕ ਗਾਉਣ-ਵਜਾਉਣ ਦਾ ਫ਼ੁਰਮਾਨ ਸਰਕਾਰ ਵਲੋਂ ਆ ਗਿਆ। ਹੀਰਾ ਮੰਡੀ ਨੂੰ ਆਉਣ-ਜਾਣ ਵਾਲੇ ਸਾਰੇ ਰਸਤਿਆਂ ਤੇ ਬਾਜ਼ਾਰਾਂ ਵਿਚ ਪੁਲੀਸ ਚੌਕੀਆਂ ਬਣ ਗਈਆਂ, ਨਾਕੇ ਲੱਗ ਗਏ, ਧੰਦਾ ਉਕਾ ਹੀ ਬੰਦ ਕਰ ਦਿੱਤਾ। ਰਾਤ ਇਕ ਵਜੇ ਤੋਂ ਬਾਅਦ ਹੀਰਾ ਮੰਡੀ ਵਿਚ ਕਾਂ ਪੈਂਦੇ ਤੇ ਦਿਨੇ ਚਿੜੀ ਵੀ ਪਰ ਨਾ ਮਾਰ ਸਕਦੀ। ਅੰਤਾਂ ਦੀ ਸਖਤਾਈ ਹੋ ਗਈ ਪਰ ਸਭ ਕੁਝ ਹੁੰਦਾ ਰਿਹਾ, ਪੁਲੀਸ ਦੀ ਕਮਾਈ ਵਧ ਗਈ। ਸ਼ਾਹੀ ਮੁਹੱਲੇ ਦੇ 'ਟਿੱਬੀ ਥਾਣੇ' ਦਾ ਭਾਅ ਤੇਜ਼ ਹੋ ਗਿਆ, ਥਾਣੇ ਦੀ ਥਾਣੇਦਾਰੀ ਵਿਕਣ ਲੱਗ ਪਈ ਸੀ। ਟਿੱਬੀ ਥਾਣੇ ਦੀ ਸਖਤੀ ਤੇ ਪੁਲੀਸ ਦੀ ਕੁੱਟਮਾਰ ਕਾਰਨ ਸ਼ਰੀਫ ਲੋਕ ਹੀਰਾ ਮੰਡੀ ਆਉਣਾ ਹੀ ਛੱਡ ਗਏ। ਹੀਰਾ ਮੰਡੀ ਦੇ ਕੰਜਰ ਤੇ ਉਨ੍ਹਾਂ ਦੇ ਪਰਿਵਾਰ ਆਪਣੀ ਹੈਸੀਅਤ ਅਨੁਸਾਰ ਹੋਰ ਥਾਵਾਂ ਨੂੰ ਭੱਜ ਨਿਕਲੇ, ਜਿਨ੍ਹਾਂ ਵਿਚ ਨਵਾਂ ਮੁਜ਼ੰਗ, ਸੰਮਨਾਬਾਦ, ਗੁਲਬਰਗ, ਮਾਡਲ ਟਾਊਨ, ਜੌਹਰ ਟਾਊਨ ਸੀ। ਲਾਹੌਰ ਵਿਚ ਕਾਲ ਗਰਲ ਦਾ ਰਿਵਾਜ ਸ਼ੁਰੂ ਹੋ ਗਿਆ। ਲਾਹੌਰ ਦੇ ਆਲੇ-ਦੁਆਲੇ ਦੇ ਕਸਬਿਆਂ, ਪਿੰਡਾਂ ਦੀਆਂ ਪੰਜ-ਸੱਤ ਇਕੱਠੀਆਂ ਜਵਾਨ ਕੁੜੀਆਂ, ਟੁੱਟੀ ਜਿਹੀ ਟੋਇਟਾ ਦੀ ਕਰੋਲਾ ਕਾਰ ਵਿਚ ਲਾਹੌਰ ਦੀਆਂ ਗਲੀਆਂ, ਬਾਜ਼ਾਰਾਂ ਵਿਚ ਰਾਤ ਨੂੰ ਸ਼ਰੇਆਮ ਗੇੜੀ ਮਾਰਦੀਆਂ। ਜਿੱਥੇ ਗੱਲ ਟੁੱਕ ਹੋ ਜਾਂਦੀ, ਉਥੇ ਹੀ ਤੰਬੂ ਲੱਗ ਜਾਂਦਾ। ਸ਼ਾਹੀ ਸ਼ਹਿਰ ਲਾਹੌਰ ਅੰਦਰ ਤੇ ਪੂਰੇ ਪਾਕਿਸਤਾਨ ਵਿਚ ਪਿੰਡਾਂ, ਕਸਬਿਆਂ, ਸ਼ਹਿਰਾਂ, ਥਾਵਾਂ, ਗਲੀਆਂ, ਮੁਹੱਲਿਆਂ, ਨਹਿਰਾਂ, ਕੱਸੀਆਂ ਦੇ ਨਾਵਾਂ ਨੂੰ ਸੰਨ ਨਹੀਂ ਲਾਈ ਗਈ।

ਸੰਨ 1971 ਵਿਚ ਜਨਰਲ ਯਾਹੀਆ ਖਾਨ ਦੇ ਜ਼ਮਾਨੇ ਵਿਚ ਕੰਜਰਾਂ ਨੂੰ ਫਿਰ ਪੂਰੀ ਖੁੱਲ੍ਹੀ ਛੁੱਟੀ ਮਿਲ ਗਈ, ਪਰ ਹੀਰਾ ਮੰਡੀ ਵਿਚ ਬਦਲਾਅ ਆ ਗਿਆ ਸੀ ਹੁਣ ਲਾਹੌਰੀ ਸਾਜ਼ਾਂ ਦੀ ਬਜਾਏ ਜਾਪਾਨੀ ਸੋਨੀ ਦੀ ਟੇਪ ਰਿਕਾਰਡ ਉਤੇ ਗਾਣਾ ਲੱਗਦਾ ਤੇ ਕੰਜਰੀਆਂ ਪੈਰਾਂ ਵਿਚ ਘੁੰਗਰੂ ਪਾ ਕੇ ਨੱਚਦੀਆਂ। ਹੀਰਾ ਮੰਡੀ ਦੀ ਚੇਤ ਰਾਮ ਰੋਡ ਉਤੇ ਮਿਊਜ਼ੀਕਲ ਗਰੁੱਪਾਂ ਦੇ ਬੋਰਡ ਲੱਗਣ ਲੱਗ ਪਏ ਤੇ ਇਹ ਗਰੁੱਪ ਨੱਚਣ ਗਾਉਣ ਤੇ ਧੰਦਾ ਕਰਨ ਲਈ ਅਰਬ ਦੇਸ਼ਾਂ ਤੇ ਲੰਡਨ ਨੂੰ ਵੀ ਜਾਣੇ ਸ਼ੁਰੂ ਹੋ ਗਏ। 1977 ਵਿਚ ਜਨਰਲ ਜ਼ਿਆ-ਉਲ-ਹੱਕ, ਦੇ ਮਾਰਸ਼ਲ ਲਾਅ ਵਿਚ ਕੰਜਰੀਆਂ ਨੂੰ ਲਾਹੌਰ ਵਿਚ ਆਪੋ ਆਪਣੀਆਂ ਥਾਵਾਂ ਵਿਚ ਵਸਣਾ ਪਿਆ ਸੀ। ਲਾਹੌਰ ਦੇ ਕੰਜਰਾਂ ਦੇ ਘਰ ਵਿਚ ਕੁੜੀ ਜੰਮਦੀ ਤਾਂ ਅੰਤਾਂ ਦੀ ਖੁਸ਼ੀ ਮਨਾਈ ਜਾਂਦੀ। ਮਹੀਨਾ ਭਰ ਜਸ਼ਨ ਚੱਲਦੇ, ਨਵਜੰਮੀ ਕੁੜੀ ਨੂੰ ਚਾਂਦੀ ਦੇ ਕੰਗਣਾਂ ਦੀ ਜੋੜੀ ਪਹਿਨਾਈ ਜਾਂਦੀ। ਜੇ ਰੱਬ ਦੀ ਗਲਤੀ ਨਾਲ ਕੰਜਰਾਂ ਘਰ ਮੁੰਡਾ ਜੰਮ ਪੈਂਦਾ ਤਾਂ ਸਾਰੇ ਕੰਜਰਾਂ ਦੇ ਟੱਬਰਾਂ ਦੇ ਮੂੰਹ ਲਮਕ ਜਾਂਦੇ। ਸ਼ਾਹੀ ਮੁਹੱਲੇ ਵਿਚ ਖੁਸਰੇ ਵਧਾਈ ਦੇਣ ਦੀ ਥਾਂ ਅਫ਼ਸੋਸ ਕਰਨ ਉਚੇਚਾ ਕੰਜਰਾਂ ਦੇ ਘਰ ਆਉਂਦੇ ਤੇ ਮੱਧਮ ਸੁਰ ਵਿਚ ਤਾੜੀਆਂ ਮਾਰ ਕੇ, ਵਿੰਗੇ ਟੇਡੇ ਮੂੰਹ ਨਾਲ ਡਾਢਾ ਅਫਸੋਸ ਜ਼ਾਹਿਰ ਕਰਦੇ। ਕੋਠੇ ਦੀ ਮਾਲਕਣ ਜਾਂ ਡੇਰੇਦਾਰਨੀ ਖੁਸਰਿਆਂ ਨੂੰ ਖੈਰ ਪਾਉਂਦੀ ਤੇ ਖੁਸਰਿਆਂ ਦਾ ਮਹੰਤ ਅਗਲੀ ਵਾਰ ਕੁੜੀ ਜੰਮਣ ਦੀ ਦੁਆ ਵਾਰ ਵਾਰ ਦਿੰਦਾ।

(ਬਾਕੀ ਅਗਲੇ ਸਫੇ 'ਤੇ)

# ਵਰਤੋਂ ਕੰਪਿਊਟਰ ਦੀ

## ਟੇਬਲ-1


ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

ਟੇਬਲ ਅਨੁਸਾਰ ਸੂਚਨਾ ਨੂੰ ਦਰਸਾਇਆ ਹੋਵੇ ਤਾਂ ਉਹ ਸਮਝਣੀ ਸਮਝਾਉਣੀ ਬਹੁਤ ਸੌਖੀ ਹੋ ਜਾਂਦੀ ਹੈ। ਟੇਬਲ ਦਾ ਵੱਡਾ ਲਾਭ ਇਹ ਹੈ ਕਿ ਇਸ ਵਿਚ ਦਰਸਾਏ ਡਾਟੇ ਨੂੰ ਆਪਣੀ ਇੱਛਾ ਅਨੁਸਾਰ ਮੁੜ-ਮੁੜ ਬਦਲਣਾ ਜਾਂ ਢਾਲਣਾ ਬਹੁਤ ਆਸਾਨ ਹੈ। ਜੋ ਦਸਤਾਵੇਜ਼ੀ ਰੂਪ ਵਿਚ ਕਰ ਸਕਣਾ ਅਸੰਭਵ ਹੈ। ਟੇਬਲ ਬਣਾਉਣ ਦੀਆਂ ਬਹੁਤ ਸਾਰੀਆਂ ਵਿਧੀਆਂ ਹਨ। ਜਿਵੇਂ 1. ਲਿਖੀ ਜਾਂਦੀ ਰਚਨਾ ਵਿਚ ਹੀ ਦੋ-ਚਾਰ ਲਾਈਨਾਂ ਦੀ ਸੂਚਨਾ ਦਾ ਟੇਬਲ ਬਣਾਉਣਾ। 2. ਟੇਬਲ ਬਣਾ ਕੇ ਨਿਸ਼ਚਿਤ ਥਾਂ ਵਿਚ ਸੂਚਨਾ ਲਿਖਣਾ। 3. ਬਣੇ ਬਣਾਏ ਐਕਸੈੱਲ ਐਪ ਦੇ ਟੇਬਲ ਵਿਚ ਸੂਚਨਾ ਭਰਨਾ। ਪਹਿਲਾ; ਲਿਖਤ ਵਿਚ ਬਣਾਏ ਅਤੇ ਦੂਜਾ; ਟੇਬਲ ਵਿਚ ਬਣਾਏ ਗਏ ਟੇਬਲ ਦੇ ਦੋ ਨਮੂਨੇ ਪੇਸ਼ ਹਨ। ਇਸ ਵਿਚ ਟੈਬ, ਸਪੇਸ ਅਤੇ ਪੈਰ੍ਹਾਗ੍ਰਾਫ ਦੇ ਹਿਡਨ ਚਿੰਨ੍ਹਾਂ ਨੂੰ ਦਿਖਾਉਣ ਲਈ ਅਨਹਾਈਡ ਕਰ ਕੇ ਰੱਖਿਆ ਗਿਆ ਹੈ।





ਟੇਬਲ ਬਣਾਉਣ ਲਈ ਮਾਈਕਰੋਸੌਫਟ ਵਰਡ ਵਿਚ ਟੇਬਲ ਬਣਾਉਣ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਟੇਬਲ ਨੂੰ ਬਣਾਉਣ ਅਤੇ ਇਸ ਦੀਆਂ ਸਾਰੀਆਂ ਹੀ ਕਮਾਂਡਾਂ ਦੀ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

**ਟੇਬਲ ਬਣਾਉਣਾ:** ਲੋੜੀਂਦੀ ਥਾਂ ਉੱਤੇ ਕਰਸਰ ਨੂੰ ਰੱਖ ਕੇ ਇਹ ਕਾਰਵਾਈ ਕੀਤੀ ਜਾਂਦੀ ਹੈ; ਟੈਬ ਕਮਾਂਡ ਇਨਸਰਟ (ਤਸਵੀਰ ਵਿਚ ਕੇਸਰੀ ਬੌਕਸ 1) → ਟੇਬਲ 2 ਇਨਸਰਟ ਟੇਬਲ 3 (ਸੂਚਨਾ: ਇਸ ਹਾਲਤ ਵਿਚ ਉੱਪਰ ਬਣਾਏ ਚਾਰਖਾਨੇ ਖਾਲੀ ਰਹਿਣਗੇ) ਟੇਬਲ ਸਾਈਜ਼ 4 ਵਿਚ ਨੰਬਰ-ਔਫ ਕਾਲਮਜ਼ ਕ ਅਤੇ ਨੰਬਰ-ਔਫ ਰੋਅਜ਼ ਦੀਆਂ ਦੋ ਕਮਾਂਡਾਂ ਹਨ। ਜਿਨ੍ਹਾਂ ਵਿਚ ਆਪਣੀ ਲੋੜ ਅਨੁਸਾਰ ਗਿਣਤੀ, ਟਾਈਪ ਕਰ ਕੇ ਜਾਂ ਉੱਪਰ ਥੱਲੇ ਦੇ ਤੀਰਾਂ ਨਾਲ਼ ਘੱਟ ਜਾਂ ਵੱਧ ਕੀਤੀ ਜਾ ਸਕਦੀ ਹੈ। ਅੱਗੇ ਆਟੋ ਫਿੱਟ ਬੀਹੇਵੀਅਰ 5 ਵਿਚ ਤਿੰਨ ਕਮਾਂਡਾਂ ਹਨ। ਆਪਣੀ ਇੱਛਾ ਦੀ ਕਮਾਂਡ ਔਨ ਕੀਤੀ ਜਾ ਸਕਦੀ ਹੈ। ਓਕੇ 6 ਕਰਨ ਨਾਲ਼ ਇੱਛਾ ਅਨੁਸਾਰ ਟੇਬਲ ਬਣ ਜਾਏਗਾ।





**ਦੂਸਰੀ ਵਿਧੀ:** ਚਿੱਤਰ 3 ਵਿਚ ਬਣੇ ਕਾਲਮਾਂ ਅਤੇ ਰੋਆਂ ਵਿਚੋਂ ਆਪਣੀ ਇੱਛਾ ਦੀ ਗਿਣਤੀ ਦੇ ਕਾਲਮਾਂ ਅਤੇ ਰੋਆਂ ਨੂੰ ਸਿਲੈਕਟ ਕਰ ਕੇ ਕਲਿੱਕ ਕਰ ਦੇਣ ਨਾਲ਼ ਲੋੜੀਂਦਾ ਟੇਬਲ ਬਣ ਜਾਂਦਾ ਹੈ।




**ਟੈੱਕਸਟ ਤੋਂ ਟੇਬਲ ਬਣਾਉਣਾ:** ਕਦੇ-ਕਦੇ ਅਜੇਹੀ ਸਥਿਤੀ ਵੀ ਬਣ ਜਾਂਦੀ ਹੈ ਕਿ ਪਹਿਲੋਂ ਲਿਖੇ ਹੋਏ ਟੈੱਕਸਟ ਨੂੰ ਟੇਬਲ ਵਿਚ ਢਾਲਣਾ ਹੁੰਦਾ ਹੈ। ਉਸ ਹਾਲਤ ਵਿਚ ਲੋੜੀਂਦੇ ਟੈੱਕਸਟ ਨੂੰ ਨਿਯਮਤ ਟੈਬਾਂ ਵਿਚ ਅਤੇ ਪੈਰਾਗ੍ਰਾਫਾਂ ਵਿਚ ਬਦਲਣਾ ਹੁੰਦਾ ਹੈ। ਦੂਜੀ ਸਥਿਤੀ ਇਹ ਵੀ ਹੁੰਦੀ ਹੈ ਕਿ ਲੋੜ ਪੈਣ ਉੱਤੇ ਕਿਸੇ ਟੇਬਲ ਨੂੰ ਹੀ ਪਹਿਲੋਂ ਟੈੱਕਸਟ ਵਿਚ ਢਾਲ਼ਿਆ ਹੁੰਦਾ ਹੈ। ਫਿਰ ਉਸੇ ਨੂੰ ਟੇਬਲ ਵਿਚ ਬਦਲਣਾ ਹੁੰਦਾ ਹੈ। ਉਸ ਹਾਲਤ ਵਿਚ ਟੈਬਾਂ ਅਤੇ ਪੈਰਾਗ੍ਰਾਫ ਪਹਿਲੋਂ ਹੀ ਠੀਕ ਸੈੱਟ ਕੀਤੇ ਹੋਏ ਹੁੰਦੇ ਹਨ। ਦੋਹਾਂ ਹਾਲਤਾਂ ਵਿਚ ਹੀ ਲੋੜੀਂਦਾ ਟੈੱਕਸਟ ਸਿਲੈਕਟ ਕਰ ਲਿਆ ਜਾਂਦਾ ਹੈ। ਫਿਰ ਨੰਬਰ 1 ਵਿਚ ਜਾ ਕੇ ਕਮਾਂਡ 'ਕਨਵਰਟ ਟੈੱਕਸਟ ਟੂ ਟੇਬਲ' ਨੂੰ ਕਲਿੱਕ ਕੀਤਾ ਜਾਂਦਾ ਹੈ। (ਸੂਚਨਾ: ਇਸ ਹਾਲਤ ਵਿਚ ਪੂਰੇ ਦੇ ਪੂਰੇ ਚਾਰਖਾਨੇ ਪਹਿਲੋਂ ਹੀ ਸਿਲੈੱਕਟ ਕੀਤੇ ਹੋਏ ਹੋਣਗੇ) ਅਗਲੀ ਵਿੰਡੋ 'ਕਨਵਰਟ ਟੈੱਕਸਟ ਟੂ ਟੇਬਲ ਨੰਬਰ 2' ਖੁੱਲ੍ਹ ਜਾਂਦੀ ਹੈ। ਉਸ ਵਿਚ ਨੰਬਰ 3 ਟੈੱਕਸਟ ਸਾਈਜ਼, ਭਾਵ ਕਿਤਨੇ ਕਾਲਮ ਅਤੇ ਕਿਤਨੀਆਂ ਰੋਅਜ਼ ਬਣਨੀਆਂ ਹਨ, ਆਪਣੇ ਆਪ ਸੈੱਟ ਹੋ ਜਾਂਦੀਆਂ ਹਨ। ਨੰਬਰ 4 ਆਟੋਫਿੱਟ ਬੀਹੇਵੀਅਰ ਸੈੱਟ ਕਰਨਾ ਹੋਵੇਗਾ। ਨੰਬਰ 5 'ਸੈਪਰੇਟ ਟੈੱਕਸਟ ਐਟ' ਜੋ ਟੈਬ ਨਿਸ਼ਾਨ ਹੋਵੇਗਾ, ਆਪਣੇ ਆਪ ਸੈੱਟ ਹੋ ਜਾਏਗਾ। ਅਖੀਰ ਨੰਬਰ 6 ਓਕੇ ਕਰਨ ਨਾਲ਼ ਸਿਲੈੱਕਟ ਕੀਤਾ ਹੋਇਆ ਟੈੱਕਸਟ ਟੇਬਲ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਉਸ ਵਿਚ ਟੇਬਲ ਵਾਲ਼ੇ ਸਾਰੇ ਗੁਣ ਆ ਜਾਂਦੇ ਹਨ। ਯਾਦ ਰਹੇ ਓਕੇ ਉੱਤੇ ਮਾਊਸ ਲਿਜਾ ਕੇ ਕਲਿੱਕ ਕਰਨਾ ਜਾਂ ਕੀਅਬੋਰਡ ਉੱਤੇ ਐਂਟਰ ਕਰਨਾ ਇੱਕ ਬਰਾਬਰ ਹੈ।

**ਟੇਬਲ ਦੇ ਮੂਲ:** ਟੇਬਲ ਦੇ ਚਾਰ ਮੂਲ ਤੱਤ ਹਨ। ਪਹਿਲਾ; ਸਾਰੇ ਦਾ ਸਾਰਾ ਹਰਾ ਰੰਗ, ਟੇਬਲ ਮੂਲ ਤੱਤ। ਦੂਜਾ; ਕ, ਖ, ਗ ਅਤੇ ਘ, ਉੱਪਰ ਤੋਂ ਹੇਠਾਂ ਨੂੰ ਲਾਲ ਰੰਗ ਵਾਂਗ, ਚਾਰ ਕਾਲਮ। ਤੀਜਾ; ਕ, 1, 2 ਅਤੇ 3 ਦੀਆਂ ਖੱਬੇ




ਤੋਂ ਸੱਜੇ ਨੂੰ ਨੀਲੇ ਰੰਗ ਵਾਂਗ ਚਾਰ, ਰੋਅਜ਼ (ਲਾਈਨਾਂ ਜਾਂ ਪੱਟੀਆਂ)। 4. ਸ, ਸ, ਸ, ਸ ਆਦਿ ਪੀਲ਼ੇ ਰੰਗ ਵਾਂਗ, 16 ਸੈੱਲ (ਖਾਨੇ ਜਾਂ ਘਰ)। ਟੇਬਲ ਵਿਚ ਜਦੋਂ ਵੀ ਕੋਈ ਕਮਾਂਡ ਦੇਣੀ ਹੋਵੇਗੀ ਤਾਂ ਚਾਰੇ ਆਪਸ਼ਨਾਂ ਹੋਣਗੀਆਂ, ਕਿ ਕੀ ਇਹ ਕਮਾਂਡ ਟੇਬਲ, ਕਾਲਮ, ਰੋਅ ਜਾਂ ਸੈੱਲ ਨੂੰ ਦੇਣੀ ਹੈ? ਮਾਰਕ ਕਰ ਦੇਣ ਉੱਤੇ ਟੇਬਲ ਦੇ ਉਸ ਭਾਗ ਉੱਤੇ ਉਹ ਕਮਾਂਡ ਲਾਗੂ ਹੋ ਜਾਏਗੀ।

**ਸੂਚਨਾ:** ਯਾਦ ਰਹੇ ਕਿ ਜਦੋਂ ਕਰਸਰ ਟੇਬਲ ਵਿਚ ਹੁੰਦਾ ਹੈ ਉਹ ਸਰਬ-ਵਿਆਪੀ ਹੁੰਦਾ ਹੈ। ਭਾਵ ਜਿਸ ਸਮੇਂ ਕਰਸਰ ਟੇਬਲ ਵਿਚ ਹੁੰਦਾ ਹੈ ਉਹ ਉਸੇ ਸਮੇਂ ਕਿਸੇ ਨਾ ਕਿਸੇ ਕਾਲਮ, ਰੋਅ ਅਤੇ ਸੈੱਲ ਵਿਚ ਵੀ ਹੁੰਦਾ ਹੈ।

**ਕਨਟੈਕਸਚੂਅਲ ਟੈਬ 'ਟੇਬਲ ਟੂਲ':** ਜਦੋਂ ਕਰਸਰ ਟੇਬਲ ਦੇ ਕਿਸੇ ਵੀ ਸੈੱਲ ਵਿਚ ਹੁੰਦਾ ਹੈ ਤਾਂ ਰਿਬਨ ਵਿਚ ਟੈਬ ਕਮਾਂਡ ਦੇ ਅੰਤ ਉੱਤੇ ਟੇਬਲ ਟੂਲਜ਼ ਦੀ ਸਬੰਧਤ ਟੈਬ ਖੁੱਲ੍ਹ ਜਾਂਦੀ




ਹੈ, ਜਿਸ ਵਿਚ ਦੋ ਕਮਾਂਡ ਟੈਬਾਂ 'ਟੇਬਲ ਡੀਜ਼ਾਈਨ' ਅਤੇ 'ਲੇਅਆਊਟ' ਹਨ।

**ਟੇਬਲ ਡੀਜ਼ਾਈਨ:** ਇਸ ਵਿਚ ਤਿੰਨ ਕਮਾਂਡ ਸੈੱਟ ਹਨ। ਪਹਿਲਾ; 'ਟੇਬਲ ਸਟਾਈਲ ਆਪਸ਼ਨਜ਼। ਦੂਜਾ; 'ਟੇਬਲ ਸਟਾਈਲਜ਼' ਅਤੇ ਤੀਜਾ; 'ਬੌਰਡਰਜ਼'। ਉਨ੍ਹਾਂ ਵਿਚ ਆਪਸ ਵਿਚ



ਇੱਕੋ ਜਿਹੀਆਂ ਮਿਲਵੀਆਂ ਕਮਾਂਡਾਂ ਹਨ ਅਤੇ ਤੀਸਰੇ ਕਮਾਂਡ ਸੈੱਟ ਵਿਚ ਇੱਕ 'ਡਾਇਲੌਗ ਬੌਕਸ ਲਾਂਚਿੰਗ ਐਰੋ' ਹੈ। (ਚੱਲਦਾ ...)

## ਲਾਹੌਰ ਦਾ ਕੰਜਰ ਮੁਹੱਲਾ- ਹੀਰਾ ਮੰਡੀ ਤੇ ਸ਼ਾਹੀ ਮੁਹੱਲਾ

*(ਪਿਛਲੇ ਸਫੇ ਦਾ ਬਾਕੀ)*

ਸ਼ਾਹੀ ਮੁਹੱਲੇ ਦੀ ਹੀਰਾ ਮੰਡੀ ਜਦੋਂ ਲਾਹੌਰ ਵਿਚ ਆਬਾਦ ਹੋ ਰਹੀ ਸੀ ਉਸ ਵਕਤ ਖੂਬਸੂਰਤ ਤੇ ਜਵਾਨ ਔਰਤਾਂ ਕਸ਼ਮੀਰ, ਕਾਬੁਲ, ਈਰਾਨ ਤੇ ਇਲਾਕਾ ਗੈਰ ਤੋਂ ਲਾਹੌਰ ਦੇ ਟਕਸਾਲੀ ਬਾਜ਼ਾਰ ਵਿਚ ਵਿਕਣ ਲਈ ਆਉਂਦੀਆਂ ਸਨ। ਉਦੋਂ ਕੋਈ ਪਾਸਪੋਰਟ ਜਾਂ ਵੀਜ਼ਾ ਤਾਂ ਹੁੰਦਾ ਨਹੀਂ ਸੀ, ਹਰ ਕੋਈ ਆਜ਼ਾਦ ਫਿਰਦਾ ਸੀ। ਜਿਹੜੇ ਵਪਾਰੀ ਇਨ੍ਹਾਂ ਔਰਤਾਂ ਨੂੰ ਹੀਰਾ ਮੰਡੀ ਵਿਚ ਵੇਚਣ ਲਈ ਲੈ ਕੇ ਆਉਂਦੇ, ਉਹ ਦੱਸਦੇ ਕਿ ਉਹ ਇਨ੍ਹਾਂ ਔਰਤਾਂ ਨੂੰ ਟੱਕੇ ਖਰਚ ਕੇ ਖਰੀਦ ਕੇ ਲਿਆਏ ਹਨ। ਹੀਰਾ ਮੰਡੀ ਵਿਚ ਇਨ੍ਹਾਂ ਔਰਤਾਂ ਨੂੰ ਕੁੱਝ ਖਾਸ ਵਰਦੀਆਂ ਵਾਲੇ ਗੱਭਰੂ ਜਵਾਨ ਵਿਆਹ ਕਰ ਕੇ ਆਪਣੇ ਘਰ ਲੈ ਜਾਂਦੇ ਤੇ ਬਾਕੀ ਰਹਿੰਦੀਆਂ ਔਰਤਾਂ ਨੂੰ ਹੀਰਾ ਮੰਡੀ ਦੇ ਦੱਲੇ ਧੰਦੇ ਲਈ ਖਰੀਦ ਲੈਂਦੇ। ਹੀਰਾ ਮੰਡੀ ਦੀਆਂ ਖਾਨਦਾਨੀ ਕੰਜਰੀਆਂ ਨੇ ਬਾਜ਼ਾਰ ਦੇ ਕੋਠੇ ਵਿਚ ਜਿਸਮ ਫਰੋਸ਼ੀ ਜਾਂ ਧੰਦੇ ਉਪਰ ਸਖਤ ਪਾਬੰਦੀ ਲਾਈ ਹੋਈ ਸੀ। ਹੀਰਾ ਮੰਡੀ ਦੇ ਕੋਠੇ ਵਿਚ ਸਿਰਫ ਨਾਚ ਗਾਣਾ ਹੀ ਰਹਿ ਗਿਆ ਸੀ, ਇਥੋਂ ਦੀ ਕੰਜਰੀ ਬੱਸ ਉਸ ਮਰਦ ਨਾਲ ਰਾਤ ਨੂੰ ਸੌਂਦੀ, ਜਿਸ ਦੀ ਉਹ ਰਖੇਲ ਹੁੰਦੀ।

ਸ਼ਾਹੀ ਮੁਹੱਲੇ ਦੇ ਨਾਲ ਟਿੱਬੀ ਗਲੀ ਵਿਚ ਰੰਡੀ ਕੋਠਿਆਂ ਨੂੰ ਬਣਾਉਣ ਤੇ ਆਬਾਦ ਕਰਨ ਵਿਚ ਇਸ ਇਲਾਕੇ ਦੇ ਰਈਸ, ਅਜ਼ੀਜ਼ ਥਿਏਟਰ ਦੇ ਮਾਲਿਕ ਤੇ ਆਨਰੇਰੀ ਮੈਜਿਸਟਰੇਟ ਮੀਆਂ ਹਮੀਦ ਦਾ ਪੈਸਾ ਤੇ ਮਿਹਨਤ ਲੱਗੀ। ਮੀਆਂ ਹਮੀਦ ਨੇ ਸ਼ਾਹੀ ਮੁਹੱਲੇ ਦੀਆਂ 11 ਗਲੀਆਂ ਦੀ ਬਣਤਰ ਬਣਾਈ, ਹਰ ਗਲੀ ਦੇ ਦੋਵੇਂ ਪਾਸੇ ਪੱਕੀਆਂ ਇੱਟਾਂ ਦੇ ਤਿੰਨ ਮੰਜ਼ਲੇ ਕੋਠੇ ਉਸਾਰੇ, ਜਿਨ੍ਹਾਂ ਦੀ ਹਰ ਇਕ ਕੋਠੜੀ ਦੀ ਇਕ ਬਾਰੀ ਗਲੀ ਜਾਂ ਬਾਜ਼ਾਰ ਵਿਚ ਖੁੱਲ੍ਹਦੀ ਸੀ ਅਤੇ ਹਰ ਬਾਰੀ ਵਿਚ ਸਜੀ ਸਜਾਈ ਰੰਡੀ ਜਾਂ ਵੇਸਵਾ ਬੈਠੀ ਹੁੰਦੀ ਸੀ, ਜੋ ਆਪਣੇ ਇਸ਼ਾਰਿਆਂ ਨਾਲ ਬਾਜ਼ਾਰ ਵਿਚ ਤੁਰਦੇ-ਫਿਰਦੇ ਗਾਹਕਾਂ ਨੂੰ ਖਿੱਚਦੀ ਸੀ। ਟਿੱਬੀ ਗਲੀ ਦੇ ਕੋਠਿਆਂ ਵਿਚ ਧੰਦਾ ਕਰਨ ਵਾਲੀਆਂ ਔਰਤਾਂ ਲਈ ਰੰਡੀ ਸ਼ਬਦ ਦੀ ਵਰਤੋਂ ਇਸ ਕਰਕੇ ਹੁੰਦੀ ਸੀ ਕਿਉਂਕਿ ਸਰਕਾਰੀ ਕਾਨੂੰਨ ਅਨੁਸਾਰ, ਸਰਕਾਰੀ ਰਜਿਸਟਰ ਵਿਚ ਵਿਆਹੀ ਜਾਂ ਕਵਾਰੀ ਔਰਤ ਇਸ ਮੁਹੱਲੇ ਵਿਚ ਇਸ ਧੰਦੇ ਦੀ ਲਾਇਸੈਂਸਦਾਰ ਨਹੀਂ ਹੋ ਸਕਦੀ ਸੀ। ਟਿੱਬੀ ਗ਼ਲੀ ਵਿਚ ਧੰਦਾ ਸਿਰਫ਼ ਤਲਾਕਸ਼ੁਦਾ ਜਾਂ ਬੇਵਾ ਹੀ ਕਰ ਸਕਦੀਆਂ ਸਨ। ਟਿੱਬੀ ਗਲੀ ਦੇ ਗਾਹਕਾਂ ਵਿਚ ਮਜ਼ਦੂਰ, ਕਾਰੀਗਰ, ਡਰਾਈਵਰ, ਨਿੱਕੇ ਦੁਕਾਨਦਾਰ ਤੇ ਛੋਟੇ ਸਰਕਾਰੀ ਮੁਲਾਜ਼ਮਾਂ ਦੀ ਭਰਮਾਰ ਰਹਿੰਦੀ, ਜੋ ਪੈਦਲ ਜਾਂ ਸਾਈਕਲਾਂ ਉਪਰ ਆਉਂਦੇ ਅਤੇ ਇਸ ਗਲੀ ਵਿਚ ਨਹਾ-ਧੋ ਕੇ ਠੰਢੇ ਠਾਰ ਹੋ ਘਰਾਂ ਨੂੰ ਪਰਤ ਜਾਂਦੇ।

ਟਕਸਾਲੀ ਬਾਜ਼ਾਰ ਤੋਂ ਬਾਜ਼ਾਰੇ ਹਕੀਮਾਂ ਤਕ ਦਾ ਸਾਰਾ ਇਲਾਕਾ ਟਿੱਬੀ ਗਲੀ ਹੀ ਵੱਜਦਾ ਤੇ ਬੋਲਦਾ ਸੀ। ਟਿੱਬੀ ਗਲੀ ਵਿਚ ਮੀਆਂ ਹਮੀਦ ਦੀ ਬੇਗਮ 'ਮੀਈ ਹਮੀਦ' ਦਾ ਰਾਜ ਚੱਲਦਾ ਸੀ ਤੇ ਉਸ ਦੇ ਗੁੰਡੇ ਇਸ ਗਲੀ ਦੇ ਰਾਜੇ ਸਨ। ਟਿੱਬੀ ਗਲੀ ਵਿਚ ਧੰਦਾ ਕਰਨ ਲਈ ਸਰਕਾਰੀ ਮੋਹਰ ਦਾ ਹੋਣਾ ਜ਼ਰੂਰੀ ਸੀ ਤੇ ਇਹ ਸਰਕਾਰੀ ਮੋਹਰ ਵਾਲੇ ਕਾਗਜ਼ ਪੱਤਰ ਵੀ ਮੀਆਂ ਹਮੀਦ ਹੀ ਦਿੰਦਾ ਸੀ। ਟਿੱਬੀ ਗਲੀ ਦੇ ਕੋਠੇ ਹਰ ਰਾਤ ਨੂੰ ਬਹੁਤ ਦੇਰ, ਲਗਭਗ ਅਗਲੀ ਸਵੇਰ ਨਾਲ ਹੀ ਬੰਦ ਹੁੰਦੇ ਸਨ। ਲਾਹੌਰ ਦੇ ਸ਼ਾਹੀ ਮੁਹੱਲੇ ਵਿਚਲੇ ਬਾਜ਼ਾਰ ਤੇ ਖਾਣ ਪੀਣ ਦੀਆਂ ਦੁਕਾਨਾਂ ਸਾਰੀ ਰਾਤ ਹੀ ਖੁੱਲ੍ਹੀਆਂ ਰਹਿੰਦੀਆਂ ਹਨ। ਲਾਹੌਰੀਏ ਵੈਸੈ ਵੀ ਰਾਤਾਂ ਨੂੰ ਜਾਗਣ ਤੇ ਫਿਰ ਦਿਨੇ ਦੁਪਿਹਰੇ ਉੱਠ ਕੇ ਨਹਾਉਣ ਧੋਣ ਦੇ ਆਦੀ ਹਨ। ਸ਼ੇਰਾਂਵਾਲੇ ਬੱਗੀ ਪਹਿਲਵਾਨ ਦੇ ਲਾਹੌਰ ਦੀ ਸਰਕੂਲਰ ਰੋਡ ਉਪਰ ਸ਼ਾਲਮੀ ਦਰਵਾਜ਼ੇ ਅੱਗੇ ਬਾਂਸ ਬਾਜ਼ਾਰ ਦੇ ਖੱਬੇ ਹੱਥ 'ਸ਼ਾਲਮੀ ਡੇਰੇ' ਉਪਰ ਸਰਦੀਆਂ ਵਿਚ ਕਮਰਿਆਂ ਅੰਦਰ ਸੂਈ ਗੈਸ ਦੇ ਹੀਟਰ ਸਹਾਰੇ ਅਤੇ ਗਰਮੀਆਂ ਵਿਚ ਡੇਰੇ ਦੇ ਖੁੱਲ੍ਹੇ ਦਲਾਨ ਵਿਚ ਨਵਾਰੀ ਮੰਜਿਆਂ ਤੇ ਬੈਂਤ ਦੀਆਂ ਕੁਰਸੀਆਂ ਉਪਰ ਸਾਰੀ ਸਾਰੀ ਰਾਤ ਬੇਮਤਲਬ ਗਲਾਂ ਦੇ ਜੱਕੜ ਇਕ ਦੂਜੇ ਛੱਡੀ ਜਾਂਦੇ ਹਨ। ਲਾਹੌਰੀਆਂ ਵਿਚ ਇਕ ਪੁਰਾਣੀ ਕਹਾਵਤ, ਘੋੜਾ ਸਨੇਲ, ਮੱਝ ਥੱਨੇਲ ਤੇ ਰੰਨ ਚੱਤੜੇਲ ਵਾਲੀ ਇਕ ਪੁਰਾਣੀ ਕਹਾਵਤ ਨਾਲ ਭਾਂਤ ਭਾਂਤ ਦੇ ਬਹਿਸੀ ਜੁਮਲਿਆਂ ਦਾ ਬਾਜ਼ਾਰ ਹਮੇਸ਼ਾ ਗਰਮ ਰਹਿੰਦਾ ਹੈ।

ਟਿੱਬੀ ਗਲੀ ਵਿਚਲੇ ਦਲਾਲਾਂ ਨੂੰ ਰੰਡੀਆਂ ਦਾ ਜਾਨ ਛੁਡਾ ਕੇ ਭੱਜਣ ਦਾ ਖਤਰਾ ਵੀ ਸਤਾਉਂਦਾ ਰਹਿੰਦਾ, ਇਸ ਲਈ ਉਹ ਧੰਦੇ ਮਗਰੋਂ ਉਨ੍ਹਾਂ ਨੂੰ ਕੋਠੜੀਆਂ ਵਿਚ ਬੰਦ ਕਰ ਕੇ ਤਾਲਾ ਲਾ ਦਿੰਦੇ। ਲਾਹੌਰ ਦੇ ਸ਼ਾਹੀ ਮੁਹੱਲੇ ਵਿਚ ਸਥਿਤ ਮਾਸੂਮ ਸ਼ਾਹ ਦੇ ਮਜਾਰ ਦੀ ਟਿੱਬੀ ਗਲੀ ਦੇ ਕੰਜਰਾਂ ਤੇ ਰੰਡੀਆਂ ਵਿਚ ਬੜੀ ਮਾਨਤਾ ਸੀ। ਲਾਹੌਰ ਦੀ ਹਰ ਸ਼ਾਮ ਨੂੰ ਜਦੋਂ ਮਾਸੂਮ ਸ਼ਾਹ ਦੀ ਮਜਾਰ ਅੰਦਰ ਦੀਵੇ ਬਲਦੇ ਸਨ, ਮੁਹੱਲੇ ਦੀਆਂ ਰੰਡੀਆਂ ਦੇ ਕੋਠਿਆਂ ਦੇ ਦਰਵਾਜ਼ੇ ਖੁੱਲ੍ਹਦੇ ਸਨ। ਮੁਹੱਲੇ ਦੀਆਂ ਰੰਡੀਆਂ ਪਿਛਲੀ ਰਾਤ ਦੇ ਧੰਦੇ ਦੀ ਹੱਕ ਹਲਾਲ ਦੀ ਕਮਾਈ ਵਿਚੋਂ ਕੁੱਝ ਆਪਣੀ ਸਿਹਤਯਾਬੀ ਤੇ ਹੋਰ ਖੁਸ਼ੀਆਂ ਖੇੜਿਆਂ ਦੀ ਕਾਮਨਾ ਲਈ ਮਜਾਰ ਉੱਪਰ ਚੜ੍ਹਾਵਾ ਚੜ੍ਹਾਉਂਦੀਆਂ ਸਨ। ਇਸ ਮੁਹੱਲੇ ਵਿਚ ਧੰਦਾ ਕਰਦੀਆਂ ਔਰਤਾਂ ਨੂੰ ਕਿਸੇ ਵੀ ਬਿਮਾਰੀ ਦੀ ਹਾਲਤ ਵਿਚ ਬਾਹਰ ਡਾਕਟਰ ਕੋਲ ਜਾਣ ਦੀ ਇਜਾਜ਼ਤ ਨਹੀਂ ਸੀ। ਟਿੱਬੀ ਗਲੀ ਵਿਚ ਮੀਆਂ ਹਮੀਦ ਦਾ ਹਕੀਮ ਅੱਲਾ ਦਿੱਤਾ ਕਸੂਰੀ ਹੀ ਬੀਮਾਰ ਰੰਡੀਆਂ ਦਾ ਇਲਾਜ ਕਰਦਾ ਸੀ ਅਤੇ ਰੰਡੀਆਂ ਅਕਸਰ ਨਸ਼ੇ ਵਾਲੀ ਨਸਵਾਰ ਜਾਂ ਕੋਈ ਹੋਰ ਨਸ਼ਾ ਕਰ ਕੇ ਰੱਜੀਆਂ ਰਹਿੰਦੀਆਂ ਸਨ। ਟਿੱਬੀ ਗਲੀ ਦੇ ਮੁਹੱਲੇ ਵਿਚ ਸਮੇਂ ਦੇ ਨਾਲ ਨਾਲ ਕੋਠੀ ਖਾਨਿਆਂ ਵਿਚ 24 ਘੰਟੇ, ਲੁਕ ਕੇ ਪੁਲੀਸ ਦੀ ਮਦਦ ਨਾਲ ਧੰਦਾ ਚੱਲਦਾ ਰਿਹਾ ਅਤੇ ਨਾਜਾਇਜ਼ ਅਸਲੇ ਦਾ ਕਾਰੋਬਾਰ ਵੀ ਹੋਂਦ ਵਿਚ ਆਇਆ, ਜੂਏ ਦੇ ਅੱਡੇ ਵੀ ਬਣੇ ਤੇ ਨਸ਼ੇ ਦਾ ਕੰਮ ਧੰਦਾ ਵੀ ਚੱਲਿਆ ਸੀ।

ਪਾਕਿਸਤਾਨ ਦੇ ਫੌਜੀ ਜਰਨੈਲ, ਜਨਾਬ ਪ੍ਰਵੇਜ਼ ਮੁਸ਼ੱਰਫ ਦੇ ਰਾਜ ਕਾਲ ਸਮੇਂ ਸੰਨ 2001 ਵਿਚ ਜਨਾਬ ਫੱਖਰ ਜਮਾਨ ਨੇ ਲਾਹੌਰ ਵਿਖੇ ਆਲਮੀ ਪੰਜਾਬੀ ਕਾਨਫਰੰਸ ਦਾ ਪ੍ਰਬੰਧ ਕੀਤਾ। ਵਿਸ਼ਵ ਪੱਧਰ ਦੇ ਪੰਜਾਬੀ ਸਾਹਿਤਕਾਰਾਂ, ਲੇਖਕਾਂ, ਫਨਕਾਰਾਂ, ਕਲਾਕਾਰਾਂ, ਅਦੀਬਾਂ, ਖਾਸ ਸਰਕਾਰੀ ਅਫਸਰਾਂ ਤੇ ਸਿਆਸੀ ਮੰਤਰੀਆਂ ਨੂੰ ਸ਼ਿਰਕਤ ਲਈ ਸੱਦਾ ਪੱਤਰ ਦਿੱਤਾ ਗਿਆ। ਜਨਾਬ ਫਖਰ ਜਮਾਨ ਨਾਲ ਮੈਂ ਇਸ ਵਿਸ਼ਵ ਕਾਨਫਰੰਸ ਦਾ ਅੰਤਰਰਾਸ਼ਟਰੀ ਪੱਧਰ ਉਪਰ ਪ੍ਰਬੰਧਕ ਸਕੱਤਰ ਸੀ। ਪੰਜਾਬੀ ਧਨਾਢ ਕਾਰੋਬਾਰੀ, ਅੰਮ੍ਰਿਤਸਰ ਜ਼ਿਲ੍ਹੇ ਦੇ ਨੌਸ਼ਹਿਰਾ ਢਾਲਾ ਵਾਲੇ ਤੇ ਬੰਬਈ ਨਿਵਾਸੀ ਪਹਿਲਵਾਲ ਸਰਦਾਰ ਕੰਵਰਜੀਤ ਸਿੰਘ ਸੰਧੂ ਇਸ ਦੇ ਪ੍ਰਧਾਨ ਸਨ। ਪੰਜਾਬ ਤੋਂ ਪੰਜਾਬ ਕਲਾ ਭਵਨ, ਚੰਡੀਗੜ੍ਹ ਦੇ ਸਕੱਤਰ ਮਰਹੂਮ ਪ੍ਰੋਫੈਸਰ ਰਾਜਪਾਲ ਸਿੰਘ ਤੇ ਪ੍ਰਧਾਨ ਡਾ. ਹਰਚਰਨ ਸਿੰਘ ਦੀ ਸਹਾਇਤਾ ਨਾਲ ਵੱਡਾ ਕਾਫ਼ਲਾ ਸ਼ਾਹੀ ਸ਼ਹਿਰ ਲਾਹੌਰ ਗਿਆ ਸੀ। ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਚਾਣੱਕਿਆ ਰੋਡ ਉਪਰ ਸਥਿਤ, ਪਾਕਿਸਤਾਨ ਸਰਕਾਰ ਦੇ ਹਾਈ ਕਮਿਸ਼ਨ ਦਫਤਰ ਵਿਚ ਬੈਠ ਕੇ ਰਾਤ ਨੂੰ, ਵੀਜ਼ੇ ਦੀਆਂ ਮੋਹਰਾਂ ਲਗਵਾਈਆਂ ਸਨ। ਭਾਰਤੀ ਜਥੇ ਦੇ ਲਗਭਗ 250 ਪਾਸਪੋਰਟਾਂ ਦੀ ਪਿਟਾਰੀ ਲੈ ਕੇ ਮੈਂ ਰਾਤੋ ਰਾਤ, ਪਟਿਆਲੇ ਵਾਲੇ ਤੇਜਿੰਦਰਪਾਲ ਸਿੰਘ ਸੰਧੂ ਦੀ ਕਾਰ ਰਾਹੀਂ, ਸਵੇਰ ਨੂੰ ਵਾਹਗਾ ਬਾਰਡਰ ਪਹੁੰਚਿਆ ਸੀ। ਲਾਹੌਰ ਦੀ ਮਾਲ ਰੋਡ

ਉਪਰ, ਪਾਕਿਸਤਾਨ ਸੈਰ ਸਪਾਟਾ ਵਿਭਾਗ ਦੇ ਸਰਕਾਰੀ, 'ਫਲੈਟੀਜ਼ ਹੋਟਲ' ਵਿਚ ਕਾਨਫਰੰਸ ਦੀ ਸਟੇਜ ਸਜੀ ਸੀ ਅਤੇ ਡੇਵਿਸ ਰੋਡ ਉਪਰ ਸਥਿਤ ਏਸ਼ੀਆ ਦੇ ਸਭ ਤੋਂ ਵੱਡੇ 'ਅਲ ਹਮਰਾ ਥੀਏਟਰਜ਼' ਵਿਚ ਪੰਜਾਬੀ ਦੇ ਪਰਚੇ ਪੜ੍ਹੇ ਗਏ ਸਨ। ਇਸ ਕਾਨਫਰੰਸ ਵਿਚ ਭਾਗ ਲੈਣ ਵਾਲੇ ਬਹੁਤੇ ਸਿਆਸੀ ਲੀਡਰਾਂ ਤੇ ਕੁਝ ਖਾਸ ਮਹਿਮਾਨਾਂ ਨੇ ਵੀ ਉਸ ਵਕਤ ਲਾਹੌਰ ਦੇ ਸ਼ਾਹੀ ਮੁਹੱਲੇ, ਹੀਰਾ ਮੰਡੀ ਦੀ ਸ਼ੋਭਾ ਸੁਣ ਕੇ ਆਖਰੀ ਵਾਰ ਦੇ ਸ਼ਾਹੀ ਸੁਹਾਗਣ ਦਰਸ਼ਨ ਕਰਨ ਦੀ ਫਰਮਾਇਸ਼ ਕੀਤੀ ਸੀ। ਲਾਹੌਰ ਦੀ ਆਲਮੀ ਪੰਜਾਬੀ ਕਾਨਫਰੰਸ ਦਾ ਪ੍ਰਬੰਧਕ ਸਕੱਤਰ ਹੋਣ ਦੇ ਨਾਤੇ ਉਨ੍ਹਾਂ ਸਭ ਖਾਸ ਪੰਜਾਬੀ ਬਜ਼ੁਰਗਾਂ ਅਤੇ ਪੰਜਾਬ ਦੇ ਨਾਮੀ ਸਿਆਸੀ ਲੀਡਰਾਂ ਦਾ ਪ੍ਰਬੰਧ ਲਾਹੌਰ ਦੇ ਰੰਗੀਨ ਤੇ ਰੌਣਕ ਭਰਪੂਰ, ਕੰਜਰ ਘਾਟ ਹੀਰਾਮੰਡੀ, ਸ਼ਾਹੀ ਮੁਹੱਲੇ ਲਈ ਅੱਖਾਂ ਤੇ ਕੰਨ ਬੰਦ ਕਰ ਕੇ ਕੀਤਾ ਗਿਆ ਸੀ। ਲਾਹੌਰ ਦੇ ਇਸ ਅਨੋਖੇ ਸ਼ਾਹੀ ਮੁਹੱਲੇ ਦਾ ਰੌਚਕ ਤੇ ਨਿਵੇਕਲਾ ਇਤਿਹਾਸ ਅਣਗਿਣਤ ਘਟਨਾਵਾਂ ਤੇ ਦੁਰਘਟਨਾਵਾਂ ਨਾਲ ਭਰਿਆ ਪਿਆ ਹੈ। ਰੱਬ ਰਾਖਾ! ***(ਸਮਾਪਤ)***

ਕਹਾਣੀ

# ਪਿੱਪ.ਲ ਤੇ ਪ੍ਰੇਤ

**ਅੰਮ੍ਰਿਤ ਕੌਰ**
**ਫੋਨ: 98767-14004**

'ਭਜਨੋ ,...ਮੈਨੂੰ ਇੱਕ ਗੱਲ ਦੱਸ ਮੁੰਡਾ ਤੇਰਾ ਫੌਜੀ, ਧੀ ਤੇਰੀ ਆਵਦੇ ਘਰੇ ਵਸਦੀ ਰਸਦੀ, ...ਤਿੰਨ ਜਣੇ ਓ ਤੁਸੀਂ। ਫੇਰ ਆਹ ਮੈਸ੍ਹਾਂ ਨੂੰ ਵੇਚੋ ਪਰੇ...।' ਦਿਆਲ ਕੌਰ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਭਜਨੋ ਮੱਝਾਂ ਲਈ ਬੱਠ.ਲ ਵਿਚ ਪਾਈ ਖ.ਲ ਵਿਚ ਪਾਣੀ ਪਾਉਂਦਿਆਂ ਬੋਲੀ।

'ਨਾ... ਨਾ... ਅੰਮਾ ਜੀ, ਸਾਨੂੰ ਨੀਂ ਸਰਦਾ ਘਰ ਦੇ ਦੁੱਧ ਬਿਨਾਂ। ਮੁੱਲ ਦੇ ਕਿਹੜੇ ਦੁੱਧ ਹੁੰਦੇ ਨੇ... ਪਾਣੀ ਤਾਂ ਇਕ ਪਾਸੇ ਰਿਹਾ, ਹੋਰ ਪਤਾ ਨ੍ਹੀਂ ਕੀ ਅੱਗ ਸੁਆਹ ਪਾਉਂਦੇ ਨੇ ਵਿਚ।'

'ਹਾਂ ਇਹ ਤਾਂ ਤੇਰੀ ਗੱਲ ਠੀਕ ਐ।' ਦਿਆਲ ਕੌਰ ਨੇ ਸਹਿਮਤੀ ਦਿੱਤੀ।

'ਨਾਲੇ ਜਦੋਂ ਤੇਜ ਛੁੱਟੀ ਆਉਂਦੈ ਤਾਂ ਖੋਆ, ਪੰਜੀਰੀ ਬਣਾ ਦਿੰਨੀ ਆਂ, ਘਰੇ ਖਾਣ ਨੂੰ ਵੀ ਤੇ ਨਾਲ ਵੀ ਲੈ ਜਾਂਦੈ।'

'ਓਥੇ ਕਿਹੜਾ ਖਾਂਦਾ ਹੋਊ ਵਿਚਾਰਾ, ਨਾਲ ਦੇ ਈ ਛਕ ਜਾਂਦੇ ਹੋਣਗੇ।' ਦਿਆਲ ਕੌਰ ਮੂੰਹ ਜਿਹਾ ਮਰੋੜ ਕੇ ਆਖਿਆ।

'ਹਾਏ! ਹਾਏ!! ਅੰਮਾ ਜੀ ਕੀ ਗੱਲ ਕਰ 'ਤੀ ਤੁਸੀਂ। ਉਹ ਵੀ ਤਾਂ ਮੇਰੇ ਤੇਜ ਵਰਗੇ ਈ ਨੇ। ਤੇਜ ਨੂੰ ਤਾਂ ਮੈਂ ਘਰੇ ਈ ਬਥੇਰਾ ਖਵਾ ਦਿੰਨੀ ਆਂ, ਜੇ ਸੱਚ ਪੁੱਛੇਂ ਤਾਂ ਮੈਂ ਤਾਂ ਭੇਜਦੀ ਓ ਉਹਦੇ ਸਾਥੀਆਂ ਵਾਸਤੇ ਆਂ। ਅੰਦਰ ਠੰਢ ਜ੍ਹੀ ਪੈ ਜਾਂਦੀ ਐ, ਜਦੋਂ ਤੇਜ ਫੋਨ ਕਰਕੇ ਦੱਸਦਾ ਹੁੰਦੈ... ਬਈ ਕਿਵੇਂ ਸਾਰੇ ਦੋਸਤ ਚਾਅ ਨਾਲ ਖਾਂਦੇ ਨੇ।' ਉਸ ਨੇ ਖੁਸ਼ੀ ਵਿਚ ਖੀਵੀ ਹੁੰਦਿਆਂ ਕਿਹਾ।

ਐਨੇ ਨੂੰ ਭਜਨ ਕੌਰ ਦੀ ਨੂੰਹ ਪਾਲੀ ਚਾਹ ਬਣਾ ਕੇ ਲੈ ਆਈ। ਚਾਹ ਰੱਖ ਕੇ ਦਿਆਲ ਕੌਰ ਦੇ ਪੈਰੀਂ ਹੱਥ ਲਾਏ। ਦਿਆਲ ਕੌਰ ਨੇ ਮੋਢੇ 'ਤੇ ਹੱਥ ਰੱਖ ਦਿੱਤਾ।

'ਤੂੰ ਚਾਹ ਬਣਾਉਣ ਨੂੰ ਕਿਹੜੇ ਵੇਲੇ ਕਹਿ 'ਤਾ ਕੁੜੇ?' ਦਿਆਲ ਕੌਰ ਨੇ ਧੀਮੀ ਜਿਹੀ ਆਵਾਜ਼ ਵਿਚ ਪੁੱਛਿਆ।

'ਕਹਿਣ ਦੀ ਕੀ ਗੱਲ ਐ ਭਲਾਂ, ਉਹਨੂੰ ਪਤਾ...ਬਈ ਬੁੜ੍ਹੀਆਂ ਚਾਹ ਨਾਲ ਈ ਚੱਲਦੀਆਂ ਨੇ।' ਕਹਿ ਕੇ ਭਜਨ ਕੌਰ ਹੱਸ ਪਈ। ਉਹ ਕਿੰਨੀ ਦੇਰ ਗੱਲਾਂ ਕਰਦੀਆਂ ਰਹੀਆਂ। ਦਿਆਲ ਕੌਰ ਸਾਰੇ ਪਿੰਡ ਦੀ ਖ਼ਬਰ ਰੱਖਦੀ ਸੀ। ਭਜਨ ਕੌਰ ਕੰਮ ਵੀ ਕਰ ਰਹੀ ਸੀ ਤੇ ਦਿਆਲ ਕੌਰ ਨਾਲ ਗੱਲਾਂ ਵੀ।

ਸੂਰਜ ਆਪਣੀ ਲਾਲੀ ਬਿਖੇਰਦਾ ਲਹਿੰਦੇ ਵੱਲ ਨੂੰ ਉਤਰਦਾ ਵੱਡਾ ਵੱਡਾ ਦਿਸਣ ਲੱਗ ਪਿਆ ਸੀ। ਪੰਛੀਆਂ ਦੀ ਵੀ ਆਪਣੇ ਘਰਾਂ ਨੂੰ ਵਾਪਸੀ ਹੋ ਰਹੀ ਸੀ। ਕਈ ਰੁੱਖਾਂ ਅਤੇ ਵੇਲ ਬੂਟਿਆਂ ਨੇ ਵੀ ਆਪਣੇ ਪੱਤਿਆਂ ਨੂੰ ਇਕੱਠਿਆਂ ਕਰਨਾ ਸ਼ੁਰੂ ਕਰ ਦਿੱਤਾ।

'ਬੀ ਜੀ ਮੈਂ ਧਾਰ ਕੱਢ ਲਿਆਵਾਂ.... ਫੇਰ ਕੁਵੇ.ਲਾ ਹੋ ਜੂ।' ਪਾਲੀ ਨੇ ਆਪਣੀ ਸੱਸ ਨੂੰ ਕਿਹਾ।

'ਬਹੂ 'ਕੱਲੀ ਜਾਊਗੀ ਕੁੜੇ?' ਦਿਆਲ ਕੌਰ ਨੇ ਪੁੱਛਿਆ।

'ਆਹ ਪਿੱਪ.ਲ ਲੰਘ ਕੇ ਬਾਹਰਲਾ ਘਰ ਐ ਕਿਹੜਾ ਬਹੁਤੀ ਦੂਰ ਜਾਣੈ। ਉੱਥੇ ਇਹਦਾ ਬਾਪੂ ਹੈਗਾ ਈ ਐ।'

'ਕੱਲ੍ਹ ਨਾਈਆਂ ਦੀ ਕੁੜੀ ਨੂੰ ਪਿੱਪਲ਼ ਹੇਠਾਂ ਦੀ ਲੰਘਦੀ ਨੂੰ ਦੌਰਾ ਪੈ ਗਿਆ। ਥੌ.ਲ੍ਹੇ ਕਰਾ ਕੇ ਮਸਾਂ ਠੀਕ ਹੋਈ। ਕਹਿੰਦੇ ਨੇ ਇਸ ਪਿੱਪ.ਲ 'ਤੇ ਜਿਹੜਾ ਪ੍ਰੇਤ ਰਹਿੰਦੈ, ਉਹਦੀ ਝਪਟ 'ਚ ਆ ਗੀ।' ਦਿਆਲ ਕੌਰ ਨੇ ਦੱਸਿਆ।

'ਵਹਿਮ ਨੇ ਅੰਮਾ ਜੀ ਸਾਰੇ, ਧੱਖ ਜਿੰਨੀ ਤਾਂ ਕੁੜੀ ਐ, ਕੋਈ ਕਮਜ਼ੋਰੀ ਹੋਊ ਸਰੀਰ 'ਚ।'

ਦਿਆਲ ਕੌਰ ਨੇ ਇਸ ਪੁਰਾਣੇ ਵੱਡੇ ਪਿੱਪ.ਲ ਨਾਲ ਸਬੰਧਤ ਹੋਰ ਵੀ ਕਈ ਗੱਲਾਂ ਸੁਣਾਈਆਂ। ਪਾਲੀ ਨੇ ਬਾਲਟੀ ਧੋਂਦਿਆਂ ਦਿਆਲ ਕੌਰ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ ਸਨ ਅਤੇ ਧਾਰ ਕੱਢਣ ਚਲੀ ਗਈ। ਅੱਜ ਉਹਨੂੰ ਪਿੱਪਲ਼ ਦਾ ਰੁੱਖ ਬਦਲਿਆ-ਬਦਲਿਆ ਲੱਗਿਆ। ਜਿਵੇਂ ਕਿਸੇ ਮਾੜੀ ਰੂਹ ਦੀ ਮਾਰ 'ਚ ਆਇਆ ਹੋਵੇ। ਪੱਤਿਆਂ ਵਿਚੋਂ ਲੰਘਦੀ ਹਵਾ ਦੀ ਡਰਾਉਣੀ ਜਿਹੀ ਆਵਾਜ਼ ਉਸ ਅੰਦਰ ਘਬਰਾਹਟ ਪੈਦਾ ਕਰ ਰਹੀ ਸੀ। ਧਾਰ ਕੱਢ ਕੇ ਮੁੜੀ ਤਾਂ ਮੂੰਹ ਹਨੇਰਾ ਹੋ ਚੁੱਕਾ ਸੀ। ਉਸ ਨੂੰ ਲੱਗਿਆ ਜਿਵੇਂ ਉਸ ਦੇ ਪਿੱਛੇ ਪੈਰਾਂ ਦੀ ਬਿੜਕ ਜਿਹੀ ਹੋਵੇ, ਪਿੱਛੇ ਮੁੜ ਕੇ ਦੇਖਣ ਦੀ ਹਿੰਮਤ ਨਹੀਂ ਪਈ, ਡਰ ਨਾਲ ਹੌਲ ਜਿਹੇ ਪੈਣ ਲੱਗੇ। ਦਿਆਲੋ ਦੀਆਂ ਗੱਲਾਂ ਉਸ ਦੇ ਮਨੋਂ ਨਹੀਂ ਸਨ ਉਤਰ ਰਹੀਆਂ। ਉਸ ਨੇ ਰਾਤ ਨੂੰ ਆਪਣੀ ਸੱਸ ਨਾਲ ਗੱਲ ਛੇੜੀ ਪਰ ਉਸ ਨੇ ਕੋਈ ਤਸੱਲੀਬਖ਼ਸ਼ ਜਵਾਬ ਨਾ ਦਿੱਤਾ। ਇਕ ਦਿਨ ਪਾਲੀ ਦਿਨ ਛਿਪਣ ਤੋਂ ਪਹਿਲਾਂ ਹੀ ਧਾਰ ਕੱਢ ਲਿਆਈ। ਮੱਝ ਨੇ ਦੁੱਧ ਥੋੜ੍ਹਾ ਦਿੱਤਾ, ਨਾਲੇ ਵਾਰ ਵਾਰ ਪੈਰ ਚੁੱਕਦੀ ਰਹੀ। ਦੁੱਧ ਸੰਭਾਲਣ ਦਾ ਕੰਮ ਭਜਨ ਕੌਰ ਆਪ ਕਰਦੀ ਸੀ।

'ਪਾਲੀ ਐਨੀ ਸਾਝਰੇ ਨਾ ਧਾਰ ਕੱਢਿਆ ਕਰ, ਰਾਤਾਂ ਵੱਡੀਆਂ ਨੇ, ਡੰਗਰ ਔਖ ਮੰਨ ਜਾਂਦੈ। ਦੇਖ ਅੱਜ ਦੁੱਧ ਕਿੰਨਾ ਘੱਟ ਐ।' ਭਜਨੋ ਨੇ ਦੁੱਧ ਪੁਣ ਕੇ ਪਤੀਲੇ ਵਿਚ ਪਾਉਂਦਿਆਂ ਕਿਹਾ।

ਜਿਉਂ ਜਿਉਂ ਸ਼ਾਮ ਹੁੰਦੀ ਪਾਲੀ ਨੂੰ ਡੋਬ ਪੈਣ ਲੱਗ ਜਾਂਦੇ। ਬਾਹਰਲੇ ਘਰ ਜਾਣ ਦਾ ਇਕ ਮਿੰਟ ਦਾ ਰਸਤਾ ਉਸ ਨੂੰ ਭਵਸਾਗਰ ਪਾਰ ਕਰਨ ਤੋਂ ਵੀ ਔਖਾ ਲੱਗਦਾ। ਇਕ ਦਿਨ ਦੁਪਹਿਰ ਵੇਲੇ ਪਿੱਪਲ ਹੇਠ ਲੋਕਾਂ ਦੀ ਭੀੜ ਲੱਗੀ ਹੋਈ ਸੀ। ਗਵਾਂਢੀਆਂ ਦੀ ਨੂੰਹ ਡਿੱਗ ਗਈ।

'ਪਤਾ ਈ ਨ੍ਹੀਂ ਲੱਗਿਆ ਮੈਂ ਕਿਵੇਂ ਡਿੱਗ ਪੀ। ਬੱਸ ਐਂ ਲੱਗਿਆ ਇਕ ਵਾਰੀ ਜਿਵੇਂ ਕਿਸੇ ਨੇ ਪਿੱਛੋਂ ਧੱਕਾ ਮਾਰਿਆ ਹੁੰਦੈ।' ਉਹ ਕਹਿ ਰਹੀ ਸੀ।

'ਧੱਕੇ ਤਾਂ ਬੱਜਣਗੇ ਈ, ਜਦੋਂ ਪੋਡਰ ਸੁਰਖੀਆਂ ਲਾ ਕੇ ਇੱਥੋਂ ਦੀ ਲੰਘੋਗੀਆਂ।' ਦਿਆਲ ਕੌਰ ਨੇ ਸੋਟੀ ਸੰਭਾਲਦਿਆਂ ਕਿਹਾ।

ਹੁਣ ਤਾਂ ਪਾਲੀ ਜਦੋਂ ਬਾਹਰਲੇ ਘਰ ਜਾਂਦੀ ਉਸ ਨੂੰ ਕੰਬਣੀ ਜਿਹੀ ਛਿੜ ਪੈਂਦੀ। ਉਸ ਦਾ ਜੀਅ ਕਰਦਾ ਉਹ ਕਹਿ ਦੇਵੇ ਕਿ ਉਸ ਕੋਲੋਂ ਧਾਰ ਨਹੀਂ ਕੱਢੀ ਜਾਂਦੀ ਪਰ ਉਸ ਨੂੰ ਕੋਈ ਬਹਾਨਾ ਨਾ ਲੱਭਦਾ। ਕੰਮ ਤੋਂ ਜੀਅ ਚੁਰਾਉਣਾ ਤਾਂ ਉਸ ਨੇ ਸਿੱਖਿਆ ਨਹੀਂ ਸੀ। ਬਾਹਰਲੇ ਘਰ ਜਾਂਦਿਆਂ ਨਿੱਕਾ ਜਿੰਨਾ ਖੜਾਕ ਵੀ ਉਸ ਦੀ ਜਾਨ ਕੱਢ ਕੇ ਰੱਖ ਦਿੰਦਾ। ਸਹਿਮ ਕਾਰਨ ਉਸ ਦੀ ਸਿਹਤ 'ਤੇ ਵੀ ਅਸਰ ਪੈ ਰਿਹਾ ਸੀ। ਉਸ ਦਾ ਚਿਹਰਾ ਵੀ ਪੀਲਾ ਪੈ ਗਿਆ। ਇਸੇ ਤਰ੍ਹਾਂ ਮਹੀਨਾ ਡੇਢ ਮਹੀਨਾ ਲੰਘ ਗਿਆ। ਇਕ ਦਿਨ ਭਜਨ ਕੌਰ ਦੀ ਧੀ ਪ੍ਰੀਤ ਤੇ ਜਵਾਈ ਉਨ੍ਹਾਂ ਨੂੰ ਮਿਲਣ ਆਏ।

'ਭਾਬੀ ਤੈਨੂੰ ਕੀ ਹੋ ਗਿਆ? ਤੂੰ ਬਿਮਾਰ ਐਂ?.... ਸਾਨੂੰ ਕਿਉਂ ਨਹੀਂ ਦੱਸਿਆ? ਪ੍ਰੀਤ ਨੇ ਪਾਲੀ ਨੂੰ ਘੁੱਟ ਕੇ ਜੱਫੀ ਪਾਉਂਦਿਆਂ ਕਿੰਨੇ ਸਾਰੇ ਸਵਾਲ ਕਰ ਦਿੱਤੇ।

ਭਜਨੋ ਆਪਣੇ ਧੀ-ਜਵਾਈ ਨੂੰ ਬੜੇ ਚਾਅ ਨਾਲ ਮਿਲੀ ਅਤੇ ਬੈਠਕ ਵਿਚ ਬਿਠਾ ਦਿੱਤਾ। ਪਾਲੀ ਪਾਣੀ ਲੈ ਆਈ। ਪ੍ਰੀਤ ਪਾਣੀ ਦਾ ਗਲਾਸ ਫੜ ਕੇ ਭਾਬੀ ਦੇ ਨਾਲ ਹੀ ਰਸੋਈ ਵਿਚ ਚਲੀ ਗਈ। ਉਸ ਨੇ ਫਿਰ ਪਾਲੀ ਨੂੰ ਉਸ ਦੀ ਸਿਹਤ ਬਾਰੇ ਪੁੱਛਿਆ।

'ਮੈਂ ਬਿਲਕੁਲ ਠੀਕ ਆਂ' ਉਸ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਅਤੇ ਦੁੱਧ ਗੈਸ 'ਤੇ ਰੱਖ ਦਿੱਤਾ।

ਭਜਨੋ ਵੀ ਜਵਾਈ ਤੋਂ ਉਸ ਦੇ ਮਾਪਿਆਂ ਦਾ ਹਾਲ-ਚਾਲ ਪੁੱਛ ਕੇ ਬਾਹਰ ਆ ਗਈ।

'ਮਾਂ! ਕੀ ਹੋ ਗਿਆ ਭਾਬੀ ਨੂੰ?' ਉਸ ਨੇ ਭਜਨ ਕੌਰ ਨੂੰ ਪੁੱਛਿਆ। 'ਕੀ ਦੱਸਾਂ, ਦਿਆਲੋ ਬੁੜ੍ਹੀ ਆ ਬੈਠਦੀ ਐ, ਮੈਨੂੰ ਤਾਂ ਲਗਦੈ ਉਹਦੀ ਨਜ਼ਰ ਲੱਗ'ਗੀ। ਨਾ ਤਾਂ ਸਿਆਣੀ ਬਿਆਣੀ ਨੂੰ ਕਿਹਾ ਜਾਵੇ, ਬਈ ਆਵਦੇ ਘਰੇ ਵਗ ਜਾ।' ਅੱਗੇ ਤਾਂ ਕਦੇ ਭਜਨੋ ਨੇ ਧਿਆਨ ਨਹੀਂ ਸੀ ਦਿੱਤਾ ਪਰ ਧੀ ਦੇ ਕਹਿਣ 'ਤੇ ਉਸ ਨੂੰ ਵੀ ਪਾਲੀ ਲਿੱਸੀ ਜਿਹੀ ਲੱਗਣ ਲੱਗ ਪਈ।

'ਨਜ਼ਰਾਂ ਨੁਜ਼ਰਾਂ ਕਾਹਨੂੰ ਲੱਗਦੀਆਂ ਨੇ। ਆਵਦੇ ਮਾਪਿਆਂ ਨੂੰ ਓਦਰੀ ਹੋਊ।' ਏਨੇ ਨੂੰ ਪਾਲੀ ਵੀ ਖਾਣ-ਪੀਣ ਦਾ ਸਾਮਾਨ ਲੈ ਕੇ ਆ ਗਈ। ਪ੍ਰੀਤ ਨੇ ਪਾਲੀ ਨੂੰ ਸੁਣਾ ਕੇ ਕਿਹਾ, 'ਮੈਨੂੰ ਤਾਂ ਲੱਗਦੈ ਭਾਬੀ ਤੇਜ ਵੀਰੇ ਨੂੰ ਓਦਰੀ ਪਈ ਐ..।' ਪ੍ਰੀਤ ਨੇ ਮੁਸਕਰਾ ਕੇ ਨਣਦ ਵੱਲ ਮਿੱਠੀ ਜਿਹੀ ਘੂਰੀ ਵੱਟੀ।

'ਆ ਜੋ ਅੰਦਰ, ਬਾਹਰ ਤਾਂ ਮੱਖੀਆਂ ਭਿਣ-ਭਿਣ ਕਰਦੀਆਂ ਫਿਰਦੀਆਂ ਨੇ।' ਪਾਲੀ ਨੇ ਬੈਠਕ ਵੱਲ ਜਾਂਦਿਆਂ ਕਿਹਾ।

'ਨਾਲੇ ਵੀਰ ਜੀ 'ਕੱਲੇ ਬੈਠੇ ਨੇ।' ਪਾਲੀ ਨੇ ਪ੍ਰੀਤ ਵੱਲ ਮਸ਼ਕਰੀ ਭਰੀ ਮੁਸਕਾਨ ਸੁੱਟਦਿਆਂ ਕਿਹਾ। ਇਸ ਤੋਂ ਪਹਿਲਾਂ ਕਿ ਪ੍ਰੀਤ ਕੁਝ ਬੋਲਦੀ, ਬਾਪੂ ਜੀ ਨੇ ਖੰਘੂਰਾ ਮਾਰਿਆ। ਪ੍ਰੀਤ ਤੇ ਉਸ ਦਾ ਪਤੀ ਬੜੇ ਅਦਬ ਨਾਲ ਬਾਪੂ ਜੀ ਨੂੰ ਮਿਲੇ।

ਪਾਲੀ ਦੇ ਚਿਹਰੇ 'ਤੇ ਅੱਜ ਥੋੜ੍ਹੀ ਰੌਣਕ ਸੀ। ਕੰਮ ਤਾਂ ਭਾਵੇਂ ਬਹੁਤ ਜ਼ਿਆਦਾ ਸੀ ਪਰ ਉਸ ਦੀ ਨਣਦ ਉਸ ਦੇ ਨਾਲ ਨਾਲ ਰਹੀ, ਅੱਜ ਉਸ ਨੂੰ ਬਾਹਰਲੇ ਘਰ ਜਾਂਦੀ ਨੂੰ ਵੀ ਬਹੁਤਾ ਡਰ ਨਾ ਲੱਗਿਆ ਕਿਉਂਕਿ ਪ੍ਰੀਤ ਉਸ ਦੇ ਨਾਲ ਸੀ। ਕੰਮ ਧੰਦੇ ਨਿਪਟਾਉਂਦਿਆਂ ਬਹੁਤ ਰਾਤ ਹੋ ਚੁੱਕੀ ਸੀ। ਭਜਨੋ ਵੀ ਥੱਕ ਚੁੱਕੀ ਸੀ। ਪ੍ਰੀਤ ਅਤੇ ਪਾਲੀ ਨਿੱਕੀਆਂ ਨਿਕੀਆਂ ਗੱਲਾਂ ਕਰ ਕੇ ਹੱਸ ਰਹੀਆਂ ਸਨ। ਪਾਲੀ ਨੂੰ ਯਾਦ ਆਇਆ ਕਿ ਦੁੱਧ ਵਾਲਾ ਡੋਲੂ ਤਾਂ ਬਾਹਰ ਵਿਹੜੇ ਵਿਚ ਹੀ ਰਹਿ ਗਿਆ। ਜਦੋਂ ਉਹ ਡੋਲੂ ਕਿੱਲੀ ਤੋਂ ਲਾਹ ਕੇ ਮੁੜੀ ਤਾਂ ਇਕ ਦਮ ਉਸ ਦੀ ਨਿਗਾਹ ਪਿੱਪ.ਲ ਦੇ ਰੁੱਖ ਵੱਲ ਗਈ। ਉਸ ਦਾ ਤ੍ਰਾਹ ਨਿਕਲ ਗਿਆ। ਇਕ ਕਾਲਾ ਹੱਥਾਂ ਪੈਰਾਂ ਵਾਲਾ ਵੱਡਾ ਸਾਰਾ ਆਕਾਰ ਉਸ ਨੇ ਦੇਖਿਆ। ਉਹ ਭੱਜ ਕੇ ਅੰਦਰ ਜਾ ਵੜੀ। ਉਸ ਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਪ੍ਰੀਤ ਦੇ ਪੁੱਛਣ 'ਤੇ ਵੀ ਉਸ ਨੇ ਕੁਝ ਨਾ ਦੱਸਿਆ। ਥੋੜ੍ਹੀ ਦੇਰ ਬਾਅਦ ਪ੍ਰੀਤ ਨੂੰ ਵੀ ਨੀਂਦ ਨੇ ਆ ਦਬੋਚਿਆ। ਪਾਲੀ ਨੇ ਲਾਈਟ ਬੰਦ ਕਰ ਦਿੱਤੀ



ਪਰ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਕੁਝ ਸਮੇਂ ਬਾਅਦ ਪਾਲੀ ਦੀ ਚੀਕ ਨੇ ਪ੍ਰੀਤ ਤੇ ਭਜਨੋ ਨੂੰ ਜਗਾ ਦਿੱਤਾ। ਪ੍ਰੀਤ ਨੇ ਪਾਲੀ ਨੂੰ ਝੰਜੋੜਿਆ ਉਹ ਬੜਬੜਾ ਰਹੀ ਸੀ 'ਪਿੱਪਲ... ਪ੍ਰੇਤ...ਮੇਰੇ... ਪਿੱਛੇ।' ਉਹ ਪ੍ਰੀਤ ਦੇ ਨਾਲ ਚਿੰਬੜ ਰਹੀ ਸੀ ਜਿਵੇਂ ਕੋਈ ਸਹਿਮਿਆ ਬੱਚਾ ਆਪਣੀ ਮਾਂ ਦੀ ਬੁੱਕ.ਲ ਵਿਚ ਲੁਕਦਾ ਹੈ। ਪ੍ਰੀਤ ਨੇ ਪਾਲੀ ਨੂੰ ਆਪਣੇ ਨਾਲ ਘੁੱਟਦਿਆਂ ਉਸ ਨੂੰ ਜਗਾਇਆ। ਭਜਨੋ ਨੇ ਪਾਲੀ ਦੇ ਮੱਥੇ 'ਤੇ ਹੱਥ ਫੇਰਿਆ ਮਿੱਠੀ ਮਿੱਠੀ ਠੰਢ ਹੋਣ ਦੇ ਬਾਵਜੂਦ ਵੀ ਪਸੀਨੇ ਨਾਲ ਭਿੱਜਿਆ ਹੋਇਆ ਸੀ। ਪਾਲੀ ਉੱਠ ਕੇ ਬੈਠ ਗਈ। ਪੁੱਛਣ 'ਤੇ ਉਸ ਨੇ ਇਹੀ ਕਿਹਾ ਕਿ ਉਸ ਨੂੰ ਡਰਾਉਣਾ ਸੁਪਨਾ ਆਇਆ ਸੀ। ਰਾਤ ਦੇ ਦੋ ਵੱਜੇ ਸਨ। ਭਜਨ ਕੌਰ ਸੋਚ ਰਹੀ ਸੀ ਕਿ ਉਹ ਤਾਂ ਲੋਕਾਂ ਦੀਆਂ ਗੱਲਾਂ ਉੱਤੇ ਯਕੀਨ ਨਹੀਂ ਸੀ ਕਰਦੀ ਕਿ ਭੂਤ ਪ੍ਰੇਤ ਵੀ ਹੁੰਦੇ ਨੇ। ਉਹ ਦਿਆਲੋ ਬੁੜ੍ਹੀ ਬਾਰੇ ਸੋਚ ਰਹੀ ਸੀ.....ਕੀ ਪਤੈ ਉਸ ਦੀਆਂ ਗੱਲਾਂ ਸੱਚ ਹੋਣ...ਹੁਣ ਉਹ ਕੀ ਕਰੇਗੀ ਕਿੱਥੇ ਲਈ ਫਿਰੇਗੀ ਨੂੰਹ ਨੂੰ। ਉਹ ਇਨ੍ਹਾਂ ਸੋਚਾਂ ਵਿਚ ਡੁੱਬਦੀ ਗਈ। ਕਦੇ ਪੁੱਤ ਬਾਰੇ ਸੋਚਦੀ, ਕਦੇ ਪਤੀ ਬਾਰੇ ਜਿਹੜੇ ਓਪਰੀਆਂ ਰੂਹਾਂ ਵਿਚ ਭੋਰਾ ਯਕੀਨ ਨਹੀਂ ਸਨ ਰੱਖਦੇ, ਸਗੋਂ ਇਨ੍ਹਾਂ ਗੱਲਾਂ ਦਾ ਮਖੌਲ ਉਡਾਉਂਦੇ। ਚਾਰ ਕੁ ਵਜੇ ਗੁਰਦੁਆਰਾ ਸਾਹਿਬ ਵਾਲੇ ਭਾਈ ਨੇ ਉੱਠਣ ਲਈ ਅਤੇ ਅੰਮ੍ਰਿਤ ਵੇਲੇ ਦਾ ਲਾਹਾ ਲੈਣ ਲਈ ਹੋਕਾ ਦਿੱਤਾ। ਭਜਨ ਕੌਰ 'ਵਾਹਿਗੁਰੂ ਵਾਹਿਗੁਰੂ' ਕਰਦੀ ਉੱਠ ਗਈ ਪ੍ਰੀਤ ਤੇ ਪਾਲੀ ਸੁੱਤੀਆਂ ਸਨ। ਉਹ ਬਿਨਾਂ ਖੜਕਾ ਕੀਤਿਆਂ ਬਾਹਰ ਆਈ। ਥੋੜ੍ਹੀ ਦੇਰ ਬਾਅਦ ਪ੍ਰੀਤ ਵੀ ਉੱਠ ਕੇ ਬਾਹਰ ਆ ਗਈ। ਉਸ ਨੇ ਮਾਂ ਨੂੰ ਦੱਸਿਆ ਕਿ ਪਾਲੀ ਰਾਤ ਬਾਹਰੋਂ ਦੁੱਧ ਵਾਲਾ ਡੋਲੂ ਚੁੱਕਣ ਗਈ ਡਰੀ ਹੋਈ ਲੱਗਦੀ ਸੀ, ਪਰ ਪੁੱਛਣ 'ਤੇ ਉਸ ਨੇ ਕੁਝ ਵੀ ਨਹੀਂ ਸੀ ਦੱਸਿਆ।

ਭਜਨੋ ਆਪ ਹੀ ਸਾਰੇ ਕੰਮ ਨਿਪਟਾਉਣ ਲੱਗੀ। ਉਸ ਨੇ ਪਾਲੀ ਨੂੰ ਜਗਾਉਣਾ ਠੀਕ ਨਾ ਸਮਝਿਆ। ਉਹ ਬਾਲਟੀ ਚੁੱਕ ਕੇ ਖ਼ੁਦ ਹੀ ਧਾਰ ਕੱਢਣ ਚਲੀ ਗਈ। ਪਰ ਮੱਝ ਨੇ ਉਸ ਨੂੰ ਹੱਥ ਵੀ ਨਾ ਲਾਉਣ ਦਿੱਤਾ, ਛਾਲ ਮਾਰ ਕੇ...ਅਹੁ ਗਈ।

'ਕਿੰਨੀ ਵਾਰੀ ਕਿਹੈ ਬਈ ਦੋ ਚਾਰ ਦਿਨਾਂ ਬਾਅਦ ਆਪ ਵੀ ਧਾਰ ਕੱਢ ਲਿਆ ਕਰ, ਪਰ ਤੈਨੂੰ ਤਾਂ ਹੁਣ ਸੁਖ ਪੈ ਗਿਆ।' ਭਜਨ ਕੌਰ ਦਾ ਪਤੀ ਮੱਝ ਅੱਗੋਂ ਪੱਠਿਆਂ ਵਿਚ ਹੱਥ ਫੇਰਦਿਆਂ ਬੁੜ ਬੁੜ ਕਰ ਰਿਹਾ ਸੀ।

ਭਜਨ ਕੌਰ ਕੁਝ ਨਾ ਬੋਲੀ, ਬਾਲਟੀ ਉੱਥੇ ਛੱਡ ਕੇ ਘਰੇ ਆ ਗਈ। ਪਾਲੀ ਤਾਂ ਅਜੇ ਵੀ ਨਹੀਂ ਸੀ ਉੱਠੀ। ਉਸ ਨੇ ਪਾਲੀ ਨੂੰ ਉਠਾਉਣ ਲਈ ਉਸ ਦੀ ਬਾਂਹ 'ਤੇ ਹੱਥ ਲਾਇਆ। ਉਸ ਨੂੰ ਬਾਂਹ ਗਰਮ ਲੱਗੀ, ਉਸ ਨੇ ਮੱਥੇ ਨੂੰ ਹੱਥ ਲਾਇਆ, ਪਾਲੀ ਨੂੰ ਬੁਖ਼ਾਰ ਸੀ। ਪ੍ਰੀਤ ਨੇ ਪਾਲੀ ਨੂੰ ਉੱਠਣ ਤੋਂ ਮਨ੍ਹਾ ਕੀਤਾ ਅਤੇ ਆਪਣੇ ਪਰਸ ਵਿਚੋਂ ਕੱਢ ਕੇ ਬੁਖ਼ਾਰ ਉਤਾਰਨ ਲਈ ਗੋ.ਲੀ ਦੇਣ ਲੱਗੀ ਤਾਂ ਭਜਨੋ ਨੇ ਰੋਕਦਿਆਂ ਕਿਹਾ, 'ਕਹਿੰਦੇ ਨੇ ਕਿ ਬਿਨਾਂ ਡਾਕਟਰ ਦੀ ਸਲਾਹ ਦੇ ਦਵਾਈ ਨਹੀਂ ਲੈਣੀ ਚਾਹੀਦੀ'।

ਥੋੜ੍ਹੀ ਦੇਰ ਤਾਂ ਪ੍ਰੀਤ ਪਾਲੀ ਦੇ ਕੋਲ ਹੀ ਬੈਠੀ ਰਹੀ। ਫਿਰ ਉਸ ਨੇ ਪਾਲੀ ਦੀ ਚੁੰਨੀ ਲਈ ਤੇ ਬੁੱਕਲ਼ ਮਾਰ ਕੇ ਥੋੜ੍ਹਾ ਮੂੰਹ ਲੁਕੋਇਆ ਧਾਰ ਕੱਢਣ ਚਲੀ ਗਈ। ਇਕ ਦੋ ਵਾਰ ਮੱਝ ਨੇ ਪੈਰ ਚੁੱਕਿਆ ਪਰ ਫਿਰ ਖੜ੍ਹ ਗਈ।

ਪਿੰਡ ਵਿਚੋਂ ਹੀ ਡਾਕਟਰ ਬੁਲਾਇਆ, ਉਸ ਨੇ ਕਿਹਾ ਮੌਸਮੀ ਬੁਖ਼ਾਰ ਹੈ। ਪਰ ਸ਼ਾਮ ਤਕ ਬੁਖ਼ਾਰ ਨਾ ਉਤਰਿਆ। ਪ੍ਰੀਤ ਦਾ ਪਤੀ ਪਾਲੀ ਦੀ ਹਾਲਤ ਦੇਖ ਕੇ ਪ੍ਰੀਤ ਨੂੰ ਦੋ ਕੁ ਦਿਨਾਂ ਲਈ ਛੱਡ ਕੇ ਚਲਿਆ ਗਿਆ। ਦਿਨ ਵਿਚ ਦਿਆਲ ਕੌਰ ਕਈ ਗੇੜੇ ਮਾਰ ਗਈ। ਭਜਨ ਕੌਰ ਨੇ ਉਸ ਨੂੰ ਪਾਲੀ ਦੇ ਡਰਨ ਬਾਰੇ ਦੱਸਿਆ।

'ਮੈਂ ਤਾਂ ਕਿੰਨੇ ਦਿਨਾਂ ਦੀ ਦੇਖਦੀ ਆਂ ਤੇਰੀ ਨੂੰਹ ਨੂੰ। ਗੁੱਸਾ ਨਾ ਕਰੀਂ ਭਜਨੋ, ਇਹ ਝਪਟ 'ਚ ਆਈ ਹੋਈ ਐ। ਕਿਸੇ ਚੰਗੇ ਸਿਆਣੇ ਤੋਂ ਇਲਾਜ ਕਰਵਾ ਦੇ ਨਹੀਂ ਤਾਂ ਪਛਤਾਉਂਦੀ ਰਹੇਂਗੀ ਪਿੱਛੋਂ।' ਦਿਆਲ ਕੌਰ ਦੀਆਂ ਗੱਲਾਂ ਸੁਣ ਕੇ ਭਜਨ ਕੌਰ ਹੋਰ ਵੀ ਡਰ ਗਈ। ਉਸ ਨੇ ਆਪਣੇ ਪਤੀ ਨੂੰ ਸਾਰਾ ਕੁੱਝ ਦੱਸਿਆ। ਪਹਿਲਾਂ ਤਾਂ ਉਹ ਭਜਨੋ ਨੂੰ ਭੱਜ ਕੇ ਪੈ ਗਿਆ। ਪਰ ਨੂੰਹ ਦੀ ਹਾਲਤ ਦੇਖ ਕੇ ਉਹ ਵੀ ਘਬਰਾ ਗਿਆ। ਪ੍ਰੀਤ ਪਾਲੀ ਦੇ ਕੋਲ ਹੀ ਰਹੀ। ਪਾਲੀ ਨੇ ਪ੍ਰੀਤ ਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ ਕਿਵੇਂ ਉਸ ਦੇ ਪਿੱਛੇ ਪੈਰਾਂ ਦੀ ਬਿੜਕ ਆਉਂਦੀ ਅਤੇ ਉਸ ਨੂੰ ਪਿੱਪਲ਼ ਕੋਲੋਂ ਲੰਘਦਿਆਂ ਡਰ ਲੱਗਦਾ। ਰਾਤ ਨੂੰ ਪਿੱਪਲ਼ 'ਤੇ ਕਾਲ਼ਾ ਪ੍ਰਛਾਵਾਂ ਦੇਖਿਆ। ਪ੍ਰੀਤ ਨੇ ਆਪਣੇ ਮਾਂ ਪਿਉ ਨੂੰ ਦੱਸਿਆ। ਬੁਖ਼ਾਰ ਤਾਂ ਦੂਜੇ ਦਿਨ ਠੀਕ ਹੋ ਗਿਆ ਪਰ ਕਮਜ਼ੋਰੀ ਕਰ ਕੇ ਉੱਠਿਆ ਨਹੀਂ ਸੀ ਜਾ ਰਿਹਾ ਪਾਲੀ ਕੋਲੋਂ। ਅਖੀਰ ਪਾਲੀ ਦੇ ਮਾਂ ਪਿਉ ਨੂੰ ਉਸ ਦੀ ਬਿਮਾਰੀ ਬਾਰੇ ਜਾਣਕਾਰੀ ਦਿੱਤੀ ਗਈ।

ਦੂਜੇ ਦਿਨ ਸਵੇਰੇ ਹੀ ਪਾਲੀ ਦਾ ਪਿਉ ਆ ਗਿਆ। ਉਹ ਦਸ ਕੁ ਜਮਾਤਾਂ ਪੜ੍ਹਿਆ ਹੋਣ ਕਰਕੇ ਅਤੇ ਪੜ੍ਹੇ-ਲਿਖੇ ਸਿਆਣੇ ਬੰਦਿਆਂ ਦੀ ਸੁਹਬਤ ਵਿਚ ਰਹਿਣ ਕਰਕੇ ਵਹਿਮਾਂ ਭਰਮਾਂ ਤੋਂ ਦੂਰ ਅਤੇ ਦਲੀਲ ਦੇ ਕੇ ਆਪਣੀ ਗੱਲ ਮਨਵਾਉਣ ਵਾਲਾ ਬੰਦਾ ਸੀ। ਬੂਹੇ ਅੱਗੇ ਮੋਟਰਸਾਈਕਲ ਖੜ੍ਹਾ ਦੇਖ ਕੇ ਦਿਆਲ ਕੌਰ ਵੀ ਆ ਗਈ। ਪਾਲੀ ਦੇ ਪਿਉ ਨੇ ਸਭ ਦੀਆਂ ਗੱਲਾਂ ਸੁਣੀਆਂ। ਪਰ ਉਸ ਦੀ ਦਲੀਲ ਦਾ ਕੋਈ ਅਸਰ ਨਾ ਹੋਇਆ। ਦਿਆਲ ਕੌਰ ਉਸ ਦੀ ਹਰ ਗੱਲ ਕਾਟ ਕਰਦੀ। ਉਸ ਨੇ ਬਜ਼ੁਰਗ ਨਾਲ ਬਹਿਸ ਕਰਨੀ ਠੀਕ ਨਾ ਸਮਝੀ। ਉਸ ਨੇ ਪਿੱਪਲ ਹੇਠੋਂ ਇੱਕ ਪੱਥਰ ਜ਼ਰੂਰ ਉਖਾੜ ਦਿੱਤਾ ਸੀ ਕਿਉਂਕਿ ਉਸ ਨਾਲ ਕਈ ਲੋਕਾਂ ਨੇ ਠੋਕਰ ਖਾਧੀ ਸੀ।

'ਮੈਂ ਦੁਪਹਿਰ ਤੋਂ ਬਾਅਦ ਦਵਾਈ ਲੈ ਕੇ ਆਊਂਗਾ ਪਾਲੀ ਵਾਸਤੇ।' ਉਸ ਨੇ ਕਿਹਾ।

'ਦਵਾਈ ਤਾਂ ਕਿੰਨੇ ਦਿਨਾਂ ਦੀ ਖਾ ਈ ਰਹੀ ਐ। ਦਵਾਈ ਨ੍ਹੀਂ ਕੰਮ ਕਰਦੀ ਭਾਈ ਹੁਣ।' ਦਿਆਲ ਕੌਰ ਨੇ ਜਾਂਦੇ ਹੋਏ ਨੂੰ ਆਪਣਾ ਸੁਝਾਅ ਦਿੱਤਾ।

ਉਹ ਦੋ ਘੰਟਿਆਂ ਬਾਅਦ ਹੀ ਵਾਪਸ ਆ ਗਿਆ। ਉਸ ਨੇ ਪ੍ਰੀਤ ਨੂੰ ਇਕ ਤਬੀਤ ਫੜਾਇਆ ਅਤੇ ਭਜਨ ਕੌਰ ਨੇ ਕੰਬਦੇ ਹੱਥਾਂ ਨਾਲ ਜੱਕੋ ਤੱਕੀ ਵਿਚ ਪਾਲੀ ਦੇ ਡੌ.ਲ੍ਹੇ ਨਾਲ ਬੰਨ੍ਹ ਦਿੱਤਾ।

'ਮੈਂ ਤਾਂ ਇਨ੍ਹਾਂ ਗੱਲਾਂ ਨੂੰ ਮੰਨਦਾ ਨ੍ਹੀਂ ਸੀ, ਪਰ ਬੱਚਿਆਂ ਦੀ ਤਕਲੀਫ਼ ਮਾਪਿਆਂ ਤੋਂ ਬੜਾ ਕੁਝ ਕਰਵਾ ਦਿੰਦੀ ਐ। ਪੁੱਤ ਪਾਲੀ! ਇਹਨੂੰ ਜੂਠਾ ਹੱਥ ਨ੍ਹੀਂ ਲਾਉਣਾ। ਬਹੁਤ ਸ਼ਕਤੀ ਐ ਇਹਦੇ 'ਚ। ਕੋਈ ਬੁਰੀ ਰੂਹ ਨੇੜੇ ਨਹੀਂ ਫਟਕ ਸਕਦੀ।' ਥੋੜ੍ਹੀ ਦੇਰ ਗੱਲਾਂ-ਬਾਤਾਂ ਕਰ ਕੇ ਉਸ ਨੇ ਧੀ ਦੇ ਸਿਰ 'ਤੇ ਹੱਥ ਰੱਖਿਆ, ਸਾਰਿਆਂ ਨੂੰ ਹੱਥ ਜੋੜੇ ਅਤੇ ਜਾਣ ਦੀ ਇਜਾਜ਼ਤ ਮੰਗੀ।

ਦੋ ਕੁ ਦਿਨਾਂ ਵਿਚ ਹੀ ਪਾਲੀ ਠੀਕ ਹੋਣ ਲੱਗੀ। ਇਕ-ਦੋ ਦਿਨ ਤਾਂ ਪ੍ਰੀਤ ਨੇ ਧਾਰ ਕੱਢੀ। ਪਾਲੀ ਠੀਕ ਹੋਈ ਤਾਂ ਪ੍ਰੀਤ ਸਹੁਰੇ ਚਲੀ ਗਈ। ਹੁਣ ਭਜਨੋ ਅਤੇ ਪਾਲੀ ਦੋਵੇਂ 'ਕੱਠੀਆਂ ਹੀ ਬਾਹਰਲੇ ਘਰ ਜਾਂਦੀਆਂ। ਪੰਜ ਸੱਤ ਦਿਨ ਤਾਂ ਇਸ ਤਰ੍ਹਾਂ ਹੁੰਦਾ ਰਿਹਾ, ਇਕ ਦਿਨ ਭਜਨ ਕੌਰ ਨੂੰ ਪਤਾ ਨਹੀਂ ਕੀ ਕੰਮ ਆ ਪਿਆ, ਪਾਲੀ ਨੂੰ ਇਕੱਲਿਆਂ ਹੀ ਜਾਣਾ ਪਿਆ। ਜਦੋਂ ਉਹ ਵਾਪਸ ਆ ਰਹੀ ਸੀ ਤਾਂ ਉਸ ਨੂੰ ਪਿੱਛੇ ਪੈਰਾਂ ਦੀ ਬਿੜਕ ਮਹਿਸੂਸ ਹੋਈ, ਉਹ ਅੰਦਰੋਂ ਕੰਬ ਗਈ, ਦੂਜੇ ਹੀ ਪਲ ਉਸ ਨੇ ਬਾਂਹ ਨਾਲ ਬੰਨ੍ਹੇ ਤਬੀਤ ਨੂੰ ਹੱਥ ਪਾਇਆ। ਬਿੜਕ ਉਸ ਨੂੰ ਉਹ ਦੇ ਬਿਲਕੁਲ ਨੇੜੇ ਲੱਗੀ। ਉਸ ਨੇ ਪਿੱਛੇ ਦੇਖਿਆ ਇਕ ਬਿੱਲੀ ਉਸ ਦੇ ਪਿੱਛੇ ਆ ਰਹੀ ਸੀ ਸ਼ਾਇਦ ਦੁੱਧ ਵਾਲੀ ਬਾਲਟੀ ਕਰਕੇ। ਪਾਲੀ ਆਪਣੇ ਅੰਦਰ ਨਵੀਂ ਸ਼ਕਤੀ ਮਹਿਸੂਸ ਕਰਦੀ। ਉਹ ਕਈ ਵਾਰੀ ਡੌਲੇ 'ਤੇ ਹੱਥ ਰੱਖ ਕੇ ਪਿੱਪਲ਼ ਵੱਲ ਦੇਖਦੀ ਜਿਵੇਂ ਉਹ ਪ੍ਰੇਤ ਨੂੰ ਭਸਮ ਕਰਨ ਦੀ ਸ਼ਕਤੀ ਰੱਖਦੀ ਹੋਵੇ। ਪਾਲੀ ਹੁਣ ਡਰਦੀ ਨਹੀਂ ਸੀ। ਜੇ ਕਦੇ ਉਸ ਨੂੰ ਡਰ ਲੱਗਦਾ ਵੀ ਤਾਂ ਉਸ ਨੂੰ ਆਪਣੇ ਬਾਪੂ ਦੀਆਂ ਗੱਲਾਂ ਯਾਦ ਆਉਂਦੀਆਂ, 'ਇਹਦੇ ਵਿਚ ਬਹੁਤ ਸ਼ਕਤੀ ਐ, ਕੋਈ ਬੁਰੀ ਰੂਹ ਨੇੜੇ ਨਹੀਂ ਫਟਕ ਸਕਦੀ।' ਇਸੇ ਤਰ੍ਹਾਂ ਡੇਢ ਕੁ ਮਹੀਨਾ ਲੰਘ ਗਿਆ। ਕਈ ਵਾਰ ਉਹ ਸੋਚਦੀ ਉਸ ਦੀ ਤਕਲੀਫ਼ ਨੇ ਬਾਪੂ ਨੂੰ ਕਿਹੜੇ ਰਾਹ ਤੋਰ ਦਿੱਤਾ। ਜਿਸ ਪਾਸੇ ਜਾਣ ਤੋਂ ਉਹ ਦੂਜਿਆਂ ਨੂੰ ਰੋਕਦੇ ਸਨ। ਅੱਜ ਆਪ ਸਿਆਣਿਆਂ ਦੇ ਦਰਾਂ 'ਤੇ ਸਿਰ ਝੁਕਾਉਂਦੇ ਨੇ। ਇਕ ਵਾਰੀ ਉਸ ਨੇ ਆਪਣੇ ਬਾਪੂ ਨੂੰ ਕਿਹਾ ਵੀ ਕਿ ਉਸ ਕਰਕੇ ਉਨ੍ਹਾਂ ਨੂੰ ਆਪਣੇ ਅਸੂਲ ਛੱਡਣੇ ਪਏ ,'ਔਲਾਦ ਪਿੱਛੇ ਬੜਾ ਕੁਝ ਕਰਨਾ ਪੈਂਦੈ।' ਉਸ ਨੇ ਇਹ ਕਹਿ ਕੇ ਗੱਲ ਟਾਲ ਦਿੱਤੀ।

ਕੋਈ ਮਹੀਨੇ ਡੇਢ ਮਹੀਨੇ ਪਿੱਛੋਂ ਪਾਲੀ ਦਾ ਪਿਉ ਪਤਾ ਲੈਣ ਆਇਆ। ਧੀ ਨੂੰ ਦੇਖ ਕੇ ਬੜਾ ਖੁਸ਼ ਹੋਇਆ। ਸਬੱਬ ਨਾਲ ਉਸ ਦਿਨ ਭਜਨ ਕੌਰ ਦੀ ਧੀ ਪ੍ਰੀਤ ਅਤੇ ਜਵਾਈ ਵੀ ਮਿਲਣ ਆ ਗਏ। ਸਾਰੇ ਜਣੇ ਬੜੇ ਖੁਸ਼ ਸਨ ਕਿ ਪਾਲੀ ਹੁਣ ਬਿਲਕੁਲ ਠੀਕ ਹੈ।

'ਪਾਲੀ ਪੁੱਤ ਆਹ ਤਬੀਤ ਜੂਠਾ ਹੋ ਗਿਆ ਤੇਰਾ। ਪੂਰਨਮਾਸ਼ੀ ਨੂੰ ਗ੍ਰਹਿਣ ਲੱਗਿਆ ਸੀ ਚੰਦ ਨੂੰ। ਆਹ ਖੋਲ੍ਹ ਕੇ ਦੇ ਦਿਓ। ਬਦਲਣਾ ਪਊ।'

'ਅਸੀਂ ਤਾਂ ਕਦੇ ਵੀ ਆਹ ਧਾਗਿਆਂ ਸੂਤਿਆਂ 'ਚ ਯਕੀਨ ਨਹੀਂ ਕਰਿਆ। ਪਰ ਹੁਣ ....।' ਭਜਨ ਕੌਰ ਦੇ ਪਤੀ ਨੇ ਉਦਾਸ ਜਿਹੀ ਆਵਾਜ਼ ਵਿਚ ਕਿਹਾ।

'ਕਿਹੜੇ ਸਿਆਣੇ ਤੋਂ ਲਿਆਂਦੈ ਤਬੀਤ ਭਾਈ ..? ਜੇ ਦੱਸ ਦੇਮੇਂ...ਕਿਸੇ ਹੋਰ ਦਾ ਭਲਾ ਹੋ ਜੂ।' ਦਿਆਲ ਕੌਰ ਨੇ ਪੁੱਛਿਆ।

'ਆਹ ਥੋਡੇ ਨਾਲ ਲੱਗਦੇ ਸ਼ਹਿਰ ਵਿਚ ਐ ਮਾਤਾ ਜੀ।'

ਪਾਲੀ ਨੇ ਤਬੀਤ ਖੋਲ੍ਹ ਕੇ ਆਪਣੇ ਬਾਪੂ ਨੂੰ ਫੜਾ ਤਾਂ ਦਿੱਤਾ ਪਰ ਉਸ ਦਾ ਦਿਲ ਨਹੀਂ ਸੀ ਕਰ ਰਿਹਾ ਕਿਉਂਕਿ ਇਸ ਤਬੀਤ ਕਰਕੇ ਤਾਂ ਪ੍ਰੇਤ ਤੋਂ ਖਹਿੜਾ ਛੁਟਿਆ ਤੇ ਉਸ ਵਿਚ ਨਵੀਂ ਤਾਕਤ ਆਈ ਸੀ।

'ਹੁਣ ਤਬੀਤ ਦੀ ਲੋੜ ਵੀ ਨਹੀਂ, ਬਸ ਇਸ 'ਤੇ ਲਿਖੇ ਮੰਤਰ ਦਾ ਧਿਆਨ ਕਰ ਲੈਣਾ, ਬੁਰੀਆਂ ਰੂਹਾਂ ਦੂਰ ਰਹਿਣਗੀਆਂ।' ਪਾਲੀ ਦੇ ਬਾਪੂ ਨੇ ਵੱਡੇ ਸਾਰੇ ਚੌਰਸ ਤਬੀਤ ਵਿਚੋਂ ਮੰਤਰ ਵਾਲਾ ਕਾਗਜ਼ ਦਾ ਟੁਕੜਾ ਕੱਢਦਿਆਂ ਕਿਹਾ।

ਸਾਰੇ ਜਣੇ ਉਸ ਲਿਖੇ ਮੰਤਰ ਨੂੰ ਦੇਖਣਾ ਚਾਹੁੰਦੇ ਸਨ। ਪਾਲੀ ਦੇ ਬਾਪੂ ਨੇ ਕਾਗਜ਼ ਦੀਆਂ ਕਈ ਤਹਿਆਂ ਖੋਲ੍ਹੀਆਂ। ਸਾਰੇ ਦੇਖ ਕੇ ਹੈਰਾਨ ਰਹਿ ਗਏ ਕਾਗਜ਼ ਤਾਂ ਦੋਵਾਂ ਪਾਸਿਆਂ ਤੋਂ ਸਾਫ਼ ਸੀ। ਕੁਝ ਵੀ ਨਹੀਂ ਸੀ ਲਿਖਿਆ ਹੋਇਆ। ਸਾਰੇ ਪਾਸੇ ਚੁੱਪ ਸੀ। ਪਾਲੀ ਆਪਣੇ ਬਾਪੂ ਦੀ ਹੁਸ਼ਿਆਰੀ ਸਮਝ ਗਈ।

'ਪਰ ਬਾਪੂ ਕਾਲ਼ਾ ਪ੍ਰਛਾਵਾਂ....?' ਉਸ ਨੇ ਸਵਾਲੀਆ ਨਜ਼ਰਾਂ ਨਾਲ ਬਾਪੂ ਵੱਲ ਤੱਕਿਆ।

ਆਪਣੇ ਕੁੜਤੇ ਦੇ ਖੀਸੇ ਵਿਚ ਹੱਥ ਪਾ ਕੇ ਉਸ ਨੇ ਵਰਤੀਆਂ ਸਰਿੰਜਾਂ ਅਤੇ ਗੋਲੀਆਂ ਦੇ ਖਾਲੀ ਪੱਤੇ, ਅੱਧ ਸੜੇ ਕਾਗਜ਼ ਦਿਖਾਏ। ਇਹ ਉਸ ਨੂੰ ਪਿੱਪਲ ਦੇ ਮੁੱਢ ਕੋਲੋਂ ਮਿਲੇ ਸਨ।

'ਨਸ਼ੇ.....? ਭਜਨੋ ਦੇ ਪਤੀ ਨੇ ਹੈਰਾਨੀ ਨਾਲ ਪੁੱਛਿਆ।

'ਜੀ ਹਾਂ, ਭਾਈ ਸਾਬ੍ਹ। ਇਹ ਪ੍ਰੇਤ ਐ ...ਜਿਹੜਾ ਲੋਕਾਂ ਦੇ ਘਰ ਬਰਬਾਦ ਕਰ ਰਿਹੈ।'

# ਲੋਕ ਵਿਰਸੇ ਦੀ ਸੁਰੀਲੀ ਤੰਦ ਅਮਰਜੀਤ ਗੁਰਦਾਸਪੁਰੀ

***ਅਮਰਜੀਤ ਗੁਰਦਾਸਪੁਰੀ ਦੀ ਆਵਾਜ਼ ਨੇ ਜ਼ਿਲ੍ਹਾ ਗੁਰਦਾਸਪੁਰ ਦੀ ਡੇਰਾ ਬਾਬਾ ਨਾਨਕ ਤਹਿਸੀਲ ਵਿਚ ਪੈਂਦੇ ਆਪਣੇ ਪਿੰਡ ਉਦੋਵਾਲੀ ਕਲਾਂ ਨੂੰ ਦੇਸ਼-ਦੇਸ਼ਾਂਤਰ ਵਿਚ ਪ੍ਰਸਿੱਧ ਕਰ ਦਿੱਤਾ। ਕਮਿਊਨਿਸਟ ਲਹਿਰ ਦੇ ਚੜ੍ਹਤ ਦੇ ਇਨ੍ਹਾਂ ਦਿਨਾਂ ਦੌਰਾਨ ਉਹ ਸਟੇਜਾਂ ਦਾ ਸ਼ਿੰਗਾਰ ਬਣਿਆ। ਇਸ ਲੇਖ ਵਿਚ ਉਘੇ ਲੇਖਕ ਗੁਰਭਜਨ ਗਿੱਲ ਅਮਰਜੀਤ ਗੁਰਦਾਸਪੁਰੀ ਦੀ ਜ਼ਿੰਦਗੀ ਅਤੇ ਕਲਾ ਨਾਲ ਜੁੜੇ ਖ਼ੂਬਸੂਰਤ ਕਿੱਸੇ ਸੁਣਾਏ ਹਨ। ਇਨ੍ਹਾਂ ਕਿੱਸਿਆਂ ਵਿਚ ਮਾਨਵੀ ਚੇਤਨਾ ਦੇ ਭਰਪੂਰ ਦਰਸ਼ਨ ਹੁੰਦੇ ਹਨ ਅਤੇ ਉਸ ਵਕਤ ਵਿਚ ਜੂਝ ਰਹੇ ਲੋਕਾਂ ਦੇ ਮਕਸਦ ਦੀਆਂ ਸੋਆਂ ਪੈਂਦੀਆਂ ਹਨ।***



**ਗੁਰਭਜਨ ਗਿੱਲ**

ਅਮਰਜੀਤ ਗੁਰਦਾਸਪੁਰੀ ਪੰਜਾਬੀ ਲੋਕ ਸੰਗੀਤ ਵਿਰਸੇ ਦੀ ਉਹ ਸੁਰੀਲੀ ਤੰਦ ਸੀ ਜਿਸ ਦੀ ਟੁਣਕਾਰ ਉਮਰ ਦੇ 92ਵੇਂ ਸਾਲ 'ਚ ਦਾਖਲ ਹੋ ਕੇ ਵੀ ਟੱਲੀ ਵਾਂਗ ਟੁਣਕਦੀ ਰਹੀ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਉਦੋਵਾਲੀ ਕਲਾਂ ਦਾ ਜੰਮਿਆ ਜਾਇਆ ਜ਼ੈਲਦਾਰ ਹਰਨਾਮ ਸਿੰਘ ਰੰਧਾਵਾ ਦਾ ਪੋਤਰਾ ਅਤੇ ਸ. ਰਛਪਾਲ ਸਿੰਘ ਤੇ ਮਾਤਾ ਹਰਬੰਸ ਕੌਰ ਦਾ ਪੁੱਤਰ ਕਮਿਊਨਿਸਟ ਪਾਰਟੀ ਦੇ ਸਭਿਆਚਾਰਕ ਵਿੰਗ ਦਾ ਕਾਰਕੁਨ ਬਣਿਆ ਤਾਂ ਲੋਕਾਂ ਨੇ ਗੱਲਾਂ ਕੀਤੀਆਂ, "ਅਖੇ, ਰੇਸ਼ਮੀ ਗਦੈਲਿਆਂ 'ਤੇ ਸੌਣ ਵਾਲਾ ਇਹ ਅਲੂੰਆਂ ਮੁੰਡਾ ਕਿਵੇਂ ਕੱਚੇ ਧੂੜ ਲਪੇਟੇ ਰਾਹਾਂ 'ਤੇ ਤੁਰੇਗਾ?" ਅਮਰਜੀਤ ਗੁਰਦਾਸਪੁਰੀ ਨੇ ਇਹ ਗੱਲ ਸੱਚ ਕਰ ਦਿਖਾਈ ਕਿ ਸਮਰਪਣ ਅਤੇ ਵਿਸ਼ਵਾਸ ਦੀ ਸ਼ਕਤੀ ਨਾਲ ਹਰ ਮੁਸੀਬਤ ਨੂੰ ਹੱਸ ਕੇ ਜਰਿਆ ਜਾ ਸਕਦਾ ਹੈ।

ਤੇਰਾ ਸਿੰਘ ਚੰਨ, ਜਸਵੰਤ ਸਿੰਘ ਰਾਹੀ, ਨਰਿੰਦਰ ਦੋਸਾਂਝ, ਲੋਕ ਗਾਇਕਾ ਸੁਰਿੰਦਰ ਕੌਰ, ਬੀਬੀ ਮਹਿੰਦਰ ਨਵਤੇਜ ਸਿੰਘ, ਨਿਰੰਜਨ ਸਿੰਘ ਮਾਨ, ਹੁਕਮ ਚੰਦ ਖਲੀਲੀ, ਜਗਦੀਸ਼ ਫਰਿਆਦੀ ਅਤੇ ਜੋਗਿੰਦਰ ਬਾਹਰਲਾ ਦਾ ਸਾਥੀ ਬਣ ਕੇ ਉਸ ਨੇ ਬੰਬਈ ਕਲਕੱਤੇ ਤੱਕ ਪੰਜਾਬੀ ਲੋਕ ਸੁਰਾਂ ਵਿਚ ਲਪੇਟੇ ਇਨਕਲਾਬੀ ਗੀਤਾਂ ਦੀ ਛਹਿਬਰ ਲਾਈ। ਉਸ ਦੀ ਸਹਿ-ਗਾਇਕਾ ਵਜੋਂ ਇਸ ਇਨਕਲਾਬੀ ਸਫਰ ਦੌਰਾਨ ਪੰਜਾਬ ਦੀ ਕੋਇਲ ਵਜੋਂ ਜਾਣੀ ਜਾਂਦੀ ਗਾਇਕਾ ਸੁਰਿੰਦਰ ਕੌਰ ਨੇ ਵੀ 'ਇਪਟਾ' (ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ) ਦੀਆਂ ਸਟੇਜਾਂ 'ਤੇ ਸਾਥ ਨਿਭਾਇਆ। ਤੇਰਾ ਸਿੰਘ ਚੰਨ ਦੇ ਲਿਖੇ ਸੰਗੀਤ ਨਾਟਕ 'ਪੰਜਾਬ ਦੀ ਆਵਾਜ਼', 'ਨੀਲ ਦੀ ਸ਼ਹਿਜ਼ਾਦੀ' ਅਤੇ 'ਲੱਕੜ ਦੀ ਲੱਤ' ਵਿਚ ਵਿਸ਼ਵ ਅਮਨ ਲਹਿਰ ਨੂੰ ਸਮਰਪਿਤ ਗੀਤਾਂ ਦਾ ਪਰਾਗਾ ਅਮਰਜੀਤ ਗੁਰਦਾਸਪੁਰੀ ਦੇ ਕੰਠ ਨੂੰ ਛੋਹ ਕੇ ਹੀ ਪੌਣਾਂ ਵਿਚ ਘੁਲਿਆ। ਰਸ ਭਰਪੂਰ ਵਾਰਤਕ ਦੇ ਲਿਖਾਰੀ ਅਤੇ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਨਿੰਦਰ ਘੁਗਿਆਣਵੀ ਨੇ 2010 ਵਿਚ ਅਮਰਜੀਤ ਗੁਰਦਾਸਪੁਰੀ ਦੇ ਜੀਵਨ 'ਤੇ ਆਧਾਰਿਤ ਟੈਲੀਫਿਲਮ ਬਣਾਈ ਤਾਂ ਉਸ ਵਿਚ ਉਸ ਦੀਆਂ ਜੀਵਨ ਯਾਦਾਂ ਅਤੇ ਲੋਕ ਗਾਇਕੀ ਦੇ ਕੁਝ ਨਮੂਨੇ ਵੀ ਦਰਜ ਕੀਤੇ। ਇਸ ਫਿਲਮ ਵਿਚ ਅਮਰਜੀਤ ਗੁਰਦਾਸਪੁਰੀ ਦਾ ਜੀਵਨ ਭਰ ਕੀਤਾ ਸੰਘਰਸ਼ ਭਾਵੇਂ ਕਿਣਕਾ ਮਾਤਰ ਹੀ ਦਰਜ ਹੋ ਸਕਿਆ ਪਰ ਖ਼ੂਬਸੂਰਤ ਕੋਸ਼ਿਸ਼ ਲਈ ਪੰਜਾਬੀ ਭਾਈਚਾਰਾ ਉਸ ਦਾ ਰਹਿੰਦੀ ਦੁਨੀਆ ਤੱਕ ਰਿਣੀ ਰਹੇਗਾ। ਇਹ ਫਿਲਮ ਆਮ ਬੰਦਿਆਂ ਲਈ ਭਾਵੇਂ ਬਹੁਤੀ ਦਿਲਚਸਪੀ ਦਾ ਵਸੀਲਾ ਨਾ ਬਣ ਸਕੀ ਪਰ ਇਤਿਹਾਸ ਦੇ ਜਾਣਕਾਰਾਂ ਲਈ ਸੰਭਾਲਣਯੋਗ ਤੋਹਫਾ ਬਣ ਗਈ। ਗੁਰਪ੍ਰੀਤ ਸਿੰਘ ਤੂਰ ਅਤੇ ਪਿਰਥੀਪਾਲ ਸਿੰਘ ਹੇਅਰ ਬਟਾਲਾ ਨੇ ਇਸ ਦੇ ਪਸਾਰ ਦੀ ਜ਼ਿੰਮੇਵਾਰੀ ਨਿਭਾਈ।

ਜ਼ਿਲ੍ਹਾ ਗੁਰਦਾਸਪੁਰ ਦੀ ਡੇਰਾ ਬਾਬਾ ਨਾਨਕ ਤਹਿਸੀਲ ਦਾ ਪਿੰਡ ਉਦੋਵਾਲੀ ਕਲਾਂ ਉਸ ਦੀ ਜਨਮ ਭੋਇੰ ਹੈ। ਪਹਿਲਾਂ ਇਹ ਪਿੰਡ ਉਸ ਦੇ ਦਾਦਾ ਜੀ ਜ਼ੈਲਦਾਰ ਹਰਨਾਮ ਸਿੰਘ ਜਾਂ ਪਿੰਡ ਦੇ ਅਕਾਲੀ ਆਗੂ ਜਥੇਦਾਰ ਗੁਰਦਿੱਤ ਸਿੰਘ ਕਰਕੇ ਇਲਾਕੇ ਵਿਚ ਜਾਣਿਆ ਜਾਂਦਾ ਸੀ ਪਰ ਅਮਰਜੀਤ ਦੀ ਆਵਾਜ਼ ਨੇ ਇਸ ਪਿੰਡ ਨੂੰ ਦੇਸ਼-ਦੇਸ਼ਾਂਤਰ ਵਿਚ ਪ੍ਰਸਿੱਧ ਕਰ ਦਿੱਤਾ। 1931 ਦੇ ਸਾਉਣ ਮਹੀਨੇ ਦੀ 26 ਤਰੀਕ ਨੂੰ ਉਹ ਸਰਦਾਰ ਰਛਪਾਲ ਸਿੰਘ ਰੰਧਾਵਾ ਅਤੇ ਬੀਬੀ ਹਰਬੰਸ ਕੌਰ ਦੇ ਘਰ ਜਨਮਿਆ। ਸਿਰਫ 32 ਸਾਲ ਦੀ ਉਮਰ ਵਿਚ ਉਸ ਦੇ ਪਿਤਾ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਅਮਰਜੀਤ ਗੁਰਦਾਸਪੁਰੀ ਦੇ ਪਿੰਡ ਵਿਚ ਰਹਿੰਦਾ ਇਕ ਨੌਜਵਾਨ ਬਾਬਾ ਦਰਸ਼ੋ ਅਕਸਰ ਗਲੀਆਂ ਵਿਚ ਵਾਰਸ ਦੀ 'ਹੀਰ', ਪੀਲੂ ਦਾ 'ਮਿਰਜ਼ਾ' ਅਤੇ ਕਾਦਰਯਾਰ ਦਾ 'ਪੂਰਨ ਭਗਤ' ਗਾਉਂਦਾ ਫਿਰਦਾ। ਪਿੰਡ ਦੇ ਮੁੰਡੇ ਅਕਸਰ ਉਸ ਦੀ ਆਵਾਜ਼ ਨਾਲ ਸੁਰ ਮਿਲਾਉਂਦੇ। ਅਮਰਜੀਤ ਵੀ ਉਨ੍ਹਾਂ ਮੁੰਡਿਆਂ ਵਿਚੋਂ ਇਕ ਹੁੰਦਾ। ਉਸ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਸੀ ਕਿ ਇਹ ਸ਼ੌਕ ਉਸ ਲਈ ਜ਼ਿੰਦਗੀ ਦਾ ਗਹਿਣਾ ਬਣ ਜਾਵੇਗਾ। ਬਾਬਾ ਦਰਸ਼ੋ ਰਵਾਇਤੀ ਮਿਰਜ਼ਾ ਸਾਹਿਬਾਂ ਦੀ ਥਾਂ ਲੋਕ ਅੰਗ ਵਿਚ ਲਿਖੇ ਮਿਰਜ਼ੇ ਦੇ ਬੋਲ ਅਲਾਪਦਾ:

ਨੀਂ ਦਿੱਲੀਏ ਕਾਗਾਂ ਹਾਰੀਏ,
ਨੀ ਤੇਰਾ ਸੂਹਾ ਨੀ ਚੰਦਰੀਏ ਬਾਣਾ

ਇਸ ਵਿਚ ਉਹ 360 ਬਲਦ ਲੱਦ ਕੇ ਲੂਣ ਦਾ ਵਪਾਰ ਕਰਨ ਵਾਲੇ ਲੁਬਾਣੇ ਦਾ ਵੀ ਜ਼ਿਕਰ ਕਰਦਾ ਜਿਸ ਵਿਚ ਉਸ ਦੀ ਲੁਬਾਣੀ ਦੀ ਮੌਤ ਦਾ ਵੀ ਜ਼ਿਕਰ ਹੁੰਦਾ। ਮਿਰਜ਼ੇ ਦੀ ਸਾਹਿਬਾਂ ਨੂੰ ਉਹ ਲੁਬਾਣਾ ਆਪਣੇ ਨਾਲ ਵਿਆਹ ਕਰਵਾਉਣ ਦੀ ਗੱਲ ਕਰਦਾ ਪਰ ਸਾਹਿਬਾਂ ਆਪਣੇ ਮਿਰਜ਼ੇ ਦੀ ਮੌਤ ਦਾ ਵੇਰਵਾ ਕਰਦੀ। ਇਸ ਵਿਚ ਅੰਤਲਾ ਬੰਦ ਇਹੀ ਹੁੰਦਾ ਕਿ ਸਾਹਿਬਾਂ ਆਪਣੇ ਮਹਿਬੂਬ ਮਿਰਜ਼ੇ ਦੀ ਮੌਤ ਨੂੰ ਦੱਸਦੀ-ਦੱਸਦੀ ਆਪਣੇ ਆਪ ਨੂੰ ਵੀ ਸਰਵਾਹੀ, ਭਾਵ ਤਲਵਾਰ ਨਾਲ ਖਤਮ ਕਰ ਲੈਂਦੀ ਹੈ। ਇਸ ਵਿਚਲਾ ਦਰਦ ਜਦੋਂ ਅਮਰਜੀਤ ਗੁਰਦਾਸਪੁਰੀ ਦੀ ਆਵਾਜ਼ ਵਿਚ ਘੁਲ ਕੇ ਪੇਸ਼ ਹੁੰਦਾ ਤਾਂ ਉਹ ਦ੍ਰਿਸ਼ ਜਾਗਦਿਆਂ ਤਾਂ ਕੀ ਸੁੱਤਿਆਂ-ਸੁੱਤਿਆਂ ਵੀ ਅੱਖਾਂ ਅੱਗਿਓਂ ਨਹੀਂ ਜਾਂਦਾ। ਇਹ ਪਹਿਲਾ ਗੀਤ ਸੀ ਜਿਸ ਨੇ ਅਮਰਜੀਤ ਨੂੰ ਗਾਇਕੀ ਦੇ ਰਾਹ ਤੋਰਿਆ। ਤੇਜਾ ਸਿੰਘ ਸੁਤੰਤਰ, ਕਾਮਰੇਡ ਗੋਪਾਲ ਸਿੰਘ ਠੱਠਾ, ਦਲੀਪ ਸਿੰਘ ਟਪਿਆਲਾ, ਕਾਮਰੇਡ ਵਾਸਦੇਵ ਸਿੰਘ ਝੰਗੀ, ਫਜ਼ਲਾਬਾਦ (ਗੁਰਦਾਸਪੁਰ) ਦੇ ਕਾਮਰੇਡ ਹਰਭਜਨ ਸਿੰਘ, ਕ੍ਰਿਪਾਲ ਸਿੰਘ ਤੇ ਬਲਜੀਤ ਸਿੰਘ ਫਜ਼ਲਾਬਾਦ ਨਾਲ ਅਮਰਜੀਤ ਦੀ ਦੋਸਤੀ ਨੇ ਅਜਿਹਾ ਸੂਹਾ ਰੰਗ ਚਾੜ੍ਹਿਆ ਕਿ ਉਹ ਆਪ ਇਸ ਰਸਤੇ ਦਾ ਪੱਕਾ ਪਾਂਧੀ ਬਣ ਗਿਆ।

1952 ਵਿਚ ਉਸ ਨੇ ਫਜ਼ਲਾਬਾਦ ਵਿਚ ਹੋਈ ਕਿਸਾਨ ਕਾਨਫਰੰਸ ਵਿਚ ਪਹਿਲੀ ਵਾਰ ਮੰਚ 'ਤੇ ਖਲੋ ਕੇ ਇਹ ਗੀਤ ਗਾਇਆ:

ਅੱਗੇ ਨਾਲੋਂ ਵਧ ਗਈਆਂ ਹੋਰ ਮਜਬੂਰੀਆਂ।
ਹੁਣ ਨਹੀਉਂ ਹੁੰਦੀਆਂ, ਸਬਰ ਸਬੂਰੀਆਂ।

ਇਹ ਗੀਤ ਗਾਉਣ ਤੋਂ ਪਹਿਲਾਂ ਉਹ ਸਿਰਫ ਪਿੰਡ ਦਾ ਜਵਾਈ-ਭਾਈ ਸੀ ਜਿਸ ਨੂੰ ਉਸ ਦੇ ਰਿਸ਼ਤੇਦਾਰ ਮੁੰਡਿਆਂ ਨੇ ਇਹ ਕਹਿ ਕੇ ਸਟੇਜ 'ਤੇ ਚਾੜ੍ਹ ਦਿੱਤਾ ਸੀ ਕਿ ਸਾਡਾ ਪ੍ਰਾਹੁਣਾ ਵੀ ਗਾਉਂਦੈ, ਇਹਨੂੰ ਸੁਣੋ। ਇਸ ਤੋਂ ਬਾਅਦ ਅਮਰਜੀਤ ਗੁਰਦਾਸਪੁਰੀ ਵਿਸ਼ਾਲ ਲੋਕ ਸਮੂਹ ਦਾ ਚਹੇਤਾ ਗਵੱਈਆ ਬਣ ਗਿਆ। ਇਲਾਕੇ ਦੇ ਸ਼ਾਇਰ ਜਸਵੰਤ ਸਿੰਘ ਰਾਹੀ, ਮਹੈਣ ਸਿੰਘ ਅਨਪੜ੍ਹ, ਵੱਸਣ ਸਿੰਘ ਮਸਤਾਨਾ, ਕਰਨੈਲ ਸਿੰਘ ਪਾਰਸ ਰਾਮੂਵਾਲੀਆ, ਸ਼ਿਵ ਕੁਮਾਰ ਅਤੇ ਅਜਿਹੇ ਕਈ ਹੋਰ ਲੋਕ ਉਸ ਨੂੰ ਆਪਣੇ ਗੀਤ ਦੇਣ ਲੱਗੇ, ਮਿੱਠੀ ਆਵਾਜ਼ ਨਾਲ ਉਮਰਾਂ ਦੀ ਸਾਂਝ ਪਾਉਣ ਲਈ।

ਇਨ੍ਹਾਂ ਹੀ ਸਮਿਆਂ ਵਿਚ ਉਸ ਨੇ ਡੇਰਾ ਬਾਬਾ ਨਾਨਕ ਲਾਗਲੇ ਪਿੰਡ ਜੌੜੀਆਂ ਦੇ ਜਾਏ ਪੰਜਾਬੀ ਸ਼ਾਇਰ ਅਮਰ ਚਿੱਤਰਕਾਰ ਦਾ ਗੀਤ ਗਾਇਆ:

ਜਿਊਂਦੇ ਜੀ ਆ ਸੋਹਣਿਆ, ਤੈਨੂੰ ਸੁਰਗ ਵਿਖਾਵਾਂ।
ਲੱਗੀਆਂ ਹੋਈਆਂ ਰੌਣਕਾਂ, ਪਿੱਪਲਾਂ ਦੀਆਂ ਛਾਵਾਂ।

ਇਹ ਲੋਕ ਉਭਾਰ ਦਾ ਵਕਤ ਸੀ। ਆਜ਼ਾਦੀ ਮਗਰੋਂ ਕਮਿਊਨਿਸਟ ਆਗੂ ਇਸ ਆਜ਼ਾਦੀ ਨੂੰ ਅਸਲੀ ਆਜ਼ਾਦੀ ਨਹੀਂ ਸਨ ਮੰਨਦੇ। ਉਹ ਇਸ ਨੂੰ ਨਕਲੀ ਆਜ਼ਾਦੀ ਆਖਦੇ। ਜਸਵੰਤ ਸਿੰਘ ਰਾਹੀ ਵਰਗੇ ਸ਼ਾਇਰ ਸਰਕਾਰੀ ਨੀਤੀਆਂ ਨੂੰ ਬੇਪਰਦ ਕਰਦੇ ਤੇ ਲਿਖਦੇ:

ਗੌਰਮਿੰਟ ਨੇ ਝੱਗਾ ਦਿੱਤਾ,
ਪਾ ਲਓ ਲੋਕੋ ਪਾ ਲਓ।
ਅੱਗਾ ਪਿੱਛਾ ਹੈ ਨਹੀਂ ਜੇ ਤੇ,
ਬਾਹਵਾਂ ਆਪ ਲੁਆ ਲਓ।

ਅਮਰਜੀਤ ਗੁਰਦਾਸਪੁਰੀ ਆਪਣੇ ਸਾਥੀ ਦਲੀਪ ਸਿੰਘ ਸ਼ਿਕਾਰ ਨਾਲ ਮਿਲ ਕੇ ਇਹੋ ਜਿਹੇ ਗੀਤ ਗਾਉਂਦਾ। ਹੌਲੀ-ਹੌਲੀ ਉਹ 'ਇਪਟਾ' ਦੀ ਗੁਰਦਾਸਪੁਰ ਇਕਾਈ ਦਾ ਪੱਕਾ ਕਲਾਕਾਰ ਬਣ ਗਿਆ। ਉਸ ਦੀ ਸੋਭਾ ਸੂਬੇ ਵਿਚ ਪਹੁੰਚੀ ਤਾਂ 'ਇਪਟਾ' ਦੇ ਮੋਹਰੀ ਆਗੂਆਂ ਤੇਰਾ ਸਿੰਘ ਚੰਨ ਅਤੇ ਜੋਗਿੰਦਰ ਬਾਹਰਲਾ ਨੇ ਉਸ ਨੂੰ ਸੂਬੇ ਦੇ ਕਲਾਕਾਰਾਂ ਵਿਚ ਲੈ ਲਿਆ। ਨਰਿੰਦਰ ਦੋਸਾਂਝ, ਹੁਕਮ ਚੰਦ ਖਲੀਲੀ, ਜਗਦੀਸ਼ ਫਰਿਆਦੀ, ਪ੍ਰੋਫੈਸਰ ਨਿਰੰਜਨ ਸਿੰਘ ਮਾਨ, ਗਾਇਕਾ ਸੁਰਿੰਦਰ ਕੌਰ ਤੇ ਉਸ ਦੇ ਪਤੀ ਪ੍ਰੋਫੈਸਰ ਜੋਗਿੰਦਰ ਸਿੰਘ ਸੋਢੀ, ਨਵਤੇਜ ਸਿੰਘ ਪ੍ਰੀਤਲੜੀ ਤੇ ਉਨ੍ਹਾਂ ਦੀ ਪਤਨੀ ਬੀਬੀ ਮਹਿੰਦਰ ਕੌਰ ਵੀ ਉਨ੍ਹਾਂ ਦੇ ਨਾਲ ਇਸ ਸਭਿਆਚਾਰ ਕਾਫਲੇ ਵਿਚ ਸ਼ਾਮਿਲ ਸਨ।



*ਤੂੰਬੀ ਨਾਲ ਅਮਰਜੀਤ ਗੁਰਦਾਸਪੁਰੀ।*

ਅਮਰਜੀਤ ਗੁਰਦਾਸਪੁਰੀ 'ਇਪਟਾ' ਅਤੇ ਕਮਿਊਨਿਸਟ ਲਹਿਰ ਵਿਚ ਗੁਜ਼ਾਰੇ ਪਲਾਂ ਦਾ ਜ਼ਿਕਰ ਕਰਦਿਆਂ ਅਕਸਰ ਦੱਸਦਾ ਕਿ ਉਹ ਉਤਸ਼ਾਹ ਦੀ ਭਰਪੂਰਤਾ ਦੇ ਦਿਨ ਸਨ। ਉਸ ਨੂੰ ਉਹ ਦਿਨ ਵੀ ਅੱਜ ਯਾਦ ਹੈ ਜਦੋਂ ਆਪਣੇ ਮਿੱਤਰ ਅਤੇ ਸਹਿਯੋਗੀ ਕਲਾਕਾਰ ਦਲੀਪ ਸਿੰਘ ਸ਼ਿਕਾਰ ਨੂੰ ਸਾਈਕਲ 'ਤੇ ਬਿਠਾ ਕੇ ਉਹ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜੋਗਿੰਦਰ ਬਾਹਰਲਾ ਦੇ ਪਿੰਡ ਚੱਬੇਵਾਲ ਜਿਆਣ ਪਹੁੰਚਿਆ। ਜਾਣ ਸਾਰ ਉਨ੍ਹਾਂ ਨੂੰ ਕਮਿਊਨਿਸਟ ਆਗੂ ਡਾ. ਭਾਗ ਸਿੰਘ ਨੇ ਸਟੇਜ 'ਤੇ ਚੜ੍ਹਾ ਦਿੱਤਾ ਤੇ ਉਹ ਅੱਧੀ ਰਾਤ ਤੀਕ ਗੀਤ ਹੀ ਗਾਉਂਦੇ ਰਹੇ। ਇਨਕਲਾਬੀ ਗੀਤਾਂ ਦੇ ਵਜਦ ਕਾਰਨ ਥਕੇਵਾਂ ਤੇ ਅਕੇਵਾਂ ਉਨ੍ਹਾਂ ਦੇ ਨੇੜੇ ਨਹੀਂ ਸੀ ਆਉਂਦਾ। ਇਕ ਗੱਲ ਦਾ ਕੰਡਾ ਅੰਤ ਤੱਕ ਵੀ ਉਸ ਦੇ ਮਨ ਵਿਚ ਰੜਕਦਾ ਰਿਹਾ ਕਿ ਸਾਡੇ ਆਗੂਆਂ ਨੇ 'ਇਪਟਾ' ਜਾਂ ਕਲਚਰਲ ਸਕੁਆਡ ਦੇ ਕਲਾਕਾਰਾਂ ਨੂੰ ਕਦੇ ਸਾਥੀ ਨਹੀਂ ਸੀ ਸਮਝਿਆ, ਸਿਰਫ ਭੀੜ ਇਕੱਠੀ ਕਰਨ ਵਾਲੇ ਸੰਦ ਸਮਝ ਕੇ ਹੀ ਵਰਤਦੇ ਰਹੇ। ਇਸ ਦਾ ਇਕ ਹਵਾਲਾ ਉਹ ਧੁਆਣ ਦਮੋਦਰ (ਗੁਰਦਾਸਪੁਰ) ਦੀ ਕਾਨਫਰੰਸ ਦੀ ਉਦਾਹਰਨ ਦੇ ਕੇ ਅਕਸਰ ਦਿੰਦਾ। ਕਿਵੇਂ ਇਕ ਸਰਦ ਸਿਆਲੀ ਰਾਤ ਪ੍ਰੋਗਰਾਮ ਪੇਸ਼ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਕਿਸੇ ਦੇ ਘਰ ਆਪਣੇ ਸੌਣ ਲਈ ਜਾ ਬਿਸਤਰੇ ਵਿਛਾਏ ਕਿ ਆ ਕੇ ਆਰਾਮ ਨਾਲ ਸੌਂ ਜਾਵਾਂਗੇ ਪਰ ਜਦ ਅੱਧੀ ਰਾਤ ਨੂੰ ਪ੍ਰੋਗਰਾਮ ਪੇਸ਼ ਕਰ ਕੇ ਪਰਤੇ ਤਾਂ ਉਨ੍ਹਾਂ ਬਿਸਤਰਿਆਂ 'ਤੇ ਸੀਨੀਅਰ ਕਾਮਰੇਡ ਸੁੱਤੇ ਪਏ ਸਨ। ਨਾ ਬਿਸਤਰਾ, ਨਾ ਰੋਟੀ, ਨਾ ਪਾਣੀ। ਠਰੀਆਂ ਤੇ ਆਕੜੀਆਂ ਰੋਟੀਆਂ ਨੂੰ ਜਦ ਗਰਮ ਕਰਨ ਲਈ ਆਖਿਆ ਤਾਂ ਇਕ ਸੀਨੀਅਰ ਕਾਮਰੇਡ ਖੰਘੂਰਾ ਮਾਰ ਕੇ ਬੋਲਿਆ, "ਤੁਸੀਂ ਇਨਕਲਾਬ ਕੀ ਲਿਆਓਗੇ ਜਿਹੜੇ ਤੱਤੀਆਂ ਰੋਟੀਆਂ ਮੰਗਦੇ ਓ।" ਅਮਰਜੀਤ ਵੱਲ ਇਸ਼ਾਰਾ ਕਰ ਕੇ ਘੂਰਦਿਆਂ ਬੋਲਿਆ, "ਤੇਰੇ ਵਿਚੋਂ ਜ਼ੈਲਦਾਰੀ ਬੂ ਨਹੀਂ ਗਈ।" ਉਸ ਰਾਤ ਉਹ ਬੇਹੱਦ ਉਦਾਸ ਹੋਇਆ।



*ਅਮਰਜੀਤ ਗੁਰਦਾਸਪੁਰੀ ਅਤੇ ਉਨ੍ਹਾਂ ਦੀ ਪਤਨੀ।*

ਕਮਿਊਨਿਸਟ ਪਾਰਟੀ 'ਤੇ ਪਾਬੰਦੀ ਲੱਗਣ ਵੇਲੇ ਉਹ ਵੀ ਰੂਪੋਸ਼ ਹੋ ਗਿਆ ਅਤੇ ਮੋਗਾ, ਫਰੀਦਕੋਟ, ਢੁੱਡੀਕੇ ਇਲਾਕੇ ਦੇ ਲੋਕ ਜੰਗਲ ਵਿਚ ਲੁਕਿਆ ਰਿਹਾ। ਜਸਵੰਤ ਸਿੰਘ ਕੰਵਲ, ਕਾਮਰੇਡ ਲਖਬੰਸ, ਕੁਲਭੂਸ਼ਨ ਬੱਧਣਵੀ, ਕਾਮਰੇਡ ਸੁਰਜੀਤ ਗਿੱਲ ਘੋਲੀਆ ਨਾਲ ਦੋਸਤੀ ਉਨ੍ਹਾਂ ਵਰ੍ਹਿਆਂ ਵਿਚ ਹੀ ਪਈ।

ਅਮਰਜੀਤ ਗੁਰਦਾਸਪੁਰੀ ਨੇ ਮਾਝੇ ਦੀ ਗਾਇਕੀ ਦੀ ਰਵਾਇਤ ਨੂੰ ਉਸ ਵੇਲੇ ਸਿਖਰਾਂ 'ਤੇ ਪਹੁੰਚਾ ਦਿੱਤਾ ਜਦ ਗੋਲ ਬਾਗ ਅੰਮ੍ਰਿਤਸਰ ਵਿਖੇ ਹੋਈ ਅਮਨ ਕਾਨਫਰੰਸ ਵਿਚ ਉਸ ਨੇ ਤੇਰਾ ਸਿੰਘ ਚੰਨ ਦਾ ਲਿਖਿਆ ਗੀਤ 'ਕਾਗ ਸਮੇਂ ਦਾ ਬੋਲਿਆ ਨੀ ਅਮਨਾਂ ਦੀ ਬੋਲੀ' ਗਾਇਆ। ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ ਦੱਸਦੇ ਹਨ ਕਿ ਉਸ ਕਾਨਫਰੰਸ ਵਿਚ ਇਕ ਲੱਖ ਤੋਂ ਵੱਧ ਲੋਕ ਹਾਜ਼ਰ ਸਨ। ਹਾਜ਼ਰ ਲੋਕਾਂ ਵਿਚੋਂ ਹਰ ਕਿਸੇ ਨੇ ਇਸ ਗੀਤ ਨੂੰ ਸਾਹ ਰੋਕ ਕੇ ਸਿਰਫ ਸੁਣਿਆ ਹੀ ਨਹੀਂ ਸਗੋਂ ਦੁਬਾਰਾ ਸੁਣਨ ਦੀ ਫਰਮਾਇਸ਼ ਵੀ ਕੀਤੀ।

ਇਹ ਗੀਤ ਵਿਸ਼ਵ ਅਮਨ ਲਹਿਰ ਵਿਚ ਪੰਜਾਬ ਦਾ ਨਿੱਗਰ ਹਿੱਸਾ ਬਣਿਆ। ਪੰਜਾਬ ਵਿਚ ਅਤਿਵਾਦ ਦੇ ਸਿਖਰ ਵੇਲੇ ਸੂਬੇ ਵਿਚੋਂ ਗੁਰਦਾਸਪੁਰ ਦਾ ਸਰਹੱਦੀ ਇਲਾਕਾ ਸਭ ਤੋਂ ਵੱਧ ਬਲਦੀ ਦੇ ਬੁੱਥੇ ਸੀ ਤਾਂ ਅਮਰਜੀਤ ਨੇ ਮੇਰਾ ਲਿਖਿਆ ਗੀਤ 'ਸਾਨੂੰ ਮੋੜ ਦਿਓ ਰੰਗਲਾ ਪੰਜਾਬ, ਅਸੀਂ ਨਹੀਂ ਕੁਝ ਹੋਰ ਮੰਗਦੇ। ਸਾਨੂੰ ਮੋੜ ਦਿਓ ਖਿੜਿਆ ਗੁਲਾਬ, ਅਸੀਂ ਨਹੀਂ ਕੁਝ ਹੋਰ ਮੰਗਦੇ'। ਆਪਣੀ ਮਿੱਠੀ ਆਵਾਜ਼ ਵਿਚ ਗਾ ਕੇ ਪਿੰਡ-ਪਿੰਡ ਗਿਆ। ਉਸ ਦੀ ਤੂੰਬੀ ਦੀ ਤਾਰ ਇਹ ਵੀ ਅਲਾਪਦੀ ਰਹੀ:

ਨੀ ਘੁੱਗੀਏ ਉੱਡਦੀ ਰਹੀਂ,
ਤੇਰੇ ਲੱਗੇ ਭਾਵੇਂ ਮਗਰ ਸ਼ਿਕਾਰੀ।

ਇਹ ਗੀਤ ਉਸ ਤਪਦੀ ਧਰਤੀ 'ਤੇ ਠੰਢੀਆਂ ਕਣੀਆਂ ਵਰਗਾ ਅਹਿਸਾਸ ਸਿਰਜਦੇ।

1986 ਵਿਚ 'ਇਪਟਾ' ਨੇ ਪੰਜਾਬੀ ਭਵਨ, ਲੁਧਿਆਣਾ ਵਿਚ ਪ੍ਰਸਿੱਧ ਉਰਦੂ ਸ਼ਾਇਰ ਕੈਫੀ ਆਜ਼ਮੀ ਦੀ ਸਦਾਰਤ ਅਧੀਨ 'ਇਪਟਾ' ਦੀ ਗੋਲਡਨ ਜੁਬਲੀ ਮਨਾਉਣ ਲਈ ਸਮਾਗਮ ਕੀਤਾ। ਉਸ ਵਿਚ ਹੋਰ ਕਲਾਕਾਰਾਂ ਦੇ ਨਾਲ-ਨਾਲ ਅਮਰਜੀਤ ਗੁਰਦਾਸਪੁਰੀ ਨੂੰ ਵੀ ਸਨਮਾਨਿਤ ਕੀਤਾ ਗਿਆ। ਇਹ ਉਹ ਸਮਾਂ ਸੀ ਜਦ ਪੰਜਾਬ ਦੇ ਹਿੰਦੂ ਇਸ ਸੂਬੇ ਨੂੰ ਛੱਡ ਕੇ ਹਰਿਆਣਾ, ਦਿੱਲੀ ਅਤੇ ਹੋਰ ਸੂਬਿਆਂ ਵਿਚ ਵੱਸਣ ਲਈ ਜਾ ਰਹੇ ਸਨ। ਮਾਝਾ ਇਸ ਦਰਦ ਨੂੰ ਸਭ ਤੋਂ ਵੱਧ ਸਹਿ ਰਿਹਾ ਸੀ। ਇਸ ਪੀੜ ਨੂੰ ਅਮਰਜੀਤ ਗੁਰਦਾਸਪੁਰੀ ਨੇ ਪੰਜਾਬੀ ਭਵਨ ਦੇ ਬਲਰਾਜ ਸਾਹਨੀ ਮੰਚ 'ਤੇ ਵਾਰਸ ਸ਼ਾਹ ਦੀ ਹੀਰ ਦੇ ਹਵਾਲੇ ਨਾਲ ਇਉਂ ਪੇਸ਼ ਕੀਤਾ:

ਵੀਰਾ ਅੰਮੜੀ ਜਾਇਆ ਜਾਹ ਨਾਹੀਂ
ਸਾਨੂੰ ਨਾਲ ਫਿਰਾਕ ਦੇ ਮਾਰ ਨਾਹੀਂ।
...
ਭਾਈ ਮਰਨ ਤੇ ਪੌਂਦੀਆਂ ਭੱਜ ਬਾਹਾਂ,
ਭਾਈ ਗਿਆਂ ਜੇਡੀ ਕਾਈ ਹਾਰ ਨਾਹੀ।

ਦਰਦ ਭਿੱਜੇ ਇਨ੍ਹਾਂ ਬੋਲਾਂ ਨੂੰ ਦਸ ਹਜ਼ਾਰ ਤੋਂ ਵੱਧ ਸਰੋਤਿਆਂ ਨੇ ਸਾਹ ਰੋਕ ਕੇ ਸੁਣਿਆ। ਇਹ ਗੀਤ ਮੁੱਕਣਸਾਰ ਕੈਫੀ ਆਜ਼ਮੀ ਦੀ ਜੀਵਨ ਸਾਥਣ ਅਤੇ 'ਇਪਟਾ' ਲਹਿਰ ਦੀ ਮਜ਼ਬੂਤ ਥੰਮ੍ਹ ਰਹੀ ਫਿਲਮ ਕਲਾਕਾਰ ਸ਼ੌਕਤ ਆਜ਼ਮੀ ਇਕਦਮ ਮੰਚ 'ਤੇ ਆਈ ਅਤੇ ਬੋਲੀ, "ਐ ਪੰਜਾਬ ਵਾਲੋ! ਇਤਨਾ ਕੀਮਤੀ ਹੀਰਾ ਛੁਪਾਈ ਬੈਠੇ ਹੋ, ਮੇਰਾ ਸਾਰਾ ਕੁਝ ਲੇ ਲੋ, ਮੁਝੇ ਅਮਰਜੀਤ ਗੁਰਦਾਸਪੁਰੀ ਦੇ ਦੋ। ਇਸ ਨੇ ਜੋ ਪੰਜਾਬ ਕਾ ਦਰਦ ਗਾਇਆ ਹੈ, ਕਾਸ਼! ਵੋਹ ਮੇਰਾ ਹਿੱਸਾ ਬਨ ਜਾਏ ਔਰ ਵੋਹ ਦਿਨ ਕਭੀ ਨਾ ਆਏ ਜਬ ਹਿੰਦੂ ਭਾਈਓਂ ਕੇ ਜਾਨੇ ਕਾ ਰੁਦਨ ਅਮਰਜੀਤ ਗੁਰਦਾਸਪੁਰੀ ਜੈਸੇ ਕਲਾਕਾਰੋਂ ਕੋ ਫਿਰ ਕਰਨਾ ਪੜੇ।" ਜਗਦੇਵ ਸਿੰਘ ਜੱਸੋਵਾਲ ਅਤੇ ਪੰਜਾਬੀ ਨਾਵਲਕਾਰ ਰਾਮ ਸਰੂਪ ਅਣਖੀ ਇਸ ਗੱਲ ਦੀ ਗਵਾਹੀ ਦੇ ਸਕਦੇ ਸਨ ਪਰ ਉਹ ਸਾਥੋਂ ਕਈ ਸਾਲ ਪਹਿਲਾਂ ਵਿਛੜ ਗਏ। ਉਸ ਰਾਤ ਸਾਡਾ ਸਾਰਿਆਂ ਦਾ ਟਿਕਾਣਾ ਜਸੋਵਾਲ ਦੇ ਗੁਰਦੇਵ ਨਗਰ ਵਾਲੇ ਆਲ੍ਹਣੇ ਵਾਲੇ ਚੁਬਾਰੇ ਵਿਚ ਹੀ ਸੀ। ਇੱਥੇ ਹੀ ਅਮਰਜੀਤ ਗੁਰਦਾਸਪੁਰੀ ਨੇ ਆਪਣੇ ਗੀਤਾਂ ਨਾਲ ਰਾਮ ਸਰੂਪ ਅਣਖੀ ਨੂੰ ਕੀਲਿਆ। ਬਰਨਾਲਾ ਪਰਤ ਕੇ ਉਸ ਨੇ ਗੁਰਦਾਸਪੁਰੀ ਬਾਰੇ ਕਿਸੇ ਅਖਬਾਰ ਵਿਚ ਲਿਖਿਆ।

ਅਮਰਜੀਤ ਗੁਰਦਾਸਪੁਰੀ ਸਾਹਿਤ ਸਿਰਜਣਾ ਦੇ ਸਮਾਨਾਂਤਰ ਤੁਰਦਾ ਉਹ ਕਲਾਕਾਰ ਹੈ ਜਿਸ ਨੇ ਸ਼ਿਵ ਕੁਮਾਰ ਬਟਾਲਵੀ ਤੋਂ ਲੈ ਕੇ ਮੇਰੇ ਵਰਗੇ ਅਨੇਕਾਂ ਲੋਕਾਂ ਨੂੰ ਸਾਹਿਤ ਸਿਰਜਣਾ ਲਈ ਥਾਪੜਾ ਦਿੱਤਾ। ਸ਼ਿਵ ਕੁਮਾਰ ਨੇ 'ਕਾਲੀ ਦਾਤਰੀ ਚੰਨਣ ਦਾ ਦਸਤਾ, ਲੱਛੀ ਕੁੜੀ ਵਾਢੀਆਂ ਕਰੇ' ਗੀਤ ਅਮਰਜੀਤ ਗੁਰਦਾਸਪੁਰੀ ਦੀ ਬੰਬੀ 'ਤੇ ਬਹਿ ਕੇ ਲਿਖਿਆ ਸੀ। ਸ਼ਿਵ ਕੁਮਾਰ ਨੂੰ ਅੰਮ੍ਰਿਤਸਰ ਦੀਆਂ ਸਾਹਿਤਕ ਮਹਿਫਲਾਂ ਵਿਚ ਪਹਿਲੀ ਵਾਰ ਅਮਰਜੀਤ ਗੁਰਦਾਸਪੁਰੀ ਹੀ ਲੈ ਕੇ ਗਿਆ। ਇਸ ਦਾ ਵੇਰਵਾ ਪ੍ਰੋਫੈਸਰ ਹਰਬੰਸ ਲਾਲ ਅਗਨੀਹੋਤਰੀ ਆਪਣੀ ਜੀਵਨ ਗਾਥਾ ਵਿਚ ਬੜੇ ਮਾਣ ਨਾਲ ਦਿੰਦੇ ਹਨ ਕਿ ਕਿਵੇਂ ਸ਼ਿਵ ਕੁਮਾਰ ਨੂੰ ਪਹਿਲੀ ਵਾਰ ਅਮਰਜੀਤ ਗੁਰਦਾਸਪੁਰੀ ਹੀ ਅੰਮ੍ਰਿਤਸਰ ਦੇ ਹਾਲ ਬਾਜ਼ਾਰ ਸਥਿਤ ਤੇਜ ਪ੍ਰਿੰਟਿੰਗ ਪ੍ਰੈਸ 'ਤੇ ਲੈ ਕੇ ਆਇਆ ਜੋ ਉਨ੍ਹੀਂ ਦਿਨੀਂ ਸਾਹਿਤਕ ਸਭਿਆਚਾਰਕ ਸਰਗਰਮੀਆਂ ਦਾ ਮੁੱਖ ਕੇਂਦਰ ਸੀ। ਸ਼ਿਵ ਕੁਮਾਰ ਬਟਾਲਵੀ ਦੀ ਕਰਤਾਰ ਸਿੰਘ ਬਲੱਗਣ ਨਾਲ ਮੁਲਾਕਾਤ ਵੀ ਉਸ ਨੇ ਹੀ ਕਰਵਾਈ ਜੋ ਉਸ ਵੇਲੇ ਮਾਸਕ ਪੱਤਰ ਕਵਿਤਾ ਦੇ ਸੰਪਾਦਕ ਸਨ। ਸ਼ਿਵ ਕੁਮਾਰ ਬਟਾਲਵੀ ਤੋਂ ਪਹਿਲਾਂ ਦੀ ਕਾਵਿ ਪ੍ਰੰਪਰਾ ਵਿਚ ਸਭ ਤੋਂ ਸੁਰੀਲਾ ਨਾਮ ਕਰਤਾਰ ਸਿੰਘ ਬਲੱਗਣ ਦਾ ਸੀ ਜਿਸ ਨੇ ਅਮਰਜੀਤ ਗੁਰਦਾਸਪੁਰੀ ਦੀ ਆਵਾਜ਼ ਲਈ ਕਈ ਵਿਸ਼ੇਸ਼ ਗੀਤ ਲਿਖੇ, ਉਨ੍ਹਾਂ ਵਿਚੋਂ ਕੁਝ ਗੀਤ ਤਾਂ ਸਿਰਫ ਅਮਰਜੀਤ ਨੇ ਹੀ ਗਾਏ ਹਨ। ਮਿਸਾਲ ਵਜੋਂ:

ਚਿੱਟੀ-ਚਿੱਟੀ ਪਗੜੀ ਤੇ ਘੁੱਟ-ਘੁੱਟ ਬੰਨ੍ਹ,
ਭਲਾ ਵੇ ਮੈਨੂੰ ਤੇਰੀ ਸਹੁੰ ਈ,
ਵਿਚ ਵੇ ਗੁਲਾਬੀ ਫੁੱਲ ਟੰਗਿਆ ਕਰ।

ਠੰਢੇ ਬੁਰਜ ਵਿਚੋਂ ਇਕ ਦਿਨ ਦਾਦੀ ਮਾਤਾ,

*(ਬਾਕੀ ਸਫਾ 29 'ਤੇ)*

# ਤਾਜਪੋਸ਼ੀ

## ਮਹਾਰਾਣੀ ਜਿੰਦਾਂ ਬਾਰੇ ਨਾਵਲ 'ਆਖਰੀ ਮਹਾਰਾਣੀ' ਦਾ ਇਕ ਅਧਿਆਇ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਮਹਾਰਾਣੀ ਜਿੰਦਾਂ ਦੇ ਜੀਵਨ ਨੂੰ ਆਧਾਰ ਬਣਾ ਕੇ ਲਿਖੇ ਚਿਤਰਾ ਬੈਨਰਜੀ ਦਿਵਾਕਰੂਨੀ ਦੇ ਅੰਗਰੇਜ਼ੀ ਨਾਵਲ 'ਦਿ ਲਾਸਟ ਮਹਾਰਾਣੀ' ਦੇ ਪੰਜਾਬੀ ਅਨੁਵਾਦ 'ਆਖਰੀ ਮਹਾਰਾਣੀ' ਬਾਰੇ ਉਘੇ ਵਿਦਵਾਨ ਡਾ. ਹਰਪਾਲ ਸਿੰਘ ਪੰਨੂ ਦੀ ਟਿੱਪਣੀ ਨਸ਼ਰ ਕੀਤੀ ਸੀ ਜਿਸ ਵਿਚ ਉਨ੍ਹਾਂ ਨਾਵਲ ਦੀ ਲੇਖਕਾ ਦੇ ਟੀਰ ਦੀ ਗੱਲ ਕੀਤੀ ਸੀ। ਇਸ ਵਾਰ ਅਸੀਂ ਇਸ ਨਾਵਲ ਦਾ ਇਕ ਅਧਿਆਇ ਛਾਪ ਰਹੇ ਹਾਂ ਜਿਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਤਾਜਪੋਸ਼ੀ ਦਾ ਜ਼ਿਕਰ ਹੈ।***




**ਚਿਤਰਾ ਬੈਨਰਜੀ ਦਿਵਾਕਰੂਨੀ**
**ਤਰਜਮਾ: ਡਾ. ਤਰਸ਼ਿੰਦਰ ਕੌਰ**




*ਅੰਗਰੇਜ਼ੀ ਵਿਚ ਛਪਿਆ ਨਾਵਲ 'ਦਿ ਲਾਸਟ ਕੁਈਨ'।*

> ***ਅਸੀਂ ਕਵਾਇਦ ਦੇ ਮੈਦਾਨ 'ਚ ਪਹੁੰਚੇ, ਜਿੱਥੇ ਕੁਝ ਸਰਦਾਰ ਪਹਿਲਾਂ ਹੀ ਉਡੀਕ ਰਹੇ ਹਨ। ਮੈਨੂੰ ਪਤਾ ਹੈ ਕਿ ਮਰਦਾਂ ਦੇ ਇਸ ਅਖਾੜੇ ਵਿਚ ਮੇਰੇ ਅਚਾਨਕ ਆ ਜਾਣ ਨਾਲ ਉਹ ਬਹੁਤ ਹੈਰਾਨ ਹੋਣਗੇ। ਮੈਂ ਉਸ ਸਮੱਸਿਆ ਨਾਲ ਵੀ ਥੋੜ੍ਹੀ ਦੇਰ 'ਚ ਨਜਿੱਠ ਹੀ ਲਵਾਂਗੀ। ਇਸ ਵੇਲੇ ਮੇਰਾ ਧਿਆਨ ਸਿਪਾਹੀਆਂ ਵੱਲ ਹੈ। ਪੂਰਾ ਮੈਦਾਨ ਉਨ੍ਹਾਂ ਨਾਲ ਭਰਿਆ ਹੋਇਆ ਹੈ: ਲਾਲ ਤੇ ਪੀਲੀਆਂ ਵਰਦੀਆਂ ਦਾ ਵਿਸ਼ਾਲ ਸਮੁੰਦਰ, ਤੇ ਇਹ ਪੰਜਾਬ ਦੀਆਂ ਫੌਜਾਂ ਦਾ ਸਿਰਫ ਛੋਟਾ ਜਿਹਾ ਹਿੱਸਾ ਹੈ। ਬਾਕੀ ਦੀ ਫੌਜ ਵੱਖ-ਵੱਖ ਸਰਹੱਦਾਂ 'ਤੇ ਲਗਾਈ ਗਈ ਹੈ: ਤਿੱਬਤ, ਕਾਬਲ ਤੇ ਸਭ ਤੋਂ ਮਹੱਤਵਪੂਰਨ ਸਤਲੁਜ, ਅੰਗਰੇਜ਼ਾਂ ਵਾਲੇ ਪਾਸੇ।***




*ਪੰਜਾਬੀ ਅਨੁਵਾਦ 'ਆਖਰੀ ਮਹਾਰਾਣੀ' ਦਾ ਮੁਖੜਾ।*

ਤਾਜਪੋਸ਼ੀ ਕੁਝ ਹਫਤਿਆਂ 'ਚ ਸ਼ੁਭ ਤਾਰੀਖ ਨੂੰ ਹੋਵੇਗੀ। ਬਹੁਤ ਕੁਝ ਕਰਨ ਵਾਲਾ ਹੈ। ਮੈਂ ਇਹ ਰਸਮ ਦੀਵਾਨ-ਏ-ਆਮ ਜੋ ਕਿਲ੍ਹੇ ਦਾ ਸਭ ਤੋਂ ਵੱਡਾ ਭਵਨ ਹੈ, ਵਿਚ ਕਰਨਾ ਚਾਹੁੰਦੀ ਹਾਂ। ਉਸ ਦੀ ਚਿਪਸ ਵਾਲੀ ਫਰਸ਼ 'ਤੇ ਝਾਲ ਫੇਰਨੀ ਜ਼ਰੂਰੀ ਹੈ, ਕੁਰਸੀਆਂ ਚੰਗੀ ਤਰ੍ਹਾਂ ਸਾਫ ਕਰਨੀਆਂ ਜ਼ਰੂਰੀ ਹਨ। ਤਾਜਪੋਸ਼ੀ ਲਈ ਮੇਰੇ ਤੇ ਦਲੀਪ ਦੇ ਕੱਪੜੇ ਸਵਾਉਣ ਵਾਲੇ ਹਨ, ਤੇ ਜਵਾਹਰ ਦੇ ਵੀ ਕਿਉਂਕਿ ਮੈਂ ਜ਼ੋਰ ਪਾਇਆ ਹੈ ਕਿ ਉਹ ਵੀ ਰਸਮ ਦਾ ਹਿੱਸਾ ਬਣੇਗਾ। ਸੋਨੇ ਦੇ ਉਭਰਵੇਂ ਅੱਖਰਾਂ ਵਾਲੇ ਸੱਦਾ ਪੱਤਰ ਮਿਸਲਾਂ ਦੇ ਮੁਖੀਆਂ ਤੇ ਗੁਆਂਢੀ ਰਾਜਾਂ ਨੂੰ ਭੇਜਣੇ ਹਨ, ਹਾਲਾਂਕਿ ਸਚਾਈ ਇਹ ਹੈ ਕਿ ਉਹ ਅੰਗਰੇਜ਼ਾਂ ਦੇ ਸਾਮੰਤ ਹੀ ਹਨ।

ਹੀਰੇ ਨੇ ਸਾਰੇ ਵਿਸਤਾਰਾਂ ਨੂੰ ਸੰਭਾਲਣ ਦੀ ਪੇਸ਼ਕਸ਼ ਕੀਤੀ ਪਰ ਮੈਨੂੰ ਡਰ ਹੈ ਕਿ ਉਹ ਸਾਰਾ ਕੁਝ ਆਪਣੇ ਅਧੀਨ ਨਾ ਕਰ ਲਵੇ, ਇਹ ਡਰ ਵੀ ਕਿ ਇਹ ਤਾਕਤ ਦੀ ਇੱਕ ਹੋਰ ਹੱਥ 'ਚ ਤਬਦੀਲੀ ਹੋਵੇਗੀ। ਸੋ ਮੈਂ ਖੁਦ ਸੱਦਾ ਪੱਤਰਾਂ 'ਤੇ ਦਸਤਖਤ ਕਰਨ 'ਤੇ ਜ਼ੋਰ ਪਾਇਆ।

"ਯਕੀਨਨ, ਤੈਨੂੰ ਖੁਦ ਨੂੰ ਵੀ ਦਸਤਖਤ ਕਰਨੇ ਚਾਹੀਦੇ ਹਨ।" ਮੈਂ ਪੇਸ਼ਕਸ਼ ਕੀਤੀ।

ਆਪਣੇ ਚਲਾਕ ਪਿਤਾ ਦੁਆਰਾ ਸਿੱਖਿਅਤ ਕੀਤੇ ਹੀਰੇ ਨੇ ਆਪਣੀ ਖਿਝ ਛੁਪਾ ਲਈ।

"ਤੁਹਾਡੇ ਦਸਤਖਤ ਹੀ ਬਹੁਤ ਹਨ, ਰਾਣੀ ਜੀ। ਇਹ ਸਭ ਕੁਝ ਕਰਨ ਲਈ ਤੁਹਾਡਾ ਧੰਨਵਾਦ। ਇਸ ਸਭ ਨਾਲ ਮੈਨੂੰ ਦਰਬਾਰ ਦੇ ਹੋਰ ਮਹੱਤਵਪੂਰਨ ਕੰਮਾਂ ਵੱਲ ਧਿਆਨ ਦੇਣ ਲਈ ਵਿਹਲ ਮਿਲ ਜਾਵੇਗੀ।"

ਸਾਡੇ ਦੋਹਾਂ 'ਚ ਤਣਾਅ ਦਿਨ ਪ੍ਰਤੀ ਦਿਨ ਵਧਦਾ ਗਿਆ ਪਰ ਅਸੀਂ ਸਹਿਯੋਗੀਆਂ ਵਾਂਗ ਵਧੀਆ ਪ੍ਰਦਰਸ਼ਨ ਕਰਨ ਦਾ ਢੰਗ ਕਰਦੇ ਹਾਂ। ਮੈਨੂੰ ਸਭ ਤੋਂ ਵੱਧ ਗੁੱਸਾ ਉਹਦੇ ਜਵਾਹਰ ਪ੍ਰਤੀ ਦਵੈਸ਼ 'ਤੇ ਚੜ੍ਹਿਆ। ਜਦੋਂ ਮੈਂ ਗੁਜ਼ਾਰਿਸ਼ ਕੀਤੀ ਕਿ ਮਹਾਰਾਜੇ ਦਾ ਮਾਮਾ ਹੋਣ ਕਰਕੇ ਜਵਾਹਰ ਨੂੰ ਦਰਬਾਰ 'ਚ ਕੋਈ ਅਹੁਦਾ ਦਿੱਤਾ ਜਾਵੇ ਤਾਂ ਹੀਰੇ ਨੇ ਇਸ ਤਰ੍ਹਾਂ ਪ੍ਰਤੀਕਰਮ ਜਤਾਇਆ ਜਿਵੇਂ ਮੈਂ ਚੰਦ ਮੰਗ ਲਿਆ ਹੋਵੇ।

ਸਾਡੀਆਂ ਸਮੱਸਿਆਵਾਂ ਦਾ ਅਸਲ ਕਾਰਨ ਪੰਡਤ ਜੱਲ੍ਹਾ ਹੈ ਜੋ ਖੱਟੇ ਚਿਹਰੇ ਵਾਲਾ ਬ੍ਰਾਹਮਣ ਹੈ ਤੇ ਦਰਬਾਰ 'ਚ ਅਚਾਨਕ ਹੀ ਹੀਰੇ ਦੇ ਮੁੱਖ ਸਲਾਹਕਾਰ ਵਜੋਂ ਪ੍ਰਗਟ ਹੋ ਗਿਆ ਹੈ। ਉਹ ਉਸ ਹਰ ਗੱਲ ਦਾ ਵਿਰੋਧ ਕਰਦਾ ਹੈ ਜੋ ਵੀ ਮੈਂ ਚਾਹੁੰਦੀ ਹਾਂ। ਅਵਤਾਰ ਤੋਂ ਮੈਨੂੰ ਪਤਾ ਲੱਗਿਆ ਕਿ ਉਹ ਹੀਰੇ ਦਾ ਉਸਤਾਦ ਹੁੰਦਾ ਸੀ ਪਰ ਧਿਆਨ ਵੱਲੋਂ ਲਾਹੌਰ 'ਚੋਂ ਕੱਢ ਦਿੱਤਾ ਗਿਆ ਸੀ ਕਿਉਂਕਿ ਉਹਨੇ ਛੋਟੀ ਉਮਰ ਦੇ ਇਸ ਮੁੰਡੇ 'ਤੇ ਬਹੁਤ ਜ਼ਿਆਦਾ ਪ੍ਰਭਾਵ ਪਾ ਦਿੱਤਾ ਸੀ। ਜੱਲ੍ਹਾ ਜ਼ਰੂਰ ਚੋਰੀ ਛੁਪੇ ਹੀਰੇ ਨਾਲ ਸੰਪਰਕ 'ਚ ਰਿਹਾ ਹੋਵੇਗਾ ਕਿਉਂਕਿ ਉਹ ਧਿਆਨ ਦੀ ਮੌਤ ਤੋਂ ਬਾਅਦ ਇਕਦਮ ਸ਼ਹਿਰ 'ਚ ਵਾਪਸ ਆ ਗਿਆ ਸੀ।

*

ਕਸੂਰ ਦੇ ਨੇੜੇ ਇਕ ਸਰਦਾਰ ਜਿਸ ਕੋਲ ਬਹੁਤ ਵੱਡੀ ਜਗੀਰ ਸੀ, ਦੀ ਮੌਤ ਹੋ ਗਈ ਪਰ ਉਸ ਦਾ ਕੋਈ ਵਾਰਸ ਨਹੀਂ ਸੀ। ਦਰਬਾਰ 'ਚ ਇਹ ਮਾਮਲਾ ਬਹੁਤ ਭਖਿਆ ਹੋਇਆ ਹੈ ਕਿ ਉਸ ਦੀ ਜਗੀਰ ਕਿਸ ਨੂੰ ਦਿੱਤੀ ਜਾਵੇ। ਮੈਂ ਉਹਦੀ ਵਿਧਵਾ ਦੇ ਹੱਕ 'ਚ ਬੋਲੀ ਜੋ ਆਖ ਚੁੱਕੀ ਸੀ ਕਿ ਉਸ ਨੂੰ ਸਾਰੇ ਮਾਮਲੇ ਨਜਿੱਠਣ ਦੀ ਆਗਿਆ ਦਿੱਤੀ ਜਾਵੇ। ਮੈਂ ਇਹ ਨੁਕਤਾ ਉਠਾਇਆ ਕਿ ਉਸ ਦਾ ਭਰਾ ਜੋ ਤਾਕਤਵਰ ਮਿਸਲ ਦਾ ਸਰਦਾਰ ਹੈ, ਨੇ ਉਹਦੀ ਮਦਦ ਕਰਨ ਦਾ ਵਾਅਦਾ ਵੀ ਕੀਤਾ ਹੈ। ਸਾਡੀ ਸਹਿਮਤੀ ਉਸ ਨੂੰ ਸਾਡੀ ਪੱਕੀ ਸਹਿਯੋਗੀ ਬਣਾ ਦੇਵੇਗੀ। ਬਹੁਤੇ ਵੱਡੇ ਦਰਬਾਰੀ ਇਸ ਗੱਲ ਲਈ ਸਹਿਮਤ ਵੀ ਹੋ ਗਏ ਪਰ ਜੱਲ੍ਹਾ ਇਹ ਜਗੀਰ ਕਿਸੇ ਹਿੰਦੂ ਸਰਦਾਰ ਨੂੰ ਦੇਣਾ ਚਾਹੁੰਦਾ ਹੈ। ਹੀਰੇ ਨੇ ਜੱਲ੍ਹੇ ਦਾ ਪੱਖ ਪੂਰਿਆ ਅਤੇ ਵਜ਼ੀਰ ਹੋਣ ਦੇ ਨਾਤੇ ਉਸ ਨੂੰ ਅੰਤਿਮ ਗੱਲ ਆਖਣ ਦਾ ਹੱਕ ਵੀ ਹੈ ਪਰ ਮੈਂ ਕਈ ਲੋਕਾਂ ਨੂੰ ਬੁੜਬੁੜ ਕਰਦੇ ਸੁਣਿਆ ਕਿ ਹਿੰਦੂ ਸਾਡਾ ਰਾਜ ਹਥਿਆਉਣ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ।

ਮੈਂ ਸ਼ੀਸ਼ ਮਹਿਲ ਪਹੁੰਚ ਕੇ ਅੱਗ-ਬਗੂਲਾ ਹੋਈ ਆਖਣ ਲੱਗੀ, "ਹੀਰਾ ਅੰਧਾ-ਧੁੰਦ ਜੱਲ੍ਹੇ ਦੇ ਪਿੱਛੇ ਲੱਗ ਰਿਹੈ, ਜਦੋਂ ਕਿ ਤਜਰਬੇਕਾਰ ਦਰਬਾਰੀ ਵਧੀਆ ਸਲਾਹ ਦੇ ਸਕਦੇ ਐ। ਇਹ ਗੱਲ ਦਰਬਾਰ 'ਚ ਹਿੰਦੂਆਂ ਤੇ ਸਿੱਖਾਂ 'ਚ ਖਤਰਨਾਕ ਵੰਡ ਪੈਦਾ ਹੋਣ ਦਾ ਕਾਰਨ ਬਣ ਸਕਦੀ ਐ ਜਿਸ ਤੋਂ ਦੂਰ ਰਹਿਣ ਲਈ ਸਰਕਾਰ ਨੇ ਐਨੀ ਸਖਤ ਮਿਹਨਤ ਕੀਤੀ।"

"ਮੈਂ ਉਸ ਜੱਲ੍ਹੇ ਨੂੰ ਨਫਰਤ ਕਰਦੈਂ", ਜਵਾਹਰ- ਮੇਰਾ ਭਰਾ ਬੋਲਿਆ। "ਮੈਂ ਖੁਦ ਉਹਨੂੰ ਤੈਨੂੰ ਉਹਦੀਆਂ ਮਣਕਿਆਂ ਵਰਗੀਆਂ ਅੱਖਾਂ ਨਾਲ ਨਿਹਾਰਦੇ ਵੇਖਿਐ, ਜਿਵੇਂ ਸੱਪ ਡਸਣ ਨੂੰ ਤਿਆਰ ਹੀ ਬੈਠਾ ਹੋਵੇ।"

ਮੈਂ ਡੂੰਘਾ ਸਾਹ ਭਰਿਆ, "ਜੱਲ੍ਹਾ ਤਖਤ ਪਿਛਲੀ ਅਸਲੀ ਤਾਕਤ ਬਣਨਾ ਚਾਹੁੰਦੈ, ਉਹ ਦਲੀਪ ਨੂੰ ਇੰਝ ਹੀ ਕਾਬੂ ਕਰਨਾ ਚਾਹੁੰਦੈ ਜਿਵੇਂ ਉਹਨੇ ਹੀਰੇ ਨੂੰ ਕਾਬੂ ਕੀਤੈ। ਉਹ ਓਨੀ ਦੇਰ ਇਹ ਸਭ ਨਹੀਂ ਕਰ ਸਕਦਾ ਜਿੰਨੀ ਦੇਰ ਮੈਂ ਹਾਂ। ਇਹੀ ਕਾਰਨ ਹੈ ਕਿ ਉਹ ਹੀਰੇ ਨੂੰ ਮੇਰੇ ਵਿਰੁੱਧ ਕਰ ਰਿਹੈ।"

"ਸਾਨੂੰ ਇਸ ਆਦਮੀ ਤੋਂ ਖਹਿੜਾ ਛੁਡਾਉਣਾ ਪੈਣੈਂ, ਕੋਈ ਭਾੜੇ ਦਾ ਕਾਤਲ ਲੱਭ।"

"ਇਹ ਗੱਲਾਂ ਇੰਨੀਆਂ ਵੀ ਸੌਖੀਆਂ ਨਹੀਂ", ਮੈਂ ਭਰਵਾਂ ਦਖਲ ਦਿੰਦਿਆਂ ਕਿਹਾ, "ਤੁਸੀਂ ਕੋਈ ਜਲਦਬਾਜ਼ੀ ਨਹੀਂ ਕਰ ਸਕਦੇ।"

"ਤੂੰ ਲੋੜ ਤੋਂ ਵੱਧ ਸਾਵਧਾਨ ਰਹਿੰਦੀ ਐਂ", ਜਵਾਹਰ ਬੁੜਬੁੜਾਇਆ। "ਮੇਰੀ ਇੱਛਾ ਹੈ ਕਿ ਤੂੰ ਮੈਨੂੰ ਖੁਦ ਨੂੰ ਇਸ ਮਾਮਲੇ ਨਾਲ ਨਜਿੱਠਣ ਦੇਵੇ।" ਪਰ ਮੈਂ ਓਨੀ ਦੇਰ ਜ਼ੋਰ ਪਾਉਂਦੀ ਰਹੀ ਜਿੰਨੀ ਦੇਰ ਉਹਨੇ ਮੈਨੂੰ ਵਚਨ ਨਹੀਂ ਦੇ ਦਿੱਤਾ।

ਉਸ ਰਾਤ ਮੈਂ ਸੌਂ ਨਹੀਂ ਸਕੀ। ਜਵਾਹਰ ਨੇ ਮੈਨੂੰ ਫਿਕਰਾਂ 'ਚ ਪਾ ਦਿੱਤਾ। ਇਹ ਸਿਰਫ ਇਸ ਕਰਕੇ ਨਹੀਂ ਸੀ ਕਿ ਉਹ ਗਰਮ ਦਿਮਾਗ ਦਾ ਹੈ ਤੇ ਕਤਲ ਕਰਨ ਦੀਆਂ ਯੋਜਨਾਵਾਂ ਬਣਾ ਰਿਹਾ ਸੀ। ਉਹ ਲਗਾਤਾਰ ਬਹੁਤ ਮਹਿੰਗੇ ਕੱਪੜੇ ਤੇ ਗਹਿਣੇ ਮੇਰੇ ਖਾਤੇ 'ਚੋਂ ਲੈਂਦਾ ਰਹਿੰਦਾ, ਜਦੋਂ ਕਿ ਮੈਂ ਉਹਨੂੰ ਦੱਸ ਚੁੱਕੀ ਹਾਂ ਕਿ ਮੈਂ ਲਾਲ ਦੀ ਸਲਾਹ ਮੁਤਾਬਕ ਖਰਚੇ ਘਟਾਉਣੇ ਹਨ। ਦਰਬਾਰ 'ਚ ਜਦੋਂ ਉਹਨੂੰ ਦਰਬਾਰੀ ਅਣਗੌਲਿਆਂ ਕਰਦੇ ਤਾਂ ਵੀ ਉਹ ਦਖਲ ਦੇਣ ਦੀ ਕਾਹਲੀ ਕਰਦਾ। ਉਹ ਮੈਨੂੰ ਦਾਅਵਤ ਜਿਸ ਵਿਚ ਨੱਚਣ ਵਾਲੀਆਂ ਤੇ ਆਤਿਸ਼ਬਾਜ਼ੀ ਹੋਵੇ, ਦਾ ਪ੍ਰਬੰਧ ਕਰਨ ਨੂੰ ਆਖਣ ਲੱਗਾ, "ਤੂੰ ਰਾਜ ਪ੍ਰਬੰਧਕ ਮਹਾਰਾਣੀ ਬਣ ਗਈ ਹੈਂ, ਕੀ ਇਸ ਗੱਲ ਦਾ ਜਸ਼ਨ ਨਹੀਂ ਮਨਾਉਣਾ ਚਾਹੀਦਾ?" ਮੈਂ ਉਹਨੂੰ ਸਮਝਾਇਆ ਕਿ ਇੰਨੀਆਂ ਭਿਆਨਕ ਮੌਤਾਂ ਹੋਣ ਤੋਂ ਏਨੀ ਜਲਦੀ ਜਸ਼ਨ ਮਨਾਉਣੇ ਸੋਭਦੇ ਨਹੀਂ ਪਰ ਮੈਨੂੰ ਇਸ ਗੱਲ ਦਾ ਫਿਕਰ ਹੈ ਕਿ ਉਹਨੂੰ ਆਪਣੇ ਆਪ ਇਨ੍ਹਾਂ ਗੱਲਾਂ ਦੀ ਸਮਝ ਕਿਉਂ ਨਹੀਂ।

ਕੀ ਇਹ ਮੇਰਾ ਕਸੂਰ ਹੈ ਕਿ ਮੈਂ ਉਹਨੂੰ ਚਿੱਠੀ 'ਚ ਹਾਸੇ 'ਚ ਲਿਖ ਦਿੱਤਾ ਸੀ ਕਿ 'ਕਿੰਨਾ ਮਜ਼ਾ ਆਊਗਾ!'

ਇਕ ਹੋਰ ਚੁੱਭਣ ਵਾਲੀ ਗੱਲ ਇਹ ਹੈ ਕਿ ਉਹਨੇ ਦੁਬਾਰਾ ਮੰਗਲਾ ਨਾਲ ਸੌਣਾ ਸ਼ੁਰੂ ਕਰ ਦਿੱਤਾ ਹੈ। ਮੰਗਲਾ ਤਾਂ ਬੁੱਧੀਮਾਨ ਹੈ ਪਰ ਜਵਾਹਰ ਨਹੀਂ। ਉਹ ਅਕਸਰ ਅਸ਼ਲੀਲ ਚੁਟਕਲੇ ਸੁਣਾਉਂਦਾ ਰਹਿੰਦਾ ਅਤੇ ਜਦੋਂ ਮੰਗਲਾ ਕੋਲੋਂ ਲੰਘਦੀ, ਉਹਨੂੰ ਫੜ ਵੀ ਲੈਂਦਾ। ਇਸ ਸਭ ਨਾਲ ਮੈਂ ਔਖ ਮਹਿਸੂਸ ਕਰਦੀ, ਖਾਸ ਤੌਰ 'ਤੇ ਜਦੋਂ ਉਹ ਦਲੀਪ ਸਾਹਮਣੇ ਇਸ ਤਰ੍ਹਾਂ ਕਰਦਾ ਜੋ ਆਪਣੇ ਮਾਮੇ ਜਵਾਹਰ ਨੂੰ ਮੋਹ ਕਰਦਾ ਹੈ ਤੇ ਉਹਦੀਆਂ ਆਦਤਾਂ ਦੀ ਰੀਸ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ। ਸ਼ਾਇਦ ਸਰਕਾਰ ਰਿਸ਼ਤੇਦਾਰਾਂ ਨੂੰ ਦਰਬਾਰ 'ਚ ਕਦੇ ਵੀ ਨਾ ਆਉਣ ਦੇਣ 'ਚ ਸਖਤਾਈ ਕਰਨ ਦੀ ਨੀਤੀ ਲਾਗੂ ਕਰਨ 'ਚ ਦਰੁਸਤ ਹੀ ਸਨ। ਮੈਂ ਇਸ ਕਪਟੀ ਵਿਚਾਰ ਨੂੰ ਪਰ੍ਹਾਂ ਧੱਕ ਦਿੱਤਾ। ਜਵਾਹਰ ਮੇਰਾ ਇਕਲੌਤਾ ਭਰਾ ਹੈ। ਯਕੀਨਨ ਉਸ ਦਾ ਮੇਰਾ ਪੱਖ ਪੂਰਨ ਲਈ ਹੋਣਾ ਬਹੁਤ ਜ਼ਰੂਰੀ ਹੈ।

ਮੈਂ ਫਕੀਰ ਜੀ ਦੇ ਆਖਰੀ ਸ਼ਬਦਾਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਨ੍ਹਾਂ ਦਾ ਆਖਣ ਦਾ ਕੀ ਮਤਲਬ ਸੀ, ਜਦੋਂ ਉਨ੍ਹਾਂ ਨੇ ਮੈਨੂੰ ਸਦਾ ਕੌਰ ਵਾਂਗ ਬਣਨ ਦੀ ਸਲਾਹ ਦਿੱਤੀ ਸੀ। ਮੈਂ ਸਾਰੀ ਰਾਤ ਸੋਚਦੀ ਰਹੀ। ਜਦੋਂ ਸਵੇਰ ਦੇ ਚਾਨਣ ਨਾਲ ਮੇਰੀ ਖਿੜਕੀ ਰੁਸ਼ਨਾਈ ਤਾਂ ਮੇਰੇ ਦਿਮਾਗ 'ਚ ਇਕ ਅਮਲੀ ਯੋਜਨਾ ਵੀ ਬਣ ਗਈ। ਹੀਰਾ ਜਦੋਂ ਦਰਬਾਰ ਤੋਂ ਵਾਪਿਸ ਜਾ ਰਿਹਾ ਸੀ ਤਾਂ ਮੈਂ ਉਹਨੂੰ ਰੋਕਿਆ ਤੇ ਗੁਜ਼ਾਰਿਸ਼ ਕੀਤੀ ਕਿ ਖਾਲਸਾ ਫੌਜ ਨੂੰ ਆਪਣੇ ਨਵੇਂ ਮਹਾਰਾਜੇ ਨਾਲ ਮਿਲਣ ਦਾ ਸੱਦਾ ਭੇਜੇ।

> ***ਉਸ ਰਾਤ ਮੈਂ ਸੌਂ ਨਹੀਂ ਸਕੀ। ਜਵਾਹਰ ਨੇ ਮੈਨੂੰ ਫਿਕਰਾਂ 'ਚ ਪਾ ਦਿੱਤਾ। ਇਹ ਸਿਰਫ ਇਸ ਕਰਕੇ ਨਹੀਂ ਸੀ ਕਿ ਉਹ ਗਰਮ ਦਿਮਾਗ ਦਾ ਹੈ ਤੇ ਕਤਲ ਕਰਨ ਦੀਆਂ ਯੋਜਨਾਵਾਂ ਬਣਾ ਰਿਹਾ ਸੀ। ਉਹ ਲਗਾਤਾਰ ਬਹੁਤ ਮਹਿੰਗੇ ਕੱਪੜੇ ਤੇ ਗਹਿਣੇ ਮੇਰੇ ਖਾਤੇ 'ਚੋਂ ਲੈਂਦਾ ਰਹਿੰਦਾ, ਜਦੋਂ ਕਿ ਮੈਂ ਉਹਨੂੰ ਦੱਸ ਚੁੱਕੀ ਹਾਂ ਕਿ ਮੈਂ ਲਾਲ ਦੀ ਸਲਾਹ ਮੁਤਾਬਕ ਖਰਚੇ ਘਟਾਉਣੇ ਹਨ।***

"ਦਲੀਪ ਫੌਜ ਦਾ ਰਸਮੀ ਨਿਰੀਖਣ ਕਰ ਸਕਦੈ ਤੇ ਉਨ੍ਹਾਂ ਨੂੰ ਤੋਹਫਾ ਦੇ ਸਕਦੈ।"

"ਇਸ ਵਲ?" ਹੀਰੇ ਨੇ ਕਿਹਾ, "ਤਾਜਪੋਸ਼ੀ ਤੋਂ ਪਹਿਲਾਂ ਕਰਨ ਵਾਲੇ ਹਜ਼ਾਰਾਂ ਕੰਮ ਪਏ ਹਨ।"

ਮੈਂ ਆਪਣੀ ਆਵਾਜ਼ ਨੂੰ ਪਠਾਣੀ ਵਾਂਗੂੰ ਕੋਮਲ ਤੇ ਮਿੱਠਾ ਕਰ ਲਿਆ, "ਇਹਦੇ ਨਾਲ ਫੌਜ ਦਾ ਹੌਸਲਾ ਵਧੂ ਤੇ ਉਨ੍ਹਾਂ ਦੀ ਵਿਸ਼ਵਾਸ ਪਾਤਰਤਾ 'ਚ ਵੀ ਵਾਧਾ ਹੋਊ। ਯਕੀਨੀ ਤੌਰ 'ਤੇ ਤੂੰ ਵੀ ਇਹੀ ਚਾਹੁੰਦੈ।"

ਮੈਨੂੰ ਨਹੀਂ ਪਤਾ ਕਿ ਇਹ ਮੇਰੇ ਲਹਿਜੇ ਕਰਕੇ ਹੈ ਜਾਂ ਦਲੀਲ ਕਰਕੇ ਪਰ ਹੀਰਾ ਮੰਨ ਗਿਆ। "ਕੱਲ੍ਹ ਨੂੰ ਅਵਤਾਰ ਦਲੀਪ ਨੂੰ ਅਕਬਰੀ ਦਰਵਾਜ਼ੇ ਤੱਕ ਲੈ ਆਵੇ, ਮੈਂ ਉਹਨੂੰ ਕਵਾਇਦ ਦੇ ਮੈਦਾਨ 'ਤੇ ਲੈ ਜਾਊਂ।"

*

ਨਿਰੀਖਣ ਕਰਨ ਵਾਲੀ ਸਵੇਰ ਦਲੀਪ ਅਵਤਾਰ ਨਾਲ ਦਰਵਾਜ਼ੇ ਤੱਕ ਚਲਾ ਗਿਆ। ਮੈਂ ਤੇ ਜਵਾਹਰ ਉਨ੍ਹਾਂ ਦੇ ਪਿੱਛੇ ਰਹੇ। ਹੀਰਾ ਇੰਝ ਕਿਵੇਂ ਸੋਚ ਸਕਦਾ ਹੈ ਕਿ ਮੈਂ ਇਹ ਅਹਿਮ ਮੁਲਾਕਾਤ ਆਪਣੀ ਹਾਜ਼ਰੀ ਤੋਂ ਬਿਨਾਂ ਹੋਣ ਦੇਵਾਂਗੀ।

ਕਾਲੀ ਅਰਬੀ ਘੋੜੀ ਜੋ ਲਹਿਣੇ ਨੇ ਦਲੀਪ ਨੂੰ ਤੋਹਫੇ ਵਜੋਂ ਦਿੱਤੀ ਸੀ, ਉਸ ਦੀ ਸਵਾਰੀ ਕਰਦਿਆਂ ਉਹ ਪੁੱਛਣ ਲੱਗਿਆ, "ਕੀ ਲਹਿਣਾ ਚਾਚਾ ਵੀ ਸਾਡੇ ਨਾਲ ਜਾਣਗੇ?"

ਉਹਦੇ ਭੋਲੇ ਜਿਹੇ ਸਵਾਲ ਨੇ ਮੈਨੂੰ ਨਿਰ-ਉੱਤਰ ਕਰ ਦਿੱਤਾ। ਮੈਂ ਆਪਣਾ ਸਿਰ ਮਾਰਿਆ, "ਨਹੀਂ।"

"ਕਿਉਂ ਨਹੀਂ ਬੀਜੀ?"

ਜਵਾਹਰ ਮੇਰੇ ਬਚਾਅ ਲਈ ਆ ਗਿਆ। "ਲਹਿਣੇ ਚਾਚੇ ਨੂੰ ਕਿਤੇ ਜਾਣਾ ਪੈ ਗਿਐ ਪਰ ਮੈਂ ਹਾਂ ਨਾ। ਆ ਖੇਤ ਦੀ ਹੱਦ ਤੱਕ ਦੌੜ ਲਾਈਏ।"

ਜਦੋਂ ਉਹ ਦੌੜ ਲਾਉਣ ਲੱਗੇ ਤਾਂ ਮੈਂ ਸਾਹ ਰੋਕੀ ਰੱਖਿਆ। ਇਸ ਹਫਤੇ ਮੈਂ ਜਵਾਹਰ ਨੂੰ ਹਰ ਰੋਜ਼ ਘੋੜ ਸਵਾਰੀ ਦਾ ਅਭਿਆਸ ਕਰਵਾਉਂਦੀ ਰਹੀ ਤੇ ਅਵਤਾਰ ਨੇ ਅਸਤਬਲ 'ਚੋਂ ਸਭ ਤੋਂ ਸਾਊ ਘੋੜਾ ਉਹਦੇ ਲਈ ਲੱਭਿਆ ਤਾਂ ਕਿ ਉਹਨੂੰ ਕਿਸੇ ਵੀ ਸ਼ਰਮਿੰਦਗੀ ਭਰੇ ਹਾਦਸੇ ਦਾ ਸਾਹਮਣਾ ਨਾ ਕਰਨਾ ਪਵੇ ਪਰ ਹੁਣ ਮੈਂ ਦੇਖ ਰਹੀ ਹਾਂ ਕਿ ਉਹ ਚੰਗਾ ਘੋੜ ਸਵਾਰ ਬਣ ਚੁੱਕਿਆ ਹੈ। ਹਰ ਵੇਲੇ ਜਦੋਂ ਵੀ ਮੈਂ ਸੋਚਦੀ ਹਾਂ ਕਿ ਮੈਂ ਜਵਾਹਰ ਬਾਰੇ ਸਭ ਜਾਣਦੀ ਹਾਂ ਤਾਂ ਉਹ ਮੈਨੂੰ ਹੈਰਾਨ ਕਰ ਦਿੰਦਾ ਹੈ।

ਸ਼ੁਕਰ ਹੈ ਕਿ ਮੈਂ ਘੋੜ ਸਵਾਰੀ ਕਰਨਾ ਨਹੀਂ ਭੁੱਲੀ, ਹਾਲਾਂਕਿ ਜਦੋਂ ਦਾ ਅਸੀਂ ਜੰਮੂ ਛੱਡਿਆ ਹੈ, ਮੈਨੂੰ ਘੋੜੇ 'ਤੇ ਚੜ੍ਹਨ ਤੱਕ ਦਾ ਮੌਕਾ ਨਹੀਂ ਲੱਗਿਆ। ਮੈਂ ਬਹੁਤ ਵਧੀਆ ਲਾਖੇ ਰੰਗ ਦੀ ਘੋੜੀ 'ਤੇ ਸਵਾਰ ਹਾਂ ਜੋ ਖੂਬਸੂਰਤ ਜਾਨਵਰ ਹੈ ਪਰ ਇਹ ਉਹ ਨਹੀਂ ਜਿਸ ਦੀ ਮੈਨੂੰ ਬਹੁਤ ਇੱਛਾ ਹੈ। ਜਦੋਂ ਮੈਂ ਸਸਕਾਰਾਂ ਤੋਂ ਬਾਅਦ ਕਿਲ੍ਹੇ ਵਿਚ ਤਬਦੀਲ ਹੋਈ ਤਾਂ ਪਹਿਲਾ ਕੰਮ ਜੋ ਮੈਂ ਕੀਤਾ, ਉਹ ਇਹ ਸੀ ਕਿ ਅਵਤਾਰ ਨੂੰ ਅਸਤਬਲਾਂ 'ਚ ਭੇਜਿਆ ਕਿ ਲੈਲਾ ਨੂੰ ਲੱਭ। ਮੈਂ ਉਹਨੂੰ ਉਸੇ ਦਿਨ ਮਿਲ ਕੇ ਆਉਣ ਦੀ ਯੋਜਨਾ ਵੀ ਬਣਾ ਲਈ। ਮੈਂ ਉਹਦੇ ਵਾਸਤੇ ਗੁੜ ਵੀ ਤਿਆਰ ਰੱਖਿਆ ਪਰ ਲੈਲਾ ਚਲੀ ਗਈ ਸੀ। ਕਿਸੇ ਨੇ ਹਮਲਿਆਂ ਦੀ ਗੜਬੜ 'ਚ ਉਹਨੂੰ ਚੁਰਾ ਲਿਆ ਸੀ।

ਅਸੀਂ ਕਵਾਇਦ ਦੇ ਮੈਦਾਨ 'ਚ ਪਹੁੰਚੇ, ਜਿੱਥੇ ਕੁਝ ਸਰਦਾਰ ਪਹਿਲਾਂ ਹੀ ਉਡੀਕ ਰਹੇ ਹਨ। ਮੈਨੂੰ ਪਤਾ ਹੈ ਕਿ ਮਰਦਾਂ ਦੇ ਇਸ ਅਖਾੜੇ ਵਿਚ ਮੇਰੇ ਅਚਾਨਕ ਆ ਜਾਣ ਨਾਲ ਉਹ ਬਹੁਤ ਹੈਰਾਨ ਹੋਣਗੇ। ਮੈਂ ਉਸ ਸਮੱਸਿਆ ਨਾਲ ਵੀ ਥੋੜ੍ਹੀ ਦੇਰ 'ਚ ਨਜਿੱਠ ਹੀ ਲਵਾਂਗੀ। ਇਸ ਵੇਲੇ ਮੇਰਾ ਧਿਆਨ ਸਿਪਾਹੀਆਂ ਵੱਲ ਹੈ। ਪੂਰਾ ਮੈਦਾਨ ਉਨ੍ਹਾਂ ਨਾਲ ਭਰਿਆ ਹੋਇਆ ਹੈ: ਲਾਲ ਤੇ ਪੀਲੀਆਂ ਵਰਦੀਆਂ ਦਾ ਵਿਸ਼ਾਲ ਸਮੁੰਦਰ, ਤੇ ਇਹ ਪੰਜਾਬ ਦੀਆਂ ਫੌਜਾਂ ਦਾ ਸਿਰਫ ਛੋਟਾ ਜਿਹਾ ਹਿੱਸਾ ਹੈ। ਬਾਕੀ ਦੀ ਫੌਜ ਵੱਖ-ਵੱਖ ਸਰਹੱਦਾਂ 'ਤੇ ਲਗਾਈ ਗਈ ਹੈ: ਤਿੱਬਤ, ਕਾਬਲ ਤੇ ਸਭ ਤੋਂ ਮਹੱਤਵਪੂਰਨ ਸਤਲੁਜ, ਅੰਗਰੇਜ਼ਾਂ ਵਾਲੇ ਪਾਸੇ। ਮੈਨੂੰ ਪਤਾ ਹੈ ਕਿ ਸਾਡੀ ਫੌਜ ਕਿੰਨੀ ਵੱਡੀ ਹੈ ਕਿਉਂਕਿ ਸਰਕਾਰ ਅਕਸਰ ਹੀ ਬਹੁਤ ਖੂਬਸੂਰਤ ਅੰਦਾਜ਼ 'ਚ ਇਸ ਦਾ ਬਿਆਨ ਕਰਦੇ ਹੁੰਦੇ ਸੀ। ਫਿਰ ਵੀ ਇਨ੍ਹਾਂ ਸਿਪਾਹੀਆਂ ਦਾ ਸਾਹਮਣਾ ਕਰਦਿਆਂ ਮੈਂ ਮਹਿਸੂਸ ਕੀਤਾ ਕਿ ਮੇਰੀਆਂ ਹਥੇਲੀਆਂ ਨੂੰ ਪਸੀਨਾ ਆ ਰਿਹਾ ਹੈ। ਕੀ ਉਹ ਹੀਰੇ ਵਾਂਗ ਮੈਨੂੰ ਦੇਖ ਕੇ ਦੰਗ ਰਹਿ ਜਾਣਗੇ? ਹਾਲਾਂਕਿ ਮੈਂ ਚੰਗੀ ਤਰ੍ਹਾਂ ਆਪਣਾ ਮੂੰਹ ਕੱਜਿਆ ਹੋਇਆ ਹੈ। ਕੀ ਉਹ ਮੈਨੂੰ ਮਾਨਤਾ ਨਹੀਂ ਦੇਣਗੇ?

ਪਹਿਲਾ ਹਮਲਾ ਬਿਨਾਂ ਹੈਰਾਨੀ ਤੋਂ ਜੱਲ੍ਹੇ ਵੱਲੋਂ ਹੋਇਆ, "ਨਿਮਰਤਾ ਸਹਿਤ ਰਾਣੀ ਜੀ ਤੁਸੀਂ ਇੱਥੇ ਕੀ ਕਰ ਰਹੇ ਹੋ?" ਉਸ ਨੇ ਗੁੱਸੇ 'ਚ ਮੰਗ ਕੀਤੀ, "ਇਹ ਬਿਲਕੁਲ ਅਯੋਗ ਹੈ। ਲਾਹੌਰ ਦੇ ਦਰਬਾਰ ਦੀਆਂ ਸ਼ਾਹੀ ਔਰਤਾਂ ਤੋਂ ਪਰਦੇ 'ਚ ਰਹਿਣ ਦੀ ਆਸ ਕੀਤੀ ਜਾਂਦੀ ਹੈ।"

ਮੇਰੇ ਗੁੱਸੇ 'ਚ ਵਾਧਾ ਹੋ ਗਿਆ ਤੇ ਮੈਂ ਉੱਚੀ ਸਾਰੀ ਬੋਲੀ ਤਾਂ ਕਿ ਸਾਰੇ ਦਰਬਾਰੀ ਸੁਣ ਲੈਣ, ਰਾਜ ਪ੍ਰਬੰਧਕ ਹੋਣ ਕਰਕੇ ਇਹ ਮੇਰਾ ਫਰਜ਼ ਐ ਕਿ ਮੈਂ ਇੱਥੇ ਆਪਣੇ ਪੁੱਤਰ ਦਾ ਸਾਥ ਦੇਵਾਂ। ਇਸ ਤੋਂ ਇਲਾਵਾ ਕੀ ਤੂੰ ਭੁੱਲ ਗਿਐਂ ਕਿ ਸਰਕਾਰ ਦੀ ਸੱਸ ਸਦਾ ਕੌਰ ਵੀ ਔਰਤ ਹੀ ਸੀ ਜੋ ਉਨ੍ਹਾਂ ਨਾਲ ਲਾਹੌਰ ਤੱਕ ਘੋੜ ਸਵਾਰੀ ਕਰਕੇ ਆਈ ਤੇ ਮਹਾਰਾਜਾ ਬਣਨ 'ਚ ਉਨ੍ਹਾਂ ਦੀ ਸਹਾਇਤਾ ਕੀਤੀ।

ਮੈਂ ਜੱਲ੍ਹੇ 'ਤੇ ਹੋਰ ਸਮਾਂ ਬਰਬਾਦ ਨਹੀਂ ਕੀਤਾ। ਮੈਂ ਅਵਤਾਰ ਵੱਲ ਵੇਖਿਆ ਜਿਸ ਨੇ ਮੈਨੂੰ ਬੋਲਣ ਲਈ ਤੁਰੀ ਫੜਾ ਦਿੱਤੀ। ਹੁਣ ਸਾਰਾ ਇਕੱਠ ਮੇਰੇ ਵੱਲ ਹੀ ਝਾਕ ਰਿਹਾ ਸੀ। ਮੈਂ ਆਪਣਾ ਘੋੜਾ ਥੋੜ੍ਹਾ ਹੋਰ ਅੱਗੇ ਕਰ ਲਿਆ। ਹੁਣ ਮੈਂ ਸਿੱਧੇ ਤੌਰ 'ਤੇ ਫੌਜ ਦੇ ਬਿਲਕੁਲ ਸਾਹਮਣੇ ਸੀ। ਮੈਂ ਬੋਲਣ ਵਾਲੀ ਤੁਰੀ ਕੰਬਦੀਆਂ ਉਂਗਲਾਂ ਨਾਲ ਫੜੀ ਪਰ ਮੇਰੀ ਆਵਾਜ਼ (ਵਾਹਿਗੁਰੂ ਤੇਰਾ ਸ਼ੁਕਰ ਹੈ) ਬਿਲਕੁਲ ਸਾਫ ਤੇ ਮਜ਼ਬੂਤ ਹੈ।

"ਖਾਲਸਾ ਜੀ!" ਮੈਂ ਸ਼ੁਰੂਆਤ ਕੀਤੀ, ਕਿਉਂਕਿ ਸਰਕਾਰ ਫੌਜ ਨੂੰ ਇੰਝ ਹੀ ਸੰਬੋਧਤ ਕਰਦੇ ਸਨ। "ਮੈਂ ਤੇ ਮੇਰਾ ਪੁੱਤਰ ਤੁਹਾਡੀ ਬਹੁਤ ਇੱਜ਼ਤ ਕਰਦੇ ਆਂ। ਤਖਤ ਦੀ ਸੇਵਾ ਕਰਨ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ। ਅਸੀਂ ਸਾਡੀ ਸੁਰੱਖਿਆ ਤੇ ਪੰਜਾਬ ਦੀ ਸੁਰੱਖਿਆ ਲਈ ਤੁਹਾਡੀ ਬਹਾਦਰੀ 'ਤੇ ਨਿਰਭਰ ਕਰਦੇ ਆਂ, ਕਿਰਪਾ ਕਰਕੇ ਦਲੀਪ ਨੂੰ ਆਪਣਾ ਅਸ਼ੀਰਵਾਦ ਦਿਉ, ਕਿਉਂਕਿ ਉਹ ਤਾਜਪੋਸ਼ੀ ਲਈ ਤਿਆਰੀ ਕਰ ਰਿਹੈ। ਤੁਹਾਡੀ ਕਦਰ ਕਰਦਿਆਂ ਉਹ ਫੌਜ ਦੀਆਂ ਵਿਭਿੰਨ ਚਾਲਾਂ ਵੇਖਣ ਬਾਅਦ ਸਭ ਨੂੰ ਇੱਕ-ਇੱਕ ਨਾਨਕਸ਼ਾਹੀ ਸਿੱਕਾ ਭੇਟ ਕਰੇਗਾ।"

ਸਿਪਾਹੀ ਚੁੱਪ ਖੜ੍ਹੇ ਹਨ। ਉਨ੍ਹਾਂ ਦੇ ਚਿਹਰੇ ਭਾਵਹੀਣ ਹਨ। ਕੀ ਮੈਂ ਅਸਫਲ ਰਹੀ? ਮੈਂ ਜੱਲ੍ਹੇ ਦੇ ਚਿਹਰੇ 'ਤੇ ਤਸੱਲੀ ਵੇਖ ਸਕਦੀ ਹਾਂ। ਜੋ ਵੀ

***(ਬਾਕੀ ਅਗਲੇ ਸਫੇ 'ਤੇ)***

ਹੋਵੇ, ਮੈਨੂੰ ਮੇਰੀ ਯੋਜਨਾ ਜਾਰੀ ਰੱਖਣੀ ਚਾਹੀਦੀ ਹੈ। ਮੈਂ ਦਲੀਪ ਨੂੰ ਅੱਗੇ ਬੁਲਾਇਆ। ਉਹ ਆਪਣੇ ਘੋੜੇ 'ਤੇ ਉੱਚਾ ਹੋ ਕੇ ਬੈਠਾ ਹੈ- ਜਿੰਨਾ ਕੁ ਉੱਚਾ-ਲੰਮਾ ਪੰਜ ਸਾਲ ਦੀ ਉਮਰ 'ਚ ਕੋਈ ਹੋ ਸਕਦਾ ਹੈ, ਤੇ ਆਪਣੀ ਬਾਂਹ ਸ਼ਾਹੀ ਅੰਦਾਜ਼ 'ਚ ਉੱਪਰ ਚੁੱਕ ਕੇ ਹਿਲਾ ਰਿਹਾ ਹੈ। ਇਸ ਵੱਡੇ ਇਕੱਠ ਦੇ ਸਾਹਮਣੇ ਉਸ ਦਾ ਇਹ ਸੰਤੁਲਨ ਵੇਖ ਕੇ ਮੈਂ ਹੈਰਾਨ ਰਹਿ ਗਈ। ਉਹ ਬਿਲਕੁਲ ਆਪਣੇ ਪਿਤਾ 'ਤੇ ਗਿਆ ਹੈ।

ਸਿਪਾਹੀ ਇਕਦਮ ਬੰਬ ਫਟਣ ਵਾਂਗ ਉੱਚੀ-ਉੱਚੀ ਬੋਲਣ ਲੱਗੇ। "ਵਾਹਿਗੁਰੂ ਸਾਡੇ ਮਹਾਰਾਜੇ 'ਤੇ ਮਿਹਰ ਕਰੇ", ਤੇ ਫਿਰ ਹੈਰਾਨੀ ਹੋਈ ਜਦੋਂ ਆਖਣ ਲੱਗੇ- "ਮਹਾਰਾਣੀ ਜਿੰਦਾਂ ਦੀ ਜੈ"।

ਜਦੋਂ ਬਹੁਤ ਹੀ ਵਧੀਆ ਅੰਦਾਜ਼ 'ਚ ਫੌਜੀਆਂ ਦੀਆਂ ਪੈਂਤੜੇਬਾਜ਼ੀਆਂ ਸਮਾਪਤ ਹੋਈਆਂ, ਅਵਤਾਰ ਦੇ ਬੰਦੇ ਚਾਂਦੀ ਦੇ ਸਿੱਕਿਆਂ ਦੀਆਂ ਬੋਰੀਆਂ ਲੈ ਆਏ ਤਾਂ ਕਿ ਪੰਚਾਂ ਨੂੰ ਵੰਡਣ ਵਾਸਤੇ ਦੇਣ ਤੋਂ ਪਹਿਲਾਂ ਦਲੀਪ ਉਨ੍ਹਾਂ ਨੂੰ ਛੋਹ ਸਕੇ। ਸਿਪਾਹੀ ਦੁਬਾਰਾ ਸਲਾਹੁਤਾਂ ਕਰਨ ਲੱਗੇ। ਜਦੋਂ ਮੈਂ ਇਨ੍ਹਾਂ ਮੈਦਾਨਾਂ 'ਚੋਂ ਵਾਪਸ ਗਈ ਤਾਂ ਮੇਰਾ ਦਿਲ ਹੌਲਾ-ਫੁੱਲ ਸੀ। ਹੁਣ ਫੌਜ ਦਾ ਦਲੀਪ ਨਾਲ ਦਿਲੀ ਮੋਹ ਪੈ ਗਿਆ ਸੀ, ਤੇ ਸ਼ਾਇਦ ਨਾਲ-ਨਾਲ ਮੇਰੇ ਨਾਲ ਵੀ।

"ਇਹ ਸਭ ਬੜਾ ਪ੍ਰਭਾਵਸ਼ਾਲੀ ਸੀ, ਮਹਾਰਾਣੀ।" ਜੱਲ੍ਹੇ ਦੇ ਈਰਖਾਲੂ ਅੰਦਾਜ਼ ਨੇ ਮੈਨੂੰ ਮੇਰੀਆਂ ਸੋਚਾਂ 'ਚੋਂ ਬਾਹਰ ਕੱਢਿਆ। "ਪਰ ਇਹ ਸਾਰੇ ਸਿੱਕੇ ਕਿੱਥੋਂ ਆਏ? ਕੀ ਤੂੰ ਆਪਣੇ ਇਸ ਵੱਡੇ ਦਿਖਾਵੇ ਲਈ ਪਹਿਲਾਂ ਹੀ ਰਹੇ-ਖੂਹੇ ਖਜ਼ਾਨੇ ਦਾ ਦੀਵਾਲਾ ਕੱਢਣ 'ਤੇ ਤੁਲੀ ਹੋਈ ਐਂ?"

ਉਹਦੇ ਬੇਇੱਜ਼ਤੀ ਕਰਨ ਵਾਲੇ ਲਹਿਜੇ ਕਰਕੇ ਮੇਰਾ ਚਿਹਰਾ ਤਪਣ ਲੱਗਿਆ। ਇਹ ਕਾਰਜ ਕਰਨ ਲਈ ਮੈਂ ਖਜ਼ਾਨਚੀ ਨਾਲ ਬੜੇ ਧਿਆਨ ਨਾਲ ਯੋਜਨਾ ਬਣਾਈ ਸੀ। ਮੈਂ ਕੁਝ ਕੁ ਧਨ ਹੀ ਤੋਸ਼ੇਖਾਨੇ 'ਚੋਂ ਲਿਆ ਸੀ ਪਰ ਇਹਦੇ 'ਚ ਬਹੁਤਾ ਮੇਰੇ ਤੇ ਦਲੀਪ ਦੇ ਭੱਤੇ 'ਚੋਂ ਸੀ ਪਰ ਮੈਂ ਜੱਲ੍ਹੇ ਨੂੰ ਕੋਈ ਵੀ ਸਪੱਸ਼ਟੀਕਰਨ ਨਹੀਂ ਦੇਣਾ।

ਇਸ ਦੀ ਬਜਾਇ ਮੈਂ ਕਿਹਾ, "ਪੰਡਤਾ, ਤੇਰੇ ਵਰਗੇ ਪੜ੍ਹੇ-ਲਿਖੇ ਬੰਦੇ ਨੂੰ ਇੰਨਾ ਤਾਂ ਪਤਾ ਹੀ ਹੋਵੇਗਾ ਕਿ ਰਾਜ ਪ੍ਰਬੰਧਕ ਸਿਰਫ ਵਜ਼ੀਰ ਨੂੰ ਜਵਾਬਦੇਹ ਹੈ। ਸ਼ਾਇਦ ਹੀਰਾ ਕਿਸੇ ਯੋਗ ਸਮੇਂ ਮੇਰੇ ਕੋਲੋਂ ਇਹ ਸਵਾਲ ਪੁੱਛ ਸਕਦੈ, ਮੈਂ ਉਹਨੂੰ ਜਵਾਬ ਦੇ ਦਿਊਂਗੀ।"

ਮੈਂ ਗੁੱਸੇ 'ਚ ਅੱਗੇ ਵਧੀ। ਜੱਲ੍ਹੇ ਨੇ ਇਹ ਪਲ ਬਰਬਾਦ ਹੀ ਕਰ ਦਿੱਤੇ। ਮੈਂ ਜਵਾਹਰ ਨੂੰ ਕੁਝ ਨਹੀਂ ਆਖਿਆ। ਮੈਂ ਉਹਨੂੰ ਹੋਰ ਚੁੱਕਣਾ ਨਹੀਂ ਦੇਣੀ ਚਾਹੁੰਦੀ ਪਰ ਮੈਂ ਮੰਗਲਾ ਨੂੰ ਕਿਹਾ, "ਜੱਲ੍ਹੇ ਨੂੰ ਜਾਣਾ ਹੀ ਪੈਣੈਂ।"

ਮੰਗਲਾ ਨੇ ਕਿਹਾ, "ਉਹਦੇ ਲਈ ਤੁਹਾਨੂੰ ਕਿਸੇ ਤਾਕਤਵਰ ਸਾਥ ਦੀ ਲੋੜ ਹੈ।"

"ਮੈਂ ਸ਼ਾਇਦ ਲੱਭ ਹੀ ਲਵਾਂ।" ਮੈਂ ਕਿਹਾ।

*

ਤਾਜਪੋਸ਼ੀ ਵਾਲਾ ਦਿਨ ਬਹੁਤ ਸੋਹਣਾ ਚੜ੍ਹਿਆ। ਮੰਗਲਾ ਨੇ ਦਲੀਪ ਨੂੰ ਲਾਲ ਸਿਲਕ ਦੇ ਕੱਪੜਿਆਂ 'ਚ ਤਿਆਰ ਕੀਤਾ। ਮੈਂ ਆਮ ਵਾਂਗੂੰ ਚਿੱਟੇ ਕੱਪੜੇ ਹੀ ਪਾਏ। ਮੰਗਲਾ ਤੇ ਜਵਾਹਰ ਨੇ ਵਿਰੋਧ ਕੀਤਾ ਕਿ ਇਹ ਬਹੁਤ ਸਾਦੇ ਲੱਗਦੇ ਹਨ ਪਰ ਮੈਨੂੰ ਪਤਾ ਹੈ ਕਿ ਮੈਂ ਕੀ ਕਰ ਰਹੀ ਹਾਂ। ਮੈਂ ਖਾਸ ਭੂਮਿਕਾ ਬੰਨ੍ਹ ਰਹੀ ਹਾਂ। ਬਾਜ਼ਾਰਾਂ 'ਚ ਲੋਕ ਗੱਲਾਂ ਕਰ ਰਹੇ ਹਨ ਕਿ ਮਹਾਰਾਣੀ ਕਿੰਨੀ ਜਵਾਨ ਹੈ ਤੇ ਚਿੱਟਾ ਪਹਿਰਾਵਾ ਪਾਉਂਦੀ ਹੈ, ਵਿਸ਼ਵਾਸ ਯੋਗ, ਖੂਬਸੂਰਤ ਪਰ ਦੁਖੀ, ਉਹਦਾ ਇੱਕ-ਇੱਕ ਗਹਿਣਾ ਉਹਦੇ ਪਤੀ ਦਾ ਮੋਤੀਆਂ ਦਾ ਹਾਰ।

ਦੀਵਾਨ-ਏ-ਖਾਸ 'ਚ ਦਲੀਪ ਨੇ ਸਭ ਓਵੇਂ ਹੀ ਕੀਤਾ, ਜਿਵੇਂ ਮੈਂ ਉਹਨੂੰ ਸਿਖਾਇਆ ਸੀ। ਉਹ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਝੁਕਿਆ, ਮੱਥਾ ਟੇਕਿਆ ਅਤੇ ਪੁਜਾਰੀਆਂ ਵੱਲੋਂ ਉਹਦੇ ਮੱਥੇ 'ਤੇ ਰਾਜ ਤਿਲਕ ਲਗਾਇਆ ਗਿਆ ਪਰ ਜਦੋਂ ਮੈਂ ਉਹਦੀ ਪੱਗ ਉੱਪਰ ਚਿੱਟੇ ਖੰਭਾਂ ਤੇ ਹੀਰਿਆਂ ਜੜੀ ਕਲਗੀ ਲਾਉਣ ਲੱਗੀ ਤਾਂ ਉਹਦੇ ਚਿਹਰੇ 'ਤੇ ਛੋਟੇ ਬੱਚੇ ਵਾਲੀ ਮੁਸਕਰਾਹਟ ਆ ਗਈ।

"ਕੀ ਮੈਂ ਸਾਰਾ ਕੁਝ ਠੀਕ ਕੀਤੈ? ਕੀ ਤੁਹਾਨੂੰ ਮੇਰੇ 'ਤੇ ਮਾਣ ਐ?"

"ਤੂੰ ਸਾਰਾ ਕੁਝ ਬਿਲਕੁਲ ਸਹੀ ਕੀਤੈ, ਮੇਰੇ ਚੰਦਾ।" ਮੈਂ ਆਪਣੇ ਹੰਝੂ ਨਹੀਂ ਰੋਕ ਸਕੀ। ਉਹਨੇ ਇਨ੍ਹਾਂ ਨੂੰ ਪੂੰਝ ਦਿੱਤਾ।

ਦਰਬਾਰੀਆਂ, ਜਰਨੈਲਾਂ ਤੇ ਮਿਸਲਾਂ ਦੇ ਮੁਖੀਆਂ ਨੇ ਤਖਤ ਦੇ ਦੋਨੋਂ ਪਾਸੇ ਕੀਮਤੀ ਤੋਹਫਿਆਂ ਦੇ ਢੇਰ ਲਾ ਕੇ ਸਾਬਤ ਕਰ ਦਿੱਤਾ ਕਿ ਉਹ ਦਲੀਪ ਦੇ ਹੱਕ 'ਚ ਸਹੁੰ ਖਾਂਦੇ ਹਨ। ਮੈਂ ਵੇਖਿਆ ਕਿ ਕਤਾਰ 'ਚ ਸਾਡੇ ਗੋਬਿੰਦਗੜ੍ਹ ਵਾਲੇ ਕਿਲ੍ਹੇ ਦਾ ਮੁੱਖ ਖਜ਼ਾਨਚੀ ਵੀ ਖੜ੍ਹਾ ਹੈ। ਉਹਦੇ ਹੱਥ 'ਚ ਸੋਨੇ ਡੱਬਾ ਹੈ। ਜਦੋਂ ਉਹਨੇ ਇਸ ਨੂੰ ਖੋਲ੍ਹਿਆ ਤਾਂ ਮੈਂ ਵੇਖਿਆ ਕਿ ਉਹ ਦਲੀਪ ਲਈ ਕੋਹਿਨੂਰ ਲੈ ਕੇ ਆਇਆ ਹੈ। ਉਹਨੇ ਇਹਨੂੰ ਮਹਾਰਾਜੇ ਦੀ ਬਾਂਹ 'ਤੇ ਬੰਨ੍ਹ ਦਿੱਤਾ। ਮੇਰਾ ਦਿਲ ਧਕ-ਧਕ ਕਰਨ ਲੱਗਿਆ, ਜਦੋਂ ਮੈਨੂੰ ਚੇਤੇ ਆਇਆ ਕਿ ਸਰਕਾਰ ਆਖਦੇ ਸਨ ਕਿ ਉਹ ਕੋਹਿਨੂਰ ਦਲੀਪ ਨੂੰ ਦੇਣਾ ਚਾਹੁੰਦੇ ਹਨ ਪਰ ਉਸੇ ਵੇਲੇ ਮੈਂ ਚਾਹੁੰਦੀ ਸੀ ਕਿ ਮੈਂ ਇਸ ਮੰਦਭਾਗੇ ਹੀਰੇ ਨੂੰ ਆਪਣੇ ਪੁੱਤਰ ਦੀ ਬਾਂਹ ਤੋਂ ਧੂਹ ਕੇ ਪਰ੍ਹਾਂ ਸੁੱਟ ਦੇਵਾਂ ਪਰ ਮੈਂ ਇਹ ਨਹੀਂ ਕਰ ਸਕਦੀ, ਨਹੀਂ ਤਾਂ ਦਰਬਾਰੀ ਸੋਚਣਗੇ ਕਿ ਮੈਂ ਕਿੰਨੀ ਮੂਰਖ ਵਹਿਮਣ ਹਾਂ। ਮੈਂ ਉਹਦੇ ਇਹ ਪਾਈ ਰੱਖਣ ਵਾਸਤੇ ਮਜਬੂਰ ਹੋ ਗਈ।

ਮੈਨੂੰ ਚੈਨ ਆ ਗਈ ਕਿ ਸਾਰੀਆਂ ਰਸਮਾਂ ਠੀਕ ਢੰਗ ਨਾਲ ਹੋ ਗਈਆਂ। ਸ਼ਹਿਰੀਆਂ ਨੂੰ ਸੂਚਿਤ ਕਰਨ ਲਈ ਕਿ ਹੁਣ ਲਾਹੌਰ ਦਾ ਨਵਾਂ ਮਹਾਰਾਜਾ ਬਣ ਗਿਆ ਹੈ, ਤੋਪਾਂ ਦੀ ਸਲਾਮੀ ਦਿੱਤੀ ਗਈ। ਬਾਗ 'ਚ ਸਾਜ਼ਿੰਦੇ ਸਾਜ਼ ਵਜਾਉਣ ਲੱਗੇ ਤੇ ਨਾਚੀਆਂ ਛਾਲਾਂ ਮਾਰ-ਮਾਰ ਕੇ ਤੇ ਘੁੰਮ-ਘੁੰਮ ਕੇ ਨੱਚਣ ਲੱਗੀਆਂ। ਨੌਕਰ ਕਈ ਤਰ੍ਹਾਂ ਦੇ ਖਾਣੇ ਲੈ ਕੇ ਵਿਹੜੇ ਦੇ ਦੂਜੇ ਪਾਸਿਓਂ ਆਉਣ ਲੱਗੇ। ਬਰਿਆਨੀ ਤੇ ਤਰੀ ਵਾਲੇ ਮਾਸ ਦੀ ਖੁਸ਼ਬੋ ਹਵਾ 'ਚ ਫੈਲਣ ਲੱਗੀ।

ਅਚਾਨਕ ਸੂਰਜ ਗੂੜ੍ਹੇ ਬੱਦਲਾਂ ਪਿੱਛੇ ਛਿਪ ਗਿਆ। ਠੰਢੀ ਸੀਤ ਹਵਾ ਚੱਲਣ ਲੱਗੀ ਤੇ ਕਿਲ੍ਹੇ 'ਤੇ ਗੜਿਆਂ ਦੀ ਬੁਛਾੜ ਹੋਣ ਲੱਗੀ। ਗੜਿਆਂ ਦੀ ਵਾਛੜ ਦੀਵਾਨ-ਏ-ਖਾਸ ਦੇ ਅੰਦਰ ਤੱਕ ਆ ਰਹੀ ਸੀ। ਮਨੋਰੰਜਨ ਕਰਨ ਵਾਲੇ ਆਸਰੇ ਲਈ ਭੱਜੇ। ਪ੍ਰਾਹੁਣੇ ਭੜਕਣ ਲੱਗੇ ਤੇ ਆਪਣੇ ਕੀਮਤੀ ਕੱਪੜਿਆਂ ਦਾ ਬਚਾਅ ਕਰਨ ਲੱਗੇ। ਵਰਤਾਵਿਆਂ ਨੂੰ ਰਸੋਈ ਘਰ 'ਚ ਵਾਪਸ ਜਾਣਾ ਪਿਆ।

ਸਾਰੇ ਜਸ਼ਨ ਜੋ ਮੈਂ ਬਹੁਤ ਹੀ ਧਿਆਨ ਪੂਰਵਕ ਕੀਤੇ ਸੀ, ਬਰਬਾਦ ਹੋ ਗਏ। ਮੈਂ ਨਿਰਾਸ਼ਾਪੂਰਵਕ ਅਸਮਾਨ ਵੱਲ ਝਾਕਣ ਲੱਗੀ। ਮੈਂ ਆਪਣੀ ਪੂਰੀ ਜ਼ਿੰਦਗੀ 'ਚ ਦੋ ਵਾਰ ਹੀ ਗੜੇ ਵੇਖੇ ਸਨ ਤੇ ਉਹ ਬਹੁਤ ਹੀ ਛੋਟੇ ਸਨ। ਇਹ ਮੇਰੀ ਮੁੱਠੀ ਜਿੱਡੇ ਵੱਡੇ ਸੀ। ਕੀ ਇਹ ਬਦਸ਼ਗਨੀ ਹੈ? ਆਪਣੇ ਆਲੇ-ਦੁਆਲੇ ਦੇ ਚਿੰਤਤ ਚਿਹਰਿਆਂ ਨੂੰ ਵੇਖ ਕੇ ਮੈਂ ਆਖ ਸਕਦੀ ਹਾਂ ਕਿ ਉਹ ਸਭ ਵੀ ਮੇਰੇ ਵਾਂਗੂੰ ਹੀ ਸੋਚ ਰਹੇ ਹਨ। ਜੋਤਸ਼ੀ ਦੇ ਸ਼ਬਦ ਮੇਰੇ ਕੰਨਾਂ 'ਚ ਗੂੰਜਣ ਲੱਗੇ, "ਇਹਦੇ ਸਿਤਾਰੇ ਬਹੁਤ ਹੀ ਅਭਾਗ ਹਨ। ਇਹ ਸਭ ਕੁਝ ਪ੍ਰਾਪਤ ਕਰੇਗਾ ਤੇ ਫਿਰ ਗਵਾ ਵੀ ਲਵੇਗਾ।"

*

ਜਿਹੜੇ ਗੜਿਆਂ ਨੇ ਦਲੀਪ ਦੀ ਤਾਜਪੋਸ਼ੀ ਦੀ ਦਾਅਵਤ ਬਰਬਾਦ ਕੀਤੀ ਸੀ, ਉਨ੍ਹਾਂ ਨੇ ਪਰ ਪੰਜਾਬ ਦੀਆਂ ਲਹਿ-ਲਹਾਉਂਦੀਆਂ ਫਸਲਾਂ ਵੀ ਤਬਾਹ ਕਰ ਦਿੱਤੀਆਂ ਤੇ ਹਜ਼ਾਰਾਂ ਲੋਕ ਭੁੱਖ ਮਰਨ ਲੱਗੇ। ਮੈਂ ਸ਼ਾਹੀ ਗੁਦਾਮਾਂ 'ਚੋਂ ਪਿੰਡਾਂ 'ਚ ਅਨਾਜ ਭੇਜਿਆ। ਮੈਂ ਕਿਹਾ ਕਿ ਸਰਦਾਰਾਂ ਤੋਂ ਤੂਫਾਨ ਕਰ ਵਸੂਲਿਆ ਜਾਵੇ ਤੇ ਇਕੱਠਾ ਕੀਤਾ ਧਨ ਗੁਰਦੁਆਰਿਆਂ ਤੇ ਮੰਦਿਰਾਂ 'ਚ ਭੇਜਿਆ ਜਾਵੇ ਤਾਂ ਕਿ ਭੁੱਖੇ ਖਾ ਸਕਣ। ਫਿਰ ਵੀ ਲੋਕ ਬੁੜ-ਬੁੜ ਕਰਦੇ ਰਹਿੰਦੇ ਕਿ ਦਲੀਪ ਉਨ੍ਹਾਂ ਲਈ ਮਾੜੀ ਕਿਸਮਤ ਲੈ ਕੇ ਆਇਆ ਹੈ। ਦਰਬਾਰੀ ਆਪਣੇ ਬੱਚਿਆਂ ਨੂੰ ਮੇਰੇ ਪੁੱਤਰ ਤੋਂ ਦੂਰ ਰੱਖਣ ਲਈ ਘਟੀਆ ਕਿਸਮ ਦੇ ਬਹਾਨੇ ਘੜਨ ਲੱਗੇ। ਜਦੋਂ ਦਲੀਪ ਮੈਨੂੰ ਪੁੱਛਦਾ ਕਿ ਉਹਦੇ ਦੋਸਤ ਕਿੱਥੇ ਗਏ ਤਾਂ ਮੈਂ ਲਾਜਵਾਬ ਹੋ ਜਾਂਦੀ।

ਹੋਰ ਸਮੱਸਿਆਵਾਂ ਵੀ ਪਨਪਣ ਲੱਗੀਆਂ। ਉਨ੍ਹਾਂ ਬਾਰੇ ਮੈਨੂੰ ਦਰਬਾਰ 'ਚ ਜਾ ਕੇ ਪਤਾ ਲੱਗਿਆ ਜਿੱਥੇ ਮੈਂ ਸਾਰਾ ਦਿਨ ਹੀ ਰਹਿੰਦੀ ਜਦੋਂ ਦਲੀਪ ਪੜ੍ਹਨ ਲਈ ਸ਼ੀਸ਼ ਮਹਿਲ 'ਚ ਵਾਪਸ ਚਲਾ ਜਾਂਦਾ। ਪਹਿਲਾਂ-ਪਹਿਲਾਂ ਦਰਬਾਰੀ ਔਖ ਮਹਿਸੂਸ ਕਰਦੇ ਸੀ ਪਰ ਕੁਝ ਦੇਰ ਬਾਅਦ ਉਹ ਮੇਰੀ ਹਾਜ਼ਰੀ ਦੇ ਆਦੀ ਹੋ ਗਏ। ਕੱਲ੍ਹ ਲਾਹੌਰ 'ਚ ਦੋ ਜਾਸੂਸ ਫੜੇ ਗਏ। ਸਖਤੀ ਨਾਲ ਕੀਤੀ ਪੁੱਛ-ਗਿੱਛ 'ਚ ਉਨ੍ਹਾਂ ਮੰਨਿਆ ਕਿ ਉਹ ਸਾਡੇ ਕੁਝ ਯੂਰਪੀਅਨ ਅਫਸਰਾਂ ਨੂੰ ਅੰਗਰੇਜ਼ਾਂ ਦੇ ਪੱਖ 'ਚ ਲਾਲਚ ਦੇਣ ਲਈ ਇੱਥੇ ਆਏ ਹਨ। ਅਤਰ ਸਿੰਘ ਸੰਧਾਵਾਲੀਆ ਜੋ ਅਜੀਤ ਤੇ ਲਹਿਣੇ ਦੀ ਮਿਸਲ ਦਾ ਹੈ, ਤੇ ਜਿਸ ਨੂੰ ਅੰਗਰੇਜ਼ਾਂ ਨੇ ਰਾਜਨੀਤਕ ਸ਼ਰਨ ਦਿੱਤੀ ਹੋਈ ਹੈ, ਨੇ ਇਸ ਕਾਰਨਾਮੇ ਦੀ ਯੋਜਨਾ ਘੜੀ। ਉਹ ਚਾਹੁੰਦਾ ਹੈ ਕਿ ਫਿਰੰਗੀ ਪੰਜਾਬ ਵਿਰੁੱਧ ਜੰਗ ਛੇੜਨ। ਉਹ ਖੁਦ ਵੀ ਹਮੇਸ਼ਾ ਇਹ ਚਾਹੁੰਦੇ ਹਨ, ਇਸ ਲਈ ਉਹ ਦੋ ਸੌ ਬੰਦੂਕਾਂ ਤੇ ਕਈ ਫੌਜੀ ਟੁਕੜੀਆਂ ਫਿਰੋਜ਼ਪੁਰ ਲੈ ਵੀ ਆਏ ਹਨ। ਅਸੀਂ ਇਹ ਵੀ ਪਤਾ ਲਗਾ ਲਿਆ ਕਿ ਅੰਗਰੇਜ਼ ਹੀ ਸਨ ਜਿਨ੍ਹਾਂ ਨੇ ਅਜੀਤ ਤੇ ਲਹਿਣੇ ਨੂੰ ਸ਼ੇਰ ਸਿੰਘ ਨੂੰ ਮਾਰਨ ਲਈ ਭੜਕਾਇਆ।

ਜਾਸੂਸਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜੋ ਅਫਸਰ ਇਸ ਮਾਮਲੇ 'ਚ ਸ਼ਾਮਲ ਸਨ, ਉਨ੍ਹਾਂ ਨੂੰ ਪੁੱਛ-ਗਿੱਛ ਲਈ ਬੁਲਾਇਆ ਗਿਆ ਤੇ ਹੁਣ ਸਭਾ ਨੂੰ ਨਿਰਧਾਰਤ ਕਰਨਾ ਪੈਣੈਂ ਕਿ ਸਾਡੇ ਅਗਲੇ ਕਦਮ ਕੀ ਹੋਣਗੇ। ਕੁਝ ਕੁ ਨੇ ਸਲਾਹ ਦਿੱਤੀ ਕਿ ਸਾਨੂੰ ਇੰਤਜ਼ਾਰ ਕਰਨਾ ਚਾਹੀਦਾ ਹੈ ਕਿ ਗੋਰੇ ਪਹਿਲਾ ਕਦਮ ਚੁੱਕਣ। ਕੁਝ ਹੋਰ ਦਾ ਵਿਚਾਰ ਸੀ ਕਿ ਲਾਹੌਰ ਵਿਖੇ ਗੋਰਿਆਂ ਦੇ ਨੁਮਾਇੰਦੇ 'ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਗੋਰੇ ਪਿੱਛੇ ਹਟਣ। ਜਰਨੈਲ ਚੜ੍ਹਾਈ ਕਰਨਾ ਚਾਹੁੰਦੇ ਹਨ। ਹੀਰੇ ਦਾ ਮੰਨਣਾ ਹੈ ਕਿ ਸਾਨੂੰ ਸਾਡੀਆਂ ਫੌਜਾਂ ਨੂੰ ਸਰਹੱਦਾਂ 'ਤੇ ਤਿਆਰ ਰੱਖਣਾ ਚਾਹੀਦਾ ਹੈ ਪਰ ਸਰਹੱਦ ਤਾਂ ਸੈਂਕੜੇ ਮੀਲਾਂ ਤੱਕ ਫੈਲੀ ਹੋਈ ਹੈ। ਸਿਪਾਹੀ ਕਿਸ ਜਗ੍ਹਾ 'ਤੇ ਧਿਆਨ ਕੇਂਦਰਿਤ ਕਰਨ? ਜਦੋਂ ਲੋਕ ਇਸ ਬਾਰੇ ਬਹਿਸ ਕਰਨ ਲੱਗੇ ਤਾਂ ਆਵਾਜ਼ਾਂ ਤੇ ਗੁੱਸੇ ਦੇ ਵਧਣ ਨਾਲ ਰੌਲਾ ਜਿਹਾ ਪੈ ਗਿਆ।

ਇੱਕ ਯਾਦ ਮੈਨੂੰ ਤਾਜ਼ਾ ਹੋ ਗਈ। ਸਰਕਾਰ ਨੇ ਨਕਸ਼ਾ ਸਾਡੇ ਪਲੰਘ 'ਤੇ ਵਿਛਾਇਆ। ਫਿਰੋਜ਼ਪੁਰ 'ਤੇ ਉਂਗਲ ਰੱਖੀ। ਮੈਨੂੰ ਦੱਸਣ ਲੱਗੇ, ਉਹ ਮੇਰੇ ਨਾਲ ਵਿਆਹ ਕਰਨ ਗੁੱਜਰਾਂਵਾਲੇ ਵਿਖੇ ਕਿਉਂ ਨਹੀਂ ਆ ਸਕੇ, ਉਹ ਗੋਰਿਆਂ ਨਾਲ ਗੱਲਬਾਤ 'ਚ ਰੁੱਝੇ ਹੋਏ ਸਨ। ਸਰਕਾਰ ਨੂੰ ਫਿਰੋਜ਼ਪੁਰ ਉਨ੍ਹਾਂ ਨੂੰ ਦੇਣਾ ਪਿਆ ਸੀ ਪਰ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਜੇ ਕਦੇ ਗੋਰੇ ਉਸ ਰਸਤਿਓਂ ਪੰਜਾਬ 'ਤੇ ਹਮਲਾ ਕਰਨ ਤਾਂ ਉਨ੍ਹਾਂ ਤੋਂ ਬਚਾ ਲਈ ਸਾਡੇ ਕੋਲ ਬਿਲਕੁਲ ਸਹੀ ਸੁਰੱਖਿਆ ਸਥਾਨ ਹੈ।

ਮੈਂ ਆਪਣੇ ਦਿਮਾਗ 'ਤੇ ਜ਼ੋਰ ਪਾ ਕੇ ਸੋਚਿਆ। "ਸਾਨੂੰ ਆਪਣੀਆਂ ਫੌਜਾਂ ਕਸੂਰ 'ਚ ਆਪਣੀ ਸਰਹੱਦ 'ਤੇ ਭੇਜਣੀਆਂ ਚਾਹੀਦੀਆਂ ਹਨ", ਮੈਂ ਇਕਦਮ ਉੱਚੀ ਬੋਲੀ ਤਾਂ ਕਿ ਰੌਲੇ-ਗੋਲੇ 'ਚ ਮੇਰੀ ਆਵਾਜ਼ ਸੁਣਾਈ ਦੇ ਸਕੇ। "ਇਹ ਫਿਰੋਜ਼ਪੁਰ ਦੇ ਨੇੜੇ ਐ ਪਰ ਉੱਥੋਂ ਨਜ਼ਰ ਨਹੀਂ ਆਉਂਦਾ ਤੇ ਫਿਲੌਰ ਕਿਲ੍ਹੇ ਦੇ ਬਾਹਰ ਵਾਲੀ ਖਾਈ ਵਿਚ ਪਾਣੀ ਛੱਡ ਦੇਣਾ ਚਾਹੀਦੈ। ਜੇ ਸਰਕਾਰ ਹੁੰਦੇ ਤਾਂ ਇਹੀ ਸਭ ਕਰਦੇ।"

ਸਾਰੇ ਮੇਰੇ ਵੱਲ ਝਾਕਣ ਲੱਗੇ। ਮੈਂ ਖੁਸ਼ੀ ਨਾਲ ਦਗ-ਦਗ ਕਰਨ ਲੱਗੀ। ਜੱਲ੍ਹੇ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਪਰ ਹੀਰੇ ਨੇ ਕਿਹਾ, "ਸ਼ਾਨਦਾਰ ਹੱਲ! ਇੰਝ ਲੱਗਦੈ ਕਿ ਸਰਕਾਰ ਤੁਹਾਡੇ ਵਿਚ ਦੀ ਬੋਲ ਰਹੇ ਐ।" ਉਹਨੇ ਹੁਕਮ ਭੇਜ ਦਿੱਤੇ ਤੇ ਕੁਝ ਹਫਤਿਆਂ 'ਚ ਹੀ ਅੰਗਰੇਜ਼ ਪਿੱਛੇ ਹਟ ਗਏ।

ਦਰਬਾਰੀ ਮੈਨੂੰ ਇੱਜ਼ਤ ਨਾਲ ਦੇਖਣ ਲੱਗੇ। ਗੁੰਝਲਦਾਰ ਰਾਜਨੀਤਕ ਸਥਿਤੀਆਂ ਬਾਰੇ ਮੇਰੇ ਵਿਚਾਰ ਜਾਣਨ ਲੱਗੇ। ਮੈਨੂੰ ਜੋ ਵੀ ਸਰਕਾਰ ਨੇ ਸਿਖਾਇਆ ਸੀ, ਮੈਂ ਉਹਦੇ 'ਤੇ ਭਰੋਸਾ ਕਰਕੇ ਆਪਣਾ ਮਸ਼ਵਰਾ ਦਿੰਦੀ। ਕਈ ਵਾਰ ਮੈਂ ਆਪਣੇ ਖੁਦ ਦੇ ਹੱਲ ਵੀ ਦੇ ਦਿੰਦੀ। ਜੱਲ੍ਹਾ ਮੇਰੀ ਵਧਦੀ ਲੋਕਪ੍ਰਿਅਤਾ ਕਰਕੇ ਭੜਕਦਾ ਜਿਸ ਨਾਲ ਮੈਨੂੰ ਹੋਰ ਖੁਸ਼ੀ ਮਿਲਦੀ।

*

ਮੇਰੀਆਂ ਇੰਨੀਆਂ ਕੋਸ਼ਿਸ਼ਾਂ ਦੇ ਬਾਵਜੂਦ ਜਵਾਹਰ ਨੂੰ ਦਰਬਾਰ 'ਚ ਕੋਈ ਸਫਲਤਾ ਨਹੀਂ ਮਿਲੀ। ਉਹਨੂੰ ਦਰਬਾਰ ਦੇ ਮਾਮਲਿਆਂ ਬਾਰੇ ਅਜਿਹਾ ਕੁਝ ਵੀ ਨਹੀਂ ਪਤਾ ਸੀ ਕਿ ਸਿਆਣਪ ਵਾਲੀ ਕੋਈ ਟਿੱਪਣੀ ਉਹ ਕਰ ਸਕਦਾ ਤੇ ਨਾ ਹੀ ਉਹਨੂੰ ਮੇਰੇ ਵਾਂਗੂੰ ਸਿੱਖਣ ਦੀ ਉਤਸੁਕਤਾ ਹੈ। ਉਹਦਾ ਇਹੀ ਮੰਨਣਾ ਹੈ ਕਿ ਮਹਾਰਾਜੇ ਦਾ ਮਾਮਾ ਹੋਣ ਦੀ ਵਜ੍ਹਾ ਕਰਕੇ ਉਸ ਨੂੰ ਖਾਸ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਤੇ ਜਦੋਂ ਵੀ ਅਜਿਹਾ ਨਾ ਹੁੰਦਾ ਤਾਂ ਉਹ ਸੁੱਜ ਕੇ ਬੈਠ ਜਾਂਦਾ। ਬਹੁਤੇ ਦਰਬਾਰੀ ਤਾਂ ਜਵਾਹਰ ਨੂੰ ਗੌਲਦੇ ਹੀ ਨਾ ਪਰ ਜੱਲ੍ਹਾ ਹਰ ਹੀਲੇ ਉਹਨੂੰ ਤੰਗ ਕਰਨ ਦੀ ਕੋਸ਼ਿਸ਼ ਕਰਦਾ। ਅੱਜ ਉਹਨੇ ਇੱਕ ਬਜ਼ੁਰਗ ਸਰਦਾਰ ਦੀ ਕੁਰਸੀ 'ਤੇ ਬੈਠਣ ਕਰਕੇ ਜਵਾਹਰ ਨੂੰ ਤਾੜ ਦਿੱਤਾ। ਇਹ ਭੋਲੇਪਣ 'ਚ ਜਵਾਹਰ ਵੱਲੋਂ ਕੀਤੀ ਗਲਤੀ ਸੀ ਪਰ ਜਦੋਂ ਉਹਨੇ ਇਹਦੇ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਜੱਲ੍ਹੇ ਨੇ ਰੁੱਖੇ ਤਰੀਕੇ ਨਾਲ ਉਹਦੀ ਗੱਲ ਕੱਟਦਿਆਂ ਕਿਹਾ, "ਆਪਾਂ ਇਹੋ ਜਿਹੇ ਬੰਦੇ ਤੋਂ ਹੋਰ ਕੀ ਉਮੀਦ ਕਰ ਸਕਦੇ ਆਂ?"

ਜਵਾਹਰ ਨੇ ਇਸ ਨੂੰ ਆਪਣੇ ਪਰਿਵਾਰਕ ਪਿਛੋਕੜ 'ਤੇ ਹਮਲੇ ਵਜੋਂ ਲਿਆ ਤੇ ਮੰਗ ਰੱਖੀ ਕਿ ਜੱਲ੍ਹਾ ਆਪਣੇ ਸ਼ਬਦ ਵਾਪਸ ਲਵੇ। ਜਦੋਂ ਜੱਲ੍ਹੇ ਨੇ ਉਹਦੀ ਕੋਈ ਪ੍ਰਵਾਹ ਨਾ ਕੀਤੀ ਤਾਂ ਉਹਨੇ ਮੈਨੂੰ ਕਿਹਾ ਕਿ ਪੰਡਤ ਤੋਂ ਮੁਆਫੀ ਮੰਗਵਾਉਣ ਦੇ ਹੁਕਮ ਜਾਰੀ ਕਰਾਂ। ਮੈਂ ਦੁਬਿਧਾ 'ਚ ਪੈ ਗਈ। ਜਵਾਹਰ ਨੂੰ ਆਪਣਾ ਗੁੱਸਾ ਵਿਖਾਉਣ ਦਾ ਹੱਕ ਹੈ, ਜੱਲ੍ਹੇ ਦੇ ਸ਼ਬਦ ਮੇਰੇ 'ਤੇ ਵੀ ਹਮਲਾ ਸਨ। ਇਹੀ ਤਾਂ ਜੱਲ੍ਹਾ ਚਾਹੁੰਦਾ ਹੈ ਕਿ ਮੇਰੇ 'ਤੇ ਦੋਸ਼ ਲਾ ਸਕੇ ਕਿ ਮੈਂ ਆਪਣੇ ਪਰਿਵਾਰ ਦਾ ਪੱਖ ਪੂਰਦੀ ਹਾਂ। ਮੈਂ ਜਵਾਹਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਮੈਂ ਬੋਲ ਰਹੀ ਸੀ ਤਾਂ ਉਹ ਬਾਹਰ ਨਿਕਲ ਗਿਆ।

ਉਸ ਰਾਤ ਖਾਣੇ ਮੌਕੇ ਮੇਰੇ ਤੇ ਉਹਦੇ ਦਰਮਿਆਨ ਦਲੀਪ ਦੇ ਸਾਹਮਣੇ ਹੀ ਤਿੱਖੀ ਬਹਿਸ ਹੋਈ। ਜਵਾਹਰ ਜੋ ਸ਼ਰਾਬੀ ਹੋ ਚੁੱਕਿਆ ਸੀ, ਜੱਲ੍ਹੇ ਵੱਲੋਂ ਸਾਡੇ ਪਰਿਵਾਰ ਦੀ ਬੇਇੱਜ਼ਤੀ ਕਰਨ ਦੇ ਮੁੱਦੇ 'ਤੇ ਮੈਨੂੰ ਨੀਵਾਂ ਵਿਖਾਉਣ ਲੱਗਿਆ। ਮੈਂ ਉਹਨੂੰ ਕਿਹਾ ਕਿ ਦਰਬਾਰ ਵਿਅਕਤੀਗਤ ਝਗੜਿਆਂ ਨੂੰ ਨਿਬੇੜਨ ਦੀ ਥਾਂ ਨਹੀਂ। ਉਹ ਆਪਣੀ ਹੋਈ ਬੇਇੱਜ਼ਤੀ ਲਈ ਮੈਨੂੰ ਦੋਸ਼ੀ ਠਹਿਰਾਉਣ ਲੱਗਾ।

ਮੈਂ ਵੀ ਭੜਕ ਉੱਠੀ, "ਮੈਨੂੰ ਹੁਣ ਪਤਾ ਲੱਗਿਆ ਕਿ ਸਰਕਾਰ ਆਪਣੀਆਂ ਪਤਨੀਆਂ ਦੇ ਪਰਿਵਾਰ ਨੂੰ ਦਰਬਾਰ 'ਚ ਆਉਣ ਦੀ ਇਜਾਜ਼ਤ ਕਿਉਂ ਨਹੀਂ ਦਿੰਦੇ ਸਨ। ਮੁਸੀਬਤਾਂ 'ਚ ਵਾਧਾ ਹੀ ਕੀਤਾ ਤੇ ਮੇਰੇ ਪੈਸੇ ਦੀ ਬਰਬਾਦੀ।"

ਜਵਾਹਰ ਇੰਝ ਭੜਕਿਆ ਜਿਵੇਂ ਮੈਂ ਉਹਦੇ ਥੱਪੜ ਹੀ ਮਾਰ ਦਿੱਤਾ ਹੋਵੇ। ਉਹ ਬਾਹਰ ਨਿਕਲ ਗਿਆ।

ਕੁਝ ਦਿਨਾਂ ਬਾਅਦ ਸਾਡਾ ਸਮਝੌਤਾ ਹੋਇਆ। ਮੈਂ ਉਸ ਨੂੰ ਆਪਣੀ ਹਵੇਲੀ ਦੀ ਪੇਸ਼ਕਸ਼ ਕੀਤੀ, ਉਹ ਖੁਸ਼ੀ-ਖੁਸ਼ੀ ਮੰਨ ਗਿਆ। ਖਾਸ ਤੌਰ 'ਤੇ ਉਦੋਂ ਜਦੋਂ ਮੈਂ ਇਹ ਆਖ ਦਿੱਤਾ ਕਿ ਮੈਂ ਸ਼ਾਮ ਨੂੰ ਮੰਗਲਾ ਨੂੰ ਛੁੱਟੀ ਦੇ ਦਿਆ ਕਰੂੰਗੀ ਤਾਂ ਕਿ ਉਹ ਉਹਦੇ ਨਾਲ ਸਮਾਂ ਬਿਤਾ ਸਕੇ। ਕੁਝ ਹਫਤਿਆਂ ਬਾਅਦ ਮੈਨੂੰ ਅਵਤਾਰ ਤੋਂ ਪਤਾ ਲੱਗਿਆ ਕਿ ਜਵਾਹਰ ਨੇ ਨਵੇਂ ਦੋਸਤ ਬਣਾ ਲਏ ਹਨ ਤੇ ਉਹ ਅਕਸਰ ਉਨ੍ਹਾਂ ਨੂੰ ਰਾਤ ਦੇ ਖਾਣੇ ਲਈ ਬੁਲਾਉਂਦਾ ਰਹਿੰਦਾ ਹੈ ਤੇ ਉੱਥੇ ਮੰਗਲਾ ਦੀ ਹੀ ਪ੍ਰਧਾਨਗੀ ਹੁੰਦੀ ਹੈ। ਮੈਂ ਜਵਾਹਰ ਲਈ ਖੁਸ਼ ਹਾਂ ਪਰ ਹੁਣ ਮੈਂ ਬਹੁਤ ਇਕੱਲੀ ਹੋ ਗਈ। ਇਸ ਸਮੇਂ ਦੌਰਾਨ ਜ਼ਿੰਦਗੀ 'ਚ ਸੰਘਰਸ਼ ਕਰਦਿਆਂ, ਦਲੀਪ ਨੂੰ ਸੁਰੱਖਿਅਤ ਰੱਖਦਿਆਂ ਮੈਂ ਆਪਣੀਆਂ ਖੁਦ ਦੀਆਂ ਜ਼ਰੂਰਤਾਂ ਨੂੰ ਦਬਾਉਂਦੀ ਰਹੀ ਤੇ ਆਪਣੇ ਦਿਲ ਦੇ ਖਾਲੀਪਣ ਨੂੰ ਨਜ਼ਰਅੰਦਾਜ਼ ਕਰਦੀ ਰਹੀ ਪਰ ਹੁਣ ਮੈਂ ਸਚਾਈ ਮੰਨਣ ਲਈ ਮਜਬੂਰ ਹੋ ਗਈ: ਮੈਨੂੰ ਵੀ ਪਿਆਰ ਦੀ ਲੋੜ ਹੈ।

ਕਈ ਦਰਬਾਰੀ ਮੇਰੀ ਇਹ ਪਿਆਸ ਬੁਝਾਉਣ 'ਚ ਖੁਸ਼ੀ ਮਹਿਸੂਸ ਕਰਨਗੇ। ਇਨ੍ਹਾਂ ਸਭ 'ਚੋਂ ਮੁੱਖ ਲਾਲ ਸਿੰਘ ਹੈ। ਮਹੱਤਵਪੂਰਨ ਰਾਜਨੀਤਕ ਵਿਚਾਰ-ਵਟਾਂਦਰੇ ਦੌਰਾਨ ਮੈਂ ਉਹਦੀਆਂ ਉਤਸ਼ਾਹੀ ਅੱਖਾਂ 'ਚੋਂ ਨਿਕਲਦੇ ਸੇਕ ਨੂੰ ਮਹਿਸੂਸ ਕੀਤਾ ਹੈ। ਜਦੋਂ ਵੀ ਕਦੇ ਜੱਲ੍ਹਾ ਮੇਰੇ 'ਤੇ ਹਮਲਾ ਕਰਦਾ, ਉਹ ਪਹਿਲਾ ਬੰਦਾ ਹੁੰਦਾ ਜੋ ਮੇਰੇ ਬਚਾਅ ਲਈ ਅੱਗੇ ਆਉਂਦਾ। ਉਹ ਮੇਰੇ ਵੱਲ ਵਧਣਾ ਚਾਹੁੰਦਾ ਹੈ ਪਰ ਅਸੀਂ ਦੋਵੇਂ ਜਾਣਦੇ ਹਾਂ ਕਿ ਮਹਾਰਾਣੀ ਦੇ ਤੌਰ 'ਤੇ ਮੈਨੂੰ ਹੀ ਪਹਿਲਾ ਕਦਮ ਚੁੱਕਣਾ ਪਵੇਗਾ। ਮੈਂ ਕਈ ਵਾਰ ਦਿਨ ਵੇਲੇ ਹੀ ਇਹਦੇ ਬਾਰੇ ਸੁਪਨੇ ਲੈਂਦੀ ਪਰ ਮੈਂ ਇਸ਼ਕ ਦੇ ਚੱਕਰ 'ਚ ਪੈਣ ਦੇ ਸਮਰੱਥ ਨਹੀਂ ਸੀ। ਰਾਜ ਪ੍ਰਬੰਧਕ ਦੇ ਤੌਰ 'ਤੇ ਮੇਰੀ ਸਥਿਤੀ ਤੇ ਦਲੀਪ ਦੀ ਕਿਸਮਤ- ਮੇਰੇ ਸਰਕਾਰ ਦੀ ਵਿਸ਼ਵਾਸਪਾਤਰ ਵਿਧਵਾ ਹੋਣ 'ਤੇ ਨਿਰਭਰ ਕਰਦੀ ਹੈ।

***ਤਾਜਪੋਸ਼ੀ ਵਾਲਾ ਦਿਨ ਬਹੁਤ ਸੋਹਣਾ ਚੜ੍ਹਿਆ। ਮੰਗਲਾ ਨੇ ਦਲੀਪ ਨੂੰ ਲਾਲ ਸਿਲਕ ਦੇ ਕੱਪੜਿਆਂ 'ਚ ਤਿਆਰ ਕੀਤਾ। ਮੈਂ ਆਮ ਵਾਂਗੂੰ ਚਿੱਟੇ ਕੱਪੜੇ ਹੀ ਪਾਏ। ਮੰਗਲਾ ਤੇ ਜਵਾਹਰ ਨੇ ਵਿਰੋਧ ਕੀਤਾ ਕਿ ਇਹ ਬਹੁਤ ਸਾਦੇ ਲੱਗਦੇ ਹਨ ਪਰ ਮੈਨੂੰ ਪਤਾ ਹੈ ਕਿ ਮੈਂ ਕੀ ਕਰ ਰਹੀ ਹਾਂ। ਮੈਂ ਖਾਸ ਭੂਮਿਕਾ ਬੰਨ੍ਹ ਰਹੀ ਹਾਂ। ਬਾਜ਼ਾਰਾਂ 'ਚ ਲੋਕ ਗੱਲਾਂ ਕਰ ਰਹੇ ਹਨ ਕਿ ਮਹਾਰਾਣੀ ਕਿੰਨੀ ਜਵਾਨ ਹੈ ਤੇ ਚਿੱਟਾ ਪਹਿਰਾਵਾ ਪਾਉਂਦੀ ਹੈ, ਵਿਸ਼ਵਾਸ ਯੋਗ, ਖੂਬਸੂਰਤ ਪਰ ਦੁਖੀ, ਉਹਦਾ ਇੱਕ-ਇੱਕ ਗਹਿਣਾ ਉਹਦੇ ਪਤੀ ਦਾ ਮੋਤੀਆਂ ਦਾ ਹਾਰ। ਦੀਵਾਨ-ਏ-ਖਾਸ 'ਚ ਦਲੀਪ ਨੇ ਸਭ ਓਵੇਂ ਹੀ ਕੀਤਾ, ਜਿਵੇਂ ਮੈਂ ਉਹਨੂੰ ਸਿਖਾਇਆ ਸੀ। ਉਹ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਝੁਕਿਆ, ਮੱਥਾ ਟੇਕਿਆ ਅਤੇ ਪੁਜਾਰੀਆਂ ਵੱਲੋਂ ਉਹਦੇ ਮੱਥੇ 'ਤੇ ਰਾਜ ਤਿਲਕ ਲਗਾਇਆ ਗਿਆ ਪਰ ਜਦੋਂ ਮੈਂ ਉਹਦੀ ਪੱਗ ਉੱਪਰ ਚਿੱਟੇ ਖੰਭਾਂ ਤੇ ਹੀਰਿਆਂ ਜੜੀ ਕਲਗੀ ਲਾਉਣ ਲੱਗੀ ਤਾਂ ਉਹਦੇ ਚਿਹਰੇ 'ਤੇ ਛੋਟੇ ਬੱਚੇ ਵਾਲੀ ਮੁਸਕਰਾਹਟ ਆ ਗਈ।***

# ਲੋਕ ਵਿਰਸੇ ਦੀ ਸੁਰੀਲੀ ਤੰਦ ਅਮਰਜੀਤ ਗੁਰਦਾਸਪੁਰੀ

*(ਸਫਾ 27ਦੀ ਬਾਕੀ)*

ਪਈ ਹੱਸ-ਹੱਸ ਬੱਚਿਆਂ ਨੂੰ ਤੋਰੇ।

ਸਿੰਘਾ ਜੇ ਚੱਲਿਆ ਚਮਕੌਰ,
ਉਥੇ ਸੁੱਤੇ ਨੀ ਦੋ ਭੌਰ।
ਧਰਤੀ ਚੁੰਮੀ ਕਰਕੇ ਗੌਰ,
ਕਲਗੀਧਰ ਦੀਆਂ ਪਾਈਏ ਬਾਤਾਂ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ,
ਦੇਸ਼ ਚੋਂ ਕੱਢੀਆਂ 'ਨੇਰੀਆਂ ਰਾਤਾਂ।
ਮਹਿੰਗੇ ਮੁੱਲ ਲਈਆਂ ਪ੍ਰਭਾਤਾਂ।

ਵੇ ਮੁੜ ਆ ਲਾਮਾਂ ਤੋਂ,
ਸਾਨੂੰ ਘਰੇ ਬੜਾ ਰੁਜ਼ਗਾਰ।
ਕਣਕਾਂ ਨਿਸਰ ਪਈਆਂ,
ਵੇ ਤੂੰ ਆ ਕੇ ਝਾਤੀ ਮਾਰ।

ਅਮਰਜੀਤ ਗੁਰਦਾਸਪੁਰੀ ਨੂੰ ਪੰਜਾਬੀ ਸਾਹਿਤ ਸਭਾ ਧਿਆਨਪੁਰ ਦੇ ਬਾਨੀ ਪ੍ਰਧਾਨ ਵਜੋਂ ਜ਼ਿਲ੍ਹਾ ਗੁਰਦਾਸਪੁਰ ਦੀ ਸਾਹਿਤਕ ਲਹਿਰ ਨੂੰ ਅਗਵਾਈ ਦੇਣ ਦਾ ਵੀ ਮਾਣ ਮਿਲਿਆ। ਉਸ ਦੀ ਅਗਵਾਈ ਕਰਕੇ ਹੀ ਇਸ ਇਲਾਕੇ ਵਿਚ ਪ੍ਰਿੰਸੀਪਲ ਸੁਜਾਨ ਸਿੰਘ, ਮੋਹਨ ਕਾਹਲੋਂ, ਵਰਿਆਮ ਸਿੰਘ ਸੰਧੂ, ਜਸਵੰਤ ਸਿੰਘ ਰਾਹੀ, ਸ਼ਮਸ਼ੇਰ ਸਿੰਘ ਸੰਧੂ ਵਰਗੇ ਲਿਖਾਰੀ ਇਸ ਸਭਾ ਦੇ ਸਮਾਗਮਾਂ ਵਿਚ ਅਕਸਰ ਆਉਂਦੇ ਰਹੇ। ਅਮਰਜੀਤ ਗੁਰਦਾਸਪੁਰੀ ਟੈਲੀਵਿਜ਼ਨ ਸੰਸਾਰ ਦਾ ਹਿੱਸਾ ਨਾ ਬਣ ਸਕਿਆ। ਬਹੁਤ ਬਾਅਦ ਵਿਚ ਓਮ ਗੌਰੀ ਦੱਤ ਸ਼ਰਮਾ ਤੇ ਡਾ. ਲਖਵਿੰਦਰ ਜੌਹਲ ਨੇ ਉਸ ਨੂੰ ਪੇਸ਼ ਕੀਤਾ।

ਸਵੈਮਾਣ ਅਤੇ ਆਪਣੇ ਆਦਰਸ਼ 'ਤੇ ਪਹਿਰੇਦਾਰੀ ਦਿੰਦਾ ਅਮਰਜੀਤ ਗੁਰਦਾਸਪੁਰੀ 1962 ਤੋਂ ਲਗਾਤਾਰ ਆਕਾਸ਼ਵਾਣੀ ਜਲੰਧਰ ਦਾ 'ਏ' ਗਰੇਡ ਕਲਾਕਾਰ ਰਿਹਾ। ਉਸ ਦੇ ਗਾਏ ਗੀਤਾਂ ਨੂੰ ਆਕਾਸ਼ਵਾਣੀ ਤੋਂ ਬਿਨਾਂ ਹੋਰ ਕਿਤਿਓਂ ਨਹੀਂ ਸੁਣਿਆ ਜਾ ਸਕਦਾ ਕਿਉਂਕਿ ਵਪਾਰਕ ਕੰਪਨੀਆਂ ਨਾਲ ਉਸ ਸਮਝੌਤਾ ਕੀਤਾ ਨਹੀਂ ਅਤੇ ਦੂਰਦਰਸ਼ਨ ਦੀ ਲਾਲ ਫੀਤਾਸ਼ਾਹੀ ਨੂੰ ਉਸ ਨੇ ਕਦੇ ਪੱਠੇ ਨਹੀਂ ਸਨ ਪਾਏ। ਉਸ ਦੇ ਯਤਨਾਂ ਸਦਕਾ ਹੀ ਇਸ ਇਲਾਕੇ ਵਿਚ ਸੰਗੀਤ ਨੂੰ ਵੀ ਅਜਿਹੇ ਸੁਰੀਲੇ ਲੋਕ ਮਿਲੇ ਜਿਨ੍ਹਾਂ ਨੇ ਕਦੇ ਅਸ਼ਲੀਲ ਬੋਲਾਂ ਨੂੰ ਆਪਣੇ ਕੰਠ 'ਤੇ ਨਹੀਂ ਲਿਆਂਦਾ। ਮੈਂ ਇਹ ਗੱਲ ਚੇਤੇ ਕਰ ਕੇ ਆਪਣੇ ਆਪ ਨੂੰ ਵਡਿਆ ਲੈਂਦਾ ਹਾਂ ਕਿ ਮੇਰਾ ਇਕ ਪੁਰਖਾ ਅਮਰਜੀਤ ਗੁਰਦਾਸਪੁਰੀ ਹੈ ਜਿਸ ਦੇ ਗੀਤਾਂ ਨੂੰ ਬਚਪਨ ਤੋਂ ਸੁਣਦਿਆਂ-ਸੁਣਦਿਆਂ ਆਪਣੇ ਅੰਦਰ ਉਹ ਨਿਜ਼ਾਮ ਉਸਾਰ ਲਿਆ ਹੈ ਜਿਸ ਨੂੰ ਲੋਕ ਸੰਗੀਤ ਸੂਝ ਆਖਦੇ ਨੇ। ਮੈਂ ਇਕੱਲਾ ਨਹੀਂ, ਮੇਰੇ ਨਾਲ ਤੁਰਦੇ ਕਾਫਲੇ ਵਿਚ ਸ਼ਮਸ਼ੇਰ ਸਿੰਘ ਸੰਧੂ ਵੀ ਹੈ, ਜਗਦੇਵ ਸਿੰਘ ਜਸੋਵਾਲ ਵੀ, ਗੁਰਪ੍ਰੀਤ ਸਿੰਘ ਤੂਰ ਤੇ ਤੇਜਪ੍ਰਤਾਪ ਸਿੰਘ ਸੰਧੂ ਵੀ ਜਿਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਨ੍ਹਾਂ ਨੇ ਅਮਰਜੀਤ ਗੁਰਦਾਸਪੁਰੀ ਨੂੰ ਲਗਾਤਾਰ ਸੁਣਿਆ ਹੈ।

92 ਬਹਾਰਾਂ ਅਤੇ ਪੱਤਝੜਾਂ ਹੰਢਾ ਕੇ ਉਹ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ ਹੈ। ਪੁੱਤਰ ਨਵਨੀਤ ਅਤੇ ਪਰਮਸੁਨੀਲ ਦੀ ਮੌਤ ਨੇ ਉਸ ਨੂੰ ਵਿੰਨ੍ਹ ਸੁੱਟਿਆ ਸੀ। ਫਿਰ ਵੀ ਉਹ ਹਰ ਮੌਸਮ ਨੂੰ ਖਿੜੇ ਮੱਥੇ ਸਹਾਰਦਾ ਸਾਥੋਂ ਬਹੁਤ ਦੂਰ ਤੁਰ ਗਿਆ। ਜੈਕਸਨ (ਅਮਰੀਕਾ) ਵੱਸਦੇ ਉਸ ਦੇ ਪੁੱਤਰ ਤੇਜ ਬਿਕਰਮ ਸਿੰਘ ਰੰਧਾਵਾ ਦਾ ਕਹਿਣਾ ਹੈ, "24 ਫਰਵਰੀ ਤੀਕ ਮੇਰੇ ਲਈ ਭਾਰਤ 'ਚ ਦੋ ਸੂਰਜ ਚੜ੍ਹਦੇ ਸਨ, ਇੱਕ ਲੋਕਾਂ ਵਾਲਾ ਤੇ ਦੂਸਰਾ ਮੇਰੇ ਬਾਬਲ ਵਾਲਾ। ਦੂਜਾ ਸੂਰਜ ਡੁੱਬਣ ਨਾਲ ਸਾਡਾ ਸੰਸਾਰ ਹਨੇਰਾ ਹੋ ਗਿਆ ਹੈ।"

# ਪੰਜਾਬੀ ਫ਼ਿਲਮ 'ਚੰਨ ਪ੍ਰਦੇਸੀ' ਵਾਲਾ ਵਰਿਆਮ ਮਸਤ

ਪੰਜਾਬੀ ਰੰਗਮੰਚ, ਫਿਲਮਾਂ 'ਚ ਬਤੌਰ ਲੇਖਕ, ਨਿਰਦੇਸ਼ਕ, ਅਦਾਕਾਰ ਗੂੜ੍ਹੀਆਂ ਪੈੜਾਂ ਪਾਉਣ ਵਾਲਾ ਵਰਿਆਮ ਮਸਤ ਉਹ ਮਸਤ ਮੌਲਾ ਕਲਾਕਾਰ ਹੈ, ਜਿਸਨੇ ਨੈਸ਼ਨਲ ਐਵਾਰਡ ਜੇਤੂ ਪੰਜਾਬੀ ਫਿਲਮ 'ਚੰਨ ਪ੍ਰਦੇਸੀ' ਦੀ ਕਹਾਣੀ ਤੇ ਗੀਤ ਹੀ ਨਹੀਂ ਲਿਖੇ, ਬਲਕਿ ਸਾਹਿਤ ਦੇ ਖੇਤਰ ਵਿਚ ਵੀ ਚੰਗਾ ਨਾਮਣਾ ਖੱਟਿਆ। ਜ਼ਿਕਰਯੋਗ ਹੈ ਕਿ ਇਸੇ ਸਾਲ 13 ਮਈ ਨੂੰ ਚੰਨ ਪ੍ਰਦੇਸੀ ਫ਼ਿਲਮ ਤਕਰੀਬਨ 40 ਸਾਲਾਂ ਬਾਅਦ ਮੁੜ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ।

ਵਰਿਆਮ ਮਸਤ ਨੇ ਜਿੱਥੇ 'ਚੰਨ ਪ੍ਰਦੇਸੀ' ਫ਼ਿਲਮ ਦੀ ਕਹਾਣੀ ਤੇ ਗੀਤ ਲਿਖੇ ਉਥੇ ਨਿੰਮੋ, ਭਾਬੋ, ਜੈ ਮਾਂ ਚਿੰਤਪੂਰਨੀ ਸਮੇਤ ਹੋਰ ਵੀ ਕਈ ਫਿਲਮਾਂ ਲਈ ਗੀਤ ਲਿਖੇ। ਵੱਖ-ਵੱਖ ਵਿਸ਼ਿਆਂ 'ਤੇ ਆਧਾਰਤ 200 ਤੋਂ ਵੱਧ ਡਾਕੂਮੈਂਟਰੀ ਫ਼ਿਲਮਾਂ ਲਈ ਵੀ ਕੰਮ ਕੀਤਾ। ਸ੍ਰੀ ਹੇਮਕੁੰਟ ਸਾਹਿਬ, ਚਿੱਤਰਕਾਰ ਸੋਭਾ ਸਿੰਘ...ਬਾਰੇ ਬਣੀਆਂ ਡਾਕੂਮੈਂਟਰੀਆਂ ਨੇ ਨੈਸ਼ਨਲ ਐਵਾਰਡ ਵੀ ਪ੍ਰਾਪਤ ਕੀਤੇ।

**ਸੁਰਜੀਤ ਜੱਸਲ**
**ਫੋਨ: 98146-07737**


ਚੰਨ ਪ੍ਰਦੇਸੀ ਦੇ ਮੁੜ ਰਿਲੀਜ਼ ਹੋਣ ਬਾਰੇ ਵਰਿਆਮ ਮਸਤ ਦਾ ਕਹਿਣਾ ਹੈ ਕਿ ਇਸ ਸ਼ੁਭ ਕਾਰਜ ਲਈ ਲੰਮੇ ਸਮੇਂ ਤੋਂ ਕੋਸ਼ਿਸ਼ਾਂ ਹੋ ਰਹੀਆਂ ਸਨ। ਵੇਖਿਆ ਜਾਵੇ ਤਾਂ ਇਹ ਬਹੁਤ ਔਖਾ ਤੇ ਚੁਣੌਤੀ ਭਰਿਆ ਵੀ ਸੀ ਪਰ ਸਭਨਾਂ ਦੀ ਮਿਹਨਤ ਤੇ ਹੌਸਲੇ ਨਾਲ ਇਹ ਸੰਭਵ ਹੋਇਆ ਹੈ। ਫ਼ਿਲਮ ਦੀ ਕਹਾਣੀ ਅਤੇ ਗੀਤ ਉਹੀ ਹਨ, ਸਿਰਫ਼ ਉਸ ਵੇਲੇ ਤੇ ਅੱਜ ਦੇ ਸਿਨੇਮੇ ਨੂੰ ਵੇਖਦਿਆਂ ਕੁਝ ਤਕਨੀਕੀ ਪਰਿਵਰਤਨ ਕੀਤੇ ਗਏ ਹਨ, ਤਾਂ ਕਿ ਇਸ ਫਿਲਮ ਨੂੰ ਆਧੁਨਿਕ ਸਿਨਮੇ ਦੇ ਸਾਂਚੇ ਵਿਚ ਢਾਲ ਕੇ ਪਰਦੇ 'ਤੇ ਚਲਾਇਆ ਜਾ ਸਕੇ। ਸਾਨੂੰ ਪੂਰੀ ਆਸ ਹੈ ਕਿ 'ਚੰਨ ਪ੍ਰਦੇਸੀ' ਪੰਜਾਬੀ ਦਰਸ਼ਕਾਂ ਦਾ ਪਹਿਲਾਂ ਨਾਲੋਂ ਵੀ ਵਧੇਰੇ ਪਿਆਰ ਹਾਸਲ ਕਰੇਗੀ।

ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਵਰਿਆਮ ਮਸਤ ਨੇ ਦੱਸਿਆ, 'ਉਨ੍ਹਾਂ ਦਿਨਾਂ ਵਿਚ ਮੈਂ, ਬਲਦੇਵ ਗਿੱਲ ਤੇ ਚੀਮਾ ਚੰਡੀਗੜ੍ਹ ਇੱਕੋ ਕਮਰੇ ਵਿਚ ਰਹਿੰਦੇ ਸੀ। ਇੱਕ ਦਿਨ ਬਲਦੇਵ ਗਿੱਲ ਨੇ ਕਿਹਾ ਕਿ ਤੂੰ ਕਹਾਣੀਆਂ ਲਿਖਦਾ ਰਹਿਨੈਂ, ਕੋਈ ਚੰਗੀ ਜਿਹੀ ਕਹਾਣੀ ਦੱਸ ਜਿਸ 'ਤੇ ਫਿਲਮ ਬਣਾਈ ਜਾ ਸਕੇ। ਮੈਂ ਕਿਹਾ, 'ਮੇਰੇ ਦਿਮਾਗ ਵਿਚ ਬਹੁਤ ਚਿਰਾਂ ਤੋਂ ਇੱਕ ਕਹਾਣੀ ਹੈ ਜਿਸ 'ਤੇ ਚੰਗੀ ਫਿਲਮ ਬਣਾ ਸਕਦੇ ਹਾਂ।' ਕਹਾਣੀ ਸੁਣਾਈ ਤਾਂ ਸਭ ਨੂੰ ਪਸੰਦ ਆ ਗਈ। ਬਲਦੇਵ ਗਿੱਲ ਨੇ ਕਹਾਣੀ ਨੂੰ ਹੋਰ ਵਿਸਥਾਰ ਦੇ ਕੇ ਡਾਇਲਾਗ ਤੇ ਸਕਰੀਨ ਪਲੇਅ ਤਿਆਰ ਕੀਤਾ। ਇਸ ਫਿਲਮ ਦੇ ਗੀਤ ਬਹੁਤ ਹਰਮਨ ਪਿਆਰੇ ਹੋਏ। ਵਰਿਆਮ ਮਸਤ ਦਾ ਲਿਖਿਆ 'ਰੋਜ਼ ਤੱਕਦੀ ਫਿਰਾਂ ਮੈਂ ਤੇਰਾ ਰਾਹ...', ਮੈਂ ਵਣਜਾਰਾ...ਅਤੇ 'ਨੀਂ ਮੈਂ ਮੰਨਦੀ ਮਨਾਉਂਦਾ ਪੀਰ ਔਲੀਏ ਦੇ ਜਾਵਾਂ' ਵੀ ਕਾਫ਼ੀ ਚੱਲੇ।' ਜਦ ਇਹ ਫਿਲਮ ਬਣ ਕੇ ਰਿਲੀਜ਼ ਹੋਈ ਤਾਂ ਚਾਰੇ ਪਾਸੇ ਧੁੰਮਾਂ ਪੈ ਗਈਆਂ। ਫਿਲਮ ਨੇ ਨੈਸ਼ਨਲ ਐਵਾਰਡ ਵੀ ਜਿੱਤਿਆ। ਵਰਿਆਮ ਨੇ ਇਸ ਫਿਲਮ 'ਚ ਕਰਤਾਰੇ ਦਾ ਕਿਰਦਾਰ ਵੀ ਨਿਭਾਇਆ।

ਇਕ ਦਿਨ ਉਸਨੂੰ 'ਵਰਿੰਦਰ' ਮਿਲਿਆ ਤਾਂ ਉਸਨੇ ਵਰਿਆਮ ਦੇ ਗੀਤਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਆਪਣੀ ਫ਼ਿਲਮ 'ਨਿੰਮੋ' ਲਈ ਵੀ ਕੋਈ ਗੀਤ ਲਿਖ ਕੇ ਦੇਵੇ ਤਾਂ ਉਸ ਨੇ 'ਇਕ ਤੂੰ ਹੋਵੇਂ ਇਕ ਮੈਂ ਹੋਵਾਂ...ਇਕ ਚਰਖੇ ਦੀ ਹੋਵੇ ਗੂੰਝ ਮਿੱਤਰਾ...' ਗੀਤ ਲਿਖ ਕੇ ਦਿੱਤਾ ਜੋ ਸੁਰੇਸ਼ ਵਾਡੇਕਰ ਅਤੇ ਸਲਮਾ ਆਗਾ ਦੀ ਆਵਾਜ਼ ਵਿਚ ਰਿਕਾਰਡ ਹੋਇਆ।

ਵਰਿਆਮ ਨੇ ਪ੍ਰੀਤੀ ਸਪਰੂ ਦੀ ਫਿਲਮ 'ਭਾਬੋ' ਅਤੇ ਧਾਰਮਿਕ ਫਿਲਮ 'ਜੈ ਮਾਤਾ ਚਿੰਤਪੁਰਨੀ' ਵਿਚ ਵੀ ਅਦਾਕਾਰੀ ਕੀਤੀ। 'ਚੰਨ ਪ੍ਰਦੇਸੀ', 'ਨਿੰਮੋ' ਫਿਲਮਾਂ ਤੋਂ ਇਲਾਵਾ ਸਵਿਤਾ ਸਾਥੀ ਦੀ ਆਵਾਜ਼ ਵਿਚ ਵਰਿਆਮ ਮਸਤ ਦਾ ਇੱਕ ਗੀਤ 'ਨਿੰਮੀ ਨਿੰਮੀ ਬੀਨ ਨਾ ਵਜਾ ਵੇ ਜੋਗੀ' ਵੀ ਬਹੁਤ ਹਰਮਨ ਪਿਆਰਾ ਹੋਇਆ।

ਅੱਜ-ਕੱਲ੍ਹ ਦਿੱਲੀ ਰਹਿੰਦੇ ਵਰਿਆਮ ਮਸਤ ਦਾ ਜਨਮ 15 ਅਪ੍ਰੈਲ 1951 ਨੂੰ ਰਾਜਪੁਰਾ ਨੇੜਲੇ ਪਿੰਡ ਫਰੀਦਪੁਰ ਗੁੱਜਰਾਂ ਵਿਖੇ ਪਿਤਾ ਸਵ. ਜੈਮਲ ਸਿੰਘ ਰੋਮਾਣਾ ਤੇ ਮਾਤਾ ਅਪਾਰ ਕੌਰ ਦੇ ਘਰ ਹੋਇਆ ਤੇ ਬਚਪਨ ਲਿਖਾਰੀਆਂ ਦੇ ਸ਼ਹਿਰ ਬਰਨਾਲੇ ਗੁਜ਼ਰਿਆ, ਜਿੱਥੋਂ ਦੇ ਪੌਣ-ਪਾਣੀ ਤੇ ਕਲਾਤਮਿਕ ਮਾਹੌਲ ਨੇ ਉਸਨੂੰ ਆਪਣੇ ਰੰਗ ਵਿਚ ਰੰਗ ਲਿਆ। ਕਲਾ ਦੇ ਖੇਤਰ ਨਾਲ ਜੁੜਨ ਦਾ ਸਬੱਬ ਉਸਨੂੰ ਬਰਨਾਲੇ ਦੀ ਮਹਾਂਸ਼ਕਤੀ ਕਲਾ



ਮੰਦਰ ਤੋਂ ਹੀ ਬਣਿਆ, ਜਿਥੇ ਉਹ ਰਾਮਲੀਲ੍ਹਾ ਵੇਖਣ ਜਾਂਦਾ ਸੀ ਅਤੇ ਇਸੇ ਮੰਚ ਤੋਂ ਖੇਡੇ ਜਾਂਦੇ ਸਮਾਜ-ਸੁਧਾਰ ਡਰਾਮਿਆਂ ਨੇ ਉਸਦੇ ਅੰਦਰਲੇ ਕਲਾਕਾਰ ਨੂੰ ਹਲੂਣਾ ਦਿੱਤਾ। 1973 ਵਿਚ ਜਦ ਗਰੇਜੂਏਸ਼ਨ ਪੂਰੀ ਹੋਈ ਤਾਂ ਵਰਿਆਮ ਚੰਡੀਗੜ੍ਹ ਦੀ ਬੱਸ ਫੜ, ਬਲਵੰਤ ਗਾਰਗੀ ਦੇ ਚਰਨੀਂ ਜਾ ਲੱਗਿਆ। ਵਰਿਆਮ ਨੇ ਬਲਵੰਤ ਗਾਰਗੀ ਦੀ ਟੀਮ 'ਚ ਅਨੇਕਾਂ ਨਾਟਕ ਖੇਡੇ। ਅਨੇਕਾਂ ਨਾਟਕ ਲਿਖੇ, ਕਈ ਸਾਲ ਗਾਰਗੀ ਨਾਲ ਰਹਿੰਦਿਆਂ ਉਸਨੇ ਗਾਰਗੀ ਦੀ ਜ਼ਿੰਦਗੀ ਨੂੰ ਬਹੁਤ ਨੇੜੇ ਤੋਂ ਵੇਖਿਆ। ਵਰਿਆਮ ਨੇ ਦੱਸਿਆ ਕਿ ਉਸਨੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ ਪੂਨਾ (ਮਹਾਰਾਸ਼ਟਰ) ਤੋਂ ਵੀ ਪੜ੍ਹਾਈ ਕੀਤੀ। ਚੰਡੀਗੜ੍ਹ ਰਹਿੰਦਿਆਂ ਵਰਿਆਮ ਨੇ ਆਪਣਾ ਇੱਕ ਨਾਟਕ ਗਰੁੱਪ ਬਣਾ ਲਿਆ ਤੇ ਅਨੇਕਾਂ ਨਾਟਕ ਖੇਡੇ ਤੇ ਫ਼ਿਲਮਾਂ ਕੀਤੀਆਂ। ਪੰਜਾਬ ਸਰਕਾਰ ਦੇ ਸੈਰ-ਸਪਾਟਾ ਤੇ ਕਲਚਰ ਵਿੰਗ ਦੇ ਪੰਜਾਬ ਡਰਾਮਾ ਰੈਪਰਟਰੀ ਕੰਪਨੀ ਵਿਚ ਬਤੌਰ ਪ੍ਰੋਫੈਸ਼ਨਲ ਆਰਟਿਸਟ ਕੰਮ ਕਰਦਿਆਂ ਪੰਜਾਬ ਭਰ ਵਿਚ ਕਲਾਕਾਰਾਂ ਦੀ ਟੀਮ ਲੈ ਕੇ ਨਾਟਕ ਖੇਡੇ।

ਉਸਨੇ ਫਿਰ ਪੰਜਾਬ ਸਰਕਾਰ ਦੇ ਅਦਾਰੇ ਫ਼ਿਲਮ ਐਂਡ ਥੀਏਟਰ ਡਿਪਾਰਟਮੈਂਟ ਨਾਲ ਜੁੜ ਕੇ ਸਕ੍ਰਿਪਟ ਲੇਖਕ ਦੇ ਤੌਰ 'ਤੇ ਨੌਕਰੀ ਕੀਤੀ, ਜਿਸ ਦੌਰਾਨ 200 ਦੇ ਕਰੀਬ ਡਾਕੂਮੈਂਟਰੀ ਫ਼ਿਲਮਾਂ ਲਿਖੀਆਂ ਤੇ ਡਾਇਰੈਕਟ ਕੀਤੀਆਂ। ਦਰਸ਼ਕਾਂ ਨੂੰ ਯਾਦ ਹੋਵੇਗਾ ਕਿ ਅੱਜ ਤੋਂ ਤੀਹ-ਚਾਲੀ ਸਾਲ ਪਹਿਲਾਂ ਸਿਨਮਾ ਘਰਾਂ 'ਚ ਫ਼ਿਲਮ ਚੱਲਣ ਤੋਂ ਪਹਿਲਾਂ 10-15 ਮਿੰਟ ਦੀ ਇੱਕ ਬਲੈਕ ਐਂਡ ਵ੍ਹਾਈਟ ਡਾਕੂਮੈਂਟਰੀ ਫ਼ਿਲਮ ਵਿਖਾਈ ਜਾਂਦੀ ਸੀ, ਜੋ ਇਤਿਹਾਸਕ, ਸਮਾਜਿਕ ਜਾਂ ਦੇਸ਼ ਭਗਤੀ ਆਧਾਰਤ ਵਿਸ਼ੇ 'ਤੇ ਹੁੰਦੀ ਸੀ। ਉਸ ਫ਼ਿਲਮ 'ਚ ਪਰਦੇ ਪਿਛਲੀ ਆਵਾਜ਼, ਐਡੀਟਿੰਗ ਤੇ ਡਾਇਰੈਕਸ਼ਨ ਵਰਿਆਮ ਮਸਤ ਦੀ ਹੁੰਦੀ ਸੀ।

ਫਿਰ 1991 ਵਿਚ ਉਸ ਨੇ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਦੇ ਗੀਤ ਅਤੇ ਡਰਾਮਾ ਵਿਭਾਗ ਵਿਚ ਡਿਪਟੀ ਡਾਇਰੈਕਟਰ ਦੇ ਅਹੁਦੇ 'ਤੇ ਰਹਿੰਦਿਆਂ ਪੂਰੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਸਮਾਜਿਕ ਮੁੱਦਿਆਂ 'ਤੇ ਆਧਾਰਤ ਲੋਕ ਚੇਤਨਾ ਦਾ ਚਾਨਣ ਵੰਡਦੇ ਨਾਟਕਾਂ ਅਤੇ ਸੰਗੀਤਕ ਪ੍ਰੋਗਰਾਮਾਂ ਦਾ ਮੰਚਨ ਕੀਤਾ।

ਵਰਿਆਮ ਮਸਤ ਨੇ ਦੱਸਿਆ ਕਿ ਇਸ ਦੇ ਨਾਲ-ਨਾਲ ਹੀ ਉਸ ਦੀ ਲੇਖਣੀ ਦਾ ਕਾਰਜ ਵੀ ਜ਼ੋਰਾਂ 'ਤੇ ਰਿਹਾ। ਉਸਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਅਨੇਕਾਂ ਕਹਾਣੀਆਂ, ਕਵਿਤਾਵਾਂ ਅਤੇ ਨਾਟਕਾਂ ਦੀਆਂ ਕਿਤਾਬਾਂ ਲਿਖੀਆਂ, ਜਿਨ੍ਹਾਂ 'ਚ 'ਵਿਹੜੇ ਦੀ ਮਹਿਕ', 'ਰਿਸ਼ਤੇ', 'ਨੈਣਾਂ' ਨਾਟਕ ਬਹੁਤ ਮਸ਼ਹੂਰ ਹੋਏ। ਇਸ ਤੋਂ ਇਲਾਵਾ ਕਵਿਤਾਵਾਂ ਦੀਆਂ ਚਾਰ ਪੁਸਤਕਾਂ 'ਪਲ ਦੇ ਪ੍ਰਾਹੁਣੇ', 'ਸੁਮੇਲ', 'ਪੈਸ਼ਨ' ਤੇ 'ਸਮੁੰਦਰ ਉਥਲਅ ਰਿਹਾ ਹੈ' ਛਪ ਚੁੱਕੀਆਂ ਹਨ। 'ਨਾਟਕ ਬਾਕੀ ਹੈ', 'ਤਮਾਸ਼ਾ', 'ਕੁੰਡਲੀ', 'ਘਰਲੀ', 'ਉਡਾਰੀ', 'ਅੱਜ ਦੀ ਸਾਹਿਬਾਂ', 'ਖਾਰਾ ਪਾਣੀ', 'ਬੂਟੀਕ', 'ਭੰਬੂਕਾਂ' ਆਦਿ ਨਾਟਕਾਂ ਦੀਆਂ ਕਿਤਾਬਾਂ ਛਪੀਆਂ। ਉਸਦਾ ਨਾਟਕ 'ਖਾਰਾ ਪਾਣੀ' ਦਾ ਆਸਾਮੀ ਭਾਸ਼ਾ ਵਿਚ ਵੀ ਅਨੁਵਾਦ ਹੋ ਕੇ ਛਪਿਆ ਹੈ। ਇਸ ਤੋਂ ਇਲਾਵਾ 'ਸੈਲਫ਼ੀ', 'ਟਵੀਟੀ', 'ਬੱਤਖ ਜੈਸੀ ਆਂਖੇਂ', 'ਟੱਚਿੰਗ ਮੂਮੈਂਟਸ', ਕਹਾਣੀਆਂ ਦੀਆਂ ਕਿਤਾਬਾਂ ਵੀ ਛਪੀਆਂ ਹਨ। 'ਮਾਈ ਥੀਏਟਰ ਡੇਅਜ਼ (ਸਵੈ ਜੀਵਨੀ-ਅੰਗਰੇਜ਼ੀ) ਪੰਜਾਬੀ ਨਾਵਲ 'ਕਾਲੀ ਧਰਤੀ ਗੋਰੇ ਲੋਗ', 'ਲੇਹ 'ਤੇ ਕਹਿਰ', 'ਸੁਲਾਬ੍ਹੇ ਚੁੱਲ੍ਹੇ' ਵੀ ਛਪੇ ਹਨ।

ਈ ਟੀ ਸੀ ਪੰਜਾਬੀ ਚੈਨਲ 'ਤੇ ਇਕ ਸੀਰੀਅਲ 'ਉਡੀਕ' ਵੀ ਬਹੁਤ ਹਰਮਨ-ਪਿਆਰਾ ਹੋਇਆ। 60 ਕਿਸ਼ਤਾਂ ਦਾ ਇਹ ਸੀਰੀਅਲ ਦੋ-ਤਿੰਨ ਸਾਲ ਚੱਲਿਆ। ਇਸ ਤੋਂ ਇਲਾਵਾ ਇਸ ਸੀਰੀਅਲ ਵਿਚ ਉਸ ਨੇ ਮੁੱਖ ਭੂਮਿਕਾ ਵੀ ਨਿਭਾਈ। ਇਸ ਤੋਂ ਇਲਾਵਾ ਵਰਿਆਮ ਨੇ ਪ੍ਰੀਤੀ ਸਪਰੂ ਦੀ ਫਿਲਮ 'ਭਾਬੋ' ਅਤੇ ਧਾਰਮਿਕ ਫਿਲਮ 'ਜੈ ਮਾਤਾ ਚਿੰਤਪੁਰਨੀ' ਵਿਚ ਵੀ ਅਦਾਕਾਰੀ ਕੀਤੀ। ਉਸਦੀਆਂ ਲਿਖੀਆਂ ਤਿੰਨ ਫ਼ਿਲਮਾਂ 'ਚੰਨ ਪ੍ਰਦੇਸੀ', 'ਪ੍ਰੋਫਾਇਲ ਆਫ ਪੇਂਟਰ-ਸ਼ੋਭਾ ਸਿੰਘ' ਅਤੇ 'ਸ੍ਰੀ ਹੇਮਕੁੰਟ ਸਾਹਿਬ' ਨੂੰ ਨੈਸ਼ਨਲ ਐਵਾਰਡ ਮਿਲਿਆ।

ਆਪਣੇ ਪਰਿਵਾਰ ਬਾਰੇ ਗੱਲ ਕਰਦਿਆਂ ਉਸ ਦੱਸਿਆ, 'ਮੇਰੀ ਜੀਵਨ ਸਾਥਣ ਬਲਵੀਰ ਮਸਤ ਨੇ ਕਲਾ ਅਤੇ ਜ਼ਿੰਦਗੀ ਦੇ ਹਰ ਮੋੜ 'ਤੇ ਮੇਰਾ ਸਾਥ ਦਿੱਤਾ ਹੈ। ਮੇਰਾ ਬੇਟਾ ਟੋਰਾਂਟੋ (ਕੈਨੇਡਾ) ਰਹਿੰਦੈ, ਜੋ ਸਾਫਟਵੇਅਰ ਇੰਜੀਨੀਅਰ ਹੈ। ਬੇਟੀ ਡਾਕਟਰ ਹੈ ਜੋ ਬੋਸਟਨ ਅਮਰੀਕਾ ਰਹਿੰਦੀ ਹੈ। ਮੈਂ ਆਪਣੇ ਬੱਚਿਆਂ 'ਤੇ ਇਹ ਥੋਪਣਾ ਨਹੀਂ ਚਾਹਿਆ ਕਿ ਉਹ ਆਰਟਿਸਟ ਹੀ ਬਣਨ...ਜੇ ਉਨ੍ਹਾਂ ਦੇ ਮਨ 'ਚ ਹੁੰਦਾ ਤਾਂ ਉਹ ਇੱਧਰ ਆ ਜਾਂਦੇ। ਮੈਂ ਮਜਬੂਰ ਨਹੀਂ ਕੀਤਾ। ਵੇਖਿਆ ਜਾਵੇ ਤਾਂ ਰੰਗਮੰਚ ਕਰਨਾ ਤਾਂ ਘਰ ਫੂਕ ਤਮਾਸ਼ਾ ਵੇਖਣਾ ਹੀ ਹੈ। ਅੱਜ-ਕੱਲ੍ਹ ਤਾਂ ਰੰਗਮੰਚ ਕਲਾਕਾਰਾਂ ਦੀ ਸਿਨਮੇ ਕਰਕੇ ਕਦਰ ਪੈਣ ਲੱਗੀ ਹੈ। ਸਾਡੇ ਦੌਰ ਵਿਚ ਤਾਂ ਬਹੁਤ ਮਾੜੀ ਹਾਲਤ ਸੀ। ਭੁੱਖੇ-ਭਾਣੇ ਤੁਰੇ ਫਿਰਦੇ ਸੀ, ਰੰਗਮੰਚ ਦਾ ਜਨੂੰਨ ਲੈ ਕੇ...।'

ਬਰਨਾਲੇ ਬਾਰੇ ਗੱਲ ਕਰਦਿਆਂ ਵਰਿਆਮ ਮਸਤ ਨੇ ਕਿਹਾ ਕਿ ਇਸ ਖੇਤਰ ਦੀ ਸਾਹਿਤ ਅਤੇ ਰੰਗਮੰਚ ਨੂੰ ਬਹੁਤ ਵੱਡੀ ਦੇਣ ਹੈ। ਬਲਵੰਤ ਗਾਰਗੀ ਦੀ ਜਨਮ ਭੂਮੀ (ਪਿੰਡ ਸ਼ਹਿਣਾ) ਹੋਣ ਦਾ ਬਰਨਾਲਾ ਜ਼ਿਲ੍ਹੇ ਨੂੰ ਮਾਣ ਹੈ। ਮੇਰੀ ਕੋਸ਼ਿਸ਼ ਹੈ ਕਿ ਇੱਥੇ ਕਲਾ ਨੂੰ ਹੋਰ ਉਤਸ਼ਾਹਿਤ ਕਰਨ ਲਈ ਕੋਈ ਓਪਨ ਏਅਰ ਥੀਏਟਰ ਜਾਂ ਐਡੀਟੋਰੀਅਲ ਬਣਾਇਆ ਜਾਵੇ, ਜਿਸ ਵਿਚ ਰੰਗਮੰਚ ਵੀ ਹੋਵੇ, ਇੱਕ ਲਾਇਬ੍ਰੇਰੀ ਹੋਵੇ ਤੇ ਮਿਊਜ਼ੀਅਮ ਹੋਵੇ। ਸਾਹਿਤਕਾਰਾਂ, ਰੰਗਕਰਮੀਆਂ ਦੀ ਜਾਣਕਾਰੀ ਦੇਣ ਵਾਲੀ ਆਰਟ ਗੈਲਰੀ ਹੋਵੇ।

# ਵੈਰਾਗ ਤੇ ਸੋਗ ਸਮੇਂ ਸਿਧਾਂਤ ਅਣਡਿੱਠ ਕਿਉਂ?

ਬਹੁਤ ਹੀ ਹਿਰਦੇਵੇਧਕ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਗਏ ਕਿਸਾਨੀ ਸੰਘਰਸ਼ ਵਿਚ ਚਰਚਿਤ ਉਘੇ ਕਲਾਕਾਰ ਦੀਪ ਸਿੱਧੂ ਬਾਰੇ ਮੀਡੀਆ ਵਿਚ ਬਹੁਤ ਕੁੱਝ ਲਿਖਿਆ ਜਾ ਰਿਹਾ ਹੈ। ਉਸਦੀ ਆਤਮਿਕ ਸ਼ਾਂਤੀ ਲਈ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਪ੍ਰਭਾਵਸ਼ਾਲੀ ਇਕੱਠ ਹੋਇਆ। ਸੋਸ਼ਲ ਮੀਡੀਆ ਖਾਸਕਰ ਫੇਸਬੁੱਕ 'ਤੇ ਮਰਹੂਮ ਦੀਪ ਸਿੱਧੂ ਨੂੰ 'ਸ਼ਹੀਦ' ਲਿਖਿਆ ਦੇਖ ਕੇ ਕੁੱਝ ਸਿੱਖ ਸਾਹਿਤ ਦੀ ਫਰੋਲਾ-ਫਰਾਲੀ ਕੀਤੀ। ਕੁਝ ਟੂਕਾਂ ਲੱਭੀਆਂ ਹਨ ਜੋ ਹੇਠਾਂ ਅੰਕਿਤ ਕਰ ਰਿਹਾ ਹਾਂ ਤਾਂ ਕਿ ਉਕਤ ਚਰਚਾ, ਸਿਧਾਂਤ ਦੀ ਲੋਅ ਵਿਚ ਅੱਗੇ ਵਧ ਸਕੇ!



**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 408-915-1268**

ਪਹਿਲਾਂ ਸ਼ਹੀਦ ਦੀ ਪਰਿਭਾਸ਼ਾ ਬਾਰੇ:

'ਸ਼ਹੀਦ' ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ ਗਵਾਹ। ਇਸ ਲਈ 'ਸ਼ਹਾਦਤ' ਦਾ ਅਰਥ 'ਗਵਾਹੀ' ਹੈ।...ਸਿੱਖੀ ਵਿਚ ਸ਼ਹਾਦਤ ਦੇ ਪੂਰਨੇ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਾਏ ਸਨ। ਸਿੱਖੀ ਵਿਚ ਸ਼ਹੀਦ ਦਾ ਰੁਤਬਾ ਬੜਾ ਬੁਲੰਦ ਹੈ। ਸਿੱਖ ਆਪਣੇ ਸ਼ਹੀਦਾਂ ਉਪਰ ਬਹੁਤ ਮਾਣ ਕਰਦੇ ਹਨ ਅਤੇ ਉਨ੍ਹਾਂ ਦੇ ਦਿਨ ਮਨਾਉਣੇ ਵਿਧਾਨ ਹੈ। ਕਈ ਲੋਕ 'ਨਾਇਕ' ਬਣਨ ਦੇ ਚਾਅ ਵਿਚ ਸ਼ਹਾਦਤਾਂ ਦੇ ਜਾਂਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਐਸੇ ਲੋਕ ਗੁਮਰਾਹ ਹੋ ਕੇ ਮਰ-ਮਿਟਦੇ ਹਨ। ਹਰ ਮਰ-ਮਿਟਣ ਵਾਲੇ ਨੂੰ ਸ਼ਹੀਦ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦਾ ਫੁਰਮਾਣ ਹੈ:

ਕਬੀਰ ਮਰਤਾ ਮਰਤਾ ਜਗ ਮੁਆ ਮਰ ਭਿ ਨ ਜਾਨੈ ਕੋਇ॥ (ਬਿਹਾਗੜਾ ਕਬੀਰ, 555)

ਸ਼ਹੀਦ ਨੂੰ ਸ਼ਹਾਦਤ ਇਕ ਇਨਾਮ ਵਾਂਗ ਮਿਲਣ ਵਾਲੀ ਵਸਤੂ ਹੈ। ਸ਼ਹਾਦਤ ਕੋਈ ਸਸਤੀ ਸ਼ੋਹਰਤ ਜਾਂ ਭਾਵੁਕਤਾ ਕਾਰਨ ਚੁੱਕਿਆ ਕਦਮ ਨਹੀਂ ਹੁੰਦਾ। ਬਲਕਿ ਸ਼ਹੀਦ ਨੂੰ ਆਪਣੀ ਮੰਜ਼ਲ ਦਾ ਪ੍ਰਤੱਖ ਗਿਆਨ ਹੁੰਦਾ ਹੈ ਅਤੇ ਉਹ ਕਿਸੇ ਬੱਲੇ-ਬੱਲੇ ਲਈ ਨਹੀਂ ਸਗੋਂ ਗੰਭੀਰ ਕਾਜ ਨੂੰ ਸਮਰਪਿਤ ਹੁੰਦਾ ਹੈ।

ਇੱਕ ਗੱਲ ਇਹ ਵੀ ਸਮਝਣੀ ਚਾਹੀਦੀ ਹੈ ਕਿ ਹਰ ਕੌਮ, ਹਰ ਦੇਸ਼ ਜਾਂ ਹਰ ਲਹਿਰ ਦੇ ਆਪਣੇ ਸ਼ਹੀਦ ਹੁੰਦੇ ਹਨ। ਇਕ ਕੌਮ ਦੇ ਸ਼ਹੀਦ ਉਸ ਕੌਮ ਦੇ ਨਾਇਕ ਹੁੰਦੇ ਤਾਂ ਉਹੀ ਸ਼ਹੀਦ, ਦੂਜੀ ਕੌਮ ਦੇ ਖਲਨਾਇਕ ਹੋ ਸਕਦੇ ਹਨ। ਪਰ ਸਾਨੂੰ ਵੀ ਹਰ ਕਿਸੇ ਨੂੰ ਸ਼ਹੀਦ ਕਹਿਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਇਹ ਯੋਗ ਨਹੀਂ ਕਿ ਕਿਸੇ ਦੁਰਘਟਨਾ ਦੇ ਸ਼ਿਕਾਰ ਵਿਅਕਤੀ ਨੂੰ ਹੀ ਸ਼ਹੀਦ ਕਹਿ ਦਿੱਤਾ ਜਾਵੇ। ਪੰਥ ਨੂੰ ਆਪਣੇ ਕੌਮੀ ਨਾਇਕਾਂ ਅਤੇ ਸ਼ਹੀਦਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ। ਜਿਵੇਂ ਪਿੱਛੇ ਜਿਹੇ ਬਾਬਾ ਜਰਨੈਲ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਹੀਦ ਐਲਾਨਿਆ ਹੈ।

ਸਿੱਖਾਂ ਵਿਚ 'ਜ਼ਿੰਦਾ ਸ਼ਹੀਦ' ਦਾ ਸੰਕਲਪ ਵੀ ਪ੍ਰਚੱਲਿਤ ਹੈ। ਜਿਹੜਾ ਵਿਅਕਤੀ ਸੱਚ, ਲੋਕ-ਸੇਵਾ ਅਤੇ ਗੁਰਮਤਿ ਨੂੰ ਸਮਰਪਿਤ ਹੋ ਕੇ ਜੀਵਨ ਗੁਜ਼ਾਰਦਾ ਹੈ, ਉਸਨੂੰ 'ਜ਼ਿੰਦਾ ਸ਼ਹੀਦ' ਕਹਿਣਾ ਯੋਗ ਹੈ।... ('ਗੁਰਮਤਿ ਨਿਰਣਯ ਕੋਸ਼' ਸਫਾ-23 ਲੇਖਕ ਡਾਕਟਰ ਗੁਰਸ਼ਰਨ ਜੀਤ ਸਿੰਘ-ਛਾਪਾ ਸਤੰਬਰ 2004)

ਦੂਸਰੇ ਨੰਬਰ 'ਤੇ ਕੁੱਝ ਕਾਵਿ-ਬੰਦ ਸਿੱਖ ਸ਼ਾਇਰ ਸਰਦਾਰ ਹਰਿੰਦਰ ਸਿੰਘ 'ਮਹਿਬੂਬ' ਜੀ ਦੀ ਲਿਖਤ ਵਿਚੋਂ:

'ਸ਼ਾਹਾਂ ਦੇ ਵੱਡ ਕਹਿਰ ਵੀ
ਜਿੰਦ ਜੇ ਦੇਵਣ ਲੂਹ
ਭੁੱਲੇਗਾ ਨਾ ਖਾਲਸਾ
—
'ਕੇਸਾਂ ਬਿਨਾਂ ਨਾ ਸਿੰਘ ਨੂੰ
ਦਿਸੇ ਮੇਰੀ ਦਰਗਾਹ
ਪੰਜੇ ਕੱਕੇ ਰਹਿਣਗੇ
ਬੀੜ ਦੇ ਨਾਲ ਗਵਾਹ!'

ਤੀਸਰੇ ਨੰਬਰ 'ਤੇ ਪੇਸ਼ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਨੈਸ਼ਨਲ ਪ੍ਰੋਫੈਸਰ ਆਫ ਸਿੱਖਿਜ਼ਮ' ਦੇ ਸਨਮਾਨ ਨਾਲ ਵਰੋਸਾਏ ਹੋਏ ਸਿਰਦਾਰ ਕਪੂਰ ਸਿੰਘ ਜੀ ਹੁਰਾਂ ਵਲੋਂ ਲਿਖੀ ਗਈ ਇਕ ਗਲਤ ਪ੍ਰਪਾਟੀ, ਜਿਹਦੇ 'ਤੇ ਸਾਡੀ ਬਹੁਗਿਣਤੀ ਹੁਣ ਤਕ ਵੀ ਚੱਲੀ ਜਾਂਦੀ ਹੈ:

'ਭੇਡਾਂ-ਬੱਕਰੀਆਂ ਦੇ ਇੱਜੜ ਭੀ, ਜਦੋਂ ਉਨ੍ਹਾਂ ਨੂੰ ਬੁੱਚੜਖਾਨੇ ਵੱਲ ਹਿੱਕ ਕੇ ਲੈਜਾਇਆ ਜਾਂਦਾ ਹੈ, ਤਾਂ ਉਹ ਬੁੱਚੜਖਾਨੇ ਤੋਂ ਕੁੱਝ ਦੂਰ ਹੀ ਅਨੁਭਵ ਕਰ ਲੈਂਦੇ ਹਨ ਕਿ ਉਨ੍ਹਾਂ ਨੂੰ ਕਤਲ ਕਰਵਾਉਣ ਦੀ ਯੋਜਨਾ ਬਣ ਚੁੱਕੀ ਹੈ ਅਤੇ ਉਹ ਚੀਕ-ਚਿਹਾੜਾ ਪਾਉਂਦੇ ਐਧਰ-ਓਧਰ ਬਚ ਕੇ ਭੱਜ ਨਿਕਲਣ ਦਾ ਯਤਨ ਕਰਦੇ, ਮੈਂ ਆਪ ਦੇਖੇ ਹਨ, ਪਰ ਧੰਨ ਹਨ ਸਿੱਖ ਜਿਨ੍ਹਾਂ ਨੂੰ ਤਬਾਹੀ ਤੇ ਮੌਤ ਵੱਲ ਮੂਰਖ ਟੋਲਾ, ਬੁਰਛੇ ਅਤੇ ਸਵਾਰਥੀ ਕਿਸਮ ਦੇ ਲੀਡਰ ਲਈ ਜਾ ਰਹੇ ਹਨ, ਅਤੇ ਸਿੱਖ 'ਫਲਾਨਾ-ਫਲਾਨਾ ਜ਼ਿੰਦਾਬਾਦ' 'ਬੋਲੇ ਸੋ ਨਿਹਾਲ' ਦੇ ਨਾਅਰੇ ਲਾਉਂਦੇ ਹੋਏ, ਜਥੇਬੰਦ ਹੋ ਕੇ ਮਗਰ ਮਗਰ ਤੁਰੀ ਜਾ ਰਹੇ ਹਨ!'

(ਕਿਤਾਬ 'ਬਿਖ ਮਹਿ ਅੰਮ੍ਰਿਤ' ਸਫਾ-10)

...ਰਹੋ ਵਿਚਾਰ!!

# 'ਹੈਪੀਨੈੱਸ ਇਜ਼ ਦਿ ਸਟੇਟ ਆਫ ਮਾਈਂਡ'

ਖੁਸ਼ੀ ਮਨ ਦੀ ਅਵਸਥਾ ਹੈ। ਇਹ ਕਹਾਵਤ ਹਰ ਕੋਈ ਚੰਗੀ ਤਰ੍ਹਾਂ ਜਾਣਦਾ ਹੈ ਪਰ ਫਿਰ ਵੀ ਅਕਸਰ ਮਨੁੱਖ ਖੁਸ਼ੀਆਂ ਦੀ ਭਾਲ ਕਰਦਾ ਇਧਰ-ਉਧਰ ਭਟਕਦਾ ਰਹਿੰਦਾ ਹੈ। ਖੁਸ਼ੀਆਂ ਦੀ ਭਾਲ ਵਿਚ ਭਟਕਦਾ ਮਨੁੱਖ ਜ਼ਿੰਦਗੀ ਨੂੰ ਜਿਉਂਦਾ ਨਹੀਂ ਸਗੋਂ ਕੱਟਦਾ ਹੈ। ਉਹ ਅਕਸਰ ਇਹ ਭੁੱਲ ਜਾਂਦਾ ਹੈ ਕਿ ਖੁਸ਼ੀ ਮਨ ਦੀ ਅਜਿਹੀ ਅਵਸਥਾ ਹੈ ਜਿਥੇ ਵਿਅਕਤੀ ਕੇਵਲ ਮਹਿਸੂਸ ਕਰਦਾ ਹੈ। ਜਿਵੇਂ ਕਿ ਬੁੱਧ ਕਹਿੰਦੇ ਸਨ 'ਇਹ ਸੋਚਣਾ ਗਲਤ ਹੈ ਕਿ ਕੋਈ ਤੁਹਾਨੂੰ ਖੁਸ਼ ਜਾਂ ਦੁਖੀ ਕਰ ਸਕਦਾ ਹੈ।' ਖੁਸ਼ੀਆਂ ਤੁਹਾਡੇ ਖੁਦ ਉਤੇ ਨਿਰਭਰ ਕਰਦੀਆਂ ਹਨ।

ਖੁਸ਼ੀਆਂ ਮਨੁੱਖ ਦੇ ਆਪਣੇ ਸੁਭਾਅ ਅਤੇ ਸੋਚ ਦਾ ਨਤੀਜਾ ਹਨ। ਜੇਕਰ ਇਨਸਾਨ ਔਖੇ ਸਮੇਂ ਵਿਚ ਆਪਣੇ ਚਿਹਰੇ ਤੋਂ ਮੁਸਕਾਨ ਨਹੀਂ ਦੂਰ ਕਰਦਾ ਤਾਂ ਉਹ ਮੁਸ਼ਕਿਲ ਤੋਂ ਮੁਸ਼ਕਿਲ ਘੜੀ ਨੂੰ ਵੀ ਹੱਸਦੇ-ਹੱਸਦੇ ਪਾਰ ਕਰ ਜਾਵੇਗਾ। ਖੁਸ਼ੀਆਂ ਸਕਾਰਾਤਮਕਤਾ ਉਤੇ ਵੀ ਨਿਰਭਰ ਹਨ। ਔਖੇ ਤੋਂ ਔਖੇ ਸਮੇਂ ਨੂੰ ਵੀ ਸਿੱਖਿਆ ਦੇ ਰੂਪ ਵਿਚ ਲੈਣਾ ਹੀ ਖੁਸ਼ੀਆਂ ਦੀ ਅਸਲ ਸ਼ੁਰੂਆਤ ਹੈ। ਅਕਸਰ ਮਨੁੱਖ ਔਖੇ ਵੇਲੇ ਵਿਚ ਘਬਰਾ ਜਾਂਦਾ ਹੈ ਅਤੇ ਨਕਾਰਾਤਮਕ ਵਿਚਾਰ ਉਸਦੇ ਦਿਮਾਗ 'ਤੇ ਹਮਲਾ ਕਰਦੇ ਹਨ ਪਰ ਅਜਿਹੀ ਅਵਸਥਾ ਆਉਣ 'ਤੇ ਮਨੁੱਖ ਨੂੰ ਹਮੇਸ਼ਾਂ ਇਹ ਸੋਚਣਾ ਚਾਹੀਦਾ ਹੈ ਕਿ ਉਹ ਇਸ ਘੜੀ ਵਿਚੋਂ ਕਿਵੇਂ ਨਿਕਲੇਗਾ। ਜੇਕਰ ਔਖੇ ਸਮੇਂ ਦਾ ਸਾਹਮਣਾ ਸਕਾਰਾਤਮਕਤਾ ਨਾਲ ਅਤੇ ਚਿਹਰੇ 'ਤੇ ਮੁਸਕਾਨ ਨਾਲ ਕੀਤਾ ਜਾਵੇ ਤਾਂ ਵੱਡੇ ਤੋਂ ਵੱਡਾ ਸੰਕਟ ਪਲਾਂ ਵਿਚ ਟਲ ਜਾਂਦਾ ਹੈ।

ਖੁਸ਼ੀਆਂ ਮਨੁੱਖ ਦੀ ਜ਼ਿੰਦਗੀ ਵਿਚ ਓਨਾ ਹੀ ਅਹਿਮ ਹਿੱਸਾ ਰੱਖਦੀਆਂ ਹਨ, ਜਿੰਨਾ ਫੁੱਲਾਂ ਲਈ ਪਾਣੀ। ਜਿਵੇਂ ਬਿਨਾ ਪਾਣੀ ਤੋਂ ਫੁੱਲ ਮੁਰਝਾ ਜਾਂਦੇ ਹਨ ਉਸੇ ਤਰ੍ਹਾਂ ਹੀ ਖੁਸ਼ੀਆਂ ਦੀ ਕਮੀ ਕਾਰਨ ਮਨੁੱਖੀ ਜ਼ਿੰਦਗੀ ਬੇਰੰਗੀ ਹੋ ਜਾਂਦੀ ਹੈ। ਖੁਸ਼ੀਆਂ ਲੱਭਣ ਨਾਲ ਨਹੀਂ, ਸਗੋਂ ਮਹਿਸੂਸ ਕਰਨ ਨਾਲ ਮਿਲਦੀਆਂ ਹਨ। ਖੁਸ਼ੀਆਂ ਦੀ ਅਸਲੀ ਚਾਬੀ ਮਨੁੱਖ ਦੇ ਆਪਣੇ ਹੱਥ ਵਿਚ ਹੀ ਹੁੰਦੀ ਹੈ, ਪਰ ਦੁਨੀਆਦਾਰੀ ਵਿਚ ਉਲਝਿਆ ਮਨੁੱਖ ਇਹ ਭੁੱਲ ਜਾਂਦਾ ਹੈ ਕਿ ਖੁਸ਼ੀਆਂ ਦੁਨਿਆਵੀ ਰੰਗਤ ਵਿਚ ਨਹੀਂ ਬਲਕਿ ਮਨ ਦੀ ਦਸ਼ਾ 'ਤੇ ਨਿਰਭਰ ਕਰਦੀਆਂ ਹਨ।

ਇਕ ਵਿਅਕਤੀ, ਜਿਸ ਕੋਲ ਧਨ, ਦੌਲਤ, ਸ਼ੋਹਰਤ ਸਭ ਕੁਝ ਹੈ, ਉਦੋਂ ਤੱਕ ਖੁਸ਼ ਨਹੀਂ ਹੋ ਸਕਦਾ ਜਦੋਂ ਤਕ ਉਸਦਾ ਮਨ ਖੁਸ਼ ਨਾ ਹੋਵੇ ਪਰ ਦੂਜੇ ਪਾਸੇ ਉਹ ਵਿਅਕਤੀ ਜਿਸ ਨੂੰ ਇਕ ਸਮੇਂ ਦੀ ਰੋਟੀ ਵੀ ਮੁਸ਼ਕਿਲ ਨਾਲ ਮਿਲਦੀ ਹੈ, ਖੁਸ਼ੀ-ਖੁਸ਼ੀ ਆਪਣਾ ਜੀਵਨ ਬਤੀਤ ਕਰ ਜਾਂਦਾ ਹੈ ਕਿਉਂਕਿ ਉਸ ਕੋਲ ਸੰਤੁਸ਼ਟੀ ਹੈ। ਜ਼ਿਆਦਾ ਭਾਲਣ ਦੀ ਕੋਸ਼ਿਸ਼ ਵਿਚ ਮਨੁੱਖ, ਜੋ ਉਸ ਕੋਲ ਹੈ, ਉਹ ਵੀ ਗਵਾ ਬੈਠਦਾ ਹੈ।

ਖੁਸ਼ੀਆਂ ਦਾ ਅਸਲ ਮਕਸਦ ਅੱਜ ਵਿਚ ਜਿਊਣਾ ਹੈ। ਕਿਉਂਕਿ ਜਿਹੜੀ ਚੀਜ਼ ਅੱਜ ਤੁਹਾਡੇ ਕੋਲ ਹੈ, ਕਿਤੇ ਨਾ ਕਿਤੇ ਕੋਈ ਵਿਅਕਤੀ ਉਸ ਚੀਜ਼ ਲਈ ਵੀ ਤਰਸ ਰਿਹਾ ਹੈ। ਜੇਕਰ ਖੁਸ਼ੀਆਂ ਲੱਭੋਗੇ ਤਾਂ ਕੇਵਲ ਉਦਾਸੀ ਹੀ ਹੱਥ ਆਵੇਗੀ। ਕਿਉਂਕਿ ਖੁਸ਼ੀਆਂ ਮਨੁੱਖ ਦੇ ਅੰਦਰ ਵਾਸ ਕਰਦੀਆਂ ਹਨ। ਜੇ ਤੁਸੀਂ ਖੁਸ਼ੀ ਨੂੰ ਆਪਣੇ ਅੰਦਰੋਂ ਮਹਿਸੂਸ ਕਰੋ, ਕਿਉਂਕਿ ਇੱਕ ਖੁਸ਼ ਇਨਸਾਨ ਹੀ ਖੁਸ਼ੀਆਂ ਵੰਡ ਸਕਦਾ ਹੈ।

*-ਲਵਨੀਤ ਵਸ਼ਿਸ਼ਠ*

# ਫਿਲਮੀ ਕਾਰੋਬਾਰੀ ਅਤੇ ਕਲਾਕਾਰ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

***ਲੰਡਨ ਵਿਚ ਚਾਰ ਸਾਲ ਬੀ.ਬੀ.ਸੀ. ਦੀ ਨੌਕਰੀ ਕਰਕੇ ਬਲਰਾਜ ਸਾਹਨੀ ਅਤੇ ਉਸ ਦੀ ਪਤਨੀ ਦਮਯੰਤੀ (ਦਮੋ) ਵਾਪਸ ਭਾਰਤ ਪਰਤ ਆਏ। ਉਦੋਂ ਤੱਕ ਬਲਰਾਜ ਸਾਹਨੀ ਦੇ ਦਿਲ ਅੰਦਰ ਅਦਾਕਾਰ ਬਣਨ ਦਾ ਕੋਈ ਖਿਆਲ ਤੱਕ ਨਹੀਂ ਸੀ; ਹਾਂ ਉਹ ਫਿਲਮਾਂ ਦਾ ਸ਼ੌਕੀਨ ਜ਼ਰੂਰ ਸੀ। 1944 ਵਿਚ ਬੰਬਈ ਪੁੱਜਣ ਤੋਂ ਬਾਅਦ ਫਿਲਮੀ ਕਾਰੋਬਾਰੀਆਂ ਅਤੇ ਕਲਾਕਾਰਾਂ ਨਾਲ ਵਾਹਵਾ ਰਾਬਤਾ ਬਣ ਗਿਆ। ਹੁਣ ਪੜ੍ਹੋ ਅੱਗੇ...***

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

ਫਿਲਮ 'ਖਜ਼ਾਨਚੀ' ਦਾ ਜ਼ਿਕਰ ਸੁਣ ਕੇ ਦਮੋ ਨੇ ਮੇਰੇ ਵਲ ਵੇਖਿਆ ਸੀ, ਤੇ ਅਸੀਂ ਦੋਵੇਂ ਹੱਸ ਪਏ ਸਾਂ। ਸਾਨੂੰ ਯਾਦ ਆਇਆ ਸੀ, ਜਦੋਂ ਇਸ ਫਿਲਮ ਦੇ ਗੀਤ ਰੇਡੀਓ ਉਤੇ ਵਜਾਉਣ ਲਈ ਸਾਡੇ ਕੋਲ ਪਹਿਲੋਂ ਪਹਿਲ ਲੰਦਨ ਪੁੱਜੇ ਸਨ। ਸਾਡਾ ਸਾਰਾ ਅਮਲਾ ਉਹਨਾਂ ਨੂੰ ਸੁਣ-ਸੁਣ ਹੱਸ-ਹੱਸ ਕੇ ਦੂਹਰਾ ਹੋਇਆ ਸੀ। ਉਹਨਾਂ ਵਿਚ ਹਿੰਦੁਸਤਾਨੀ ਅਤੇ ਯੋਰਪੀਨ ਸੰਗੀਤ ਦਾ ਹੱਦ ਤੋਂ ਜ਼ਿਆਦਾ ਹੋਛਾ ਅਤੇ ਬੇਜੋੜ ਮਿਸ਼ਰਨ ਸੀ। ਇਕ ਗੀਤ ਤਾਂ ਸਾਨੂੰ ਖਾਸ ਤੌਰ ਉਤੇ ਬੇਸੁਰਾ ਤੇ ਹਾਸੋਹੀਣਾ ਲਗਿਆ ਸੀ-

ਪਛੀ ਹੀ ਹੀ ਹੀ ਹੀ ਜਾ ਆ
ਪੀਛੇ ਰਹਾ ਹੈ ਬਚਪਨ ਮੇਰਾ ਅ
ਉਸ ਕੋ ਜਾ ਕੇ ਲਾ...

ਅਸੀਂ ਉਹਨਾਂ ਰਿਕਾਰਡਾਂ ਨੂੰ ਇਕ ਬੰਨੇ ਰੱਖ ਛੱਡਿਆ ਸੀ। ਕਿਸੇ ਅੰਗਰੇਜ਼ ਸਾਥੀ ਦੇ ਸਾਹਮਣੇ ਉਹਨਾਂ ਨੂੰ ਵਜਾਉਣ ਦੀ ਸਾਡੀ ਹਿੰਮਤ ਨਹੀਂ ਸੀ ਹੁੰਦੀ। ਸਾਡੇ ਦਿਲਾਂ ਉਪਰ ਆਰ.ਸੀ. ਬੋਰਾਲ ਤੇ ਪੰਕਜ ਮਲਿਕ ਦੇ ਸੁਵੰਨੇ ਸੰਗੀਤ ਦੀ ਛਾਪ ਸੀ। ਸਹਿਗਲ, ਕਾਨਨ ਬਾਲਾ, ਕੇ.ਸੀ. ਡੇ ਅਤੇ ਉਮਾ ਸ਼ਸ਼ੀ ਦੀ ਆਵਾਜ਼ ਦੇ ਅਸੀਂ ਆਸ਼ਕ ਸਾਂ। ਸਹਿਗਲ ਲਈ ਮੇਰੀ ਸ਼ਰਧਾ ਲੰਡਨ ਜਾ ਕੇ ਹੋਰ ਵੀ ਵਧ ਗਈ ਸੀ। ਉਸ ਦੇ ਹਰ ਗੀਤ ਵਿਚ, ਹਰ ਗਜ਼ਲ ਵਿਚ ਸੁੰਦਰਤਾ ਦੀ ਕੋਈ ਨਵੀਂ ਕਣੀ ਪ੍ਰਾਪਤ ਹੁੰਦੀ ਅਤੇ ਮਨ ਨੂੰ ਮੁਗਧ ਕਰ ਛਡਦੀ। ਮੈਂ ਬੜੀਆਂ ਮਿਹਨਤਾਂ ਨਾਲ ਬੀ.ਬੀ.ਸੀ. ਦੀ ਗ੍ਰਾਮੋਫੋਨ









*ਫਿਲਮ 'ਖਜ਼ਾਨਚੀ' ਤੇ 'ਦੁਨੀਆ ਨਾ ਮਾਨੇਂ' ਦੇ ਪੋਸਟਰ ਅਤੇ (ਐਨ ਸੱਜੇ) ਬਲਰਾਜ ਸਾਹਨੀ ਆਪਣੀ ਪਤਨੀ ਦਮਯੰਤੀ ਨਾਲ।*

ਲਾਇਬਰੇਰੀ ਵਿਚ ਸਹਿਗਲ ਦੇ ਗੀਤਾਂ ਨੂੰ ਦਾਖਲ ਕਰਾਇਆ ਸੀ, ਤੇ ਅੰਗਰੇਜ਼ ਅਧਿਕਾਰੀ ਸਹਿਮਤ ਹੋਏ ਸਨ ਕਿ ਸੱਚਮੁੱਚ ਉਹ ਉਤਮ ਦਰਜੇ ਦਾ ਸੰਗੀਤ ਹੈ ਪਰ ਵੇਖਦਿਆਂ-ਵੇਖਦਿਆਂ ਹਿੰਦੁਸਤਾਨ ਤੋਂ 'ਖਜ਼ਾਨਚੀ' ਵਰਗੇ ਹੋਰ ਰਿਕਾਰਡ ਧੜਾ-ਧੜ ਆਉਣ ਲੱਗ ਪਏ, ਅਤੇ ਫੌਜੀ ਭਰਾਵਾਂ ਵਲੋਂ ਵੀ ਜ਼ਿਆਦਾ ਕਰਕੇ ਉਹਨਾਂ ਦੀਆਂ ਹੀ ਫਰਮਾਇਸ਼ਾਂ ਆਉਂਦੀਆਂ। ਦੇਸੋਂ ਦੂਰ ਹੋਣ ਕਰ ਕੇ ਅਸਾਂ ਇਸ ਤਬਦੀਲੀ ਨੂੰ ਕੇਵਲ ਮੌਸਮੀ ਬੁਖਾਰ ਹੀ ਸਮਝਿਆ ਸੀ, ਉਸ ਦੇ 'ਇਨਕਲਾਬੀ' ਹੋਣ ਦਾ ਅਨੁਮਾਨ ਨਹੀਂ ਸਾਂ ਕਰ ਸਕੇ।

"ਤੂੰ ਕੀ ਵਿਚਾਰ ਲੈ ਕੇ ਫਿਲਮਾਂ ਵਿਚ ਆਇਆ ਏਂ?" ਮੈਂ ਚੇਤਨ ਤੋਂ ਪੁਛਿਆ।

"ਆਹਾ, ਇਹ ਬੜਾ ਦਿਲਚਸਪ ਸਵਾਲ ਏ।" ਚੇਤਨ ਨੇ ਕਿਹਾ। "ਮੇਰਾ ਐਕਟਰੀ ਕਰਨ ਦਾ ਕੋਈ ਇਰਾਦਾ ਨਹੀਂ। ਮੈਂ ਇਕ ਨਿਰੋਲ ਯਥਾਰਥਵਾਦੀ ਫਿਲਮ ਬਨਾਣ ਦੇ ਆਹਰ ਵਿਚ ਹਾਂ ਜਿਸ ਦਾ ਨਾਂ ਹੋਵੇਗਾ- 'ਨੀਚਾ ਨਗਰ'। ਇਹ ਸਾਡੇ ਦੇਸ਼ ਦੇ ਆਰਥਿਕ ਵਰਗਾਂ ਦੀ ਮੁੱਠ-ਭੇੜ ਦੀ ਕਹਾਣੀ ਬਿਆਨ ਕਰੇਗੀ ਜਿਸ ਵਿਚ ਮੈਂ ਕਿਸੇ ਕਿਸਮ ਦਾ ਬਾਕਸ ਆਫਿਸ ਸਮਝੌਤਾ ਨਹੀਂ ਕਰਾਂਗਾ। ਅੱਜ ਕੱਲ੍ਹ ਮੈਂ ਉਸ ਦੀ ਕਹਾਣੀ ਉਤੇ ਕੰਮ ਕਰ ਰਿਹਾਂ।"

"ਪਰ ਤੂੰ ਤੇ ਕਿਹਾ ਸੀ ਕਿ ਇਸ ਲਾਈਨ ਵਿਚ ਕਾਰੋਬਾਰੀ ਹੋਣ ਦੀ ਲੋੜ ਏ। ਜੇ ਸ਼ਾਂਤਾਰਾਮ ਵਰਗੇ ਡਾਇਰੈਕਟਰ ਨੂੰ ਸਮਝੌਤਾ ਕਰਨਾ ਪਿਆ ਏ ਤਾਂ ਕੀ ਤੈਨੂੰ ਨਹੀਂ ਕਰਨਾ ਪਏਗਾ?"

"ਮੈਂ ਇਸ ਨਵੀਂ ਪਰਿਸਥਿਤੀ ਨੂੰ ਵੰਗਾਰ ਦੇ ਰੂਪ ਵਿਚ ਵੇਖਦਾ ਹਾਂ, ਬਲਰਾਜ। ਤੂੰ ਵੀ ਤੇ ਮੈਂ ਵੀ ਸਾਹਿਤ ਰਾਹੀਂ ਤੇ ਨਾਟਕ ਰਾਹੀਂ ਸੱਚੀ ਯਥਾਰਥਵਾਦੀ ਕਲਾ ਦਾ ਅਧਿਅਨ ਕਰ ਚੁੱਕੇ ਹਾਂ, ਉਸ ਦੀ ਆਪਣੀ ਵਿਆਪਕ ਖਿੱਚ ਹੁੰਦੀ ਏ, ਆਪਣੀ ਤਕਨੀਕ ਹੁੰਦੀ ਏ। ਜਨਤਾ ਆਪਣੇ ਜੀਵਨ ਨੂੰ ਸਹੀ ਤੇ ਸੱਚੇ ਰੰਗਾਂ ਵਿਚ ਵੇਖਣ ਦੀ ਸਦਾ ਚਾਹਵਾਨ ਹੁੰਦੀ ਏ। ਜੇ ਫਿਲਮਕਾਰ ਇਸ ਭੁੱਖ ਨੂੰ ਮਿਟਾਉਣ ਲਈ ਨਰੋਆ ਭੋਜਨ ਪੇਸ਼ ਕਰਨ ਦੀ ਵਿੱਤ ਰੱਖਦਾ ਹੋਵੇ ਤਾਂ ਫੇਰ ਨਾਚ-ਗਾਣੇ ਦੇ ਚਟਣੀਆਂ-ਮਸਾਲੇ ਜ਼ਰੂਰੀ ਨਹੀਂ ਰਹਿੰਦੇ।" ਚੇਤਨ ਨੇ ਇਹ ਐਸੀ ਗੱਲ ਆਖੀ ਜਿਸ ਨਾਲ ਮੈਂ ਆਪ ਪੂਰੀ ਤਰ੍ਹਾਂ ਸਹਿਮਤ ਸਾਂ। ਇਹ ਮੇਰੇ ਆਪਣੇ ਦਿਲ ਦੀ ਗੱਲ ਸੀ। ਇਸ ਦਾ ਪਰਤੱਖ ਪ੍ਰਮਾਣ ਵੀ ਇਕ ਵਾਰੀ ਮੈਂ ਆਪਣੀ ਅੱਖੀਂ ਵੇਖ ਚੁੱਕਿਆ ਸਾਂ।

ਗਰਮੀਆਂ ਦੀਆਂ ਛੁੱਟੀਆਂ ਸਨ। ਮੈਂ ਲਾਹੌਰੋਂ ਪਿੰਡੀ ਆਇਆ ਹੋਇਆ ਸਾਂ। ਪਤਾ ਲੱਗਾ, ਰੋਜ਼ ਸਿਨੇਮੇ ਵਿਚ ਉਹੀ ਜਿਸ ਦਾ ਉਦਘਾਟਨ 'ਰੂਪਰਟ ਆਫ ਹੈਂਟਜ਼ਾ' ਨਾਲ ਹੋਇਆ ਸੀ, ਪ੍ਰਭਾਤ ਫਿਲਮ ਕੰਪਨੀ ਦੀ ਫਿਲਮ 'ਦੁਨੀਆ ਨਾ ਮਾਨੇਂ' ਲੱਗੀ ਹੋਈ ਹੈ। ਮੈਂ ਵੇਖਣ ਚਲਾ ਗਿਆ। ਮੈਂ ਪਹਿਲਾਂ ਕਹਿ ਆਇਆ ਹਾਂ ਕਿ ਸਭਿਆਚਾਰਕ ਤੌਰ ਉਤੇ ਓਦੋਂ ਪਿੰਡੀ ਪਛੜਿਆ ਹੋਇਆ ਸ਼ਹਿਰ ਸੀ। ਮੈਨੂੰ ਯਕੀਨ ਨਹੀਂ ਸੀ ਕਿ ਲੋਕੀਂ ਉਸ ਫਿਲਮ ਨੂੰ ਜ਼ਰਾ ਵੀ ਪਸੰਦ ਕਰਨਗੇ ਪਰ ਵੇਖਿਆ, ਹਾਲ ਖਚਾ-ਖਚ ਭਰਿਆ ਹੋਇਆ ਸੀ। ਪੰਜ ਆਨੇ ਤੇ ਦਸ ਆਨੇ ਵਾਲੀਆਂ ਸੀਟਾਂ ਉਤੇ ਓਹੀ ਪਠਾਣੀ ਕਿਸਮ ਦੇ ਮੁਸਲਮਾਨ ਬੈਠੇ ਹੋਏ ਸਨ ਜੋ ਆਪਣੀ ਉਜੱਡਤਾ ਤੇ ਅਵੈੜਤਾ ਲਈ ਮਸ਼ਹੂਰ ਹਨ। ਫਿਲਮ ਵਿਚ ਇਕ ਥਾਂ ਸ਼ਾਂਤਾ ਆਪਟੇ ਨੂੰ ਜਿਸ ਦੀ ਸ਼ਾਦੀ ਉਸ ਦੀ ਮਰਜ਼ੀ ਵਿਰੁਧ ਇਕ ਬੁੱਢੇ ਨਾਲ ਕਰ ਦਿੱਤੀ ਗਈ ਹੈ, ਉਸ ਦੀ ਪ੍ਰੋਫੈਸਰ ਅੰਗਰੇਜ਼ ਕਵੀ ਲਾਂਗਫੈਲੋ ਦੀ ਕਵਿਤਾ ਪੂਰੀ ਦੀ ਪੂਰੀ ਗਾ ਕੇ ਸੁਣਾਉਂਦੀ ਹੈ। ਕਾਫੀ ਲੰਮੀ ਕਵਿਤਾ ਹੈ ਇਹ, ਤੇ ਦਰਸ਼ਕਾਂ ਦਾ ਦਸਵਾਂ ਹਿੱਸਾ ਵੀ ਅੰਗਰੇਜ਼ੀ ਨਹੀਂ ਸੀ ਸਮਝਦਾ। ਮੈਨੂੰ ਡਰਦੇ ਮਾਰਿਆਂ ਪਸੀਨਾ ਆਉਣ ਲੱਗ ਪਿਆ ਕਿ ਕਿਤੇ ਸਾਰੇ ਦਾ ਸਾਰਾ ਹਾਲ ਪੀਪਣੀਆਂ ਮਾਰਦਾ ਉੱਠ ਨਾ ਖਲੋਵੇ ਪਰ ਇੰਜ ਨਹੀਂ ਹੋਇਆ। ਬੜੀ ਖਾਮੋਸ਼ੀ ਤੇ ਅਦਬ ਨਾਲ ਲੋਕੀਂ ਉਹ ਕਵਿਤਾ ਸੁਣਦੇ ਰਹੇ ਜਿਸ ਦਾ ਉਹਨਾਂ ਨੂੰ ਕੱਖ ਪੱਲੇ ਨਹੀਂ ਸੀ ਪੈ ਰਿਹਾ। ਉਸ ਦੀ ਭਾਵਨਾ ਨੂੰ ਉਹ ਸਮਝ ਗਏ ਸਨ, ਤੇ ਉਸ ਲਈ ਉਹਨਾਂ ਦੇ ਦਿਲ ਵਿਚ ਕਦਰ ਸੀ।

ਚੇਤਨ ਕਹਿ ਰਿਹਾ ਸੀ, "ਏਸ ਵੇਲੇ ਆਜ਼ਾਦ ਪ੍ਰੋਡਿਊਸਰ ਹੋਂਦ ਵਿਚ ਆਇਆ ਏ। ਏਸ ਅਸਥਿਰ ਜਿਹੀ ਪਰਿਸਥਿਤੀ ਦੀਆਂ ਆਸ਼ਾਵਾਦੀ ਸੰਭਾਵਨਾਵਾਂ ਵੀ ਹਨ। ਏਸ ਵੇਲੇ ਗੁਣਵਾਨ, ਸੁਸਿਖਿਅਤ, ਤੇ ਪ੍ਰਗਤੀਸ਼ੀਲ ਲੋਕ ਜੇ ਹਿੰਮਤ ਕਰਨ ਤਾਂ ਇੰਡਸਟਰੀ ਨੂੰ ਪਹਿਲਾਂ ਤੋਂ ਵੀ ਕਿਤੇ ਜ਼ਿਆਦਾ ਪ੍ਰਬਲ ਯਥਾਰਥਵਾਦੀ ਮੋੜ ਦੇ ਸਕਦੇ ਹਨ। ਜੇ ਏਸ ਮੌਕੇ ਉੱਤੇ ਅਸੀਂ ਖੁੰਝ ਗਏ ਤਾਂ ਮੈਦਾਨ ਪੂਰੀ ਤਰ੍ਹਾਂ ਮਿਆਰ-ਡੇਗੂ ਮਨੋਰੰਜਨਵਾਦੀਆਂ ਦੇ ਹੱਥ ਵਿਚ ਆ ਜਾਵੇਗਾ।"

ਅਸੀਂ ਬੜੇ ਧਿਆਨ ਨਾਲ ਚੇਤਨ ਦੀਆਂ ਉਤਸ਼ਾਹ-ਵਧਾਊ ਗੱਲਾਂ ਸੁਣਦੇ ਰਹੇ। ਉਸ ਉਤਸ਼ਾਹ ਵਿਚ ਅਸੀਂ ਆਪ ਕਿਤਨੇ ਸ਼ਰੀਕ ਹੋ ਸਕਦੇ ਹਾਂ, ਸਾਨੂੰ ਕੁਝ ਪਤਾ ਨਹੀਂ ਸੀ। ਚਾਰ ਸਾਲ ਦੇਸੋਂ ਬਾਹਰ ਲਾ ਕੇ ਆਏ ਸਾਂ। ਸਮਾਂ ਇਕ ਥਾਂ ਖੜ੍ਹਾ ਨਹੀਂ ਰਹਿੰਦਾ, ਤੇ ਲੜਾਈ ਦਾ ਜ਼ਮਾਨਾ ਕੋਈ ਮਾਮੂਲੀ ਜ਼ਮਾਨਾ ਨਹੀਂ ਹੁੰਦਾ। ਦੇਸ਼ ਦੇ ਜੀਵਨ ਨਾਲ ਮੁੜ ਇਕ-ਮਿਕ ਹੋਣ ਲਈ ਸਾਨੂੰ ਬਹੁਤ ਸਾਰੀਆਂ ਟੁੱਟੀਆਂ ਤਾਰਾਂ ਜੋੜਨੀਆਂ ਪੈਣਗੀਆਂ। ਸਾਡੇ ਪਿਛੋਂ ਇਕੱਲੇ ਬੰਗਾਲ ਵਿਚ ਵੀਹ ਲੱਖ ਆਦਮੀ ਚੌਲਾਂ ਲਈ ਤਰਸ ਤਰਸ ਕੇ ਮਰ ਗਏ ਸਨ, ਜਦ ਕਿ ਪੁਡਿੰਗ ਬਣਾਨ ਲਈ ਉਸ ਲੰਡਨ ਵਿਚ ਚਾਵਲ ਆਮ ਮਿਲ ਜਾਂਦੇ ਸਨ ਜਿਥੇ ਚਾਵਲ ਪੈਦਾ ਨਹੀਂ ਹੁੰਦਾ। ਅਜਿਹੀਆਂ ਘਟਨਾਵਾਂ ਪ੍ਰਭਾਵ ਪਾਏ ਬਿਨਾਂ ਨਹੀਂ ਰਹਿੰਦੀਆਂ।

ਪਰ ਪਹਿਲਾ ਕਰਤੱਵ ਸੀ ਰਾਵਲਪਿੰਡੀ ਜਾਣਾ, ਆਪਣੇ ਪਰਿਵਾਰ ਨੂੰ ਮਿਲਣਾ। ਤੇ ਜਦੋਂ ਮੁੜ ਪੋਠੋਹਾਰ ਦੀਆਂ ਪਹਾੜੀਆਂ ਦਿਸੀਆਂ ਤਾਂ ਹੀ ਸਾਨੂੰ ਵਤਨ ਵਾਪਸ ਆਉਣ ਦਾ ਅਸਲੀ ਯਕੀਨ ਹੋਇਆ। ਉਸ ਵੇਲੇ ਕਿਸ ਨੂੰ ਪਤਾ ਸੀ ਕਿ ਵਤਨ ਨੂੰ ਪਹਿਲੀ ਵਾਰ ਹੀ ਨਹੀਂ, ਅਖੀਰਲੀ ਵਾਰ ਵੀ ਵੇਖ ਰਹੇ ਸਾਂ? ਕਿਸ ਨੂੰ ਪਤਾ ਸੀ ਕਿ ਉਸ ਤੋਂ ਵੀ, ਤੇ ਇਕ-ਦੂਜੇ ਤੋਂ ਵੀ ਸਦਾ-ਸਦਾ ਲਈ ਵਿਛੜ ਜਾਣ ਦੀ ਘੜੀ ਸਿਰ ਤੇ ਮੰਡਲਾ ਰਹੀ ਹੈ?

ਬਾਝ ਨਸੀਬਾਂ ਨਾ ਪਾਣੀ ਪੀਤਾ ਬੁੱਕ ਭਰ
ਕੌਣ ਸਾਈਂ ਨੂੰ ਆਖੇ ਇੰਜ ਨਹੀਂ ਇੰਜ ਕਰ।

**(ਚੱਲਦਾ)**

# ਔਰਤ ਦਾ ਸੁਹੱਪਣ ਅਤੇ ਫਿਲਮੀ ਦੁਨੀਆ

***ਪ੍ਰਸਿੱਧ ਅਦਾਕਾਰਾ ਸੋਨਮ ਕਪੂਰ ਗਾਹੇ-ਬਗਾਹੇ ਵੱਖ-ਵੱਖ ਮਸਲਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੀ ਰਹਿੰਦੀ ਹੈ। ਇਸ ਟਿੱਪਣੀ ਵਿਚ ਉਸ ਨੇ ਔਰਤ ਦੇ ਸੁਹੱਪਣ ਦੇ ਪ੍ਰਸੰਗ ਵਿਚ ਕੁੜੀਆਂ ਨੂੰ ਸੰਬੋਧਨ ਹੋ ਕੇ ਖੂਬਸੂਰਤਗੱਲਾਂ ਕੀਤੀਆਂ ਹਨ...***

ਅੱਲ੍ਹੜ ਉਮਰ ਦੀਓ ਕੁੜੀਓ, ਜੇਕਰ ਤੁਸੀਂ ਸਵੇਰੇ ਉੱਠ ਕੇ ਆਪਣੇ ਬੈੱਡਰੂਮ ਦੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖਦੀਆਂ ਹੋ ਅਤੇ ਹੈਰਾਨ ਹੁੰਦੀਆਂ ਹੋ ਕਿ ਤੁਸੀਂ ਉਨ੍ਹਾਂ ਸਾਰੀਆਂ ਮਸ਼ਹੂਰ ਹਸਤੀਆਂ ਵਾਂਗ ਕਿਉਂ ਨਹੀਂ ਦਿਸਦੀਆਂ ਤਾਂ ਜਾਣ ਲਓ ਕਿ ਜਦੋਂ ਕੋਈ ਵੀ ਕੁੜੀ ਬਿਸਤਰੇ ਤੋਂ ਬਾਹਰ ਨਿਕਲਦਿਆਂ ਸਾਰ ਹੀ ਉਵੇਂ ਦੀ ਨਹੀਂ ਦਿਸਦੀ। ਮੈਂ ਤਾਂ ਨਹੀਂ ਦਿਸਦੀ, ਨਾ ਹੀ ਕੋਈ ਹੋਰ ਹੀਰੋਇਨ ਜੋ ਤੁਸੀਂ ਫਿਲਮਾਂ ਵਿਚ ਦੇਖਦੇ ਹੋ (ਬਯੌਂਸ ਵੀ ਨਹੀਂ, ਮੈਂ ਸਹੁੰ ਖਾਂਦੀ ਹਾਂ)।

ਹੁਣ ਅਸਲੀ ਗੱਲ ਵੱਲ ਆਉਂਦੀ ਹਾਂ: ਹਰ ਜਨਤਕ ਸਮਾਗਮ ਵਿਚ ਜਾਣ ਤੋਂ ਪਹਿਲਾਂ ਮੈਂ 90 ਮਿੰਟ ਆਪਣੀ ਮੇਕਅੱਪ ਕੁਰਸੀ 'ਤੇ ਬੈਠਦੀ ਹਾਂ। ਤਿੰਨ ਤੋਂ ਛੇ ਲੋਕ ਮੇਰੇ ਵਾਲਾਂ ਅਤੇ ਮੇਕਅੱਪ 'ਤੇ ਕੰਮ ਕਰਦੇ ਹਨ, ਇੱਕ ਆਦਮੀ ਮੇਰੇ ਨਹੁੰ ਤਰਾਸ਼ਣ ਦਾ ਕੰਮ ਕਰਦਾ ਹੈ। ਹਰ ਹਫਤੇ ਮੇਰੇ ਭਰਵੱਟੇ ਤਿਆਰ ਕੀਤਾ ਜਾਂਦੇ ਹਨ, ਥਰੈਡਿੰਗ ਅਤੇ ਟਵੀਜ਼ਿੰਗ ਕੀਤੀ ਜਾਂਦੀ ਹੈ। ਮੇਰੇ ਸਰੀਰ ਦੇ ਬਹੁਤ ਸਾਰੇ ਹਿੱਸੇ 'ਤੇ 'ਕੰਸੀਲਰ' ਲੱਗਾ ਹੁੰਦਾ ਜਿਨ੍ਹਾਂ ਬਾਰੇ ਮੈਂ ਕਲਪਨਾ ਵੀ ਨਹੀਂ ਕੀਤੀ ਸੀ ਕਿ ਇਨ੍ਹਾਂ ਨੂੰ ਲੁਕਾਉਣ ਦੀ ਲੋੜ ਹੋਵੇਗੀ!

ਮੈਂ ਹਰ ਰੋਜ਼ ਸਵੇਰੇ 6 ਵਜੇ ਉੱਠਦੀ ਹਾਂ ਅਤੇ 7:30 ਵਜੇ ਤੱਕ ਜਿਮ ਵਿਚ ਹੁੰਦੀ ਹਾਂ। ਹਰ ਸਵੇਰ ਲਗਭਗ 90 ਮਿੰਟ ਅਤੇ ਸੌਣ ਤੋਂ ਪਹਿਲਾਂ ਵੀ ਸ਼ਾਮ ਦਾ ਸਮਾਂ ਕਸਰਤ ਲਈ ਹੁੰਦਾ ਹੈ। ਮੈਨੂੰ ਕੀ ਖਾਣਾ ਚਾਹੀਦਾ ਹੈ ਅਤੇ ਕੀ ਨਹੀਂ ਖਾਣਾ ਚਾਹੀਦਾ, ਇਹ ਦੱਸਣ ਲਈ ਇੱਕ ਬੰਦਾ ਨੌਕਰੀ 'ਤੇ ਰੱਖਿਆ ਹੈ। ਮੇਰੇ ਫੇਸਪੈਕ ਵਿਚ ਮੇਰੇ ਭੋਜਨ ਨਾਲੋਂ ਜ਼ਿਆਦਾ ਚੀਜ਼ਾਂ ਹੁੰਦੀਆਂ ਹਨ। ਮੇਰੇ ਲਈ ਕੱਪੜੇ ਚੁਣਨ ਵਾਲਿਆਂ ਪੂਰੀ ਟੀਮ ਹੈ।

ਇਸ ਤੋਂ ਬਾਅਦ ਵੀ ਜਦੋਂ ਮੈਂ 'ਫਲੈੱਸ' ਨਹੀਂ ਦਿਸਦੀ ਤਾਂ ਫੋਟੋਸ਼ਾਪ 'ਤੇ ਕਾਫੀ ਕੰਮ ਕੀਤਾ ਜਾਂਦਾ ਹੈ।

ਮੈਂ ਇਹ ਪਹਿਲਾਂ ਵੀ ਕਿਹਾ ਹੈ ਅਤੇ ਮੈਂ ਇਹ ਦੁਬਾਰਾ ਕਹਾਂਗੀ ਕਿ ਕਿਸੇ ਮਾਡਲ/ਸੇਲਿਬ੍ਰਿਟੀ ਨੂੰ ਅਜਿਹਾ ਦਿੱਖ ਦੇਣ ਲਈ ਲੋਕਾਂ ਦੀ ਪੂਰੀ ਫੌਜ, ਬਹੁਤ ਸਾਰਾ ਪੈਸਾ ਅਤੇ ਬਹੁਤ ਸਾਰਾ ਸਮਾਂ ਲੱਗਦਾ ਹੈ। ਇਹ ਨਾ ਤਾਂ ਅਸਲੀ ਹੈ, ਨਾ ਹੀ ਕੋਈ ਅਜਿਹੀ ਚੀਜ਼ ਜਿਸ ਦੀ ਭਾਲ ਕੀਤੀ ਜਾਣੀ ਚਾਹੀਦੀ ਹੈ।

ਤੁਸੀਂ ਆਪਣੇ ਆਪ ਵਿਚ ਵਿਸ਼ਵਾਸ ਰੱਖੋ, ਉੱਥੇ ਹੋਣ ਬਾਰੇ ਸੋਚੋ ਜਿੱਥੇ ਤੁਸੀਂ ਸੁੰਦਰ, ਆਜ਼ਾਦ ਤੇ ਖੁਸ਼ ਹੋ, ਜਿੱਥੇ ਤੁਹਾਨੂੰ ਕਿਸੇ ਖਾਸ ਤਰੀਕੇ ਨਾਲ ਹੋਣ ਦੀ ਲੋੜ ਨਹੀਂ ਹੈ।

ਤੇ ਹਾਂ, ਅਗਲੀ ਵਾਰ ਜਦੋਂ ਵੀ ਤੁਸੀਂ ਕਿਸੇ ਮੈਗਜ਼ੀਨ ਦੇ ਕਵਰ 'ਤੇ ਕਿਸੇ 13 ਸਾਲ ਦੀ ਕੁੜੀ ਨੂੰ ਬਾਲੀਵੁੱਡ ਦੀ ਮਸ਼ਹੂਰ ਹਸਤੀ ਦੀ ਤਸਵੀਰ ਦੇਖਦੇ ਹੋਏ ਦੇਖੋਗੇ ਤਾਂ ਉਸੇ ਸਮੇਂ ਉਸ ਨੂੰ ਇਹ ਦੱਸ ਕੇ ਉਸ ਦਾ ਭਰਮ ਤੋੜ ਦਿਓ।

ਉਸ ਨੂੰ ਦੱਸੋ ਕਿ ਉਹ ਕਿੰਨੀ ਸੁੰਦਰ ਹੈ। ਉਸ ਦੀ ਸੁੰਦਰ ਮੁਸਕਰਾਹਟ, ਉਸ ਦੇ ਹਾਸੇ, ਉਸ ਦੀ ਬੁੱਧੀ ਜਾਂ ਉਸ ਦੇ ਆਤਮ ਵਿਸ਼ਵਾਸ ਬਾਰੇ ਗੱਲ ਕਰੋ।

ਉਸ ਅੰਦਰ ਇਹ ਵਿਚਾਰ ਪੈਦਾ ਨਾ ਹੋਣ ਦਿਓ ਕਿ ਉਸ ਵਿਚ ਕੁਝ ਗਲਤ ਹੈ ਜਾਂ ਉਸ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਪੋਸਟਰਾਂ, ਬਿਲਬੋਰਡਾਂ ਆਦਿ 'ਤੇ ਤਸਵੀਰ ਵਿਚ ਦਿਖਾਈ ਦੇਣ ਵਾਲੀ ਮਸ਼ਹੂਰ ਹਸਤੀਆਂ ਵਿਚ ਹੈ। ਉਸ ਨੂੰ ਅਜਿਹੇ ਮਾਪਦੰਡ ਬਣਾਉਣ ਤੋਂ ਰੋਕੋ ਜੋ ਨਾ ਸਿਰਫ ਉਸ ਦੇ ਲਈ ਬਲਕਿ ਉਨ੍ਹਾਂ ਸਿਤਾਰਿਆਂ ਲਈ ਵੀ ਬਹੁਤ ਉੱਚੇ ਹਨ।

***(ਅਨੁਵਾਦ: ਰੂਹਦੀਪ ਕੌਰ)***




Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 60 Cent + Team 70 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com